ਜੀਵਨ - ਯਾਤਰਾ

# ਮਾਸਟਰ ਤਾਰਾ ਸਿੰਘ

ਕ੍ਰਿਤ

ਪ੍ਰਿੰਸੀਪਲ ਨਿਰੰਜਨ ਸਿੰਘ

ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਕਿਰਪਾਲ ਸਿੰਘ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਜੀਵਨ-ਯਾਤਰਾ

# ਮਾਸਟਰ ਤਾਰਾ ਸਿੰਘ

ਕ੍ਰਿਤ

ਪ੍ਰਿੰਸੀਪਲ ਨਿਰੰਜਨ ਸਿੰਘ

ਮੁੱਲ ੬-੦੦

ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

Digitized by Panjab Digital Library | www.panjabdigilib.org

# ਪ੍ਰਕਾਸ਼ਕ ਵਲੋਂ

ਪ੍ਰਿੰਸੀਪਲ ਨਿਰੰਜਨ ਸਿੰਘ ਜੀ ਮਾਸਟਰ ਤਾਰਾ ਸਿੰਘ ਜੀ ਦੇ ਸੱਕੇ ਭਰਾ ਹਨ। ਜੀਵਨ-ਭਰ ਦੀ ਇਸ ਨੇੜਤਾ ਦਾ ਨਿਚੋੜ ਹੈ ਇਹ ਪੁਸਤਕ "ਜੀਵਨ-ਯਾਤਰਾ ਮਾਸਟਰ ਤਾਰਾ ਸਿੰਘ"। ਪੁਸਤਕ ਵਿਚ ਅੰਕਿਤ ਸਮਗਰੀ ਤੇ ਘਟਨਾਵਾਂ ਤੋਂ ਮਾਸਟਰ ਜੀ ਦੀ ਸ਼ਖ਼ਸੀਅਤ ਕਈ ਪੱਖੋਂ ਉਘੜਦੀ ਹੈ ਅਤੇ ਪਤਾ ਚਲਦਾ ਹੈ ਕਿ ਮਾਸਟਰ ਜੀ ਦੇ ਜੀਵਨ ਵਿਚ ਕੁਦਰਤ ਨੇ ਉਹ ਕਿਹੜੀਆਂ ਵਿਸ਼ੇਸ਼ਤਾਈਆਂ ਭਰੀਆਂ ਸਨ ਜਿਨ੍ਹਾਂ ਕਾਰਨ ਉਹ ਨਿਧੜਕ ਤੇ ਨਿਰਭੈ ਹੋ ਕੇ ਚੜ੍ਹਦੀ ਕਲਾ ਵਿਚ ਵਿਚਰੇ ਅਤੇ ਕੋਈ ਲੋਭ-ਲਾਲਚ ਜਾਂ ਡਰਾਵਾ ਉਨ੍ਹਾਂ ਨੂੰ ਆਪਣੇ ਮਿਸ਼ਨ ਤੋਂ ਲਾਂਭੇ ਨਾ ਕਰ ਸਕਿਆ।

ਪ੍ਰਿੰਸੀਪਲ ਜੀ ਨੇ ਇਸ ਪੁਸਤਕ ਦਾ ਖਰੜਾ ੧੯੬੮ ਮਈ ਦੇ ਅਖ਼ੀਰ ਵਿਚ ਸਾਨੂੰ ਭੇਜਿਆ ਸੀ। ਜਿੰਨੀ ਛੇਤੀ ਉਹ ਇਸ ਨੂੰ ਪੁਸਤਕ ਰੂਪ ਵਿਚ ਵੇਖਣਾ ਚਾਹੁੰਦੇ ਸਨ ਉਨੀ ਹੀ ਇਸ ਦੀ ਤਿਆਰੀ ਵਿਚ ਦੇਰੀ ਲੱਗ ਗਈ ਹੈ।

ਮੈਂ ਆਪਣੇ ਮਿਹਰਵਾਨ ਮਿੱਤਰ ਸ: ਪ੍ਰਕਾਸ਼ ਸਿੰਘ, ਪ੍ਰੋਫ਼ੈਸਰ-ਇਨਚਾਰਜ, ਸਿੱਖ-ਇਤਿਹਾਸ ਖੋਜ-ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ ਦਾ ਤਹਿ-ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਦੀ ਮਿਲਵਰਤਣ ਨਾਲ ਇਹ ਪੁਸਤਕ ਇਸ ਰੂਪ ਵਿਚ ਪੇਸ਼ ਕੀਤੀ ਜਾ ਰਹੀ ਹੈ। ਸਰਦਾਰ ਮਨਜੀਤ ਸਿੰਘ ਜੀ ਐਡੀਟਰ ਸੰਤ ਸਿਪਾਹੀ ਦਾ ਵੀ ਰਿਣੀ ਹਾਂ, ਜਿਨ੍ਹਾਂ ਨੇ ਪੁਸਤਕ ਲਈ ਕਈ ਪੱਖਾਂ ਤੋਂ ਲੁੜੀਂਦੀ ਵਾਕਫ਼ੀ ਦਿੱਤੀ ਹੈ।

---

ਪ੍ਰਕਾਸ਼ਕ : ਸੇਵਾ ਸਿੰਘ, ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ
ਪ੍ਰਿੰਟਰ : ਸੋਹਣ ਸਿੰਘ, ਹਰਦਾਸ ਪ੍ਰਿੰਟਿੰਗ ਪ੍ਰੈੱਸ, ਹੁਸੈਨਪੁਰਾ, ਅੰਮ੍ਰਿਤਸਰ

Digitized by Panjab Digital Library | www.panjabdigilib.org

# ਸਮਰਪਣ

ਪਰਮ ਪੂਜਨੀਕ

ਸਵਰਗ-ਵਾਸੀ ਬੇ ਜੀ

ਦੇ

ਚਰਨਾਂ ਵਿਚ

Digitized by Panjab Digital Library | www.panjabdigilib.org

# ਤਤਕਰਾ


| | | |
|---|---|---|
| ੧. | ਜਨਮ, ਮਾਤਾ-ਪਿਤਾ ਤੇ ਭਰਾ | ੯ |
| ੨. | ਕਾਲਜ ਦੀ ਪੜ੍ਹਾਈ ਦਾ ਸਮਾਂ | ੧੮ |
| ੩. | ਖ਼ਾਲਸਾ ਹਾਈ ਸਕੂਲ ਲਾਇਲਪੁਰ | ੨੭ |
| ੪. | ਸੁਭਾਂ ਦੀਆਂ ਵਿਸ਼ੇਸ਼ਤਾਈਆਂ | ੩੯ |
| ੫. | ਸਿੱਖ ਕਿ ਸਿੱਖੀ | ੪੯ |
| ੬. | ਅਕਾਲੀ ਲਹਿਰ ਦਾ ਮੁੱਢ | ੫੮ |
| ੭. | ਗੁਰਦੁਆਰਾ-ਸੁਧਾਰ ਲਹਿਰ | ੬੮ |
| ੮. | ਗੁਰਦੁਆਰਾ-ਸੁਧਾਰ ਲਹਿਰ ਜੋਬਨ ਤੇ | ੭੮ |
| ੯. | ਗੁਰਦੁਆਰਾ-ਸੁਧਾਰ ਲਹਿਰ ਦਾ ਅੰਤ | ੮੭ |
| ੧੦. | ਕੌਮ ਵਿਚ ਫੁਟ ਤੇ ਗੁਰਸੇਵਕ ਸਭਾ | ੯੮ |
| ੧੧. | ਅਜ਼ਾਦੀ ਦੀ ਲਹਿਰ ਵਿਚ ਸਰਗਰਮੀਆਂ | ੧੧੪ |
| ੧੨. | ਗੁਰਦੁਆਰਾ ਸ਼ਹੀਦ-ਗੰਜ ਦਾ ਝਗੜਾ | ੧੨੪ |
| ੧੩. | ਜੁਗ-ਗਰਦੀ | ੧੩੧ |
| ੧੪. | ਸਵਰਾਜ ਤੇ ਮਾਸਟਰ ਤਾਰਾ ਸਿੰਘ | ੧੪੭ |
| ੧੫. | ਪੰਡਤ ਨਹਿਰੂ ਨਾਲ ਸੁਲ੍ਹਾ ਤੇ ਪੰਜਾਬੀ ਸੂਬਾ | ੧੭੦ |
| ੧੬. | ਮਾਸਟਰ ਜੀ ਦੀ ਭੁੱਖ-ਹੜਤਾਲ | ੧੮੫ |
| ੧੭. | ਪਾਟੋ-ਧਾੜ | ੧੯੪ |
| ੧੮. | ਇਹ ਜਗ ਸਰਾਂ ਮੁਸਾਫ਼ਰਾਂ ਦੀ | ੨੦੮ |
| ੧੯. | ਅੰਤਮ ਵਿਚਾਰ | ੨੩੫ |


Digitized by Panjab Digital Library | www.panjabdigilib.org

# ਭੂਮਿਕਾ

"ਇਹੁ ਸੰਸਾਰੁ ਸਭੁ ਆਵਣ ਜਾਣਾ ਮਨ ਮੂਰਖ ਚੇਤਿ ਅਜਾਣਾ"

ਇਸ ਸੰਸਾਰਕ ਲੀਲ੍ਹਾ ਦਾ ਮੁਢਲਾ ਨਿਯਮ ਆਵਾਗਵਨ ਹੈ। ਇਕ ਸਰੀਰ ਰੂਪੀ ਕਪੜਾ ਪੁਰਾਣਾ ਹੋ ਜਾਂਦਾ ਹੈ ਤਾਂ ਜੀਵ ਉਸ ਨੂੰ ਉਤਾਰ ਕੇ ਦੂਜੀ ਪੁਸ਼ਾਕ ਪਾ ਲੈਂਦਾ ਹੈ। ਜਿੰਨਾ ਚਿਰ ਜੀਵ ਵਿਚ ਅਧੂਰਾਪਨ ਹੈ, ਇਹ ਸਿਲਸਿਲਾ ਜਾਰੀ ਰਹਿੰਦਾ ਹੈ। ਜੀਵ ਦੇ ਵਿਕਾਸ ਲਈ ਇਹ ਰਚਨਾ ਤੇ ਇਹ ਆਵਾ-ਗਵਨ ਜ਼ਰੂਰੀ ਹੈ। ਜਨਮ ਲੈਣ ਤੇ ਜੀਵ ਦੀ ਪ੍ਰਗਤੀ ਉਸ ਦੇ ਆਲੇ-ਦੁਆਲੇ ਅਤੇ ਪੁਰਾਣੀ ਪਰੰਪਰਾ ਦੇ ਮੁਤਾਬਕ ਹੀ ਹੁੰਦੀ ਹੈ। ਵਾਯੂ-ਮੰਡਲ ਹੀ ਇਨਸਾਨ ਦੀ ਢਾਲ ਢਾਲਦਾ ਹੈ। ਜੇ ਮਹਾਤਮਾ ਗਾਂਧੀ ਭਾਰਤ ਵਿਚ ਪੈਦਾ ਹੋਣ ਦੀ ਥਾਂ ਅਮਰੀਕਾ ਵਿਚ ਪੈਦਾ ਹੁੰਦਾ ਤਾਂ ਹਾਲਾਤ ਅਤੇ ਮਹੌਲ ਦੇ ਮੁਤਾਬਕ ਉਸੇ ਆਤਮਕ ਸ਼ਕਤੀ ਨੇ ਹੋਰ ਰੂਪ ਧਾਰਨਾ ਸੀ। ਇਸੇ ਤਰ੍ਹਾਂ ਜੇ ਰੂਜ਼ਵੈਲਟ ਅਮਰੀਕਾ ਦੀ ਥਾਂ ਭਾਰਤ ਵਿਚ ਜਨਮ ਲੈਂਦਾ ਤਾਂ ਉਸ ਦੀ ਆਤਮਾ ਦਾ ਵਿਕਾਸ ਭਾਰਤ ਦੇ ਵਾਯੂ-ਮੰਡਲ ਅਤੇ ਪਰੰਪਰਾ ਦੇ ਅਨੁਸਾਰ ਹੀ ਹੋਣਾ ਸੀ। ਕਾਰਲਾਇਲ ਨੇ ਆਪਣੀ ਪੁਸਤਕ "ਹੀਰੋ ਤੇ ਹੀਰੋ ਵਰਸ਼ਿਪ" ਵਿਚ ਲਿਖਿਆ ਹੈ ਕਿ ਆਤਮਕ ਬਲ ਵੱਖੋ-ਵੱਖਰੇ ਹਾਲਾਤ ਦੇ ਮੁਤਾਬਕ ਵੱਖੋ-ਵੱਖਰੇ ਰੂਪ ਧਾਰਦਾ ਹੈ। ਕਦੇ ਜੋਧਾ ਜਰਨੈਲ ਦੇ ਰੂਪ ਵਿਚ ਆਉਂਦਾ ਹੈ, ਕਦੇ ਮਹਾਂ ਕਵੀ ਦੇ ਰੂਪ ਵਿਚ, ਕਦੇ ਉੱਚੇ ਲਿਖਾਰੀ ਦੇ ਰੂਪ ਵਿਚ ਅਤੇ ਕਦੇ ਗੁਰੂ ਪੈਗ਼ੰਬਰ ਦੇ ਰੂਪ ਵਿਚ। ਸ਼ਕਤੀ ਦੇ ਵਗਣ ਲਈ ਖਾਲੇ ਥਾਂ ਅਤੇ ਜ਼ਮਾਨਾ



Digitized by Panjab Digital Library | www.panjabdigilib.org

ਬਣਾਉਂਦਾ ਹੈ। ਮਾਸਟਰ ਤਾਰਾ ਸਿੰਘ ਦੀ ਘਾੜਤ ਭੀ ਕੁਦਰਤ ਨੇ ਹੀ ਘੜੀ ਸੀ। ਕਿੱਥੇ ਇਕ ਨਾ-ਮਾਲੂਮੇ ਪਿੰਡ ਵਿਚ ਗ਼ਰੀਬ ਜਹੇ ਮਾਪਿਆਂ ਦੇ ਘਰ ਪੈਦਾ ਹੋਣਾ, ਫਿਰ ਕਿਸ ਤਰ੍ਹਾਂ ਖਿੱਚ ਕੇ ਕੁਦਰਤ ਦਾ ਉਸ ਨੂੰ ਸਿੱਖ ਬਣਾਉਣਾ ਤੇ ਖ਼ਾਲਸਾ ਕਾਲਜ ਨੇ ਉਸ ਨੂੰ ਵਿਦਿਆ ਦੇਣੀ। ਜ਼ਰਾ ਡੂੰਘੀ ਵੀਚਾਰ ਨਾਲ ਇਸ ਜਾਂ ਕਿਸੇ ਹੋਰ ਜੀਵਨ ਨੂੰ ਵੇਖੀਏ ਤਾਂ ਇਉਂ ਹੀ ਭਾਸਦਾ ਹੈ ਕਿ ਇਕ ਗ਼ੈਬੀ ਸ਼ਕਤੀ ਇਨਸਾਨ ਨੂੰ ਧੱਕੀ ਜਾਂਦੀ ਹੈ। ਇਨਸਾਨ ਤਾਂ ਮਾਨੋ ਇਕ ਲਹਿਰ ਦੇ ਉਤੇ ਤੀਲੇ ਦੇ ਨਿਆਈਂ ਹੀ ਹੈ।

ਕਿਸੇ ਮਹਾਂ ਵਿਅੱਕਤੀ ਦੇ ਜੀਵਨ ਨੂੰ ਲਿਖਣ ਜਾਂ ਪੜ੍ਹਨ ਦਾ ਭਾਵ ਉਸ ਦੇ ਕੰਮਾਂ, ਗੁਣਾਂ, ਅਉਗੁਣਾਂ ਅਤੇ ਉਸ ਦੇ ਜੀਵਨ ਦੇ ਸੋਮਿਆਂ ਨੂੰ ਸੋਧਣਾ ਅਤੇ ਵਿਚਾਰਨਾ ਹੁੰਦਾ ਹੈ, ਤਾਕਿ ਉਸ ਦੇ ਗੁਣਾਂ ਨੂੰ ਆਪਣੇ ਜੀਵਨ ਵਿਚ ਪਿਉਂਦ ਕਰ ਲਈਏ ਅਤੇ ਉਸ ਦੇ ਅਉਗੁਣਾਂ ਤੋਂ ਆਪਣੇ ਆਪ ਨੂੰ ਬਚੋਂ ਸਕੀਏ। ਇਸ ਪੰਜ-ਭੂਤਕ ਜਾਮੇ ਵਿਚ ਕੋਈ ਜੀਵ ਸੰਪੂਰਨ ਤਾਂ ਹੁੰਦਾ ਨਹੀਂ, ਅਉਗੁਣਾਂ ਨੂੰ ਖਾਰਜ ਕਰਨਾ ਹੀ ਇਸ ਆਵਾ-ਗਵਨ ਦਾ ਮੰਤਵ ਹੋਇਆ। ਪਰ ਮਾਸਟਰ ਤਾਰਾ ਸਿੰਘ ਵਰਗੇ ਸੂਰਮੇ ਦੇ ਜੀਵਨ ਤੋਂ ਆਉਣ ਵਾਲੀਆਂ ਨਸਲਾਂ ਚੰਗੇ ਸਬਕ ਸਿਖ ਸਕਦੀਆਂ ਹਨ; ਭਾਵੇਂ ਅੱਖਾਂ ਮੀਟ ਕੇ ਕੋਈ ਕਿਸੇ ਦੇ ਨਕਸ਼ੇ-ਕਦਮ ਤੇ ਨਹੀਂ ਚਲ ਸਕਦਾ, ਕਿਉਂਕਿ ਜ਼ਮਾਨਾ ਪਲ ਪਲ ਤੇ ਬਦਲਦਾ ਹੈ ਅਤੇ ਨਵਾਂ ਜ਼ਮਾਨਾ ਨਵੇਂ ਦ੍ਰਿਸ਼ਟੀਕੋਣ ਦੀ ਮੰਗ ਕਰਦਾ ਹੈ। ਮੁਢਲੇ ਗੁਣ ਅਤੇ ਜੀਵਨ ਦੇ ਸੋਮੇ ਸਵੱਛ ਤੇ ਨਿਰਮਲ ਹੋਣੇ ਚਾਹੀਦੇ ਹਨ। ਆਪਾ-ਤਿਆਗ ਤੇ ਸੂਰਮਤਾਈ ਆਪੇ ਨਵੇਂ ਜੀਵਨ ਦੀ ਘਾੜਤ ਘੜ ਲੈਂਦੇ ਹਨ। ਮਾਸਟਰ ਤਾਰਾ ਸਿੰਘ ਦਾ ਜੀਵਨ ਹਨੇਰੇ ਵਿਚ ਭੁੱਲੇ ਭਟਕਦੇ ਰਾਹੀਆਂ ਨੂੰ ਠੀਕ ਮਾਰਗ ਤੇ ਪਾਣ ਲਈ ਇਕ ਚਮਕਦੇ ਤਾਰੇ ਦਾ ਕੰਮ ਕਰ ਸਕਦਾ ਹੈ।

ਵੀਰ ਤਾਰਾ ਸਿੰਘ ਦੀ ਜੀਵਨ-ਯਾਤਰਾ ਮੈਂ ਉਨ੍ਹਾਂ ਵਲ ਆਪਣਾ ਫ਼ਰਜ਼ ਪੂਰਾ ਕਰਨ ਲਈ ਲਿਖੀ ਹੈ। ਉਨ੍ਹਾਂ ਦੇ ਸੇਵਾ-ਭਰਪੂਰ



Digitized by Panjab Digital Library | www.panjabdigilib.org

ਜੀਵਨ ਵਿਚ ਬਹੁਤਿਆਂ ਨਾਲੋਂ ਵਧ ਮੈਂ ਉਨ੍ਹਾਂ ਦਾ ਨਿਕਟਵਰਤੀ ਰਿਹਾ ਹਾਂ। ਇਸ ਲਈ ਮੈਨੂੰ ਉਨ੍ਹਾਂ ਦੇ ਸੁਭਾ, ਉਨ੍ਹਾਂ ਦੇ ਕੰਮਾਂ ਅਤੇ ਉਨ੍ਹਾਂ ਦੇ ਗੁਣਾਂ ਔਗੁਣਾਂ ਦਾ ਚੰਗਾ ਭਰਪੂਰ ਗਿਆਨ ਹੈ। ਉਹ ਮੇਰੇ ਵੱਡੇ ਭਰਾ ਸਨ, ਜਿਨ੍ਹਾਂ ਮੈਨੂੰ ਪੜ੍ਹਾਇਆ ਅਤੇ ਮੇਰੇ ਤੇ ਉਪਕਾਰ ਕੀਤੇ ਅਤੇ ਜਿਨ੍ਹਾਂ ਤੋਂ ਮੈਂ ਬਹੁਤ ਕੁਝ ਸਿਖਿਆ ਅਤੇ ਜਿਨ੍ਹਾਂ ਲਈ ਮੇਰੇ ਦਿਲ ਵਿਚ ਪਿਆਰ ਤੇ ਸਤਿਕਾਰ ਹੈ, ਪਰ ਇਨ੍ਹਾਂ ਸਬੰਧਾਂ ਅਤੇ ਜਜ਼ਬਿਆਂ ਦੇ ਬਾਵਜੂਦ ਮੈਂ ਉਨ੍ਹਾਂ ਦੀਆਂ ਕਮੀਆਂ ਨੂੰ ਅੱਖੋਂ ਉਹਲੇ ਨਹੀਂ ਕੀਤਾ। ਮੇਰਾ ਉਨ੍ਹਾਂ ਨਾਲ ਇਕ ਅਸੂਲੀ ਮਤ-ਭੇਦ ਰਿਹਾ ਹੈ। ਉਹ ਖ਼ਾਲਸੇ ਦੀ ਸੇਵਾ ਨੂੰ ਸ੍ਰਿਸ਼ਟੀ ਦੀ ਸੇਵਾ ਸਮਝਦੇ ਸਨ, ਮੈਂ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦਾ ਪੈਰੋਕਾਰ ਰਿਹਾ ਹਾਂ। ਮੈਂ ਲਿਖਤ ਵਿਚ ਪੂਰਾ ਪੂਰਾ ਯਤਨ ਕੀਤਾ ਹੈ ਕਿ ਉਨ੍ਹਾਂ ਨਾਲ ਪੂਰਾ ਇਨਸਾਫ਼ ਹੋਵੇ। ਇਨਸਾਨ ਯਤਨ ਹੀ ਕਰ ਸਕਦਾ ਹੈ, ਪਰ ਅਚੇਤ ਅਸਰਾਂ ਤੋਂ ਤਾਂ ਪ੍ਰਮਾਤਮਾ ਹੀ ਬਚਾ ਸਕਦਾ ਹੈ।

ਕਈ ਪਾਠਕ ਸ਼ਾਇਦ ਇਹ ਖ਼ਿਆਲ ਕਰਨ ਕਿ ਮੈਂ ਮਾਸਟਰ ਤਾਰਾ ਸਿੰਘ ਦਾ ਜੀਵਨ ਹੀ ਨਹੀਂ, ਸਗੋਂ ਉਨ੍ਹਾਂ ਦੇ ਸਮੇਂ ਦਾ ਇਤਿਹਾਸ ਲਿਖ ਦਿੱਤਾ ਹੈ। ਕਿਸੇ ਵਿਅਕਤੀ ਦੇ ਕਰਮਾਂ ਦੀ ਪੜਚੋਲ ਅਤੇ ਉਸ ਦੇ ਜੀਵਨ ਦੀ ਜਾਂਚ ਲਈ ਇਹ ਅਵੱਸ਼ ਹੈ ਕਿ ਜਿਸ ਵਾਤਾਵਰਨ ਵਿਚ ਉਹ ਵਿਚਰ ਰਿਹਾ ਹੋਵੇ ਉਸ ਨੂੰ ਸਮਝਿਆ ਜਾਵੇ। ਇਸੇ ਲਈ ਮੈਂ ਉਨ੍ਹਾਂ ਸਾਰੇ ਹਾਲਾਤ ਦਾ ਵਰਣਨ ਕੀਤਾ ਹੈ, ਜਿਨ੍ਹਾਂ ਵਿਚ ਉਨ੍ਹਾਂ ਆਪਣੀ ਜੀਵਨ-ਖੇਡ ਖੇਡਣੀ ਸੀ ਅਤੇ ਉਨ੍ਹਾਂ ਸੱਜਣਾਂ ਦਾ ਭੀ ਜ਼ਿਕਰ ਕੀਤਾ ਹੈ, ਜਿਨ੍ਹਾਂ ਨਾਲ ਉਨ੍ਹਾਂ ਦਾ ਵਾਹ ਪੈਣਾ ਸੀ। ਆਪਣਾ, ਆਪਣੇ ਭਰਾਵਾਂ ਅਤੇ ਉਨ੍ਹਾਂ ਦੇ ਸਾਥੀਆਂ ਅਤੇ ਵਿਰੋਧੀਆਂ ਦਾ ਵਿਸਥਾਰ-ਪੂਰਬਕ ਵਰਣਨ ਕਰਨ ਤੋਂ ਸੰਕੋਚ ਨਹੀਂ ਕੀਤਾ, ਤਾਕਿ ਮਾਸਟਰ ਜੀ ਦੀ ਸ਼ਖ਼ਸੀਅਤ ਦਾ ਠੀਕ ਅੰਦਾਜ਼ਾ ਲਾਇਆ ਜਾ ਸਕੇ।

ਕਈਆਂ ਮਾਮਲਿਆਂ ਤੇ ਮੈਂ ਟੀਕਾ-ਟਿਪਣੀ ਕੀਤੀ ਹੈ ਅਤੇ



Digitized by Panjab Digital Library | www.panjabdigilib.org

ਆਪਣੇ ਖ਼ਿਆਲਾਂ ਨੂੰ ਪਰਗਟ ਕੀਤਾ ਹੈ । ਮੈਂ ਸਮਝਦਾ ਹਾਂ ਕਿ ਲਿਖਣ ਵਾਲੇ ਦਾ ਇਹ ਹੱਕ ਤੇ ਫ਼ਰਜ਼ ਹੁੰਦਾ ਹੈ ਕਿ ਉਹ ਪਾਠਕਾਂ ਦੇ ਲਾਭ ਲਈ ਗੁੰਝਲਦਾਰ ਮਾਮਲਿਆਂ ਤੇ ਪ੍ਰਕਾਸ਼ ਪਾਏ ਅਤੇ ਇਸ ਤਰ੍ਹਾਂ ਉਨ੍ਹਾਂ ਗੁੰਝਲਾਂ ਨੂੰ ਸਮਝਣ ਵਿਚ ਸਹਾਈ ਹੋਵੇ।

ਮੈਂ ਕੋਈ ਮੰਨਿਆ ਹੋਇਆ ਲਿਖਾਰੀ ਜਾਂ ਸਾਹਿੱਤਕਾਰ ਨਹੀਂ। ਮੇਰੀ ਤਾਂ ਸਾਰੀ ਉਮਰ ਮੁੰਡੇ ਪੜ੍ਹਾਉਣ ਵਿਚ ਹੀ ਬੀਤੀ ਹੈ, ਇਸ ਲਈ ਮੇਰੀ ਲਿਖਤ ਵਿਚ ਕਈ ਭੁੱਲਾਂ ਹੋਣਗੀਆਂ ਜਿਨ੍ਹਾਂ ਲਈ ਮੈਂ ਖਿਮਾ ਦਾ ਜਾਚਕ ਹਾਂ। ਜੇ ਪਾਠਕ ਇਕ ਤਿਆਗੀ ਫ਼ਕੀਰ ਦੇ ਜੀਵਨ ਤੋਂ ਸਿਖਿਆ ਲੈ ਕੇ ਆਪਣਾ ਜੀਵਨ ਸੁੰਦਰ ਤੇ ਸਫ਼ਲ ਬਣਾਨ ਦਾ ਯਤਨ ਕਰਨਗੇ ਤਾਂ ਮੈਂ ਸਮਝਾਂਗਾ ਕਿ ਮੇਰੀ ਇਹ ਲਿਖਣ ਦੀ ਘਾਲਣਾ ਸਫ਼ਲ ਹੋਈ ਹੈ।

5/12, ਈਸਟ ਪਟੇਲ ਨਗਰ
ਨਵੀਂ ਦਿੱਲੀ–8
10 ਮਈ, 1968

ਨਿਰੰਜਨ ਸਿੰਘ

Digitized by Panjab Digital Library | www.panjabdigilib.org

# ਮਾਸਟਰ ਤਾਰਾ ਸਿੰਘ



ਜਨਮ- 24.6.1885 ਚਲਾਣਾ 22.11.1967

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ੧

# ਜਨਮ, ਮਾਤਾ-ਪਿਤਾ ਤੇ ਭਰਾ

ਜ਼ਿੰਦਗੀ ਇਕ ਖੇਡ ਹੈ। ਇਹ ਖੇਡ ਖੇਡਣਾ ਅਵੱਸ਼ ਹੈ, ਕਿਉਂਕਿ ਇਸੇ ਰਾਹੀਂ ਹੀ ਜੀਵਨ ਦਾ ਵਿਕਾਸ ਹੁੰਦਾ ਹੈ। ਜਿਹੜੇ ਮਹਾਂ ਪੁਰਸ਼ ਖੇਡ ਖੇਡਦੇ ਭੀ ਇਸ ਵਿੱਚ ਖਚਤ ਨਹੀਂ ਹੁੰਦੇ ਅਤੇ ਆਪਣੀ ਸੁਰਤ ਨੂੰ ਅਕਾਸ਼ਾਂ ਵਿਚ ਟਿਕਾਈ ਰਖਦੇ ਹਨ ਉਹ ਜੀਵਨ ਦੀਆਂ ਐਸੀਆਂ ਲੀਹਾਂ ਪਾ ਜਾਂਦੇ ਹਨ ਜਿਹੜੀਆਂ ਪਿਛੇ ਆਉਂਦਿਆਂ ਜਗਿਆਸੂਆਂ ਲਈ ਇਕ ਪਗਡੰਡੀ ਦਾ ਕੰਮ ਕਰਦੀਆਂ ਹਨ। ਵੀਰ ਤਾਰਾ ਸਿੰਘ ਜੀ ਦੀ ਜੀਵਨ-ਖੇਡ ਭੀ ਇਕ ਅਦੁੱਤੀ ਖੇਡ ਸੀ ਅਤੇ ਇਸ ਦਾ ਵਰਨਣ ਸ਼ਾਇਦ ਆਉਂਦੇ ਮੁਸਾਫ਼ਰਾਂ ਨੂੰ ਇਕ ਸਿੱਧੀ ਲੀਕ ਦਸ ਸਕੇ, ਅਤੇ ਉਨ੍ਹਾਂ ਦੇ ਜੀਵਨ ਨੂੰ ਉੱਚਾ ਤੇ ਸੁੱਚਾ ਬਣਾਣ ਵਿਚ ਸਹਾਈ ਹੋਵੇ।

ਵੀਰ ਤਾਰਾ ਸਿੰਘ ਦਾ ਜਨਮ ਰਾਵਲਪਿੰਡੀ ਦੇ ਇੱਕ ਛੋਟੇ ਜਹੇ ਗਰਾਂ ਹਰਿਆਲ ਵਿਚ ਜੂਨ ੧੮੮੫ ਵਿਚ ਹਾੜੀ-ਇਕਾਦਸ਼ੀ ਵਾਲੇ ਦਿਨ ਹੋਇਆ। ਹਰਿਆਲ ਗੁਜਰਖ਼ਾਨ ਦੀ ਤਸੀਲ ਵਿੱਚ ਰੇਲਵੇ ਸਟੇਸ਼ਨ ਮੰਦਰਾ ਤੋਂ ਦੋ ਕੋਹ ਦੇ ਫ਼ਾਸਲੇ ਤੇ ਬ੍ਰਾਹਮਣਾਂ ਦਾ ਇਕ ਪਿੰਡ ਸੀ। ਇਸ ਦੇ ਨੇੜੇ ਹੀ ਮੰਦਰਾ-ਚਕਵਾਲ ਸੜਕ ਦੇ ਕੰਢੇ ਤੇ ਇਕ ਹੋਰ ਪਿੰਡ ਹਰਨਾਲ ਵੀ ਸੀ। ਇਹ ਦੋਵੇਂ ਗਰਾਂ ਬ੍ਰਾਹਮਣਾਂ ਦੇ ਸਨ ਅਤੇ ਇਨ੍ਹਾਂ ਦੇ ਨਾਂ ਉਨ੍ਹਾਂ ਦੀਆਂ ਜ਼ਾਤਾਂ ਕਰਕੇ ਪਏ ਹੋਏ ਸਨ।



Digitized by Panjab Digital Library | www.panjabdigilib.org

ਸਾਡੇ ਦਾਦੇ ਦਾ ਦਾਦਾ ਮੁਰੀਦ ਪਿੰਡ ਤੋਂ ਆ ਕੇ ਹਰਿਆਲ ਵਿਚ ਵਸਿਆ। ਸਹਿਜੇ ਸਹਿਜੇ ਵਾਧਾ ਹੁੰਦਾ ਗਿਆ ਅਤੇ ਵੀਰ ਤਾਰਾ ਸਿੰਘ ਦੀ ਪੈਦਾਇਸ਼ ਦੇ ਸਮੇਂ ਇੱਥੇ ਸਾਡੇ ਖ਼ਾਨਦਾਨ ਦੇ ੧੪-੧੫ ਘਰ ਹੋ ਗਏ ਸਨ। ਸਾਡਾ ਇੱਕ ਛੋਟਾ ਜਿਹਾ ਵਖਰਾ ਮਹੱਲਾ ਹੀ ਬਣ ਗਿਆ ਸੀ। ਅਸੀਂ ਮਲਹੋਤਰੇ ਖੱਤਰੀ ਸਾਂ ਅਤੇ ਸਾਡੀ ਰਹਿਣੀ-ਬਹਿਣੀ ਸਾਰੀ ਉਸ ਵੇਲੇ ਦੇ ਹਿੰਦੂਆਂ ਵਾਲੀ ਸੀ। ਸਿਖ ਤੇ ਹਿੰਦੂ ਕੋਈ ਵਖਰੇ ਵਖਰੇ ਤਾਂ ਗਿਣੇ ਨਹੀਂ ਸਨ ਜਾਂਦੇ। ਵੈਸੇ ਹੈ ਸਨ ਸਾਰੇ ਗੁਰੂ ਨਾਨਕ ਦੇ ਨਾਮ-ਲੇਵਾ। ਹਰਿਆਲ ਇੱਕ 'ਕਸ' ਦੇ ਕੰਢੇ ਤੇ ਵਸਿਆ ਹੋਇਆ ਹੈ। 'ਕਸ' ਚੰਗਾ ਡੂੰਘਾ ਹੈ ਅਤੇ ਉਸ ਦੇ ਇਕ ਕੰਢੇ ਤੇ ਬ੍ਰਾਹਮਣਾਂ ਦੀ ਧਰਮਸਾਲ ਸੀ ਅਤੇ ਦੂਜੇ ਤੇ ਸਾਡੀ ਖੱਤਰੀਆਂ ਦੀ। ਦੋਹਾਂ ਧਰਮਸਾਲਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ਅਤੇ ਪਾਠ ਸੁਣਾਣ ਲਈ ਭਾਈ ਰਖੇ ਹੋਏ ਸਨ। ਕਹਿੰਦੇ ਤਾਂ ਸਾਰੇ ਆਪਣੇ ਆਪ ਨੂੰ ਹਿੰਦੂ ਸਨ, ਪਰ ਧਰਮ-ਮਰਯਾਦਾ ਸਾਰੀ ਸਹਿਜਧਾਰੀ ਸਿੱਖਾਂ ਵਾਲੀ ਸੀ।

ਸਾਡੇ ਪਿਤਾ ਜੀ ਦਾ ਨਾਂ ਗੋਪੀ ਚੰਦ ਸੀ। ਉਹ ਪਟਵਾਰੀ ਸਨ। ਸਾਡੇ ਇਲਾਕੇ ਵਿਚ ਬਖ਼ਸ਼ੀ ਸ਼ਬਦ ਬੜਾ ਵਰਤਿਆ ਜਾਂਦਾ ਸੀ ਅਤੇ ਸਾਨੂੰ ਬਖ਼ਸ਼ੀ ਹੀ ਕਿਹਾ ਜਾਂਦਾ ਸੀ। ਸਾਡੇ ਪਿਤਾ ਜੀ ਨੂੰ ਲਿਖਤ ਵਿਚ ਤਾਂ ਬਖ਼ਸ਼ੀ ਗੋਪੀ ਚੰਦ ਹੀ ਲਿਖਿਆ ਜਾਂਦਾ ਸੀ, ਪਰ ਆਮ ਤੌਰ ਤੇ ਉਨ੍ਹਾਂ ਨੂੰ ਵੱਡਾ ਬਖ਼ਸ਼ੀ ਜਾਂ ਸੱਚਾ ਬਖ਼ਸ਼ੀ ਕਰਕੇ ਹੀ ਯਾਦ ਕੀਤਾ ਜਾਂਦਾ ਸੀ। ਵੱਡਾ ਇਸ ਕਰਕੇ ਕਿ ਉਮਰ ਕਰਕੇ ਉਹ ਆਪਣੇ ਸਾਰੇ ਭਰਾਵਾਂ ਨਾਲੋਂ ਵੱਡੇ ਸਨ ਅਤੇ ਸੱਚਾ ਇਸ ਕਰਕੇ ਕਿ ਆਮ ਲੋਕਾਂ ਨੂੰ ਇਹ ਪੂਰਾ ਵਿਸ਼ਵਾਸ ਸੀ ਕਿ ਉਹ ਕਦੇ ਵੀ, ਭਾਵੇਂ ਕਿਹੋ ਜਹੇ ਹਾਲਾਤ ਹੋਣ, ਝੂਠ ਨਹੀਂ ਸਨ ਬੋਲਦੇ। ਸਾਡੇ ਚਾਚਾ ਜੀ ਨਾਲ ਭੀ ਕਿਸੇ ਦਾ ਕੋਈ ਝਗੜਾ ਹੋਵੇ ਤਾਂ ਭੀ ਲੋਕੀਂ ਇਹੋ ਕਹਿੰਦੇ ਸਨ ਕਿ ਸਾਨੂੰ ਸੱਚੇ ਬਖ਼ਸ਼ੀ ਦੀ ਸਾਲਸੀ ਪਰਵਾਨ ਹੈ। ਜਿੰਨਾ ਚਿਰ ਉਹ ਜੀਉਂਦੇ ਰਹੇ, ਝੂਠ ਨੇ ਉਨ੍ਹਾਂ ਦੀ ਰਸਨਾ ਨੂੰ ਅਪਵਿੱਤਰ ਨਹੀਂ ਕੀਤਾ।



Digitized by Panjab Digital Library | www.panjabdigilib.org

ਸਾਡੇ ਬੇ ਜੀ ਦਾ ਨਾਂ ਮੂਲਾਂ ਦੇਵੀ ਸੀ। ਉਨ੍ਹਾਂ ਦੇ ਪੇਕੇ ਭਾਗਪੁਰ ਦੇ ਰਹਿਣ ਵਾਲੇ ਸਹਿਗਲ ਸਨ। ਉਹ ਬਿਲਕੁਲ ਅਨਪੜ੍ਹ ਸਨ, ਪਰ ਉਨ੍ਹਾਂ ਦੀ ਚੰਗੀ ਪਿਆਰ ਵਾਲੀ ਅਤੇ ਦਿਲ-ਖਿਚਵੀਂ ਸ਼ਖ਼ਸੀਅਤ ਸੀ। ਸਾਡੀ ਧਰਮਸਾਲਾ ਵਿਚ ਭਾਈ ਅਰਜਨ ਸਿੰਘ ਪੁਣਛ ਦਾ ਰਹਿਣ ਵਾਲਾ ਸਿਖ ਸੀ। ਹਰ ਰੋਜ਼ ਜਦ ਉਹ ਪ੍ਰਸ਼ਾਦੀ ਲੈਣ ਆਵੇ ਤਾਂ ਬੇ ਜੀ ਉਹਦੇ ਪਾਸੋਂ ਇੱਕ ਤੁਕ ਲੈਂਦੇ ਸਨ। ਇਸ ਤਰ੍ਹਾਂ ਉਨ੍ਹਾਂ ਜਪੁਜੀ ਸਾਹਿਬ, ਕੀਰਤਨ ਸੋਹਿਲਾ ਅਤੇ ਕਈ ਸ਼ਬਦ ਕੰਠ ਕਰ ਲਏ ਸਨ ਅਤੇ ਹਰ ਰੋਜ਼ ਬੜੇ ਪ੍ਰੇਮ ਨਾਲ ਇਸ ਸਾਰੀ ਬਾਣੀ ਦਾ ਪਾਠ ਕਰਦੇ ਹੁੰਦੇ ਸਨ।

ਧਰਮਸਾਲ ਇਕ ਐਸਾ ਅਸਥਾਨ ਹੁੰਦਾ ਸੀ ਜਿਥੇ ਬਾਹਰੋਂ ਆਏ ਮੁਸਾਫ਼ਰ, ਪਟੋਈ, ਭਾਂਡੇ ਵੇਚਣ ਵਾਲੇ ਆਦਿ ਆਣ ਕੇ ਟਿਕਦੇ ਸਨ। ਇਨ੍ਹਾਂ ਸਾਰਿਆਂ ਨੂੰ ਭਾਈ ਅਰਜਨ ਸਿੰਘ ਬੇ ਜੀ ਪਾਸ ਲੈ ਆਉਂਦਾ ਸੀ। ਬੇ ਜੀ ਨੇ ਹਰ ਇੱਕ ਨੂੰ ਘਰ ਵਿਚ ਸਾਰਿਆਂ ਤੋਂ ਪਹਿਲਾਂ ਰੋਟੀ ਖਵਾਣੀ ਅਤੇ ਰਾਤ ਨੂੰ ਸੌਣ ਵਾਸਤੇ ਘਰ ਵਿਚ ਜੋ ਚੰਗੇ ਤੋਂ ਚੰਗਾ ਮੰਜਾ ਤੇ ਬਿਸਤਰਾ ਹੋਣਾ, ਦੇਣਾ। ਵਿਧਵਾ ਇਸਤ੍ਰੀਆਂ ਵਲ ਭੀ ਬੇ ਜੀ ਦਾ ਬੜਾ ਧਿਆਨ ਹੁੰਦਾ ਸੀ ਅਤੇ ਹਰ ਇੱਕ ਦੀ ਯਥਾ-ਸ਼ਕਤ ਸਹਾਇਤਾ ਕਰਦੇ ਹੁੰਦੇ ਸਨ। ਘਰ ਵਿਚ ਕੰਮ ਕਰਦੇ ਥਕਦੇ ਹੀ ਨਹੀਂ ਸਨ। ਹਰ ਰੋਜ਼ ਚੱਕੀ ਪੀਹਣੀ, ਚਰਖਾ ਕੱਤਣਾ, ਸਫ਼ਾਈ ਕਰਨੀ, ਰੋਟੀ ਪਕਾਣੀ, ਪਾਣੀ ਭਰ ਕੇ ਲਿਆਉਣਾ, ਮਹਿੰ ਨੂੰ ਸੰਭਾਲਣਾ ਅਤੇ ਜਦ ਜ਼ਰੂਰਤ ਹੋਵੇ, ਕਪੜੇ ਭੀ ਧੋਣੇ। ਮੈਂ ਇਸ ਜ਼ਿੰਦਗੀ ਵਿਚ ਐਨਾ ਕੰਮ ਕਰਨ ਵਾਲੀ ਕੋਈ ਹੋਰ ਔਰਤ ਨਹੀਂ ਦੇਖੀ। ਚੰਗਾ ਮਿੱਠਾ ਅਤੇ ਹਮਦਰਦੀ ਵਾਲਾ ਉਨ੍ਹਾਂ ਦਾ ਸੁਭਾ ਸੀ, ਇਸ ਕਰਕੇ ਉਨ੍ਹਾਂ ਨੂੰ ਚੰਗੀ ਮਾਣ-ਪ੍ਰਤਿਸ਼ਟਾ ਪ੍ਰਾਪਤ ਸੀ ਅਤੇ ਲੋਕੀਂ ਉਨ੍ਹਾਂ ਨੂੰ ਬੇ ਵੱਡੀ ਕਰ ਕੇ ਹੀ ਬੁਲਾਉਂਦੇ ਸਨ।

ਸਾਡੀ ਇੱਕ ਵੱਡੀ ਭੈਣ ਅਤੇ ਚਾਰ ਅਸੀਂ ਭਰਾ ਸਾਂ। ਸਾਡੇ ਨਾਂ ਭੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਰਖੇ ਜਾਂਦੇ ਸਨ। ਸਾਡੇ ਸਿਰ ਤੇ ਕੇਸ ਤਾਂ ਨਹੀਂ ਸਨ ਅਤੇ ਨਾ ਹੀ ਸਾਡੇ ਨਾਂ ਸਿੱਖਾਂ ਵਾਲੇ ਸਨ, ਪਰ



Digitized by Panjab Digital Library | www.panjabdigilib.org

ਸਾਡੀ ਸਾਰੀ ਰਹਿਣੀ-ਬਹਿਣੀ ਸਿੱਖਾਂ ਵਾਲੀ ਹੀ ਸੀ। ਵੀਰ ਤਾਰਾ ਸਿੰਘ ਦਾ ਨਾਂ ਨਾਨਕ ਚੰਦ ਸੀ। ਨਾਨਕ ਸਾਰੇ ਖ਼ਾਨਦਾਨ ਵਿਚੋਂ ਸਾਰਿਆਂ ਨਾਲੋਂ ਜ਼ਿਆਦਾ ਖ਼ੂਬਸੂਰਤ ਅਤੇ ਸਰੀਰਕ ਤੇ ਦਿਮਾਗ਼ੀ ਤੌਰ ਤੇ ਚੁਸਤ ਬੱਚਾ ਨਿਕਲਿਆ।

ਨਾਨਕ ਚੰਦ ਦੀ ਪੈਦਾਇਸ਼ ਤੋਂ ਕੁਝ ਸਾਲ ਬਾਅਦ ਸਾਡੇ ਪਿਤਾ ਜੀ ਬੜੇ ਬੀਮਾਰ ਹੋ ਗਏ। ਸਿਰ-ਦਰਦ ਐਨਾ ਜ਼ਿਆਦਾ ਹੋਇਆ ਕਿ ਉਨ੍ਹਾਂ ਨੂੰ ਭੁੰਜੇ ਲਾਹ ਦਿਤਾ ਗਿਆ ਅਤੇ ਦੀਵਾ ਭੀ ਮਣਸ ਦਿਤਾ। ਕੁਦਰਤ ਜਿਸ ਨੂੰ ਰਖਣਾ ਚਾਹੇ ਉਸ ਨੂੰ ਆਖ਼ਰੀ ਸਵਾਸਾਂ ਤੋਂ ਭੀ ਮੋੜ ਲੈਂਦੀ ਹੈ। ਸਾਡੇ ਗਰਾਂ ਤੋਂ ਲਗਪਗ ਇੱਕ ਕੋਹ ਦੇ ਫ਼ਾਸਲੇ ਤੇ ਇਕ ਵੱਡਾ ਤਲਾਅ ਹੈ, ਜਿਸ ਨੂੰ ਤਰੁਟੀ-ਬੰਨ੍ਹ ਕਿਹਾ ਜਾਂਦਾ ਹੈ। ਇੱਥੇ ਇੱਕ ਬਿਰਧ ਸਾਧੂ ਬੈਠਾ ਸੀ। ਉਹ ਟੁਰਨ ਫਿਰਨ ਦੇ ਅਸਮਰਥ ਸੀ। ਉਸ ਦੇ ਨਾਲ ਇਕ ਚੇਲਾ ਸੀ ਜਿਹੜਾ ਚੁਕ ਕੇ ਹੀ ਉਹਨੂੰ ਇਧਰ ਉਧਰ ਫੇਰਦਾ ਸੀ। ਦੇਵਨੇਤ ਨੂੰ ਸਾਡੇ ਪਿੰਡ ਦਾ ਚੌਕੀਦਾਰ ਜਵਾਹਰ ਉਥੇ ਜਾ ਪਹੁੰਚਿਆ। ਉਨ੍ਹੀਂ ਦਿਨੀਂ ਪਿੰਡਾਂ ਵਿਚ ਲੋਕਾਂ ਦਾ ਆਪੋ-ਵਿਚ ਬੜਾ ਪ੍ਰੇਮ ਹੁੰਦਾ ਸੀ। ਜਵਾਹਰ ਉਸ ਸਾਧੂ ਨੂੰ ਕੰਧਾੜੇ ਤੇ ਚੁਕ ਕੇ ਸਾਡੇ ਘਰ ਲੈ ਆਇਆ। ਸਾਧੂ ਨੇ ਆਉਂਦਿਆਂ ਇਕ ਛੋਟੇ ਜਹੇ ਬੇਲ ਵਿਚੋਂ ਕੱਢ ਕੇ ਇਕ ਕੱਖ ਉਤੇ ਦਵਾਈ ਸਾਡੇ ਪਿਤਾ ਜੀ ਦੇ ਮੂੰਹ ਵਿਚ ਪਾਈ। ਦਵਾਈ ਅੰਦਰ ਜਾਂਦਿਆਂ ਉਨ੍ਹਾਂ ਦੀਆਂ ਅੱਖਾਂ ਖੁਲ੍ਹ ਆਈਆਂ ਅਤੇ ਉਹ ਮੋਏ ਮੋਏ ਬੱਚ ਪਏ। ਚੂੰਕਿ ਦੀਵਾ ਮਣਸਿਆ ਜਾ ਚੁਕਾ ਸੀ ਇਸ ਕਰਕੇ ਹਿੰਦੂ ਰੀਤੀ ਮੁਤਾਬਕ ਸਾਡੇ ਪਿਤਾ ਜੀ ਦਾ ਹਰਦਵਾਰ ਜਾਣਾ ਜ਼ਰੂਰੀ ਸੀ। ਸਾਡੇ ਮਾਤਾ ਪਿਤਾ ਹਰਦਵਾਰ ਗਏ ਅਤੇ ਉਸ ਤੋਂ ਪਿਛੋਂ ਸਾਡੇ ਪਿਤਾ ਜੀ ਕਿੰਨੇ ਸਾਲ ਹੋਰ ਜੀਉਂਦੇ ਰਹੇ। ਮੈਂ ਇਸ ਘਟਨਾ ਤੋਂ ਕਾਫ਼ੀ ਪਿਛੋਂ ਪੈਦਾ ਹੋਇਆ ਸਾਂ ਅਤੇ ਵੀਰ ਨਾਨਕ ਚੰਦ ਨਾਲੋਂ ਸਤ ਕੁ ਸਾਲ ਛੋਟਾ ਸਾਂ। ਸਾਡੇ ਮਾਤਾ-ਪਿਤਾ ਦੋਵੇਂ ਹੀ ਬੜੇ ਧੀਰਜ ਵਾਲੇ ਸਨ ਅਤੇ ਸਾਨੂੰ ਸਾਰਿਆਂ ਨੂੰ ਉਨ੍ਹਾਂ ਨੇ ਫੁੱਲਾਂ ਵਾਂਗੂੰ ਪਾਲਿਆ। ਮਾਰਨਾ ਤਾਂ ਇਕ



Digitized by Panjab Digital Library | www.panjabdigilib.org

ਪਾਸੇ ਰਿਹਾ, ਉਨ੍ਹਾਂ ਸਾਨੂੰ ਸਖ਼ਤੀ ਨਾਲ ਕਦੇ ਝਿੜਕਿਆ ਭੀ ਨਹੀਂ ਸੀ। ਵੀਰ ਨਾਨਕ ਚੰਦ ਇਕ ਮਮੂਲੀ ਬੱਚਾ ਤਾਂ ਹੈ ਨਹੀਂ ਸੀ। ਨਿਚੱਲਾ ਬਹਿਣਾ ਉਸ ਲਈ ਕਠਨ ਸੀ। ਕੰਮ ਵਿੱਚ, ਪੜ੍ਹਾਈ ਵਿਚ, ਖੇਡ ਵਿਚ, ਸ਼ਰਾਰਤ ਵਿਚ ਉਹ ਸਦਾ ਮੋਹਰੀ ਹੀ ਹੁੰਦਾ ਸੀ ਅਤੇ ਲੜਨ-ਭਿੜਨ ਲਈ ਤਾਂ ਸਦਾ ਹੀ ਤਿਆਰ-ਬਰ-ਤਿਆਰ। ਸਾਡੇ ਬੇ ਜੀ ਕੇਵਲ ਇੰਨਾ ਹੀ ਕਹਿ ਕੇ ਬਸ ਕਰ ਦੇਂਦੇ ਸਨ, ਨਾਨਕ ਤੂੰ ਬੜਾ ਚੱਤਾ ਕਰਦਾ ਹੈਂ, ਨਾਨਕ ਤੂੰ ਵਿਗੜ ਗਿਆ ਹੈਂ। ਲੜੇ-ਭਿੜੇ ਬਿਨਾਂ ਬੱਚੇ ਤਾਂ ਪਲ਼ਦੇ ਹੀ ਨਹੀਂ। ਸਾਨੂੰ ਇਕ ਪੱਕੀ ਹਦਾਇਤ ਹੁੰਦੀ ਸੀ ਕਿ ਲੜ-ਭਿੜ ਕੇ ਝਗੜਾ ਬਾਹਰ ਹੀ ਖ਼ਤਮ ਕਰ ਕੇ ਆਇਆ ਕਰੋ। ਰੋਂਦੇ-ਧੋਂਦੇ ਘਰ ਆਉਣਾ ਠੀਕ ਨਹੀਂ। ਵੀਰ ਨਾਨਕ ਦੇ ਰੋਂਦੇ ਆਉਣ ਦਾ ਤਾਂ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਉਹ ਤਾਂ ਜਿਸ ਨੂੰ ਪੈਂਦਾ ਸੀ ਸ਼ੇਰ ਵਾਂਗੂੰ ਹੀ ਪੈਂਦਾ ਸੀ ਅਤੇ ਅਗਲੇ ਦੀ ਪਿੱਠ ਲਾਹੇ ਬਿਨਾਂ ਸਾਹ ਹੀ ਨਹੀਂ ਸੀ ਲੈਂਦਾ।

ਸੰਤ ਅਤਰ ਸਿੰਘ ਜੀ ਨੇ ਫੌਜ ਦੀ ਨੌਕਰੀ ਛੱਡ ਕੇ ਕਲਰ ਦੇ ਕੋਲ਼ ਗੁਫਾ ਵਿਚ ਬੜਾ ਭਜਨ ਤੇ ਤਪ ਕੀਤਾ। ਉਨ੍ਹਾਂ ਦੀ ਸਾਰੇ ਪੋਠੋਹਾਰ ਵਿਚ ਚੰਗੀ ਮਾਨਤਾ ਹੋ ਗਈ। ਲੋਕੀਂ ਉਨ੍ਹਾਂ ਦੇ ਦਰਸ਼ਨਾਂ ਨੂੰ ਜਾਂਦੇ ਹੁੰਦੇ ਸਨ। ਸਾਡੇ ਪਿੰਡ ਦੇ ਨੌਜਵਾਨ ਭੀ ਸ਼ਬਦ ਪੜ੍ਹਦੇ ਉਨ੍ਹਾਂ ਦੇ ਦਰਸ਼ਨ ਕਰਨ ਟੁਰੇ। ਸੰਤ ਜੀ ਉਨ੍ਹੀਂ ਦਿਨੀਂ ਡੇਰਾ ਖ਼ਾਲਸਾ ਵਿਚ ਬਿਰਾਜਮਾਨ ਸਨ। ਵੀਰ ਨਾਨਕ ਉਦੋਂ ਰਾਵਲ਼ਪਿੰਡੀ ਮਿਸ਼ਨ ਸਕੂਲ ਵਿਚ ਪੜ੍ਹਦਾ ਸੀ। ਸਾਡਾ ਸਭ ਤੋਂ ਵੱਡਾ ਵੀਰ ਦਸ ਜਮਾਤਾਂ ਪਾਸ ਕਰ ਕੇ ਉਦੋਂ ਕਲਕੱਤਾ-ਦਫ਼ਤਰ ਵਿਚ ਨੌਕਰ ਸੀ ਅਤੇ ਵੀਰ ਨਾਨਕ ਚੰਦ ਦੀ ਪੜ੍ਹਾਈ ਦਾ ਖ਼ਰਚ ਉਸ ਵਲੋਂ ਹੀ ਹੁੰਦਾ ਸੀ। ਘਰੋਂ ਵਾਪਸ ਪਿੰਡੀ ਨੂੰ ਜਾਂਦਿਆਂ ਵੀਰ ਨਾਨਕ ਚੰਦ ਨੂੰ, ਸੰਤ ਜੀ ਦੇ ਦਰਸ਼ਨ ਕਰਨ ਜਾਂਦੇ ਆਪਣੇ ਗਰਾਂ ਦੇ ਨੌਜਵਾਨ ਮਿਲੇ ਅਤੇ ਉਹ ਭੀ ਉਨ੍ਹਾਂ ਦੇ ਨਾਲ ਹੀ ਡੇਰਾ ਖ਼ਾਲਸੇ ਨੂੰ ਚਲਾ ਗਿਆ। ਸੰਤ ਜੀ ਨੇ ਨੌਜਵਾਨਾਂ ਨਾਲ ਚੰਗਾ ਪ੍ਰੇਮ ਕੀਤਾ ਅਤੇ ਉਨ੍ਹਾਂ ਨੂੰ ਅੰਮ੍ਰਿਤ ਛਕਣ ਲਈ



Digitized by Panjab Digital Library | www.panjabdigilib.org

ਪ੍ਰੇਰਿਆ। ਸਾਰਿਆਂ ਨੇ ਅੰਮ੍ਰਿਤ ਛੱਕ ਲਿਆ। ਸੰਤ ਜੀ ਨੇ ਨਾਨਕ ਚੰਦ ਦਾ ਨਾਂ ਤਾਰਾ ਸਿੰਘ ਰੱਖਿਆ ਅਤੇ ਉਸ ਨੂੰ ਇਹ ਅਸੀਸ ਦਿੱਤੀ: "ਤਾਰਾ ਸਿੰਘ, ਜਾ ਆਪ ਤਾਂ ਤੂੰ ਤਰ ਗਿਆ ਹੈਂ, ਲੋਕਾਂ ਨੂੰ ਵੀ ਤਾਰ।" ਜਿੰਨਾ ਚਿਰ ਸੰਤ ਅਤਰ ਸਿੰਘ ਜੀ ਜੀਂਦੇ ਰਹੇ, ਵੀਰ ਤਾਰਾ ਸਿੰਘ ਦਾ ਉਨ੍ਹਾਂ ਨਾਲ ਡੂੰਘਾ ਮੇਲ ਤੇ ਪ੍ਰੇਮ ਰਿਹਾ। ਸਾਡੇ ਵੱਡੇ ਭਰਾ ਜੀ ਨੇ ਵੀਰ ਤਾਰਾ ਸਿੰਘ ਨੂੰ ਗੁੱਸੇ ਤਾਂ ਹੋਣਾ ਹੀ ਸੀ, ਕਿਉਂਕਿ ਸਾਡੇ ਟੱਬਰ ਦੀਆਂ ਰਵਾਇਤਾਂ ਅਨੁਸਾਰ ਅੰਮ੍ਰਿਤ ਛਕਣ ਤੋਂ ਪਹਿਲਾਂ ਉਸ ਨੂੰ ਆਗਿਆ ਲੈਣੀ ਜ਼ਰੂਰੀ ਸੀ। ਵੈਸੇ ਉਨ੍ਹਾਂ ਦਿਨਾਂ ਵਿਚ ਸਿਖ-ਹਿੰਦੂ ਵਿਚ ਕੋਈ ਅੰਤਰਾ ਨਹੀਂ ਸੀ ਅਤੇ ਸਾਡੀ ਆਪਣੀ ਵੱਡੀ ਭੈਣ ਇਕ ਸਿੱਖ ਨਾਲ ਵਿਆਹੀ ਹੋਈ ਸੀ। ਪਿਤਾ ਜੀ ਨੂੰ ਤਾਂ ਇਸ ਗੱਲ ਦਾ ਕੋਈ ਖ਼ਿਆਲ ਹੀ ਨਹੀਂ ਸੀ। ਕੋਈ ਸਿੱਖ ਬਣੇ, ਕੋਈ ਹਿੰਦੂ ਰਹੇ ਉਨ੍ਹਾਂ ਲਈ ਦੋਵੇਂ ਇੱਕੋ ਜਹੇ ਸਨ।

ਪ੍ਰਮਾਤਮਾ ਦੀ ਗੱਤੀ ਅਲੱਖ ਹੈ। ਕੱਖ ਦੇ ਪਿੱਛੇ ਲਖ ਧਰਿਆ ਹੁੰਦਾ ਹੈ। ਉਸ ਦੇ ਭੇਦਾਂ ਦਾ ਕੌਣ ਅੰਤ ਪਾ ਸਕਦਾ ਹੈ? ਇਹ ਕਿਸ ਨੂੰ ਪਤਾ ਸੀ ਕਿ ਇਕ ਮੂੰਹ-ਜ਼ੋਰ ਨੌਜਵਾਨ ਦੇ ਅੰਮ੍ਰਿਤ ਛਕਣ ਨਾਲ ਕਈਆਂ ਖ਼ਾਨਦਾਨਾਂ ਦਾ ਕਾਂਟਾ ਹੀ ਬਦਲ ਜਾਏਗਾ? ਵੀਰ ਤਾਰਾ ਸਿੰਘ ਦੇ ਸਿਖ ਬਣਨ ਦਾ ਇਹ ਅਸਰ ਹੋਇਆ ਕਿ ਸਹਿਜੇ ਸਹਿਜੇ ਸਿਰਫ਼ ਸਾਡਾ ਖ਼ਾਨਦਾਨ ਹੀ ਨਹੀਂ ਸਗੋਂ ਸਾਡੇ ਦੂਰ ਨੇੜੇ ਦੇ ਸਾਰੇ ਰਿਸ਼ਤੇਦਾਰ ਭੀ ਸਿੰਘ ਸਜ ਗਏ। ਅਤੇ ਫੇਰ ਤਾਰਾ ਸਿੰਘ ਖ਼ੁਦ ਸਿੱਖ ਪੰਥ ਦਾ ਇਕ ਚਮਕਦਾ ਤਾਰਾ ਬਣ ਗਿਆ।

ਵੀਰ ਤਾਰਾ ਸਿੰਘ ਜੀ ਦੇ ਸਿੱਖ ਬਣਨ ਤੋਂ ਡੇਢ ਦੋ ਸਾਲ ਬਾਅਦ ੧੯੦੧ ਦੇ ਅੰਤ ਵਿਚ ਸਾਡੇ ਪਿਤਾ ਜੀ ਕਾਲ-ਵਸ ਹੋ ਗਏ। ਕੁਝ ਸਾਲਾਂ ਤੋਂ ਉਨ੍ਹਾਂ ਨੂੰ ਪਿਸ਼ਾਬ ਦੀ ਤਕਲੀਫ਼ ਸੀ ਅਤੇ ਅੰਤ ਨੂੰ ਉਹ ਇਸੇ ਨਾ-ਮੁਰਾਦ ਬੀਮਾਰੀ ਦਾ ਸ਼ਿਕਾਰ ਹੋਏ। ਸਾਡੇ ਵੱਡੇ ਭਰਾ ਗੰਗਾ ਸਿੰਘ ਜੀ ਭੀ ਪਿਤਾ ਜੀ ਵਾਂਗੂੰ ਇਸੇ ਬੀਮਾਰੀ ਨਾਲ ਸੁਰਗਵਾਸ ਹੋਏ ਸਨ। ਇਹੋ ਬੀਮਾਰੀ ਹੁਣ ਵੀਰ ਤਾਰਾ ਸਿੰਘ



Digitized by Panjab Digital Library | www.panjabdigilib.org

ਜੀ ਦੇ ਚਲਾਣੇ ਦਾ ਕਾਰਨ ਬਣੀ ਹੈ। ਪਿਤਾ ਜੀ ਦੇ ਚਲਾਣੇ ਨਾਲ ਅਸੀਂ ਯਤੀਮ ਜਹੇ ਹੀ ਬਣ ਗਏ, ਪਰ ਸਾਡੇ ਭਰਾਵਾਂ ਨੇ ਕਮਾਲ ਹੀ ਕਰ ਦਿੱਤਾ। ਘਰ ਦੀ ਸਾਰੀ ਜ਼ਿਮੇਵਾਰੀ ਅਤੇ ਖ਼ਰਚ ਦਾ ਸਾਰਾ ਬੋਝ ਸਾਡੇ ਭਰਾਵਾਂ, ਖ਼ਾਸ ਕਰਕੇ ਵੱਡੇ ਭਾਪਾ ਗੰਗਾ ਸਿੰਘ ਜੀ ਨੇ ਆਪਣੇ ਸਿਰ ਤੇ ਚੁਕ ਲਿਆ।

ਰਾਵਲਪਿੰਡੀ ਪੜ੍ਹਦਿਆਂ ਵੀਰ ਤਾਰਾ ਸਿੰਘ ਦੇ ਕਈ ਸਿਖਾਂ ਨਾਲ ਆਪਣੇ ਚੰਗੇ ਸਬੰਧ ਬਣ ਗਏ। ਪ੍ਰਿੰਸੀਪਲ ਜੋਧ ਸਿੰਘ ਜੀ ਨਾਲ ਭੀ ਚੰਗੇ ਤਅਲਕਾਤ ਹੋ ਗਏ ਅਤੇ ਦਸਵੀਂ ਜਮਾਤ ਪਾਸ ਕਰਨ ਤੋਂ ਪਿਛੋਂ ਪ੍ਰਿੰਸੀਪਲ ਜੋਧ ਸਿੰਘ ਹੀ ਉਨ੍ਹਾਂ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਲੈ ਗਏ।

ਚੜ੍ਹਾਈ ਕਰਨ ਤੋਂ ਪਹਿਲਾਂ, ਸਾਡੇ ਪਿਤਾ ਜੀ ਮੇਰਾ ਬੜਾ ਫ਼ਿਕਰ ਕਰਦੇ ਸਨ। ਮੈਂ ਬਹੁਤ ਛੋਟਾ ਸਾਂ ਅਤੇ ਬੜਾ ਬੀਮਾਰ ਰਹਿੰਦਾ ਸਾਂ। ੧੯੦੩ ਵਿਚ ਜਦ ਵੀਰ ਤਾਰਾ ਸਿੰਘ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖ਼ਲ ਹੋਇਆ ਓਦੋਂ ਮੈਂ ਚੌਥੀ ਜਮਾਤ ਪਾਸ ਕੀਤੀ। ਗੰਗਾ ਸਿੰਘ ਜੀ ਉਤੇ ਸਾਰੇ ਟੱਬਰ ਦੇ ਖ਼ਰਚ ਦਾ ਬੋਝ ਸੀ, ਇਸ ਕਰਕੇ ਉਹ ਚਾਹੁੰਦੇ ਸਨ ਕਿ ਮੈਂ ਅਗੇ ਨਾ ਪੜ੍ਹਾਂ। ਮੈਂ ਪੜ੍ਹਾਈ ਵਿਚ ਹਮੇਸ਼ਾ ਅੱਵਲ ਰਹਿੰਦਾ ਸਾਂ ਅਤੇ ਮੈਨੂੰ ਪੜ੍ਹਨ ਦਾ ਬੜਾ ਸ਼ੌਕ ਸੀ। ਭਰਾਵਾਂ ਨੇ ਕੌੜਾ ਘੁਟ ਕਰ ਕੇ ਮੈਨੂੰ ਭੀ ਵੀਰ ਤਾਰਾ ਸਿੰਘ ਪਾਸ ਖ਼ਾਲਸਾ ਕਾਲਜ ਵਿਚ ਹੀ ਭੇਜ ਦਿਤਾ। ਦੋਹਾਂ ਭਰਾਵਾਂ ਦੀ ਪੜ੍ਹਾਈ ਦੇ ਖ਼ਰਚ ਦਾ ਬੋਝ ਸਾਡੇ ਭਰਾਵਾਂ ਲਈ ਜ਼ਿਆਦਾ ਸੀ। ਫੇਰ ਆਮ ਲੋਕਾਂ ਵਾਂਗ ਅਸੀਂ ਦੋ ਚਾਰ ਸਾਲ ਪੜ੍ਹੇ ਨਹੀਂ। ਉਨ੍ਹੀਂ ਦਿਨੀਂ ਕੌਣ ਬੀ. ਏ., ਐਮ. ਏ. ਕਰਦਾ ਸੀ? ਭਰਾਵਾਂ ਦੀ ਕੁਰਬਾਨੀ ਦਾ ਸਾਨੂੰ ਬੜਾ ਹੀ ਅਹਿਸਾਸ ਸੀ ਅਤੇ ਸਾਰੀ ਉਮਰ ਹੀ ਰਿਹਾ। ਸਾਡੇ ਪਿਤਾ ਜੀ ਅੰਤ ਸਮੇਂ ਸਾਨੂੰ ਤਿੰਨ ਨਸੀਹਤਾਂ ਕਰ ਗਏ ਸਨ: (੧) ਨਾ ਕਰਜ਼ਾ ਲੈਣਾ ਨਾ ਦੇਣਾ, (੨) ਕਿਸੇ ਦੀ ਜ਼ਮਾਨਤ ਨਹੀਂ ਦੇਣੀ, (੩) ਜਿਥੇ ਪਿਆਰ ਹੋਵੇ ਉਥੇ ਵਿਹਾਰ ਨਹੀਂ ਕਰਨਾ। ਅਸਾਂ ਚਵ੍ਹਾਂ ਭਰਾਵਾਂ ਨੂੰ ਜ਼ਿੰਦਗੀ ਵਿਚ ਐਸੇ



Digitized by Panjab Digital Library | www.panjabdigilib.org

ਮੌਕੇ ਆਏ ਹਨ ਜਦੋਂ ਫ਼ਾਕੇ ਕਟਣੇ ਪਏ ਜਾਂ ਕਿੰਨੇ ਕਿੰਨੇ ਦਿਨ ਦੀ ਸੁੱਕੀ ਰੋਟੀ ਖਾ ਕੇ ਗੁਜ਼ਾਰਾ ਕਰਨਾ ਪਿਆ, ਪਰ ਅਸਾਂ ਕਦੇ ਭੀ ਆਪਣੇ ਪਿਤਾ ਜੀ ਦੇ ਹੁਕਮ ਦੀ ਉਲੰਘਣਾ ਨਹੀਂ ਕੀਤੀ ਅਤੇ ਕਦੇ ਕਿਸੇ ਪਾਸੋਂ ਇਕ ਕੌਡੀ ਦਾ ਉਧਾਰ ਨਹੀਂ ਲਿਆ। ਸਾਡੇ ਵੱਡੇ ਭਰਾ ਗੰਗਾ ਸਿੰਘ ਜੀ ਨੇ ਇਕ ਵਾਰੀ ਮੈਨੂੰ ਗੱਲਾਂ ਗੱਲਾਂ ਵਿਚ ਦੱਸਿਆ ਕਿ ਜਦ ਤੁਸੀਂ ਦੋਵੇਂ ਖ਼ਾਲਸਾ ਕਾਲਜ ਵਿਚ ਪੜ੍ਹਦੇ ਸਾਉ ਉਦੋਂ ਮੇਰੀ ਤਨਖ਼ਾਹ ਤੀਹ ਰੁਪਏ ਸੀ ਅਤੇ ਐਸੇ ਮਹੀਨੇ ਭੀ ਆਉਂਦੇ ਰਹੇ ਜਦੋਂ ਅਠਾਈ ਰੁਪਏ ਤੁਹਾਨੂੰ ਭੇਜ ਦੇਣੇ ਅਤੇ ਦੋ ਰੁਪਏ ਵਿਚ ਆਪ ਸੁੱਕੀ ਰੋਟੀ ਖਾਣੀ। ਕਰਜ਼ਾ ਤਾਂ ਮੈਂ ਲੈਣਾ ਹੀ ਨਹੀਂ ਸੀ ਅਤੇ ਤੁਹਾਡੀ ਲੋੜ ਭੀ ਪੂਰੀ ਕਰਨੀ ਸੀ, ਇਸ ਲਈ ਹੋਰ ਕੋਈ ਰਾਹ ਹੀ ਨਹੀਂ ਸੀ।

ਇਨਸਾਨੀ ਵਿਕਾਸ ਵਿਚ ਤਿੰਨਾਂ ਗੱਲਾਂ ਦਾ ਅਸਰ ਪੈਂਦਾ ਹੈ : ਪਹਿਲਾ ਪਿਛਲੇ ਜਨਮਾਂ ਦੇ ਸੰਸਕਾਰਾਂ ਦਾ, ਦੂਜਾ ਟੱਬਰ ਦਾ ਅਤੇ ਤੀਜਾ ਸੰਗਤ ਤੇ ਆਲੇ-ਦਵਾਲੇ ਦਾ। ਸਾਡੇ ਭਰਾਵਾਂ ਨੇ ਸਾਰਾ ਭਾਰ ਚੁਕ ਕੇ ਸਾਨੂੰ ਘਰੇਲੂ ਧੰਦਿਆਂ ਤੋਂ ਬਿਲਕੁਲ ਮੁਕਤ ਕਰ ਦਿੱਤਾ। ਅਸੀਂ ਦੋਵੇਂ ਭਰਾ ਟੱਬਰ ਵਿਚ ਜਾਂ ਰਿਸ਼ਤੇਦਾਰੀਆਂ ਵਿਚ ਕਦੇ ਖੁਭੇ ਹੀ ਨਹੀਂ। ਵੱਡੇ ਭਰਾ ਪਿਤਾ ਸਮਾਨ ਸਨ। ਮਾਤਾ ਜੀ ਦਾ ਹੱਥ ਸਾਡੇ ਸਿਰ ਤੇ ਸੀ। ਜੋ ਕੁਝ ਸਾਨੂੰ ਹੁਕਮ ਮਿਲਿਆ, ਉਸੇ ਤਰ੍ਹਾਂ ਅਸਾਂ ਕੀਤਾ। ਕਦੇ ਅਸੀਂ ਆਪੋ-ਵਿਚ ਲੜੇ ਨਹੀਂ, ਕਦੇ ਕੋਈ ਵੰਡੀਆਂ ਨਹੀਂ ਪਾਈਆਂ। ਜ਼ਮੀਨ ਜਾਇਦਾਦ ਬਿਲਕੁਲ ਵੰਡਣ ਦਾ ਕਦੇ ਖ਼ਿਆਲ ਹੀ ਨਹੀਂ ਉਪਜਿਆ। ਜਦ ਵੱਡੇ ਹੋਏ ਉਨ੍ਹਾਂ ਸ਼ਾਦੀਆਂ ਕਰ ਦਿੱਤੀਆਂ। ਜਦ ਬੱਚੇ ਹੋ ਗਏ ਉਨ੍ਹਾਂ ਆਪ ਹੀ ਸਾਨੂੰ ਵੱਖੋ ਵੱਖਰੇ ਘਰ ਬਣਾ ਦਿਤੇ। ੧੯੪੦ ਤਕ ਜਦ ਸਾਡੇ ਬੇ ਜੀ ਜ਼ਿੰਦਾ ਰਹੇ, ਅਸੀਂ ਗਰਮੀਆਂ ਹਮੇਸ਼ਾ ਉਨ੍ਹਾਂ ਪਾਸ ਹਰਿਆਲ ਬਿਤਾਉਂਦੇ ਸਾਂ। ਸਾਡੀ ਕੇਵਲ ਐਨੀ ਹੀ ਜ਼ਿਮੇਵਾਰੀ ਸੀ ਕਿ ਇੱਕ ਕਾਰਡ ਪਾ ਦੇਣਾ, ਅਸੀਂ ਫ਼ਲਾਣੀ ਗੱਡੀ ਤੇ ਆ ਰਹੇ ਹਾਂ। ਮੰਦਰੇ ਸਟੇਸ਼ਨ ਤੋਂ ਉਤਰਨ ਤੋਂ ਲੈ ਕੇ ਵਾਪਸ ਗੱਡੀ ਤੇ ਚੜ੍ਹਾਣ ਤਕ ਹਰ ਕਿਸਮ ਦੇ ਖ਼ਰਚ ਦੀ, ਸੇਵਾ ਦੀ ਸਾਰੀ



Digitized by Panjab Digital Library | www.panjabdigilib.org

ਜ਼ਿਮੇਵਾਰੀ ਭਰਾ ਸੰਤ ਸਿੰਘ ਜੀ ਦੀ ਹੁੰਦੀ ਸੀ। ਨਾ ਕਦੇ ਸਾਨੂੰ ਖ਼ਿਆਲ ਆਇਆ ਕਿ ਅਸਾਂ ਭੀ ਕੁਝ ਕਰਨਾ ਹੈ ਨਾ ਉਨ੍ਹਾਂ ਹੀ ਕਦੇ ਮਹਿਸੂਸ ਕੀਤਾ ਸੀ ਕਿ ਉਨ੍ਹਾਂ ਤੇ ਵਾਧੂ ਬੋਝ ਪੈ ਰਿਹਾ ਹੈ।

ਇਨਸਾਨੀ ਵਿਕਾਸ ਲਈ ਸੰਸਾਰ ਦੀ ਖੇਡ ਚੰਗੀ ਤਰ੍ਹਾਂ ਖੇਡਣਾ ਜ਼ਰੂਰੀ ਹੈ। ਜਿਹੜੇ ਆਦਮੀ ਟੱਬਰਾਂ ਵਿਚ ਨਹੀਂ ਖੁਭਦੇ ਉਨ੍ਹਾਂ ਨੂੰ ਸੰਸਾਰ ਦੀ ਕੋਈ ਹੋਰ ਖੇਡ ਸਮੇਟ ਲੈਂਦੀ ਹੈ। ਵੀਰ ਤਾਰਾ ਸਿੰਘ ਜੀ ਨੂੰ ਪੰਥ-ਸੇਵਾ ਨੇ ਖਿੱਚ ਪਾਈ ਅਤੇ ਉਹ ਸਾਰੀ ਉਮਰ ਇਸ ਪੰਥ-ਸੇਵਾ ਵਿਚ ਖੁੱਭੇ ਰਹੇ। ਅੰਗਰੇਜ਼ੀ ਹਕੂਮਤ ਉਨ੍ਹਾਂ ਦੇ ਮਗਰ ਡੰਡਾ ਲਈ ਫਿਰਦੀ ਸੀ। ਦਰਜਨਾਂ ਵਾਰੀ ਜੇਲ੍ਹ ਵਿਚ ਗਏ, ਨਜ਼ਰਬੰਦ ਹੋਏ, ਜਾਇਦਾਦ-ਜ਼ਬਤੀ ਦੇ ਵਰੰਟ ਨਿਕਲੇ, ਪਰ ਕਿਸੇ ਗੱਲ ਨੇ ਉਨ੍ਹਾਂ ਦਾ ਲੱਕ ਨਹੀਂ ਤੋੜਿਆ, ਕਦੀ ਉਹ ਘਬਰਾਏ ਨਹੀਂ। ਸਾਰੇ ਮੁਲਕ ਵਿਚ ਕੋਈ ਹੋਰ ਆਦਮੀ ਨਹੀਂ ਜਿਹੜਾ ਦੇਸ਼ ਅਤੇ ਕੌਮ ਦੀ ਖ਼ਾਤਰ ਐਨੀ ਵਾਰੀ ਜੇਲ੍ਹ ਵਿਚ ਗਿਆ ਹੋਵੇ। ਜਦ ਭੀ ਮਹਾਤਮਾ ਗਾਂਧੀ ਨੇ ਦੇਸ਼ ਦੀ ਅਜ਼ਾਦੀ ਲਈ ਸਤਿਆਗ੍ਰਹਿ ਸ਼ੁਰੂ ਕੀਤਾ, ਵੀਰ ਤਾਰਾ ਸਿੰਘ ਪਹਿਲਿਆਂ ਸਤਿਆਗ੍ਰਹੀਆਂ ਵਿਚੋਂ ਹੁੰਦਾ ਸੀ। ਜਦ ਪਿਸ਼ੌਰ ਵਿਚ ਪਠਾਣਾਂ ਉਤੇ ਅਤਿਆਚਾਰ ਹੋਏ ਉਦੋਂ ਭੀ ਵੀਰ ਤਾਰਾ ਸਿੰਘ ਹੀ ਜੱਥਾ ਲੈ ਕੇ ਪਿਸ਼ੌਰ ਨੂੰ ਤੁਰਿਆ। ਫੇਰ ਅੰਗਰੇਜ਼ਾਂ ਦੇ ਚਲੇ ਜਾਣ ਪਿਛੋਂ ਚਾਰ ਵਾਰੀ ਸ੍ਰਦਾਰ ਪਟੇਲ ਨੇ ਉਨ੍ਹਾਂ ਨੂੰ ਜੇਲ੍ਹ ਵਿਚ ਸੁਟਿਆ ਅਤੇ ਉਨ੍ਹਾਂ ਦੇ ਪਿਛੋਂ ਪੰਜਾਬੀ ਸੂਬੇ ਦੀ ਲਹਿਰ ਵਿਚ ਭੀ ਉਹ ਕਈ ਵਾਰੀ ਧਰਮਸਾਲਾ ਜੇਲ੍ਹ ਵਿਚ ਡੱਕੇ ਗਏ। ਉਨ੍ਹਾਂ ਲਈ ਜ਼ਿੰਦਗੀ ਤਾਂ ਸੱਚਮੁਚ ਜੀਵਨ-ਸੰਗਰਾਮ ਹੀ ਸੀ।



Digitized by Panjab Digital Library | www.panjabdigilib.org

# ੨

# ਕਾਲਜ ਦੀ ਪੜ੍ਹਾਈ ਦਾ ਸਮਾਂ

ਵਿਕਾਸ ਲਹਿਰ ਸਰਕਦੀ ਸਰਕਦੀ ਭੀ ਚੰਦ ਸਾਲਾਂ ਵਿਚ ਕਿੱਥੇ ਦੀ ਕਿੱਥੇ ਪਹੁੰਚ ਜਾਂਦੀ ਹੈ। ੨ ਜਨਵਰੀ ੧੯੦੫ ਨੂੰ ਮੈਂ ਖ਼ਾਲਸਾ ਕਾਲਜ ਅੰਮ੍ਰਿਤਸਰ ਪੜ੍ਹਨ ਲਈ ਪਹੁੰਚਿਆ। ਉਦੋਂ ਭਰਾ ਜੀ ਐਫ਼. ਏ. ਵਿਚ ਪੜ੍ਹਦੇ ਸਨ। ੧੯੦੫ ਅਤੇ ੧੯੬੭ ਵਿਚ ਐਨਾ ਫ਼ਰਕ ਪੈ ਗਿਆ ਹੈ ਕਿ ਜੇ ਕੋਈ ਜੋਗੀ ੧੯੦੫ ਵਿਚ ਸਮਾਧੀ ਵਿਚ ਬੈਠਦਾ ਅਤੇ ੧੯੬੭ ਵਿਚ ਸਮਾਧੀ ਤੋੜਦਾ ਤਾਂ ਉਹ ਦੁਨੀਆ ਨੂੰ ਪਛਾਣ ਹੀ ਨਾ ਸਕਦਾ। ਤਬਦੀਲੀ, ਲਗਾਤਾਰ ਤਬਦੀਲੀ ਕੁਦਰਤ ਦਾ ਕਾਨੂੰਨ ਹੈ। ਕੁਦਰਤ ਦੀ ਤਬਦੀਲੀ ਦੇ ਨਾਲ ਨਾਲ ਇਨਸਾਨ ਭੀ ਬਦਲਦਾ ਜਾਂਦਾ ਹੈ, ਇਸ ਲਈ ਉਹ ਤਬਦੀਲੀ ਨੂੰ ਐਨਾ ਅਨਭਵ ਨਹੀਂ ਕਰਦਾ।

ਸਾਡੇ ਗਰਾਂ ਦਾ ਪਰਮਾਨੰਦ ਲਾਹੌਰ ਡਾਕਟਰੀ ਵਿਚ ਪੜ੍ਹਦਾ ਸੀ। ਉਹ ਵੱਡੇ ਦਿਨਾਂ ਦੀਆਂ ਛੁੱਟੀਆਂ ਵਿਚ ਘਰ ਗਿਆ ਤਾਂ ਵਾਪਸੀ ਤੇ ਮੈਨੂੰ ਆਪਣੇ ਨਾਲ ਲਾਹੌਰ ਲੈ ਆਇਆ। ਰਾਤ ਨੂੰ ਮੰਦਰੇ ਤੋਂ ਅਸੀਂ ਗੱਡੀ ਵਿਚ ਬੈਠੇ ਅਤੇ ਸਵੇਰੇ ਲਾਹੌਰ ਪਹੁੰਚ ਗਏ। ਦੁਪਹਿਰ ਵੇਲੇ ਭਰਾ ਜੀ ਅੰਮ੍ਰਿਤਸਰ ਤੋਂ ਮੈਨੂੰ ਲੈਣ ਵਾਸਤੇ ਆ ਗਏ। ਅਸੀਂ ਲਾਹੌਰ ਤੋਂ ੨ ਘੰਟੇ ਵਿਚ ਅੰਮ੍ਰਿਤਸਰ ਪਹੁੰਚੇ। ਅੰਮ੍ਰਿਤਸਰ ਦਾ ਛੋਟਾ ਜਿਹਾ ਸਟੇਸ਼ਨ ਸੀ। ਅਸੀਂ ਬਾਹਰ ਨਿਕਲੇ। ਹਨੇਰਾ ਪੈਣ



Digitized by Panjab Digital Library | www.panjabdigilib.org

ਵਾਲਾ ਸੀ ਅਤੇ ਥੋੜੀਆਂ ਥੋੜੀਆਂ ਕਣੀਆਂ ਵੀ ਲਗੀਆਂ ਹੋਈਆਂ ਸਨ। ਉਨ੍ਹੀਂ ਦਿਨੀਂ ਅੰਮ੍ਰਿਤਸਰ ਵਿਚ ਕੇਵਲ ਯੱਕੇ ਜਹੇ, ਜਿਨ੍ਹਾਂ ਨੂੰ ਬੰਬੂਕਾਟ ਕਿਹਾ ਜਾਂਦਾ ਸੀ, ਚਲਦੇ ਸਨ। ਰਾਤ ਪੈ ਜਾਏ ਤਾਂ ਕੋਈ ਬੰਬੂਕਾਟ ਖ਼ਾਲਸਾ ਕਾਲਜ ਨੂੰ ਜਾਣ ਨੂੰ ਤਿਆਰ ਨਹੀਂ ਸੀ ਹੁੰਦਾ। ਭਰਾ ਜੀ ਨੇ ਦੌੜ-ਭਜ ਕੇ ਬੰਬੂਕਾਟ ਕਰਾਏ ਕੀਤਾ ਅਤੇ ਸਾਡੇ ਖ਼ਾਲਸਾ ਕਾਲਜ ਪਹੁੰਚਣ ਤਕ ਬਤੀਆਂ ਜਗ ਚੁਕੀਆਂ ਸਨ।

ਖ਼ਾਲਸਾ ਕਾਲਜ ਦੀ ਇਮਾਰਤ ਦੀ ਨੀਂਹ ਤਾਂ ਰਖੀ ਜਾ ਚੁਕੀ ਸੀ ਪਰ ਅਜੇ ਨੀਂਹਾਂ ਪੁਟਣ ਦਾ ਕੰਮ ਵੀ ਸ਼ੁਰੂ ਨਹੀਂ ਸੀ ਹੋਇਆ। ਕਾਲਜ ਵਿਚ ਦੋ ਇਮਾਰਤਾਂ ਅਤੇ ਉਨ੍ਹਾਂ ਦੇ ਵਿਚਕਾਰ ਛੋਟਾ ਜਿਹਾ ਗੁਰਦਵਾਰਾ ਸੀ। ਕਾਲਜ ਦੀ ਪਰਲੀ ਹੱਦ ਦੇ ਸਿਰੇ ਤੇ ਪ੍ਰਿੰਸੀਪਲ ਦੀ ਕੋਠੀ ਸੀ ਅਤੇ ਅਗੇ ਕਰਕੇ ਪ੍ਰੋਫੈਸਰਾਂ ਲਈ ਚਾਰ ਕੁਆਟਰ ਬਣੇ ਹੋਏ ਸਨ। ਵਿਚਕਾਰ ਕਾਫ਼ੀ ਥਾਂ ਸੀ ਅਤੇ ਉਥੇ ਹੀ ਹਾਕੀ ਦੀ ਗਰਾਊਂਡ ਸੀ। ਜਿਸ ਇਮਾਰਤ ਨੂੰ ਅੱਜ ਕਲ੍ਹ ਪਟਿਆਲਾ ਹੋਸਟਲ ਕਿਹਾ ਜਾਂਦਾ ਹੈ ਉਸੇ ਵਿਚ ਹੇਠਾਂ ਇਕ ਪਾਸੇ ਸਕੂਲ ਦੀਆਂ ਜਮਾਤਾਂ ਲਗਦੀਆਂ ਸਨ ਅਤੇ ਦੂਜੇ ਪਾਸੇ ਥੋੜੇ ਜਹੇ ਹਿੱਸੇ ਵਿਚ ਕਾਲਜ ਦੀਆਂ। ਉਪਰਲੀ ਮਨਜ਼ਲ ਵਿਚ ਪੌੜੀਆਂ ਚੜ੍ਹਦਿਆਂ ਹੀ ਇਕ ਵੱਡਾ ਕਮਰਾ ਹੈ। ਉਸ ਵਿਚ ਕਾਲਜ ਦੀ ਲਾਇਬ੍ਰੇਰੀ ਸੀ ਅਤੇ ਇਸੇ ਨੂੰ ਹੀ ਰੀਡਿੰਗ-ਰੂਮ ਅਤੇ ਕਾਮਨ-ਰੂਮ ਕਰਕੇ ਵਰਤਿਆ ਜਾਂਦਾ ਸੀ। ਉਪਰਲੀ ਮਨਜ਼ਲ ਦੇ ਬਾਕੀ ਕਮਰਿਆਂ ਵਿਚ ਕਾਲਜ ਦੇ ਵਿਦਿਆਰਥੀ ਰਹਿੰਦੇ ਸਨ। ਪਹਾੜ ਵਲ ਚੰਗਾ ਖੁਲ੍ਹਾ ਵੇਹੜਾ ਹੈ ਅਤੇ ਉਸ ਦੇ ਪਾਰ ਸਾਮ੍ਹਣੇ ਕੁਆਟਰ ਬਣਿਆ ਹੋਇਆ ਹੈ, ਜਿਸ ਵਿਚ ਕਾਲਜ ਦਾ ਸਿੱਖ ਵਾਇਸ-ਪ੍ਰਿੰਸੀਪਲ ਰਹਿੰਦਾ ਸੀ ਅਤੇ ਇਹੋ ਹੀ ਹੋਸਟਲ ਦਾ ਇਨਚਾਰਜ ਸੀ।

ਕਾਲਜ ਸ: ਗੁਰਮੁਖ ਸਿੰਘ ਅਤੇ ਸ: ਜਵਾਹਰ ਸਿੰਘ ਨੇ ਅੰਗਰੇਜ਼ੀ ਸਰਕਾਰ ਦੀ ਸਹਾਇਤਾ ਨਾਲ ਬਣਾਇਆ ਸੀ। ਕਾਲਜ ਲਈ ਪੰਜਾਬ ਵਿਚੋਂ ਮੁਆਮਲੇ ਨਾਲ ਪੈਸੇ ਇਕੱਠੇ ਹੋਏ ਸਨ ਅਤੇ ਸਿਖ ਰਾਜਿਆਂ



Digitized by Panjab Digital Library | www.panjabdigilib.org

ਮਹਾਰਾਜਿਆਂ ਨੇ ਖੁਲ੍ਹ ਕੇ ਮਦਦ ਕੀਤੀ ਸੀ। ਕਾਲਜ ਨੂੰ ਅੰਗਰੇਜ਼ ਹੀ ਚਲਾਉਂਦੇ ਸਨ। ਲਾਹੌਰ ਦਾ ਕਮਿਸ਼ਨਰ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਸੀ ਅਤੇ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਮੀਤ ਪ੍ਰਧਾਨ। ਸਰਦਾਰ ਸੁੰਦਰ ਸਿੰਘ ਮਜੀਠੀਆ ਸਕੱਤਰ ਸਨ। ਪ੍ਰਬੰਧਕ ਕਮੇਟੀ ਵਿਚ ਜ਼ਿਆਦਾ ਰਾਜਿਆਂ-ਮਹਾਰਾਜਿਆਂ ਦੇ ਨੁਮਾਇੰਦੇ ਹੁੰਦੇ ਸਨ, ਕੁਝ ਵੱਡੇ ਸਰਦਾਰ ਭੀ ਅਤੇ ਇਕ ਦੋ ਸਿੱਖ ਫੌਜਾਂ ਦੇ ਅੰਗਰੇਜ਼ ਅਫ਼ਸਰ ਵੀ। ਕੌਲ ਸਾਹਿਬ ਕਾਲਜ ਦਾ ਪ੍ਰਿੰਸੀਪਲ ਸੀ। ਕਾਲਜ ਵਿਚ ਸਾਇੰਸ ਤਾਂ ਪੜ੍ਹਾਈ ਨਹੀਂ ਸੀ ਜਾਂਦੀ। ਥੋੜੇ ਜਹੇ ਆਰਟਸ ਦੇ ਮਜ਼ਮੂਨ ਪੜ੍ਹਾਏ ਜਾਂਦੇ ਸਨ। ਅੰਗਰੇਜ਼ੀ ਤੇ ਬਹੁਤਾ ਜ਼ੋਰ ਹੁੰਦਾ ਸੀ ਅਤੇ ਐਫ਼. ਏ. ਵਿਚ ਹਰ ਇਕ ਵਿਦਿਆਰਥੀ ਨੂੰ ਫ਼ਾਰਸੀ ਜਾਂ ਸੰਸਕ੍ਰਿਤ ਲੈਣੀ ਜ਼ਰੂਰੀ ਹੁੰਦੀ ਸੀ। ਕਾਲਜ ਵਿਚੋਂ ਐਫ਼. ਏ. ਪਾਸ ਕਰ ਕੇ ਲੜਕੇ ਜਾਂ ਤਾਂ ਫੌਜ ਵਿਚ ਭਰਤੀ ਹੋ ਜਾਂਦੇ ਸਨ ਜਾਂ ਸੀ. ਪੀ. ਦੀ ਪੁਲੀਸ ਵਿਚ ਅਫ਼ਸਰ ਬਣ ਕੇ ਚਲੇ ਜਾਂਦੇ ਸਨ।

੩ ਜਨਵਰੀ ਨੂੰ ਮੈਂ ਸਵੇਰੇ ਉੱਠਿਆ ਤਾਂ ਕੋਲੋਂ ਲੰਘਦਿਆਂ ਲੜਕਿਆਂ ਵਿਚੋਂ ਇਕ ਨੇ ਦੂਜੇ ਨੂੰ ਅੰਗਰੇਜ਼ੀ ਵਿਚ ਪੁੱਛਿਆ, ਇਹ ਲੜਕਾ ਕੌਣ ਹੈ? ਦੂਜੇ ਨੇ ਅੰਗਰੇਜ਼ੀ ਵਿਚ ਹੀ ਜਵਾਬ ਦਿੱਤਾ, 'ਸਟੋਨਜ਼ ਬ੍ਰਾਦਰ'। ਮੈਂ ਸੁਣ ਕੇ ਹੈਰਾਨ ਹੋਇਆ ਕਿ ਇਸ ਨੇ ਕੀ ਕਿਹਾ ਹੈ। ਪਿੱਛੋਂ ਮੈਨੂੰ ਪਤਾ ਲੱਗਾ ਕਿ ਭਰਾ ਜੀ ਦਾ ਨਾਂ ਲੜਕਿਆਂ ਨੇ ਪੱਥਰ ਰੱਖਿਆ ਹੋਇਆ ਹੈ। ਸਮਾਂ ਬੜਾ ਬਲਵਾਨ ਅਤੇ ਬੇਤਰਸ ਹੈ। ਸਖ਼ਤ ਤੋਂ ਸਖ਼ਤ ਪੱਥਰ ਭੀ ਘੋਲ ਕੇ ਪੀ ਜਾਂਦਾ ਹੈ:

ਸਮਾਂ ਕਰੇ, ਨਰ ਕਿਆ ਕਰੇ, ਸਮਾਂ ਬਹੁਤ ਬਲਵਾਨ।
ਵੁਹੀ ਅਰਜਨ ਕੇ ਹਾਥ ਹੈਂ, ਵੁਹੀ ਅਰਜਨ ਕੇ ਬਾਣ।

ਸਾਰੇ ਕਾਲਜ ਵਿਚ ਉਸ ਵੇਲੇ ਪੰਝੀ ਤੀਹ ਲੜਕੇ ਹੀ ਪੜ੍ਹਦੇ ਸਨ। ਇਕੋ ਹੀ ਕਿਚਨ ਹੁੰਦਾ ਸੀ। ਫੋਰਥ-ਈਅਰ ਵਿਚ ਕੇਵਲ ਇਕ ਲੜਕਾ ਪੜ੍ਹਦਾ ਸੀ ਤੇ ਉਸ ਨੂੰ ਸੁੰਦਰ ਸਿੰਘ ਲਾੜ੍ਹਾ ਕਹਿੰਦੇ ਸਨ। ਭਾਈ ਅਮਰ ਸਿੰਘ ਵਾਸੂ, ਭਾਈ ਕਰਮ ਸਿੰਘ ਹਿਸਟੋਰੀਅਨ,



Digitized by Panjab Digital Library | www.panjabdigilib.org

ਅਮਰ ਸਿੰਘ ਬੇਬੋ, ਮਾਨ ਸਿੰਘ, ਇਹ ਸਾਰੇ ਉਸ ਵੇਲੇ ਕਾਲਜ ਵਿਚ ਸਨ। ਕਾਲਜ ਵਿਚ ਬਹੁਤਾ ਮੌਜ-ਮੇਲਾ ਹੀ ਹੁੰਦਾ ਸੀ। ਨਾ ਬਹੁਤਾ ਪੜ੍ਹਾਈ ਦਾ ਜ਼ੋਰ, ਨਾ ਕੋਈ ਕਲੱਬਾਂ ਤੇ ਸੁਸਾਇਟੀਆਂ ਅਤੇ ਨਾ ਹੀ ਕੋਈ ਚੋਣਾਂ ਤੇ ਚੌਧਰਾਂ। ਲੜਕੇ ਆਪੋ ਵਿਚ ਬੜੇ ਪ੍ਰੇਮ ਨਾਲ ਸਕੇ ਭਰਾਵਾਂ ਵਾਂਗ ਰਹਿੰਦੇ ਸਨ। ਮੈਂ ਪਹਿਲਾ ਹਫ਼ਤਾ ਕਾਲਜ ਵਿਚ ਹੀ ਰਿਹਾ। ਫੇਰ ਹਰ ਐਤਵਾਰ ਉਥੇ ਕਟਦਾ ਸਾਂ। ਬਹੁਤ ਸਾਰੇ ਲੜਕੇ ਮੇਰੇ ਵਾਕਫ਼ ਹੋ ਗਏ ਸਨ। ਮੈਂ ਕਦੇ ਲੜਕਿਆਂ ਨੂੰ ਆਪੋ ਵਿਚ ਲੜਦਿਆਂ ਨਹੀਂ ਵੇਖਿਆ। ਖੇਡਣ ਦਾ ਬੜਾ ਸ਼ੌਕ ਹੁੰਦਾ ਸੀ। ਚਾਰ ਵਜਣੇ ਤਾਂ ਹਾਕੀ ਦੀ ਗਰਾਊਂਡ ਵਿਚ ਟਕ-ਟਕ ਹੋਣੀ ਸ਼ੁਰੂ ਹੋ ਜਾਣੀ। ਗੇਣਵੇਂ ਲੜਕੇ ਹੁੰਦੇ ਸਨ ਅਤੇ ਹਾਕੀ ਤੇ ਫੁਟਬਾਲ ਦੀਆਂ ਦੋਵੇਂ ਹੀ ਟੀਮਾਂ ਹੁੰਦੀਆਂ ਸਨ। ਇਨ੍ਹਾਂ ਦੇ ਭੀ ਕਈ ਖਿਡਾਰੀ ਸਾਂਝੇ ਹੁੰਦੇ ਸਨ। ਭਰਾ ਜੀ ਹਾਕੀ ਅਤੇ ਫੁਟਬਾਲ ਦੋਹਾਂ ਟੀਮਾਂ ਦੇ ਮੈਂਬਰ ਸਨ। ਪਹਿਲਾਂ ਉਹ ਹਾਕੀ ਦੇ ਗੋਲ-ਕੀਪਰ ਹੁੰਦੇ ਸਨ। ਜੈ ਕਿਸ਼ਨ ਸਿੰਘ ਉਦੋਂ ਹਾਕੀ ਦਾ ਕੈਪਟਨ ਹੁੰਦਾ ਸੀ। ਕੈਸੇ ਸੋਹਣੇ ਜਵਾਨ, ਸੰਤ ਸਿੰਘ ਅਤੇ ਗੁਰਦਿਤ ਸਿੰਘ ਦੋਵੇਂ ਫੁਲ-ਬੈਕ ਸਨ ਅਤੇ ਉਨ੍ਹਾਂ ਨੂੰ ਵੇਖ ਵੇਖ ਕੇ ਭੁੱਖ ਲਥਦੀ ਸੀ। ੧੯੦੬ ਵਿਚ ਭਰਾ ਜੀ ਜਦ ਬੀ. ਏ. ਵਿਚ ਦਾਖ਼ਲ ਹੋਏ ਉਦੋਂ ਉਹ ਹਾਕੀ ਦੇ ਕੈਪਟਨ ਬਣ ਗਏ ਅਤੇ ਫੇਰ ਸੈਂਟਰ ਫ਼ਾਰਵਰਡ ਖੇਡਣ ਲਗ ਪਏ। ਛਾਉਣੀ ਦੇ ਗੋਰੇ ਦੂਜੇ ਤੀਜੇ ਦਿਨ ਮੈਚ ਖੇਡਣ ਆ ਜਾਂਦੇ ਸਨ।

ਉਨ੍ਹੀਂ ਦਿਨੀਂ ਸੰਤ ਤੇਜਾ ਸਿੰਘ ਜੀ ਮਸਤੂਆਣੇ ਵਾਲੇ ਵਾਈਸ ਪ੍ਰਿੰਸੀਪਲ ਹੁੰਦੇ ਸਨ ਅਤੇ ਪਟਿਆਲਾ ਹੋਸਟਲ ਵਾਲੇ ਕੁਆਟਰ ਵਿਚ ਰਹਿੰਦੇ ਸਨ। ਉਦੋਂ ਉਨ੍ਹਾਂ ਦਾ ਨਾਂ ਮਹਿਤਾ ਨਿਰੰਜਨ ਸਿੰਘ ਸੀ। ਲੜਕਿਆਂ ਵਿਚ ਉਨ੍ਹਾਂ ਦੀ ਚੰਗੀ ਸ਼ੋਭਾ ਬਣੀ ਹੋਈ ਸੀ। ਸਨਿਚਰਵਾਰ ਰਾਤ ਨੂੰ ਸਾਰੇ ਲੜਕਿਆਂ ਨੇ ਲਾਇਬ੍ਰੇਰੀ ਵਿਚ ਇਕੱਠਿਆਂ ਹੋਣਾ ਅਤੇ ਪ੍ਰੋ: ਮਹਿਤਾ ਸਾਹਿਬ ਨੇ ਉਨ੍ਹਾਂ ਨਾਲ ਵਿਚਾਰਾਂ ਕਰਨੀਆਂ। ਕਈ ਵਾਰੀ ਟ੍ਰੈਕਟ ਪੜ੍ਹੇ ਜਾਂਦੇ ਸਨ ਅਤੇ ਕਦੇ



Digitized by Panjab Digital Library | www.panjabdigilib.org

ਧਰਮ ਦੀਆਂ ਤੇ ਕਦੇ ਪੰਥਕ ਉੱਨਤੀ ਦੀਆਂ ਵਿਚਾਰਾਂ ਹੁੰਦੀਆਂ ਸਨ। ਇਨ੍ਹਾਂ ਇੱਕਤ੍ਰਤਾਵਾਂ ਵਿਚ ਲੜਕੇ ਚੰਗੇ ਸ਼ੌਕ ਨਾਲ ਆਉਂਦੇ ਸਨ। ਕਾਲਜਾਂ ਦੇ ਉਸ ਵੇਲੇ ਦੇ ਚੁਪ-ਚਾਪ ਵਾਯੂ-ਮੰਡਲ ਵਿਚੋਂ ਜ਼ਿਆਦਾ ਚੰਗੀਆਂ ਹਸਤੀਆਂ ਨਿਕਲਦੀਆਂ ਸਨ। ਪੜ੍ਹਾਈ, ਲਿਆਕਤ, ਦਿਮਾਗ਼ੀ ਚੁਸਤੀ ਦੇ ਵਧਣ ਨਾਲ ਇਨਸਾਨੀਅਤ ਤਾਂ ਸੁੰਗੜ ਹੀ ਗਈ ਹੈ। ਹੁਣ ਦੇ ਪੜ੍ਹਿਆਂ ਹੋਇਆਂ ਨੂੰ ਆ ਆਪਣੀ ਪਈ ਹੋਈ ਹੈ। ਸਾਂਝੀ ਕੌਮ ਦਾ ਤਾਂ ਕਿਸੇ ਨੂੰ ਕੋਈ ਦਰਦ ਜਾਪਦਾ ਹੀ ਨਹੀਂ।

ਮੇਰੇ ਕਾਲਜ ਵਿਚ ਜਾਣ ਦੇ ਪਿਛੋਂ ੧੯੦੫ ਵਿਚ ਹੀ ਪ੍ਰਿੰਸੀਪਲ ਜੋਧ ਸਿੰਘ ਜੀ ਕਾਲਜ ਵਿਚ ਧਰਮ-ਵਿਦਿਆ ਦੇ ਪ੍ਰੋਫੈਸਰ ਬਣ ਕੇ ਆ ਗਏ। ਡੀ. ਏ. ਵੀ. ਕਾਲਜ ਲਾਹੌਰ ਵਿਚ ਜੀਵਨ-ਸੇਵਕ ਅਥਵਾ ਲਾਈਫ਼ ਮੈਂਬਰ ਬਣਨ ਦਾ ਸਿਸਟਮ ਸੀ ਅਤੇ ਲਾਲਾ ਸਾਈਂਦਾਸ ਆਦਿ ਕਈ ਪ੍ਰੋਫੈਸਰ ਜੀਵਨ-ਸੇਵਕ ਸਨ, ਜਿਨ੍ਹਾਂ ਗੁਜ਼ਾਰੇ ਵਜੋਂ ਕੁਝ ਥੋੜੀ ਜਿਹੀ ਤਨਖ਼ਾਹ ਲੈ ਕੇ ਆਪਣਾ ਜੀਵਨ ਕਾਲਜ ਨੂੰ ਸਮਰਪਣ ਕੀਤਾ ਹੋਇਆ ਸੀ। ਖ਼ਾਲਸਾ ਕਾਲਜ ਨੂੰ ਭੀ ਇਸ ਗੱਲ ਦੀ ਰੀਸ ਹੋਈ ਅਤੇ ਪ੍ਰਿੰਸੀਪਲ ਜੋਧ ਸਿੰਘ ਜੀ ਕਾਲਜ ਦੇ ਪਹਿਲੇ ਜੀਵਨ-ਸੇਵਕ ਬਣੇ। ਪਰ ਡੀ. ਏ. ਵੀ. ਕਾਲਜ ਵਿਚ ਤਾਂ ਮਹਾਤਮਾ ਹੰਸਰਾਜ ਵਰਗਾ ਮਹਾਂ ਪੁਰਸ਼ ਬੈਠਾ ਹੋਇਆ ਸੀ ਜਿਸ ਦੀ ਛੋਹ ਅਤੇ ਸੰਗਤ ਨੌਜਵਾਨਾਂ ਨੂੰ ਉਤਸ਼ਾਹ ਦੇਂਦੀ ਸੀ। ਇਥੇ ਕਿਸੇ ਐਸੀ ਹਸਤੀ ਦੇ ਨਾ ਹੋਣ ਕਰਕੇ ਇਹ ਸਿਸਟਮ ਛੇਤੀ ਹੀ ਫੇਲ੍ਹ ਹੋ ਗਿਆ।

ਕਾਲਜ ਦੀ ਇਮਾਰਤ ਦੀ ਨੀਂਹ ੧੯੦੪ ਵਿਚ ਸਰ ਚਾਰਲਸ ਰੀਵਾਜ਼ ਲੈਫ਼ਟੀਨੈਂਟ ਗਵਰਨਰ ਪੰਜਾਬ ਨੇ ਰਖੀ ਸੀ। ਸਰਦਾਰ ਧਰਮ ਸਿੰਘ ਘਰਜਾਖ ਵਾਲੇ ਉਦੋਂ ਕਾਲਜ ਦੇ ਇੰਜਨੀਅਰ ਹੁੰਦੇ ਸਨ ਅਤੇ ਨਿਰੋਲ ਪ੍ਰੇਮ-ਸੇਵਾ ਕਰਦੇ ਸਨ। ਕਾਲਜ ਦੀ ਇਮਾਰਤ ਦਾ ਨਕਸ਼ਾ ਸ: ਰਾਮ ਸਿੰਘ ਮਿਉ ਸਕੂਲ ਆਫ਼ ਆਰਟਸ ਵਾਲਿਆਂ ਬਣਾਇਆ ਸੀ। ਸ: ਧਰਮ ਸਿੰਘ ਨੇ ਜਦ ਨੀਂਹਾਂ ਭਰਵਾਈਆਂ ਤਾਂ ਮੈਨੇਜਿੰਗ ਕਮੇਟੀ ਵਿਚ ਇਸ ਦਾ ਚਰਚਾ ਹੋਇਆ। ਮੇਜਰ ਹਿੱਲ



Digitized by Panjab Digital Library | www.panjabdigilib.org

ਕਮੇਟੀ ਦਾ ਮੈਂਬਰ ਸੀ। ਉਸ ਨੇ ਸ: ਧਰਮ ਸਿੰਘ ਨੂੰ ਇੰਨਜੀਨੀਅਰ ਰਖਣ ਦੀ ਵਿਰੋਧਤਾ ਕੀਤੀ ਅਤੇ ਇਹ ਫ਼ਿਕਰਾ ਆਖਿਆ, "ਮੈਨੂੰ ਪ੍ਰੇਮ ਦੀ ਸੇਵਾ ਤੇ ਕੋਈ ਯਕੀਨ ਨਹੀਂ"। ਸਾਰਿਆਂ ਸਿੱਖਾਂ ਨੂੰ, ਵਿਚੇ ਸਰਦਾਰ ਸੁੰਦਰ ਸਿੰਘ ਮਜੀਠੀਏ ਨੂੰ ਇਹ ਫ਼ਿਕਰਾ ਚੁੱਭਾ। ਸਰਦਾਰ ਧਰਮ ਸਿੰਘ ਨੂੰ ਆਪਣੇ ਕੰਮ ਤੋਂ ਹਟਾ ਦਿੱਤਾ ਗਿਆ ਅਤੇ ਇਕ ਅੰਗਰੇਜ਼ ਇੰਨਜੀਨੀਅਰ ਨੂੰ ਉਨ੍ਹਾਂ ਦੀ ਥਾਂ ਤੇ ਤਨਖ਼ਾਹਦਾਰ ਇੰਨਜੀਨੀਅਰ ਮੁਕੱਰਰ ਕੀਤਾ। ਕਾਲਜ ਅਤੇ ਸਕੂਲ ਦੇ ਵਿਦਿਆਰਥੀਆਂ ਵਿਚ ਇਸ ਕਾਰਵਾਈ ਦੇ ਖ਼ਿਲਾਫ਼ ਨਰਾਜ਼ਗੀ ਸੀ। ਸਾਡੇ ਨਾਲੋਂ ਇੱਕ ਸਾਲ ਅੱਗੇ ਇਕ ਲੜਕਾ ਇੰਦਰ ਸਿੰਘ ਪੜ੍ਹਦਾ ਹੁੰਦਾ ਸੀ। ਉਹ ਕਵਿਤਾ ਲਿਖਦਾ ਹੁੰਦਾ ਸੀ ਅਤੇ ਉਸ ਨੇ ਹਿੱਲ ਦੇ ਖ਼ਿਲਾਫ਼ ਕਵਿਤਾ ਲਿਖ ਕੇ ਗੁਰਦੁਆਰੇ ਵਿਚ ਪੜ੍ਹੀ। ਚੰਗਾ ਜੁਸ਼ੀਲਾ ਲੀਡਰ ਸੀ। ਜਦ ਅੰਗਰੇਜ਼ ਇੰਨਜੀਨੀਅਰ ਪਹਿਲੇ ਦਿਨ ਆਇਆ ਅਤੇ ਉਸ ਨੇ ਭਰੀਆਂ ਹੋਈਆਂ ਨੀਂਹਾਂ ਨੂੰ ਪੁਟਾਣਾ ਸ਼ੁਰੂ ਕੀਤਾ ਤਾਂ ਇੰਦਰ ਸਿੰਘ ਸਾਨੂੰ ਸਾਰੇ ਸਕੂਲ ਦੇ ਛੋਟੇ ਲੜਕਿਆਂ ਨੂੰ ਇਕੱਠਿਆਂ ਕਰ ਕੇ ਉਥੇ ਲੈ ਗਿਆ। ਉਹਦੇ ਕਹਿਣ ਤੇ ਅਸਾਂ ਅੰਗਰੇਜ਼ ਨੂੰ ਰੋੜੇ ਮਾਰੇ। ਅੰਗਰੇਜ਼ ਕੁਝ ਘਬਰਾ ਕੇ ਉਥੋਂ ਚਲਾ ਗਿਆ। ਇਸ ਦੇ ਪਿਛੋਂ ਫੇਰ ਉਹ ਅੰਗਰੇਜ਼ ਵਾਪਸ ਨਾ ਆਇਆ ਅਤੇ ਪੰਜਾਬ ਸਰਕਾਰ ਨੇ ਇਕ ਆਪਣਾ ਇੰਨਜੀਨੀਅਰ ਸ: ਬਲਵੰਤ ਸਿੰਘ ਇਮਾਰਤ ਬਣਾਣ ਲਈ ਭੇਜਿਆ ਅਤੇ ਸਾਰੀ ਇਮਾਰਤ ਉਸ ਨੇ ਹੀ ਬਣਵਾਈ।

ਅੰਗਰੇਜ਼, ਲੜਕਿਆਂ ਦੀ ਇਸ ਹਰਕਤ ਤੇ, ਬੜੇ ਖ਼ਫ਼ਾ ਹੋਏ। ਉਸ ਵੇਲੇ ਲੜਕਿਆਂ ਵਿਚ ਇਹੋ ਮਸ਼ਹੂਰ ਸੀ ਕਿ ਇਹ ਸਭ ਕੁਝ ਕਰਵਾਣ ਵਾਲੇ ਲੜਕਿਆਂ ਦੇ ਲੀਡਰ ਮਾਸਟਰ ਤਾਰਾ ਸਿੰਘ ਅਤੇ ਮਾਨ ਸਿੰਘ ਹਨ। ਵੀਰ ਤਾਰਾ ਸਿੰਘ ਦਾ ਪ੍ਰੋਫੈਸਰ ਜੋਧ ਸਿੰਘ ਨਾਲ ਬੜਾ ਮੇਲ-ਮਿਲਾਪ ਸੀ, ਇਸ ਕਰਕੇ ਅੰਗਰੇਜ਼ਾਂ ਨੂੰ ਇਹ ਖ਼ਿਆਲ ਹੋ ਗਿਆ ਕਿ ਇਸ ਸਾਰੇ ਰੌਲੇ ਦੇ ਪਿੱਛੇ ਪ੍ਰੋਫੈਸਰ ਜੋਧ ਸਿੰਘ ਦਾ



Digitized by Panjab Digital Library | www.panjabdigilib.org

ਹੱਥ ਹੈ।

ਅੰਗਰੇਜ਼ ਵੀ ਧਨ ਹਨ। ਕੁਝ ਹਜ਼ਾਰ ਬੰਦੇ ਛੇ ਹਜ਼ਾਰ ਮੀਲ ਤੋਂ ਆ ਕੇ ਕਰੋੜਾਂ ਆਦਮੀਆਂ ਤੇ ਸੌ ਸਾਲ ਦੇ ਕਰੀਬ ਰਾਜ ਕਰਦੇ ਰਹੇ, ਰਾਜ ਕਰਨਾ ਸੌਖਾ ਕੰਮ ਨਹੀਂ ਅਤੇ ਉਹ ਭੀ ਸਿੱਖਾਂ ਵਰਗੀ ਇਕ ਬਹਾਦਰ ਤੇ ਅਣਖੀਲੀ ਕੌਮ ਉਤੇ। ਅੰਗਰੇਜ਼ਾਂ ਦੇ ਮਨ ਵਿਚ ਤੌਖ਼ਲਾ ਜ਼ਰੂਰ ਬਣਿਆ ਰਹਿੰਦਾ ਸੀ ਅਤੇ ਇਸ ਤੌਖ਼ਲੇ ਦੇ ਕਾਰਨ ਹੀ ਇਸ ਛੋਟੀ ਜਿਹੀ ਗੱਲ ਵਿਚੋਂ ਉਨ੍ਹਾਂ ਨੂੰ ਬਗ਼ਾਵਤ ਦੀ ਬੋ ਆਉਣ ਲੱਗ ਪਈ। ਤਾਰਾ ਸਿੰਘ, ਮਾਨ ਸਿੰਘ ਅਤੇ ਪ੍ਰੋਫੈਸਰ ਜੋਧ ਸਿੰਘ ਦੇ ਨਾਂ ਬਾਗ਼ੀਆਂ ਦੀ ਲਿਸਟ ਵਿਚ ਦਰਜ ਹੋ ਗਏ। ਵੀਰ ਤਾਰਾ ਸਿੰਘ ਨੂੰ ਨਾ ਤਾਂ ਲਾਲਚ ਜਿੱਤ ਸਕਦਾ ਸੀ ਅਤੇ ਨਾ ਹੀ ਧਮਕੀ ਜਾਂ ਸਜ਼ਾ ਡਰਾ ਸਕਦੀ ਸੀ ਅਤੇ ਨਾਲ ਹੀ ਉਹ ਨਿਹਾਇਤ ਦਲੇਰ ਅਤੇ ਮੂੰਹ-ਫਟ ਸੀ, ਇਸ ਕਰਕੇ ਉਹ ਤਾਂ ਸਾਰੀ ਉਮਰ ਬਾਗ਼ੀ ਹੀ ਰਿਹਾ, ਪਹਿਲਾਂ ਅੰਗਰੇਜ਼ਾਂ ਦਾ, ਅਤੇ ਜਦ ਅੰਗਰੇਜ਼ ਚਲੇ ਗਏ ਤਾਂ ਫੇਰ ਕਾਂਗਰਸੀਆਂ ਦਾ। ਕੈਦ ਕਰ ਕਰਕੇ ਪਟੇਲ ਸਾਹਿਬ ਭੀ ਥੱਕ ਗਏ ਸਨ, ਪਰ ਤਾਰਾ ਸਿੰਘ ਆਪਣੀ ਚਾਲ ਤੋਂ ਜ਼ਰਾ ਨਹੀਂ ਉਖੜਿਆ।

ਉਨ੍ਹੀਂ ਦਿਨੀਂ ਖ਼ਾਲਸਾ ਕਾਲਜ ਵਿਚ ਸਿੱਖੀ ਦਾ ਜਜ਼ਬਾ ਉਘੜ ਰਿਹਾ ਸੀ ਅਤੇ ਵਿਦਿਆਰਥੀਆਂ ਵਿਚ ਕਟੜਪੁਣਾ ਜ਼ੋਰਾਂ ਤੇ ਸੀ। ਆਰੀਆ ਸਮਾਜੀਆਂ ਦੇ ਖ਼ਿਲਾਫ਼ ਨਫ਼ਰਤ ਭੀ ਬੇਹੱਦ ਸੀ। ਅੰਮ੍ਰਿਤਸਰ ਸ਼ਹਿਰ ਵਿਚ 'ਖ਼ਾਲਸਾ ਬ੍ਰਾਦਰੀ' ਇਕ ਜੱਥੇਬੰਦੀ ਬਣੀ ਹੋਈ ਸੀ ਅਤੇ ਕਾਲਜ ਦੇ ਕਈ ਲੜਕੇ ਇਸ ਦੇ ਮੈਂਬਰ ਸਨ। ਕਰਮ ਕਾਂਡ ਬੜੇ ਜ਼ੋਰਾਂ ਤੇ ਸੀ। ਸਤੰਬਰ ੧੯੦੫ ਵਿਚ ਵੀਰ ਤਾਰਾ ਸਿੰਘ ਦੀ ਸ਼ਾਦੀ ਰਾਵਲਪਿੰਡੀ ਦੇ ਲਾਗੇ ਧਮਿਆਲ ਗਰਾਂ ਵਿਚ ਹੋਈ। ਉਦੋਂ ਜੰਜ ਧੀ ਵਾਲਿਆਂ ਦੇ ਘਰ ਤਿੰਨ ਦਿਨ ਜਾ ਕੇ ਰਹਿੰਦੀ ਸੀ ਅਤੇ ਖ਼ੂਬ ਮੌਜ-ਮੇਲੇ ਹੁੰਦੇ ਸਨ। ਵਿਆਹ-ਸ਼ਾਦੀਆਂ ਵਿਚ ਲੁੱਚੀਆਂ ਅਤੇ ਕੜਾਹ ਦਾ ਬੜਾ ਜ਼ੋਰ ਹੁੰਦਾ ਸੀ, ਤੇ ਕਈ ਆਦਮੀ ਤਾਂ ਸੇਰਾਂ-ਬੱਧੀ ਕੜਾਹ ਖਾ ਜਾਂਦੇ ਸਨ।



Digitized by Panjab Digital Library | www.panjabdigilib.org

ਸਵੇਰੇ ਜਦ ਅਨੰਦ ਕਾਰਜ ਹੋਣ ਦਾ ਵੇਲਾ ਆਇਆ ਤਾਂ ਇਕ ਅੜਿੱਚਣ ਪੈ ਗਈ। ਵੀਰ ਤਾਰਾ ਸਿੰਘ ਨੇ ਪੁੱਛਿਆ ਕਿ ਲੜਕੀ ਨੇ ਅੰਮ੍ਰਿਤ ਛਕਿਆ ਹੋਇਆ ਹੈ ਕਿ ਨਹੀਂ। ਜਵਾਬ ਮਿਲਿਆ ਕਿ ਨਹੀਂ। ਭਰਾ ਜੀ ਅੜ ਗਏ ਕਿ ਲੜਕੀ ਅੰਮ੍ਰਿਤ ਛਕੇਗੀ ਤਾਂ ਹੀ ਅਨੰਦ ਕਾਰਜ ਹੋਵੇਗਾ। ਬਥੇਰਿਆਂ ਆਦਮੀਆਂ ਨੇ ਸਮਝਾਇਆ, ਬੜੇ ਯਤਨ ਹੋਏ ਅਤੇ ਇਹ ਯਕੀਨ ਦਿਵਾਇਆ ਗਿਆ ਕਿ ਅਗਲੇ ਦਿਨ ਹੀ ਅੰਮ੍ਰਿਤ ਛਕਾ ਦਿਆਂਗੇ, ਪਰ ਵੀਰ ਤਾਰਾ ਸਿੰਘ ਕਦਾਚਿਤ ਕੋਈ ਗੱਲ ਮੰਨਣ ਨੂੰ ਤਿਆਰ ਨਹੀਂ ਸੀ। ਇਹੋ ਹੀ ਆਖੇ ਕਿ ਮੈਂ ਖ਼ਾਲਸਾ ਕਾਲਜ ਦਾ ਵਿਦਿਆਰਥੀ ਹਾਂ ਅਤੇ ਖ਼ਾਲਸਾ ਬ੍ਰਾਦਰੀ ਦਾ ਮੈਂਬਰ। ਮੈਂ ਸਿੱਖ ਮਰਯਾਦਾ ਕਿਸੇ ਤਰ੍ਹਾਂ ਭੰਗ ਕਰ ਸਕਦਾ ਹਾਂ। ਆਖ਼ਰ ਲੜਕੀ ਦੇ ਘਰ ਵਾਲੇ ਭਲੇ ਪੁਰਸ਼ ਨਿੰਵ ਗਏ ਅਤੇ ਉਨ੍ਹਾਂ ਨੇ ਇਕ ਆਦਮੀ ਨੂੰ ਰਾਵਲਪਿੰਡੀ ਸਿੰਘ ਸਭਾ ਵਿਚ ਭੇਜਿਆ। ਉਥੋਂ ਪੰਜ ਪਿਆਰੇ ਆਏ। ਉਨ੍ਹਾਂ ਲੜਕੀ ਨੂੰ ਅੰਮ੍ਰਿਤ ਪਾਨ ਕਰਾਇਆ ਤਾਂ ਅਨੰਦ ਕਾਰਜ ਹੋਇਆ। ਉਦੋਂ ਸਿੱਖਾਂ ਵਿਚ ਅਤੇ ਖ਼ਾਸ ਕਰਕੇ ਪੜ੍ਹੇ ਲਿਖੇ ਸਿੱਖ ਨੌਜਵਾਨਾਂ ਵਿਚ ਸਿੱਖ ਮਰਯਾਦਾ ਉਤੇ ਪਰਪੱਕਤਾ ਨਾਲ ਚਲਣ ਦੀ ਤਕੜੀ ਲਹਿਰ ਚਲ ਰਹੀ ਸੀ।

੧੯੦੭ ਵਿਚ ਵੀਰ ਤਾਰਾ ਸਿੰਘ ਜੀ ਨੇ ਬੀ.ਏ. ਪਾਸ ਕੀਤਾ। ਇਸ ਤੋਂ ਬਾਅਦ ਉਹ ਲਾਹੌਰ ਵਿਚ ਸੈਂਟਰਲ ਟ੍ਰੇਨਿੰਗ ਕਾਲਜ ਦੀ ਐਸ.ਏ.ਵੀ. ਕਲਾਸ ਵਿਚ ਦਾਖ਼ਲ ਹੋ ਗਏ। ਉਥੇ ਨੋਲਟਨ ਸਾਹਿਬ ਕਾਲਜ ਦੇ ਪ੍ਰਿੰਸੀਪਲ ਹੁੰਦੇ ਸਨ ਅਤੇ ਪੜ੍ਹਨ ਵਾਲੇ ਆਮ ਤੌਰ ਤੇ ਸਾਰੇ ਲੜਕੇ ਹੀ ਪਾਸ ਹੋ ਜਾਇਆ ਕਰਦੇ ਸਨ, ਇਸ ਲਈ ਲੜਕਿਆਂ ਦਾ ਪੜ੍ਹਾਈ ਵਲ ਬਹੁਤਾ ਧਿਆਨ ਨਹੀਂ ਸੀ ਹੁੰਦਾ। ਲਾਹੌਰ ਅਤੇ ਲਾਇਲਪੁਰ ਵਿਚ ਅੰਗਰੇਜ਼ੀ ਹਕੂਮਤ ਦੇ ਖ਼ਿਲਾਫ਼ ਇਕ ਲਹਿਰ ਜਿਹੀ ਉੱਠ ਰਹੀ ਸੀ। ਲਾਲਾ ਲਾਜਪਤ ਰਾਏ ਨੂੰ ਉਦੋਂ ਹੀ ਕੈਦ ਕਰ ਕੇ ਰੰਗੂਨ ਭੇਜਿਆ ਗਿਆ ਸੀ। ਉਦੋਂ ਹੀ ਅਜੀਤ ਸਿੰਘ ਅਤੇ ਅੰਬਾ ਪ੍ਰਸ਼ਾਦ ਭੇਸ ਬਦਲ ਕੇ ਮੁਲਕ ਵਿਚੋਂ ਨੱਸ ਗਏ ਸਨ।



Digitized by Panjab Digital Library | www.panjabdigilib.org

ਬਾਂਕੇ ਦਿਆਲ ਝੰਗ ਵਾਲਾ ਅਤੇ ਭਾਈ ਜਗਤ ਸਿੰਘ ਕਾਫ਼ੀ ਕਵਿਤਾ ਲਿਖਦੇ ਹੁੰਦੇ ਸਨ। "ਪਗੜੀ ਸੰਭਾਲ ਓਏ ਜੱਟਾ" ਇਕ ਗੀਤ ਬੜਾ ਮਸ਼ਹੂਰ ਹੋਇਆ ਸੀ। ਦੂਜੇ ਪਾਸੇ ਮਹਾਤਮਾ ਹੰਸ ਰਾਜ ਦੀ ਅਗਵਾਈ ਵਿਚ ਆਰੀਆ ਸਮਾਜੀ ਪੜ੍ਹੇ ਲਿਖੇ ਨੌਜਵਾਨ ਜੀਵਨ-ਸੇਵਕ ਬਣ ਕੇ ਡੀ.ਏ.ਵੀ. ਕਾਲਜ ਅਤੇ ਸਕੂਲ ਖੋਲ੍ਹ ਰਹੇ ਸਨ। ਵਾਯੂ-ਮੰਡਲ ਦਾ ਨੌਜਵਾਨਾਂ ਤੇ ਖ਼ਾਸ ਕਰਕੇ ਕਾਫ਼ੀ ਅਸਰ ਪੈਂਦਾ ਹੈ। ਇਕ ਦਰੱਖ਼ਤ ਸਾਰਾ ਸੂਖਮ ਸਰੂਪ ਵਿਚ ਬੀਜ ਵਿਚ ਸਮਾਇਆ ਹੁੰਦਾ ਹੈ, ਪਰ ਉਸ ਦੇ ਉੱਗਣ ਅਤੇ ਫਲਣ-ਫੁਲਣ ਲਈ ਇਹ ਜ਼ਰੂਰੀ ਹੈ ਕਿ ਉਸ ਨੂੰ ਚੰਗੀ ਧਰਤੀ ਤੇ ਯੋਗ ਵਾਯੂ-ਮੰਡਲ ਮਿਲੇ। ਇਸੇ ਤਰ੍ਹਾਂ ਇਕ ਇਨਸਾਨ ਦੀ ਸ਼ਖ਼ਸੀਅਤ ਭੀ ਬੀਜ-ਰੂਪ ਵਿਚ ਉਸ ਦੇ ਨਿਰਚੇਤਨ ਮਨ ਦੀਆਂ ਡੂੰਘਾਈਆਂ ਵਿਚ ਸੰਸਕਾਰ ਬਣ ਕੇ ਲੁਕੀ ਹੁੰਦੀ ਹੈ। ਜਦ ਉਸ ਨੂੰ ਠੀਕ ਸੰਗਤ ਅਤੇ ਮੁਆਫ਼ਕ ਵਾਯੂ-ਮੰਡਲ ਮਿਲੇ ਤਾਂ ਉਹ ਪਰਗਟ ਹੋਣ ਲੱਗ ਪੈਂਦੀ ਹੈ ਅਤੇ ਵੱਡੇ ਦਰੱਖ਼ਤ ਵਾਂਗ ਵਧ ਕੇ ਦੂਜਿਆਂ ਨੂੰ ਭੀ ਛਾਂ ਅਤੇ ਫਲ ਦਾਨ ਕਰਦੀ ਹੈ।

ਪੰਜਾਬ ਅਤੇ ਖ਼ਾਸ ਕਰਕੇ ਲਾਹੌਰ ਦੇ ਵਾਯੂ-ਮੰਡਲ ਦਾ ਅਸਰ ਵੀਰ ਤਾਰਾ ਸਿੰਘ ਅਤੇ ਹੋਰ ਸਿੱਖ ਨੌਜਵਾਨਾਂ ਤੇ ਪਿਆ। ਆਪਣੇ ਆਪਣੇ ਸੰਸਕਾਰਾਂ ਦੇ ਮੁਤਾਬਕ ਕਿਸੇ ਤੇ ਵਧ ਅਤੇ ਕਿਸੇ ਤੇ ਘੱਟ, ਪਰ ਪਿਆ ਸਾਰਿਆਂ ਉਤੇ। ਇਸ ਅਸਰ ਨੇ, ਜਿਹੜੀ ਸਰਕਾਰੀ ਨੌਕਰੀ ਲਈ ਤੜਪ ਹੁੰਦੀ ਸੀ, ਉਸ ਨੂੰ ਠੰਡਿਆਂ ਕਰ ਦਿੱਤਾ ਅਤੇ ਟ੍ਰੇਂਡ ਸਿੱਖ ਗ੍ਰੈਜੂਏਟਾਂ ਦੇ ਦਿਲਾਂ ਵਿਚ ਇਹ ਵਲਵਲਾ ਪੈਦਾ ਹੋਇਆ ਕਿ ਜੇ ਆਰੀਆ ਸਮਾਜੀ ਜੀਵਨ-ਸੇਵਕ ਬਣ ਕੇ ਆਪਣੇ ਸਕੂਲ ਚਲਾ ਸਕਦੇ ਹਨ ਤਾਂ ਅਸੀਂ ਕਿਉਂ ਆਪਣੀ ਕੌਮ ਦੀ ਸੇਵਾ ਨਹੀਂ ਕਰ ਸਕਦੇ। ਇਹ ਜਜ਼ਬਾ ਆਰੀਆ ਸਮਾਜ ਤੋਂ ਪੈਦਾ ਹੋਇਆ ਸੀ ਅਤੇ ਉਹ ਕੇਵਲ ਆਰੀਆ ਸਮਾਜ ਅਤੇ ਆਰੀਆ ਸਮਾਜੀਆਂ ਲਈ ਸੀ। ਸਿੱਖਾਂ ਵਿਚ ਭੀ ਇਹ ਜਜ਼ਬਾ ਉਭਰਿਆ। ਜੀਵਨ-ਵਿਕਾਸ ਜਾਂ ਆਪਾ-ਪਸਾਰ ਸਹਿਜੇ ਸਹਿਜੇ ਹੀ ਹੁੰਦਾ ਹੈ। ਇਕ ਛਲਾਂਗ ਵਿਚ ਹੀ



Digitized by Panjab Digital Library | www.panjabdigilib.org

ਅਪਣੱਤ ਚੌੜੀ ਹੋ ਕੇ ਸਾਰੇ ਸੰਸਾਰ ਨੂੰ ਆਪਣੇ ਵਿਚ ਸਮੇਟ ਨਹੀਂ ਲੈਂਦੀ। ਇਹ ਤਾਂ ਕਈਆਂ ਜਨਮਾਂ ਦਾ ਕੰਮ ਹੈ। ਇਨਸਾਨ ਆਪਣੀ ਇਕਾਈ ਤੋਂ ਸ਼ੁਰੂ ਹੁੰਦਾ ਹੈ। ਪਹਿਲਾਂ ਟੱਬਰ ਤੱਕ ਪਹੁੰਚਦਾ ਹੈ, ਫੇਰ ਫ਼ਿਰਕੇ ਤਕ। ਇਸੇ ਤਰ੍ਹਾਂ ਉਸ ਦੀ ਅਪਣੱਤ ਦਾ ਦਾਇਰਾ ਚੌੜਾ ਹੁੰਦਾ ਜਾਂਦਾ ਹੈ ਅਤੇ ਸੰਪੂਰਨਤਾ ਤਾਂ ਉਦੋਂ ਹੀ ਹੁੰਦੀ ਹੈ ਜਦ ਇਨਸਾਨ ਆਪਣੀ ਹੋਂਦ ਨੂੰ ਉਸ ਸਰਬ-ਵਿਆਪੀ ਜੋਤ ਵਿਚ ਲੀਨ ਕਰ ਕੇ ਆਪਣੀ ਵੱਖਰੀ ਅਪਣੱਤ ਨੂੰ ਖ਼ਤਮ ਕਰ ਦੇਂਦਾ ਹੈ।

# ੩

## ਖ਼ਾਲਸਾ ਹਾਈ ਸਕੂਲ ਲਾਇਲਪੁਰ ਦਾ ਬਣਨਾ

੧੯੦੮ ਵਿਚ ਐਸ. ਏ. ਵੀ. ਪਾਸ ਕਰਦਿਆਂ ਹੀ ਵੀਰ ਤਾਰਾ ਸਿੰਘ ਜੀ ਲਾਇਲਪੁਰ ਨੂੰ ਚਲ ਪਏ। ਉੱਥੇ ਸਰਦਾਰ ਖ਼ਜ਼ਾਨ ਸਿੰਘ ਸੂਰੀ ਬੈਰਿਸਟਰ ਅਤੇ ਹੋਰਨਾਂ ਸਿੱਖ ਪਤਵੰਤਿਆਂ ਨੂੰ ਮਿਲੇ। ਉਨ੍ਹਾਂ ਦੀ ਇਕ ਕਮੇਟੀ ਬਣਾਈ ਤੇ ਉਨ੍ਹਾਂ ਦੀ ਸਹਾਇਤਾ ਨਾਲ ਲਾਇਲਪੁਰ ਸ਼ਹਿਰ ਵਿਚ ਇਕ ਇਮਾਰਤ ਕਰਾਏ ਤੇ ਲੈ ਕੇ ਉਸ ਵਿਚ ਖ਼ਾਲਸਾ ਹਾਈ ਸਕੂਲ ਚਲਾ ਦਿੱਤਾ। ਆਪ ਉਸ ਦੇ ਹੈਡਮਾਸਟਰ ਬਣੇ ਅਤੇ ਆਪਣੇ ਗੁਜ਼ਾਰੇ ਲਈ ਸਕੂਲ ਪਾਸੋਂ ੧੫ ਰੁਪਏ ਮਹੀਨਾ ਲੈਣਾ ਸਵੀਕਾਰ ਕੀਤਾ। ਰਾਤ ਦਿਨੇ ਕੰਮ ਵਿਚ ਐਸੀ ਲਗਨ ਨਾਲ ਜੁਟ ਗਏ ਜਿਵੇਂ ਕੋਈ ਕਿਸੇ ਕੰਮ ਦੇ ਪਿੱਛੇ ਪਾਗ਼ਲ ਹੀ ਹੋ ਜਾਂਦਾ ਹੈ। ਸਕੂਲ ਕੌੜੀ ਵੇਲ ਵਾਂਗੂੰ ਵਧਿਆ। ਅਸਲ ਗੱਲ ਇਹ



Digitized by Panjab Digital Library | www.panjabdigilib.org

ਹੈ ਕਿ ਸੰਸਾਰ ਵਿਚ ਇੱਕੋ ਹੀ ਰਚਨਾਤਮਕ ਸ਼ਕਤੀ ਕੰਮ ਕਰਦੀ ਹੈ ਅਤੇ ਜਦ ਕੋਈ ਇਨਸਾਨ ਆਪਣੇ ਮਨ ਦੇ ਖਾਲੇ ਨੂੰ ਹਉਮੈ ਦੇ ਚਿੱਕੜ ਤੋਂ ਸਫ਼ਾ ਕਰ ਦੇਂਦਾ ਹੈ ਤਾਂ ਉਹ ਸ਼ਕਤੀ ਉਸ ਦੇ ਵਿਚੋਂ ਆਪ ਹੀ ਵਗਣ ਲਗ ਪੈਂਦੀ ਹੈ ਅਤੇ ਸਾਰੇ ਕੰਮ ਆਪ ਹੀ ਰਾਸ ਹੁੰਦੇ ਜਾਂਦੇ ਹਨ। ਜਿੱਥੇ ਖ਼ੁਦੀ ਮਿਟ ਜਾਏ ਉੱਥੇ ਖ਼ੁਦਾ ਦਾ ਜ਼ਹੂਰ ਹੁੰਦਾ ਹੈ ਅਤੇ ਜਿਥੇ ਖ਼ੁਦਾ ਦਾ ਜ਼ਹੂਰ ਹੋ ਜਾਏ ਉਥੇ ਨੌ-ਨਿਧੀਆਂ ਅਤੇ ਬਾਰਾਂ-ਸਿਧੀਆਂ ਆਪ ਹੀ ਮਗਰ ਲਗ ਤੁਰਦੀਆਂ ਹਨ।

ਜਬ ਲਗੁ ਮੇਰੀ ਮੇਰੀ ਕਰੈ ॥ ਤਬ ਲਗੁ ਕਾਜੁ ਏਕੁ ਨਹੀ ਸਰੈ ॥
ਜਬ ਮੇਰੀ ਮੇਰੀ ਮਿਟਿ ਜਾਇ ॥ ਤਬ ਪ੍ਰਭ ਕਾਜੁ ਸਵਾਰਹਿ ਆਇ ॥

ਚੱਕ ੨੧੩ ਦੇ ਵੱਡੇ ਸਿਖ ਸਰਦਾਰ ਜ਼ਿਮੀਦਾਰ ਅਤੇ ਹੋਰ ਬੜੇ ਆਦਮੀ ਨਵੇਂ ਸਕੂਲ ਵਿਚ ਦਿਲਚਸਪੀ ਲੈਣ ਲਗ ਪਏ। ਸਰਦਾਰ ਜਵੰਦ ਸਿੰਘ ਜੀ ਨੇ ਜੜ੍ਹਾਂ ਵਾਲੇ ਜਾਂਦੀ ਸੜਕ ਉਤੇ ਨਹਿਰ ਦੇ ਪੁਲ ਦੇ ਨੇੜੇ ਸਕੂਲ ਵਾਸਤੇ ਜ਼ਮੀਨ ਦੇ ਦਿੱਤੀ। ਸਾਲ ਦੋ ਸਾਲ ਦੇ ਅੰਦਰ ਹੀ ਨਵੀਂ ਥਾਂ ਤੇ ਸਕੂਲ ਦੀ ਇਮਾਰਤ ਅਤੇ ਹੋਰ ਜ਼ਰੂਰੀ ਚੀਜ਼ਾਂ ਬਣ ਗਈਆਂ। ਚੰਗੀ ਗਹਿਮਾ ਗਹਿਮ ਸ਼ੁਰੂ ਹੋ ਗਈ।

ਮਾਸਟਰ ਬਿਸ਼ਨ ਸਿੰਘ ਅਤੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ ਵੀ ਆਪਣੀਆਂ ਸੇਵਾਵਾਂ ੧੫-੧੫ ਰੁਪਏ ਮਹੀਨੇ ਤੇ ਸਕੂਲ ਨੂੰ ਦੇ ਦਿੱਤੀਆਂ। ਮੁਨਸ਼ੀ ਦਲੀਪ ਸਿੰਘ ਜੀ, ਮਾਸਟਰ ਅਵਤਾਰ ਸਿੰਘ, ਮਾਸਟਰ ਸਾਧੂ ਸਿੰਘ, ਮਾਸਟਰ ਹਰਨਾਮ ਸਿੰਘ ਆਦਿ ਸਟਾਫ਼ ਵਿਚ ਆ ਗਏ। ਸਾਰਿਆਂ ਕੰਮ ਕਰਨ ਵਾਲਿਆਂ ਦੀ ਸਪਿਰਿਟ ਗੁਰੂ ਕੇ ਸੇਵਕਾਂ ਵਾਲੀ ਸੀ, ਸਰਕਾਰੀ ਚੱਟੀ ਬੱਧੇ ਨੌਕਰਾਂ ਵਾਲੀ ਨਹੀਂ ਸੀ। ਇਉਂ ਜਾਪੇ ਜਿਵੇਂ ਗੁਰੂ ਨੇ ਇਸ ਆਪਣੇ ਅਸਥਾਨ ਨੂੰ ਥੋੜ੍ਹੀ ਜਹੀ ਅਨੰਦਪੁਰ ਦੀ ਹੀ ਜਾਗ ਲਾ ਦਿੱਤੀ ਹੈ।

ਨਵੇਂ ਆਸ਼ਰਮ ਖੜੇ ਕਰਨ ਵਿਚ ਕਾਫ਼ੀ ਔਕੜਾਂ ਆਉਂਦੀਆਂ ਹਨ, ਪਰ ਜੇ ਮਨ ਦੀ ਅਵਸਥਾ ਠੀਕ ਰਹੇ ਤਾਂ ਇਨ੍ਹਾਂ ਔਕੜਾਂ ਉਤੇ ਕਾਬੂ ਪਾਣ ਵਰਗਾ ਹੋਰ ਕਿਸੇ ਗੱਲ ਦਾ ਐਨਾ ਸਵਾਦ ਭੀ ਨਹੀਂ



Digitized by Panjab Digital Library | www.panjabdigilib.org

ਆਉਂਦਾ। ਪਹਿਲੀ ਔਕੜ ਤਾਂ ਇਹ ਆਈ ਕਿ ਸਟਾਫ਼ ਦੇ ਮੈਂਬਰ ਰਹਿਣ ਕਿੱਥੇ ? ਵਖੋ ਵੱਖਰੇ ਸਰਦਾਰਾਂ ਦੇ ਪਿੰਡਾਂ ਵਿਚ ਸਾਰੇ ਹੀ ਸਮਾ ਗਏ। ਲੜਕਿਆਂ ਦੇ ਰਹਿਣ ਲਈ ਕੱਚੀਆਂ ਬਾਰਕਾਂ ਬਣ ਗਈਆਂ। ਇਕੱਠੇ ਰਹਿਣ ਕਰਕੇ ਪੜ੍ਹਨ-ਪੜ੍ਹਾਣ ਵਿਚ, ਸ਼ਾਮ ਨੂੰ ਖੇਡਣ ਵਿਚ, ਸਵੇਰੇ ਸ਼ਾਮ ਗੁਰਦਵਾਰੇ ਜਾਣ ਵਿਚ ਬੜੀ ਸਹੂਲਤ ਹੋਈ। ਇਕ ਹੋਰ ਅਜੀਬ ਜਿਹੀ ਔਕੜ ਆਈ। ਜਿਸ ਪੁਲ ਦੇ ਨੇੜੇ ਸਕੂਲ ਬਣਿਆ ਉਸ ਪੁਲ ਉਤੇ 'ਜਾਂਗਲੀ' ਰਾਤ ਨੂੰ ਜਾਂਦੇ ਆਉਂਦੇ ਮੁਸਾਫ਼ਰਾਂ ਨੂੰ ਲੁੱਟ ਲੈਂਦੇ ਹੁੰਦੇ ਸਨ। ਇਹ ਉਨ੍ਹਾਂ ਕਮਾਈ ਦਾ ਇਕ ਜ਼ਰੀਆ ਹੀ ਬਣਾਇਆ ਹੋਇਆ ਸੀ ਅਤੇ ਉਹ ਇਸ ਕਸਬ ਤੋਂ ਬਾਜ਼ ਨਹੀਂ ਸਨ ਆਉਂਦੇ। ਵੀਰ ਤਾਰਾ ਸਿੰਘ ਵਿਚ ਇਕ ਇਹ ਖ਼ਾਸੀਅਤ ਸੀ ਕਿ ਜੋ ਕੰਮ ਭੀ ਔਖਾ ਜਾਪੇ ਉਸ ਨੂੰ ਆਪ ਹੀ ਹੱਥ ਪਾਉਣਾ, ਦੂਜਿਆਂ ਨੂੰ ਨਹੀਂ ਕਹਿਣਾ। ਦਿਨੇ ਤਾਂ ਸਾਰਾ ਦਿਨ ਹੈੱਡਮਾਸਟਰੀ ਕਰਨੀ ਅਤੇ ਰਾਤ ਨੂੰ ਪੁਲ ਦੀ ਚੌਕੀਦਾਰੀ। ਦਲੇਰੀ ਸੀ, ਹਿੰਮਤ ਸੀ, ਬਾਂਹਾਂ ਵਿਚ ਚੰਗਾ ਬਲ ਸੀ, ਜੋ ਜਾਂਗਲੀ ਰਾਤ ਨੂੰ ਉਥੋਂ ਲੰਘੇ ਉਸ ਨੂੰ ਪਟਕਾ ਦੇਣਾ। ਜਿਸ ਵੇਲੇ ਪੰਜ ਸਤ ਕੁੱਟੇ ਗਏ ਤਾਂ ਹਾਹਾਕਾਰ ਮਚ ਗਈ ਅਤੇ ਜਾਂਗਲੀਆਂ ਨੂੰ ਐਨੇ ਕੰਨ ਹੋਏ ਕਿ ਰਾਤ ਨੂੰ ਉਨ੍ਹਾਂ ਇਸ ਰਾਹ ਤੇ ਚਲਣਾ ਹੀ ਛੱਡ ਦਿੱਤਾ।

ਅਜੇ ਸਕੂਲ ਵਿਚ ਬਲੈਕ ਬੋਰਡ ਨਹੀਂ ਸਨ ਬਣੇ ਅਤੇ ਮਾਸਟਰ ਬਿਸ਼ਨ ਸਿੰਘ ਜੀ ਹਿਸਾਬ ਪੜ੍ਹਾਉਂਦੇ ਹੁੰਦੇ ਸਨ। ਉਨ੍ਹਾਂ ਦਾ ਕੰਮ ਬਲੈਕ ਬੋਰਡ ਬਿਨਾਂ ਸਰਦਾ ਨਹੀਂ ਸੀ। ਉਹ ਕੁਝ ਫਟੀਆਂ-ਫੁਟੀਆਂ ਕਾਲੀਆਂ ਕਰ ਕੇ ਇਕੱਠੀਆਂ ਰੱਖ ਕੇ ਝੱਟ ਟਪਾਉਂਦੇ ਸਨ। ਇਕ ਦਿਨ ਆਪੇ ਬੋਰਡ ਬਣਾਏ ਉਪਰ ਸਵਾਲ ਹੱਲ ਕਰ ਰਹੇ ਸਨ ਕਿ ਸਭ ਕੁਝ ਧੂੰ-ਝਪ ਹੇਠਾਂ ਡਿਗ ਪਿਆ। ਬੜਾ ਹਾਸਾ ਪਿਆ। ਫੇਰ ਹੋਰ ਵਿਉਂਤ ਸੋਚੀ। ਕੁਝ ਲੜਕਿਆਂ ਨੂੰ ਆਖਿਆ, 'ਇਸ ਨੂੰ ਫੜੀ ਰੱਖੋ।' ਚੰਗਾ ਮੌਜ-ਮੇਲਾ ਭੀ ਹੋ ਜਾਂਦਾ ਸੀ ਅਤੇ ਪੜ੍ਹਾਈ ਦਾ ਕੰਮ ਭੀ ਨਹੀਂ ਸੀ ਰੁਕਦਾ।



Digitized by Panjab Digital Library | www.panjabdigilib.org

ਕੁਝ ਸਾਲਾਂ ਵਿਚ ਹੀ ਖ਼ਾਲਸਾ ਹਾਈ ਸਕੂਲ ਲਾਇਲਪੁਰ, ਪੰਜਾਬ ਦੇ ਚੋਟੀ ਦੇ ਸਿੱਖ ਸਕੂਲਾਂ ਵਿਚੋਂ ਗਿਣਿਆ ਜਾਣ ਲੱਗ ਪਿਆ। ਪੜ੍ਹਨ ਵਾਲਿਆਂ ਲੜਕਿਆਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਅਤੇ ਸਹੂਲਤ ਮਿਲਦੀ ਸੀ। ਖੇਡਣ ਵਾਲਿਆਂ ਲਈ ਤਾਂ ਖ਼ੂਬ ਰੌਣਕਾਂ ਸਨ। ਜਿਸ ਸਕੂਲ ਦਾ ਹੈੱਡਮਾਸਟਰ ਅਤੇ ਉਸਤਾਦ ਹਰ ਸ਼ਾਮ ਨੂੰ ਲੜਕਿਆਂ ਨਾਲ ਰਲ ਕੇ ਖੇਡਣ ਉਸ ਨੇ ਤਾਂ ਖੇਡਾਂ ਦੇ ਮੈਦਾਨ ਵਿਚ ਝਟਪਟ ਸਿਖਰ ਤੇ ਪਹੁੰਚਣਾ ਹੀ ਹੋਇਆ। ਸ਼ਾਮ ਨੂੰ ਖੇਡਾਂ ਦੇ ਪਿੱਛੋਂ ਸਾਰਿਆਂ ਉਸਤਾਦਾਂ ਅਤੇ ਲੜਕਿਆਂ ਗੁਰਦਵਾਰੇ ਵਿਚ ਬੈਠ ਕੇ ਇਕੱਠਿਆਂ ਰਹਿਰਾਸ ਸਾਹਿਬ ਦਾ ਪਾਠ ਕਰਨਾ ਅਤੇ ਸ਼ਬਦ ਪੜ੍ਹਨੇ। ਅੰਮ੍ਰਿਤਸਰ ਖ਼ਾਲਸਾ ਕਾਲਜ ਤੇ ਸਕੂਲ ਦੇ ਵਿਦਿਆਰਥੀਆਂ ਨੂੰ ਗੁਰਦਵਾਰੇ ਸਵੇਰੇ ਸ਼ਾਮ ਜਬਰੀ ਜਾਣਾ ਪੈਂਦਾ ਹੈ। ਦੋਵੇਂ ਵੇਲੇ ਉਥੇ ਹਾਜ਼ਰੀ ਲੱਗਦੀ ਹੈ ਅਤੇ ਜਿਹੜਾ ਗ਼ੈਰ-ਹਾਜ਼ਰ ਹੋਵੇ ਉਸ ਨੂੰ ਜੁਰਮਾਨਾ ਭੀ ਹੁੰਦਾ ਹੈ ਅਤੇ ਕਦੇ ਕਦੇ ਪੇਸ਼ੀ ਭੀ ਹੁੰਦੀ ਹੈ। ਲਾਇਲਪੁਰ ਦੇ ਸਕੂਲ ਵਿਚ ਗੁਰਦਵਾਰੇ ਵਿਚ ਕੋਈ ਹਾਜ਼ਰੀ ਨਹੀਂ ਸੀ ਲੱਗਦੀ। ਜਿਹੋ ਜਿਹੀ ਰਹਿਣੀ ਸਕੂਲ ਦਾ ਹੈੱਡਮਾਸਟਰ ਰਵ੍ਹੇ ਅਤੇ ਨਾਲ ਉਸ ਦੇ ਬਾਕੀ ਉਸਤਾਦ ਭੀ ਹੋਣ ਉਸ ਨੂੰ ਵਿਦਿਆਰਥੀ ਸਹਿਜ-ਸੁਭਾ ਹੀ ਗ੍ਰਹਿਣ ਕਰ ਲੈਂਦੇ ਹਨ। ਨਾਲ ਹੀ ਸਕੂਲ ਨਵਾਂ ਨਵਾਂ ਬਣ ਰਿਹਾ ਸੀ ਅਤੇ ਹਰ ਪਾਸੇ ਚੰਗਾ ਉਤਸ਼ਾਹ ਸੀ।

ਸਕੂਲ ਦੀਆਂ ਕਾਫ਼ੀ ਗਰਾਊਂਡਾਂ ਸਨ ਅਤੇ ਸਾਰੀਆਂ ਹੀ ਸ਼ਾਮ ਨੂੰ ਭਰੀਆਂ ਰਹਿੰਦੀਆਂ ਸਨ। ਲੜਕਿਆਂ ਦੀਆਂ ਟੀਮਾਂ ਦਾ, ਸਟਾਫ਼ ਦੀ ਟੀਮ ਨਾਲ ਕਦੇ ਕਦੇ ਮੈਚ ਭੀ ਹੁੰਦਾ ਸੀ। ਇਕ ਵਾਰੀ ਜਦ ਮੈਂ ਲਾਇਲਪੁਰ ਗਿਆ ਹੋਇਆ ਸਾਂ ਤਾਂ ਮੇਰੇ ਸਾਹਮਣੇ ਸਕੂਲ ਦੀ ਹਾਕੀ ਦੀ ਫ਼ਸਟ ਅਲੈਵਨ ਦਾ, ਸਟਾਫ਼ ਦੀ ਟੀਮ ਨਾਲ ਮੈਚ ਹੋਇਆ। ਖ਼ੂਬ ਮੁਕਾਬਲੇ ਦੀਆਂ ਟੀਮਾਂ ਸਨ। ਦੋਵੇਂ ਧਿਰਾਂ ਖ਼ੂਬ ਜੋਸ਼ ਨਾਲ ਖੇਡ ਰਹੀਆਂ ਸਨ। ਮੈਂ ਗਰਾਊਂਡ ਦੇ ਕੰਢੇ ਤੇ ਖਲੋਤਾ ਵੇਖ ਰਿਹਾ ਸਾਂ। ਬਾਹਰ ਖੜੋਤੇ ਲੜਕੇ ਅਤੇ ਉਸਤਾਦ ਤਾੜੀਆਂ ਮਾਰ ਕੇ



Digitized by Panjab Digital Library | www.panjabdigilib.org

ਖਿਡਾਰੀਆਂ ਨੂੰ ਉਤਸ਼ਾਹ ਦੇਂਦੇ ਸਨ। ਵੀਰ ਤਾਰਾ ਸਿੰਘ ਜੀ ਸੈਂਟਰ ਵਿਚ ਖੇਡਦੇ ਸਨ ਅਤੇ ਨਾਲ ਉਨ੍ਹਾਂ ਦੇ ਸੱਜੇ ਪਾਸੇ ਮੁਨਸ਼ੀ ਦਲੀਪ ਸਿੰਘ ਸੀ। ਖੇਡਣ ਲੱਗਿਆਂ ਵੀਰ ਤਾਰਾ ਸਿੰਘ ਬਹੁਤ ਜੋਸ਼ ਵਿਚ ਅਤੇ ਸਾਰਾ ਤ੍ਰਾਣ ਲਾ ਕੇ ਖੇਡਦਾ ਸੀ। ਖਿਡਾਰੀ ਲੜਕੇ ਭੀ ਚੜ੍ਹਦੀ ਜਵਾਨੀ ਵਿਚ ਅਤੇ ਉਨ੍ਹਾਂ ਲਈ ਜਿੱਤਣਾ ਹਾਰਨਾ ਇੱਜ਼ਤ ਦਾ ਸਵਾਲ ਸੀ। ਇਕ ਵਾਰੀ ਵੀਰ ਤਾਰਾ ਸਿੰਘ ਹਾਫ਼ ਬੈਕਾਂ ਤੋਂ ਬਾਲ ਕੱਢ ਕੇ ਲੈ ਗਿਆ। ਬਹੁਤ ਤੇਜ਼ੀ ਵਿਚ ਜਾ ਰਿਹਾ ਸੀ ਕਿ ਫ਼ੁਲ-ਬੈਕ ਨੇ ਸਾਹਮਣਿਓਂ ਆ ਕੇ ਸਟਿਕ ਮਾਰੀ। ਦੇਵਨੇਤ ਨਾਲ ਜ਼ੋਰ ਦੀ ਸਟਿਕ ਵੀਰ ਤਾਰਾ ਸਿੰਘ ਦੇ ਮੂੰਹ ਤੇ ਲੱਗੀ। ਫ਼ਊਲ ਤਾਂ ਦਿੱਤਾ ਗਿਆ ਅਤੇ ਖੇਡ ਭੀ ਥੋੜੇ ਚਿਰ ਲਈ ਬੰਦ ਹੋ ਗਈ, ਪਰ ਤਾਰਾ ਸਿੰਘ ਦੇ ਸਾਮ੍ਹਣੇ ਦੇ ਦੰਦ ਟੁੱਟ ਗਏ।

ਅੱਜ ਕਲ੍ਹ ਦੇ ਸਕੂਲਾਂ ਦੇ ਵਾਯੂ-ਮੰਡਲ ਵਿਚ ਉਦੋਂ ਦੇ ਮੁਕਾਬਲੇ ਬਹੁਤ ਸਾਰਾ ਫ਼ਰਕ ਪੈ ਗਿਆ ਹੈ। ਹੁਣ ਤਾਂ ਲੜਕੇ ਉਸਤਾਦਾਂ ਨੂੰ ਟਿੱਚ ਹੀ ਸਮਝਦੇ ਹਨ। ਉਦੋਂ ਉਸਤਾਦਾਂ ਲਈ ਵਿਦਿਆਰਥੀਆਂ ਦੇ ਦਿਲਾਂ ਵਿਚ ਕਾਫ਼ੀ ਸਤਿਕਾਰ ਹੁੰਦਾ ਸੀ ਅਤੇ ਉਨ੍ਹਾਂ ਦਾ ਭੈ ਭੀ ਹੁੰਦਾ ਸੀ। ਉਸਤਾਦ ਲੜਕਿਆਂ ਨੂੰ ਮਾਰਦੇ ਭੀ ਹੁੰਦੇ ਸਨ ਅਤੇ ਜਿਸ ਲੜਕੇ ਦੀ ਸ਼ਿਕਾਇਤ ਆਵੇ, ਹੈੱਡਮਾਸਟਰ ਤਾਂ ਉਸ ਨੂੰ ਬੈਂਤ ਮਾਰਨ ਤਕ ਦੀ ਸਜ਼ਾ ਦੇ ਦਿੰਦਾ ਸੀ। ਵੀਰ ਤਾਰਾ ਸਿੰਘ ਭੀ ਸ਼ਰਾਰਤੀ ਲੜਕਿਆਂ ਨਾਲ ਉਨ੍ਹੀਂ ਦਿਨੀਂ ਇਹੋ ਸਲੂਕ ਕਰਦਾ ਹੁੰਦਾ ਸੀ। ਸਕੂਲਾਂ ਵਿਚ ਡਿਸਿਪਲਨ ਕਾਇਮ ਰੱਖਣ ਲਈ ਬੈਂਤਾਂ ਦੀ ਵਰਤੋਂ ਜ਼ਰੂਰੀ ਸਮਝੀ ਜਾਂਦੀ ਸੀ।

ਬੈਂਤ ਦੀ ਵਰਤੋਂ ਦੇ ਬਾਵਜੂਦ ਲੜਕੇ ਬਹੁਤ ਪਰਸੰਨ ਰਹਿੰਦੇ ਸਨ, ਕਿਉਂਕਿ ਉਸਤਾਦਾਂ ਵਿਚ ਸੇਵਾ ਦੀ ਭਾਵਨਾ ਲੜਕਿਆਂ ਦੀਆਂ ਸਭ ਔਕੜਾਂ ਦੂਰ ਕਰ ਦੇਂਦੀ ਸੀ। ਸਕੂਲ ਦੇ ਸਿਰ ਤੇ ਨਹਿਰ ਦਾ ਵਗਣਾ ਭੀ ਇਕ ਬੜੀ ਬਰਕਤ ਸੀ ਅਤੇ ਗਰਮੀਆਂ ਵਿਚ ਤਾਂ ਸ਼ਾਮ ਵੇਲੇ ਨਹਿਰ ਭਰੀ ਹੀ ਰਹਿੰਦੀ ਸੀ। ਸਿੱਖੀ ਭਾਵ ਅਤੇ ਸਿੱਖੀ



Digitized by Panjab Digital Library | www.panjabdigilib.org

ਰਹਿਤ-ਮਰਯਾਦਾ ਤੇ ਭੀ ਕਾਫ਼ੀ ਜ਼ੋਰ ਦਿੱਤਾ ਜਾਂਦਾ ਸੀ। ਉਸਤਾਦਾਂ ਵਿਚ ਬਾਣੀ ਪੜ੍ਹਨ ਅਤੇ ਕੀਰਤਨ ਸਿਖਣ ਦਾ ਭੀ ਕਾਫ਼ੀ ਸ਼ੌਕ ਸੀ। ਵੀਰ ਤਾਰਾ ਸਿੰਘ ਆਪ ਤੇ ਬਾਕੀ ਉਸਤਾਦ ਭੀ ਵਾਜਾ ਸਿਖਦੇ ਹੁੰਦੇ ਸਨ ਅਤੇ ਵਾਜੇ ਦੀ ਸੁਰ ਨਾਲ ਬੜੇ ਵਜਦ ਵਿਚ ਆ ਕੇ ਸ਼ਬਦ ਪੜ੍ਹਦੇ ਹੁੰਦੇ ਸਨ। ਇਕ ਸ਼ਬਦ ਨਾਲ ਜੋ ਤਰਜ਼ ਮਾਸਟਰ ਸਾਧੂ ਸਿੰਘ ਉਦੋਂ ਬੜੇ ਵੈਰਾਗ ਨਾਲ ਪੜ੍ਹਦਾ ਹੁੰਦਾ ਸੀ, "ਸਾਧੋ, ਕਿ ਇਕ ਦਿਨ ਮਰਨਾ, ਡੇਰਾ ਜੰਗਲ ਮੇਂ ਕਰਨਾ" ਅਜੇ ਭੀ ਮੇਰੇ ਕੰਨਾਂ ਵਿਚ ਗੂੰਜਦੀ ਹੈ।

ਇਨਸਾਨੀ ਬਣਤਰ ਐਸੀ ਹੈ ਕਿ ਕੁਝ ਕੰਮ ਕਰਨ ਦੇ ਪਿੱਛੋਂ ਇਨਸਾਨ ਥੱਕ ਜਾਂਦਾ ਹੈ ਅਤੇ ਕੁਝ ਚਿਰ ਅਰਾਮ ਕਰਨ ਪਿੱਛੋਂ ਹੀ ਫੇਰ ਕੰਮ ਕਰਨ ਦੇ ਯੋਗ ਹੁੰਦਾ ਹੈ, ਪਰ ਜਦ ਕਿਸੇ ਕੰਮ ਨੂੰ ਉਤਸ਼ਾਹ ਨਾਲ ਕੀਤਾ ਜਾਵੇ ਅਤੇ ਉਸ ਦੇ ਕਰਨ ਵਿਚ ਅਨੰਦ ਆਵੇ ਤਾਂ ਥਕੇਵਾਂ ਹੁੰਦਾ ਹੀ ਨਹੀਂ। ਵੀਰ ਤਾਰਾ ਸਿੰਘ ਨੂੰ ਮੈਂ ਥਕਦਿਆਂ ਘੱਟ ਹੀ ਵੇਖਿਆ ਹੈ।

੨੦ ਅਤੇ ੩੦ ਸਾਲ ਦੇ ਵਿਚ ਭਰ-ਜੋਬਨ ਦਾ ਸਮਾਂ ਬੜਾ ਰੰਗੀਲਾ ਅਤੇ ਰਸਦਾਇਕ ਹੁੰਦਾ ਹੈ। ਇਕ ਬਜ਼ੁਰਗ ਨੇ ਮੈਨੂੰ ਇਕ ਸਵਾਦਲੀ ਜਿਹੀ ਕਹਾਣੀ ਸੁਣਾਈ। ਇਕ ਨੌਜਵਾਨ ਗਭਰੂ ਚੰਗੀ ਸੋਹਣੀ ਡੀਲ-ਡੌਲ ਵਾਲਾ ਬੜਾ ਖ਼ੂਬਸੂਰਤ ਹੱਸਦਾ, ਨਚਦਾ ਵੰਝਲੀ ਵਜਾਉਂਦਾ ਲੰਘਿਆ ਜਾਂਦਾ ਸੀ। ਉਸ ਦੇ ਸਿਰ ਤੇ ਸੰਵਾਰੇ ਹੋਏ ਪਟੇ ਸਨ ਅਤੇ ਉਸ ਦੇ ਜਿਸਮ ਦੇ ਅੰਗ ਅੰਗ ਵਿਚੋਂ ਝੂਮਦੀ ਮਸਤੀ ਦੀਆਂ ਕਿਰਨਾਂ ਨਿਕਲਦੀਆਂ ਸਨ। ਉਸ ਨੂੰ ਪੁੱਛਿਆ, 'ਜਲਾਲਾ! ਇਹ ਕੀ?' ਖ਼ੁਸ਼ੀ ਵਿਚ ਮਚਲਦਿਆਂ ਉਹ ਕਹਿਣ ਲੱਗਾ, 'ਇਹ ਜਵਾਨੀ ਦੇ ਟਾਹਣ।' ਦਸ ਬਾਰ੍ਹਾਂ ਸਾਲ ਬਾਅਦ ਫੇਰ ਉਹੀ ਨੌਜਵਾਨ ਉਸੇ ਥਾਂ ਤੋਂ ਲੰਘਿਆ। ਸਿਰ ਮੁੰਨਿਆ ਹੋਇਆ, ਉਪਰ ਪਟਕਾ ਬੱਧਾ ਹੋਇਆ ਅਤੇ ਸਿਰ ਉਪਰ ਇਕ ਪੋਟਲੀ ਰੱਖੀ ਹੋਈ। ਇਕ ਬੱਚਾ, ਮੋਢੇ ਤੇ ਬਿਠਾਇਆ ਹੋਇਆ ਅਤੇ ਦੂਜੇ ਦੀ ਉਂਗਲ ਫੜੀ ਹੋਈ। ਪਿੱਛੇ ਪਿੱਛੇ ਸਿਰ ਤੇ ਪੋਟਲੀ ਚੁੱਕੀ ਹੋਈ ਇਕ ਔਰਤ ਟੁਰੀ



Digitized by Panjab Digital Library | www.panjabdigilib.org

ਆਵੇ। ਹੁਣ ਫੇਰ ਉਹਨੂੰ ਪੁੱਛਿਆ, 'ਜਲਾਲਾ ! ਉਹ ਜਵਾਨੀ ਦੇ ਟਾਹਣ ਕਿੱਧਰ ਗਏ ?' ਝੂੰਵੇ ਹੋਏ ਚਿਹਰੇ ਤੇ ਬਨਾਵਟੀ ਮੁਸਕਰਾਹਟ ਲਿਆ ਕੇ ਉਸ ਜਵਾਬ ਦਿੱਤਾ, 'ਇਹ ਪਿੱਛੇ ਪਿੱਛੇ ਹਨੇਰੀ ਟੁਰੀ ਆਉਂਦੀ ਹੈ, ਇਹਨੇ ਸਭ ਤੋੜ ਦਿੱਤੇ।' ਵਿਸ਼ੇ ਵਿਕਾਰਾਂ ਦੀ ਇਹ ਹਨੇਰੀ ਸਭ ਰੰਗੀਲੀਆਂ ਜਵਾਨੀਆਂ ਦੇ ਟਾਹਣ ਤੋੜ ਦੇਂਦੀ ਹੈ। ਚੰਗੇ ਭਾਗਾਂ ਵਾਲੇ ਉਹ ਨੌਜਵਾਨ ਹੁੰਦੇ ਹਨ ਜਿਨ੍ਹਾਂ ਨੂੰ ਇਸ ਚੜ੍ਹਦੀ ਜਵਾਨੀ ਵਿਚ ਕੋਈ ਉਸਾਰੂ ਕੰਮ ਕਰਨ ਦਾ ਅਵਸਰ ਨਸੀਬ ਹੋਵੇ। ਵੀਰ ਤਾਰਾ ਸਿੰਘ ਇਕ ਇਹੋ ਜਿਹਾ ਹੀ ਖ਼ੁਸ਼-ਕਿਸਮਤ ਨੌਜਵਾਨ ਸੀ। ਇਕ ਸਕੂਲ ਬਣਾਣ ਵਿਚ ਉਸ ਨੇ ਚੜ੍ਹਦੀ ਜਵਾਨੀ ਦਾ ਖ਼ੂਬ ਰਸ ਚੂਸਿਆ।

ਸਕੂਲ ਦੇ ਲਾਗੇ ਸ: ਜੀਵਨ ਸਿੰਘ ਦੇ ਪਿੰਡ ਵਿਚ ਇਕ ਨਿਹੰਗ ਸਿੰਘ ਰਹਿੰਦਾ ਸੀ। ਉਸ ਦਾ ਨਾਂ ਭੀ ਤਾਰਾ ਸਿੰਘ ਹੀ ਸੀ। ਦੋਹਾਂ ਤਾਰਾ ਸਿੰਘਾਂ ਦੀ ਚੰਗੀ ਜੋੜੀ ਬਣ ਗਈ। ਆਪੋ ਵਿਚ ਮਿਲ ਕੇ ਨਿਹੰਗੀ ਬੋਲੇ ਬੋਲ ਕੇ ਬਹੁਤ ਪਰਸੰਨ ਹੁੰਦੇ ਸਨ। ਦੋਹਾਂ ਦਾ ਇਹ ਖ਼ਿਆਲ ਸੀ ਕਿ ਬਜ਼ਾਰੋਂ ਖ਼ਰੀਦਿਆ ਮਾਸ ਝਟਕਾ ਨਹੀਂ ਹੋ ਸਕਦਾ। ਝਟਕਾ ਤਾਂ ਉਹ ਹੁੰਦਾ ਹੈ ਜੋ ਆਪ ਬਣਾਇਆ ਜਾਏ। ਥੋੜ੍ਹੇ ਦਿਨਾਂ ਪਿੱਛੋਂ ਦੋਵੇਂ ਇਕੱਠੇ ਇਕ ਬਕਰਾ ਬਣਾ ਲੈਂਦੇ ਹੁੰਦੇ ਸਨ। ਨਿਹੰਗ ਸਿੰਘ ਉਵ ਭੀ ਚੰਗੇ ਰੰਗੀਲੇ ਸੁਭਾ ਦਾ ਖ਼ੁਸ਼-ਤਬੀਅਤ ਆਦਮੀ ਸੀ। ਭੰਗ ਖ਼ੂਬ ਛਕਦਾ ਸੀ। ਚੜ੍ਹਨ ਵਾਸਤੇ ਉਸ ਨੇ ਇਕ ਛੋਟਾ ਜਿਹਾ ਘੋੜਾ ਰੱਖਿਆ ਹੋਇਆ ਸੀ। ਇਕ ਦਿਨ ਨਹਿਰ ਦੀ ਪਟੜੀ ਤੇ ਇਕ ਮੇਮ ਘੋੜੀ ਤੇ ਚੜ੍ਹੀ ਸੈਰ ਕਰ ਰਹੀ ਸੀ। ਨਿਹੰਗ ਸਿੰਘ ਭੀ ਆਪਣੇ ਘੋੜੇ ਤੇ ਚੜ੍ਹ ਕੇ ਪਟੜੀ ਤੇ ਚਲਾ ਗਿਆ ਅਤੇ ਘੋੜੇ ਨੂੰ ਦੁੜਾ ਕੇ ਮੇਮ ਦੀ ਘੋੜੀ ਤੋਂ ਅੱਗੇ ਕੱਢਣਾ ਚਾਹੁੰਦਾ ਸੀ। ਪਿੱਛੇ ਘੋੜਾ ਦੌੜੇ ਤਾਂ ਅੱਗੇ ਘੋੜੀ ਭੀ ਦੌੜ ਪਵੇ ਅਤੇ ਜਿਉਂ ਜਿਉਂ ਨਿਹੰਗ ਸਿੰਘ ਘੋੜੇ ਨੂੰ ਤੇਜ਼ ਦੁੜਾਏ, ਘੋੜੀ ਭੀ ਤੇਜ਼ ਹੁੰਦੀ ਜਾਏ। ਮੇਮ ਤੋਂ ਘੋੜੀ ਸੰਭਲੀ ਨ ਜਾਏ ਤਾਂ ਉਸ ਨੇ ਰੌਲਾ ਪਾਣਾ ਸ਼ੁਰੂ ਕੀਤਾ। ਲੋਕਾਂ ਭੀ ਰੌਲਾ ਪਾਇਆ ਕਿ ਘੋੜੇ ਨੂੰ ਮੱਠਾ ਕਰੇ। ਪਰ ਨਿਹੰਗ ਸਿੰਘ ਨੂੰ ਕੌਣ ਰੋਕ ਸਕੇ, ਇਹੋ ਕਹੀ



Digitized by Panjab Digital Library | www.panjabdigilib.org

ਜਾਏ, 'ਭਾਵੇਂ ਚੀਂ ਕਰ ਭਾਵੇਂ ਪੀਂ ਕਰ, ਬਿਜਲਾ ਸਿੰਘ ਅੱਗੇ ਹੀ ਹੋ ਕੇ ਰਹੇਗਾ।'

ਲਾਇਲਪੁਰ ਦਾ ਸਕੂਲ ਜ਼ਿਲੇ ਦੀ ਸਿੱਖ ਵਿਦਿਆ ਦਾ ਕੇਂਦਰ ਬਣ ਗਿਆ। ਇਸ ਦੀ ਕਮੇਟੀ ਦੇ ਮੈਂਬਰ ਭੀ ਸਾਰੇ ਜ਼ਿਲੇ ਵਿਚੋਂ ਲਏ ਗਏ ਅਤੇ ਜੋ ਭੀ ਖ਼ਾਲਸਾ ਸਕੂਲ ਜ਼ਿਲੇ ਵਿਚ ਖੁਲ੍ਹਦਾ ਸੀ, ਉਹ ਲਾਇਲਪੁਰ ਸਕੂਲ ਦੀ ਪਹਿਲਾਂ ਸ਼ਾਖ਼ ਹੁੰਦੀ ਸੀ। ਚੱਕ ੪੧ ਦਾ ਸਕੂਲ ਅਤੇ ਹੋਰ ਜੋ ਪਿੱਛੋਂ ਚੰਗੇ ਅੱਛੇ ਹਾਈ ਸਕੂਲ ਬਣੇ, ਪਹਿਲਾਂ ਲਾਇਲਪੁਰ ਸਕੂਲ ਦੀ ਸਹਾਇਤਾ ਨਾਲ ਬਣੇ ਅਤੇ ਇਸ ਦੀਆਂ ਸ਼ਾਖਾਂ ਹੀ ਹੁੰਦੀਆਂ ਸਨ। ਮਾਸਟਰ ਤਾਰਾ ਸਿੰਘ ਖ਼ੁਦ ਇਨ੍ਹਾਂ ਸਕੂਲਾਂ ਦਾ ਮੁਆਇਨਾ ਕਰਨ ਜਾਂਦਾ ਹੁੰਦਾ ਸੀ। ਐਫ਼. ਐਸ-ਸੀ. ਪਾਸ ਕਰ ਕੇ ਜਦ ਮੈਂ ਲਾਇਲਪੁਰ ਗਿਆ ਉਦੋਂ ਮੈਂ ਵੇਹਲਾ ਸਾਂ, ਇਸ ਲਈ ਮਾਸਟਰ ਜੀ ਜਦ ਮੁਆਇਨਾ ਕਰਨ ਗਏ ਤਾਂ ਮੈਨੂੰ ਭੀ ਨਾਲ ਲੈ ਗਏ। ਛੋਟੇ ਛੋਟੇ ਚਲ ਰਹੇ ਸਕੂਲਾਂ ਨੂੰ ਲਾਇਲਪੁਰ ਸਕੂਲ ਦਾ ਬੜਾ ਆਸਰਾ ਹੁੰਦਾ ਸੀ। ਗਿਆਨੀ ਹੀਰਾ ਸਿੰਘ ਜੀ ਦਰਦ, ਜੋ ਪਿੱਛੋਂ ਚੰਗੇ ਕਵੀ ਤੇ ਲਿਖਾਰੀ ਪਰਸਿੱਧ ਹੋਏ, ਉਦੋਂ ਇਕ ਸਕੂਲ ਵਿਚ ਪੜ੍ਹਾਉਂਦੇ ਸਨ ਅਤੇ ਉਨ੍ਹਾਂ ਨੂੰ ਪਹਿਲੀ ਵਾਰੀ ਮਿਲਣ ਦਾ ਮੈਨੂੰ ਮਾਣ ਉਸ ਸਕੂਲ ਵਿਚ ਹੀ ਪਰਾਪਤ ਹੋਇਆ। ਸਾਰੇ ਜ਼ਿਲੇ ਦੇ ਸਿਰ-ਕਢਵੇਂ ਸਿੱਖ ਇਸ ਵਿਦਿਅਕ-ਲਹਿਰ ਵਿਚ ਚੰਗੀ ਦਿਲਚਸਪੀ ਲੈਂਦੇ ਸਨ ਅਤੇ ਮਾਸਟਰ ਜੀ ਦਾ ਚੰਗਾ ਸਤਿਕਾਰ ਕਰਦੇ ਸਨ।

ਕੁਝ ਸਕੂਲਾਂ ਵਿਚ ਇਮਤਿਹਾਨ ਲੈਣ ਦੇ ਪਿੱਛੋਂ ਅਸੀਂ ਝਬਾਲ ਪਹੁੰਚੇ ਅਤੇ ਸਰਦਾਰ ਜੈ ਸਿੰਘ ਦੇ ਘਰ ਪ੍ਰਸ਼ਾਦ ਛਕਿਆ। ਅਬਾਸਪੁਰ ਸਟੇਸ਼ਨ ਤੋਂ ਅਸਾਂ ਗੱਡੀ ਫੜਨੀ ਸੀ। ਸਵਾਰੀ ਤਾਂ ਉਨ੍ਹੀਂ ਦਿਨੀਂ ਸਿਰਫ਼ ਘੋੜੇ ਦੀ ਹੀ ਹੁੰਦੀ ਸੀ। ਸ: ਜੈ ਸਿੰਘ ਨੇ ਰੋਟੀ ਖਾਂਦਿਆਂ ਹੀ ਦੋ ਆਦਮੀ ਸਟੇਸ਼ਨ ਨੂੰ ਟੋਰ ਦਿੱਤੇ, ਜਿਨ੍ਹਾਂ ਘੋੜੀਆਂ ਵਾਪਸ ਲਿਆਉਣੀਆਂ ਸਨ। ਸਾਨੂੰ ਘੜੀ ਆਰਾਮ ਕਰਨ ਲਈ ਕਿਹਾ ਗਿਆ। ਅਸੀਂ ਘੋੜੀਆਂ ਤੇ ਚੜ੍ਹ ਕੇ ਟੁਰੇ, ਇਕ ਆਦਮੀ



Digitized by Panjab Digital Library | www.panjabdigilib.org

ਸਾਡੀ ਅਗਵਾਈ ਲਈ ਨਾਲ ਸੀ। ਅਜੇ ਅਸੀਂ ਅਬਾਸਪੁਰ ਸਟੇਸ਼ਨ ਤੋਂ ਮੀਲ ਕੁ ਭਰ ਦੂਰ ਹੋਵਾਂਗੇ ਕਿ ਗੱਡੀ ਦੀ ਆਮਦ ਦੱਸਣ ਵਾਲਾ ਹੱਥ ਡਿੱਗ ਪਿਆ। ਮਾਸਟਰ ਜੀ ਨੇ ਆਪਣੀ ਘੋੜੀ ਸਿਰਪਟ ਦੁੜਾ ਲਈ ਅਤੇ ਮੈਨੂੰ ਕਿਹਾ, ਪਹੁੰਚੋ। ਸਵਾਰੀ ਵਿਚ ਮੈਂ ਤਾਂ ਅਨਾੜੀ ਸਾਂ। ਮਾਸਟਰ ਜੀ ਤਾਂ ਤਕੜੇ ਸਵਾਰਾਂ ਵਾਂਗ ਸਿਰਪਟ ਜਾਂਦੇ ਸਨ ਅਤੇ ਮੈਂ ਘੋੜੀ ਦੇ ਗਰਦਨ ਦੇ ਵਾਲਾਂ ਨੂੰ ਹੱਥ ਪਾਇਆ ਪਿੱਛੇ ਪਿੱਛੇ। ਅਸੀਂ ਠੀਕ ਵੇਲੇ ਸਿਰ ਪਹੁੰਚ ਕੇ ਗੱਡੀ ਚੜ੍ਹ ਗਏ।

ਜਦ ਮੈਂ ਕਾਲਜ ਵਿਚ ਦਾਖ਼ਲ ਹੋਇਆ ਉਦੋਂ ਸਾਡੇ ਹਾਲਾਤ ਐਸੇ ਸਨ ਕਿ ਮਾਸਟਰ ਜੀ ਤੋਂ ਬਿਨਾਂ ਹੋਰ ਕੋਈ ਭਰਾ ਮੇਰੀ ਪੜ੍ਹਾਈ ਦਾ ਖ਼ਰਚ ਨਹੀਂ ਸੀ ਦੇ ਸਕਦਾ। ਉਵ ਭੀ ਉਨ੍ਹੀਂ ਦਿਨੀਂ ਪੰਦਰ੍ਹਾਂ ਰੁਪਏ ਮਹੀਨੇ ਵਿਚ ਇਕ ਆਦਮੀ ਦਾ ਤਾਂ ਗੁਜ਼ਾਰਾ ਹੋ ਸਕਦਾ ਸੀ ਪਰ ਟੱਬਰ ਦਾ ਨਹੀਂ, ਇਸ ਕਰਕੇ ਮਾਸਟਰ ਜੀ ਨੂੰ ਮਜਬੂਰਨ ਆਪਣੀ ਤਨਖ਼ਾਹ ੧੫ ਤੋਂ ਵਧਾ ਕੇ ੭੫ ਰੁਪਏ ਮਾਹਵਾਰ ਕਰਨੀ ਪਈ। ਪਰ ਇਸ ਗੱਲ ਕਰਕੇ ਲੜਕਿਆਂ ਜਾਂ ਆਮ ਲੋਕਾਂ ਵਿਚ, ਜੋ ਉਨ੍ਹਾਂ ਲਈ ਸ਼ਰਧਾ ਅਤੇ ਪ੍ਰੇਮ ਸੀ, ਉਸ ਵਿਚ ਕੋਈ ਫ਼ਰਕ ਨਾ ਪਿਆ। ਲੋਕੀ ਤਾਂ ਉਨ੍ਹਾਂ ਨੂੰ ਇਕ ਤਰ੍ਹਾਂ ਪੂਜਦੇ ਹੀ ਸਨ ਅਤੇ ਸਾਰੇ ਜ਼ਿਲੇ ਦੇ ਸਿਰ-ਕੱਢਵੇਂ ਸੇਵਕ ਉਨ੍ਹਾਂ ਦੇ ਸ਼ਰਧਾਲੂ ਬਣੇ ਹੋਏ ਸਨ। ਸ: ਹਰਚੰਦ ਸਿੰਘ, ਸ: ਬਿਸ਼ਨ ਸਿੰਘ ਸਿੰਘਪੁਰੀਆ, ਭਾਈ ਬੂਟਾ ਸਿੰਘ, ਸ: ਤੇਜਾ ਸਿੰਘ ਸਮੁੰਦਰੀ, ਸ: ਮਘਰ ਸਿੰਘ, ਬਾਬੂ ਤ੍ਰਿਪਤ ਸਿੰਘ, ਜਮਾਦਾਰ ਸਾਧੂ ਸਿੰਘ ਬਾਹਮਣੀ ਵਾਲਾ, ਸ: ਹਰੀ ਸਿੰਘ ਚੱਕ ੪੧, ਮਾਸਟਰ ਸੁੰਦਰ ਸਿੰਘ ਲਾਇਲਪੁਰੀ ਆਦਿ ਬਹੁਤ ਸਾਰੇ ਸੱਜਣ ਉਨ੍ਹਾਂ ਦੇ ਨਿਕਟ-ਵਰਤੀ ਸਾਥੀ ਬਣ ਗਏ। ਇਸ ਸਾਰੇ ਸੰਗਠਨ ਕਰਕੇ ਇਕ ਗਰੁੱਪ ਬਣ ਗਿਆ, ਜਿਹੜਾ ਪਿੱਛੋਂ ਲਾਇਲਪੁਰੀ ਗਰੁੱਪ ਦੇ ਨਾਂ ਨਾਲ ਸੱਦਿਆ ਜਾਂਦਾ ਸੀ ਅਤੇ ਜਿਸ ਨੇ ਅਕਾਲੀ ਅਖ਼ਬਾਰ ਅਤੇ ਅਕਾਲੀ ਲਹਿਰ ਦੇ ਚਲਾਣ ਵਿਚ ਕੌਮ ਨੂੰ ਅਗਵਾਈ ਦਿੱਤੀ।

ਜਿਉਂ ਜਿਉਂ ਮਾਸਟਰ ਜੀ ਦਾ ਰਸੂਖ਼ ਲਾਇਲਪੁਰ ਦੇ ਸਿੱਖਾਂ



Digitized by Panjab Digital Library | www.panjabdigilib.org

ਵਿਚ ਵਧਦਾ ਜਾਂਦਾ ਸੀ, ਸਰਕਾਰ ਦੀ ਮੁਖ਼ਾਲਫ਼ਤ ਭੀ ਜ਼ਿਆਦਾ ਹੁੰਦੀ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਦੇ ਪਿੱਛੋਂ ਜੋ ਸਿੱਖਾਂ ਅਤੇ ਅੰਗਰੇਜ਼ਾਂ ਵਿਚ ਦੋ ਜੰਗ ਹੋਏ ਉਨ੍ਹਾਂ ਵਿਚ ਸਿੱਖ ਹਾਰ ਤਾਂ ਗਏ, ਪਰ ਐਨੀ ਬਹਾਦਰੀ ਨਾਲ ਲੜੇ ਕਿ ਅੰਗਰੇਜ਼ਾਂ ਦੇ ਦਿਲਾਂ ਵਿਚ ਉਨ੍ਹਾਂ ਦੀ ਬਹਾਦਰੀ ਲਈ ਬੜੀ ਇੱਜ਼ਤ ਵਧ ਗਈ। ਜਦ ਪੰਜਾਬ ਵਿਚ ਅੰਗਰੇਜ਼ਾਂ ਦਾ ਰਾਜ ਕਾਇਮ ਹੋਇਆ ਤਾਂ ਪਰਬੰਧ ਚਲਾਣ ਲਈ ਬਹੁਤ ਸਾਰੇ ਪੂਰਬੀਏ ਉਹ ਨਾਲ ਲੈ ਆਏ। ਪੂਰਬੀਆਂ ਨੇ ਬੜੇ ਜ਼ੁਲਮ ਕੀਤੇ ਅਤੇ ਸਿੱਖਾਂ ਦੇ ਦਿਲਾਂ ਵਿਚ ਉਨ੍ਹਾਂ ਲਈ ਬੜੀ ਨਫ਼ਰਤ ਬੈਠ ਗਈ। ਉਧਰ ਅੰਗਰੇਜ਼ਾਂ ਨੇ ਸਿੱਖਾਂ ਦੇ ਦਿਲ ਜਿੱਤਣੇ ਸ਼ੁਰੂ ਕੀਤੇ ਅਤੇ ਇਨ੍ਹਾਂ ਨੂੰ ਆਪਣੀ ਫ਼ੌਜ ਵਿਚ ਭਰਤੀ ਕਰਨਾ ਅਰੰਭ ਦਿੱਤਾ। ਸਿੱਖਾਂ ਤੇ ਅੰਗਰੇਜ਼ਾਂ ਦੇ ਸਬੰਧ ਕੁਝ ਚੰਗੇ ਹੋਣ ਲੱਗ ਪਏ। ਸਿੱਖਾਂ ਦਾ ਕਾਲਜ ਅੰਗਰੇਜ਼ਾਂ ਹੀ ਬਣਾਇਆ ਅਤੇ ਉਨ੍ਹਾਂ ਦੀ ਅਗਵਾਈ ਵਿਚ ਹੀ ਚਲਦਾ ਸੀ। ਉਸ ਵੇਲੇ ਸਿੱਖਾਂ ਦੇ ਜੋ ਕੁਝ ਕੁ ਸਕੂਲ ਸਨ ਉਹ ਭੀ ਅੰਗਰੇਜ਼ਾਂ ਦੀ ਸਹਾਇਤਾ ਨਾਲ ਅੰਗਰੇਜ਼ਾਂ ਦੇ ਚਾਹਿਤੇ ਸਿੱਖ ਹੀ ਚਲਾਉਂਦੇ ਸਨ। ਕਿਸੇ ਦੀ ਇਹ ਮਜਾਲ ਨਹੀਂ ਸੀ ਕਿ ਉਹ ਅੰਗਰੇਜ਼ਾਂ ਨੂੰ ਨਰਾਜ਼ ਕਰ ਸਕੇ। ਹਰ ਜ਼ਿਲੇ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਹਫ਼ਤੇ ਵਿਚ ਇਕ ਦਿਨ ਸਿਰਫ਼ ਮੁਲਾਕਾਤਾਂ ਲਈ ਰੱਖਿਆ ਹੁੰਦਾ ਸੀ ਅਤੇ ਉਸ ਦਿਨ ਸਾਰੇ ਪਬਲਿਕ ਕੰਮ ਕਰਨ ਵਾਲੇ ਅਤੇ ਸਕੂਲਾਂ ਦੇ ਹੈੱਡਮਾਸਟਰ ਡੀ. ਸੀ. ਨੂੰ ਜਾ ਕੇ ਆਪਣੀ ਕਾਰ-ਗੁਜ਼ਾਰੀ ਦੱਸਦੇ ਹੁੰਦੇ ਸਨ।

ਅੰਗਰੇਜ਼ਾਂ ਨੇ ਪੜ੍ਹਾਈ ਦੇ ਸਮੇਂ ਤੋਂ ਹੀ ਵੀਰ ਤਾਰਾ ਸਿੰਘ ਨੂੰ ਬਾਗ਼ੀ ਕਰਾਰ ਦਿੱਤਾ ਹੋਇਆ ਸੀ ਅਤੇ ਉਸ ਦੇ ਸੁਭੌਾ ਦੀ ਬਣਤਰ ਹੀ ਬਾਗ਼ੀਆਂ ਵਾਲੀ ਸੀ। ਕਦੇ ਡੀ. ਸੀ. ਨੂੰ ਮਿਲਣ ਨਹੀਂ ਜਾਣਾ, ਕਦੇ ਕਿਸੇ ਦੀ ਖ਼ੁਸ਼ਾਮਦ ਨਹੀਂ ਕਰਨੀ। ਆਪਣਾ ਕੰਮ ਜਾਨ ਮਾਰ ਕੇ, ਬੜੇ ਪ੍ਰੇਮ ਅਤੇ ਨਿਸ਼ਕਾਮਤਾ ਨਾਲ ਕਰਨਾ। ਬਦੇਸ਼ੀ ਕੌਮ ਦੇ ਹਾਕਮਾਂ ਨੂੰ ਇਹੋ ਜਹੇ ਸੁਭੌਾ ਦੇ ਆਦਮੀ ਕਿਸ ਤਰ੍ਹਾਂ ਭਾਉਣ। ਕਿੱਚਨ ਸਾਹਿਬ ਲਾਇਲਪੁਰ ਦਾ ਡੀ. ਸੀ. ਅਤੇ ਚੰਗਾ ਚੁਸਤ ਤੇ ਸਿਆਣਾ ਪਰਬੰਧਕ



Digitized by Panjab Digital Library | www.panjabdigilib.org

ਸੀ। ਉਹ ਵੀਰ ਤਾਰਾ ਸਿੰਘ ਦੇ ਸਖ਼ਤ ਖ਼ਿਲਾਫ਼ ਰਹਿੰਦਾ ਸੀ। ਫੇਰ ਉਸ ਨੂੰ ਇਹ ਡਰ ਮਾਰਦਾ ਸੀ ਕਿ ਇਹ ਤਾਂ ਸਿੱਖਾਂ ਦਾ ਜੱਥੇਦਾਰ ਬਣ ਰਿਹਾ ਹੈ, ਇਸ ਦੇ ਨਾਲ ਬਾਅਦ ਵਿਚ ਕਿਸ ਤਰ੍ਹਾਂ ਨਿਪਟਾਂਗੇ।

ਪੰਜਾਬ ਦੇ ਸਾਰੇ ਪ੍ਰਾਈਵੇਟ ਸਕੂਲਾਂ ਨੂੰ ਸਰਕਾਰੀ ਗਰਾਂਟ ਮਿਲਦੀ ਸੀ। ਲਾਇਲਪੁਰ ਦਾ ਸਕੂਲ ਕਿਸੇ ਗਲੋਂ ਕਿਸੇ ਨਾਲੋਂ ਘੱਟ ਨਹੀਂ ਸੀ, ਪਰ ਡੀ. ਸੀ. ਇਸ ਨੂੰ ਗਰਾਂਟ ਨਹੀਂ ਸੀ ਦੇਣ ਦੇਂਦਾ। ਇਹੋ ਕਹਿੰਦਾ ਸੀ ਕਿ ਜਿੰਨਾ ਚਿਰ ਤਾਰਾ ਸਿੰਘ ਹੈੱਡਮਾਸਟਰ ਹੈ ਇਸ ਸਕੂਲ ਨੂੰ ਗਰਾਂਟ ਨਹੀਂ ਮਿਲ ਸਕਦੀ। ਡੀ. ਸੀ. ਦੇ ਇਸ ਰਵੱਈਏ ਨੇ ਪਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਬੜਾ ਪ੍ਰੇਸ਼ਾਨ ਕੀਤਾ ਹੋਇਆ ਸੀ। ਸ: ਬਿਸ਼ਨ ਸਿੰਘ ਸਿੰਘਪੁਰੀਆ ਕਮੇਟੀ ਦੇ ਸਕੱਤਰ ਸਨ। ਬੜੇ ਨੇਕ ਅਤੇ ਬੜੇ ਹਮਦਰਦ ਆਦਮੀ ਸਨ, ਪਰ ਹੈ ਸਨ ਨਿਰੋਲ ਸਰਕਾਰ-ਪ੍ਰਸਤ। ਜਿਨ੍ਹਾਂ ਸਰਦਾਰਾਂ ਨੂੰ ਮੁਰੱਬੇ ਦੇ ਕੇ ਸਰਕਾਰ ਨੇ ਰੰਗਿਆ ਹੋਇਆ ਸੀ ਉਨ੍ਹਾਂ ਦੀ ਕੀ ਮਜਾਲ ਸੀ ਕਿ ਉਹ ਅੰਗਰੇਜ਼ ਡੀ. ਸੀ. ਨੂੰ ਨਰਾਜ਼ ਕਰ ਸਕਣ। ਇਹ ਅੱਗ ਕਿੰਨਾ ਚਿਰ ਹੀ ਧੁਖਦੀ ਰਹੀ। ਕਮੇਟੀ ਨਾ ਤਾਂ ਡੀ. ਸੀ. ਨੂੰ ਨਰਾਜ਼ ਕਰ ਸਕਦੀ ਸੀ ਅਤੇ ਨਾ ਹੀ ਵੀਰ ਤਾਰਾ ਸਿੰਘ ਨੂੰ ਇਹ ਕਹਿ ਸਕਦੀ ਸੀ ਕਿ ਤੂੰ ਚਲਾ ਜਾ।

ਨਵੀਂ ਦਿੱਲੀ ਵਿਚ ਗੁਰਦਵਾਰਾ ਰਕਾਬਗੰਜ ਦੇ ਬਿਲਕੁਲ ਨੇੜੇ ਨਵੇਂ ਸੈਕ੍ਰੀਟੇਰੀਅਟ ਦੀ ਇਮਾਰਤ ਬਣਨੀ ਸ਼ੁਰੂ ਹੋਈ। ਸਿੱਖ ਠੇਕੇਦਾਰ ਹੀ ਬਣਾਉਂਦੇ ਸਨ। ਵਾਇਸਰਾਏ ਦਾ ਨਿਵਾਸ-ਅਸਥਾਨ ਇਨ੍ਹਾਂ ਇਮਾਰਤਾਂ ਵਿਚ ਹੀ ਸੀ। ਅੰਗਰੇਜ਼ਾਂ ਨੂੰ ਵਾਇਸਰਾਏ ਦੀ ਜਾਨ ਦੀ ਹਿਫ਼ਾਜ਼ਤ ਦਾ ਬੜਾ ਫ਼ਿਕਰ ਰਹਿੰਦਾ ਸੀ ਅਤੇ ਉਸ ਦੇ ਨਿਵਾਸ-ਅਸਥਾਨ ਦੇ ਨੇੜੇ ਕੋਈ ਐਸੀ ਥਾਂ ਨਹੀਂ ਸਨ ਦੇਖਣਾ ਚਾਹੁੰਦੇ ਜਿੱਥੇ ਕੋਈ ਲੁਕ ਕੇ ਵਾਇਸਰਾਏ ਤੇ ਕਦੇ ਵਾਰ ਕਰ ਸਕੇ। ੧੯੧੪ ਵਿਚ ਸਰਕਾਰ ਨੇ ਗੁਰਦਵਾਰਾ ਰਕਾਬਗੰਜ ਦੀ ਬਾਹਰਲੀ ਦੀਵਾਰ ਢਾਹੁਣੀ ਸ਼ੁਰੂ ਕੀਤੀ ਅਤੇ ਨਾਲ ਹੀ ਇਹ ਹੁਕਮ ਜਾਰੀ ਕੀਤਾ ਕਿ ਪੁਲੀਸ ਦੀ ਆਗਿਆ ਬਿਨਾਂ ਕੋਈ ਯਾਤਰੂ ਗੁਰਦਵਾਰੇ ਵਿਚ ਨਹੀਂ ਠਹਿਰ



Digitized by Panjab Digital Library | www.panjabdigilib.org

ਸਕਦਾ। ਸਰਦਾਰ ਸੁੰਦਰ ਸਿੰਘ ਮਜੀਠੀਆ ਉਨ੍ਹੀਂ ਦਿਨੀਂ ਸਿੱਖਾਂ ਦੇ ਵਾਹਦ ਆਗੂ ਮੰਨੇ ਜਾਂਦੇ ਸਨ। ਉਨ੍ਹਾਂ ਨੂੰ ਸਰਕਾਰ ਨੇ ਪੁੱਛ ਲਿਆ ਸੀ। ਇਸ ਲਈ ਹੋਰ ਕਿਸੇ ਨੂੰ ਪੁੱਛਣ ਦੀ ਕਿਸੇ ਕੋਈ ਜ਼ਰੂਰਤ ਹੀ ਨਹੀਂ ਸਮਝੀ।

ਸਰਦਾਰ ਹਰਚੰਦ ਸਿੰਘ ਲਾਇਲਪੁਰ ਵਾਲਿਆਂ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਗੁਰਦਵਾਰੇ ਦੀ ਕੰਧ ਢਾਹੁਣ ਦੇ ਖ਼ਿਲਾਫ਼ ਚੰਗਾ ਤਕੜਾ ਅੰਦੋਲਨ ਕੀਤਾ। ਇਸ਼ਤਿਹਾਰ ਕੱਢੇ। ਇਥੋਂ ਤਕ ਕਿ ਸਿਰਫ਼ ਇਸ ਕੰਮ ਲਈ ਹਫ਼ਤੇਵਾਰੀ 'ਖ਼ਾਲਸਾ' ਅਖ਼ਬਾਰ ਜਾਰੀ ਕੀਤਾ। ਥਾਂ ਥਾਂ ਤੇ ਮੀਟਿੰਗਾਂ ਹੋਈਆਂ। ਚੀਫ਼ ਖ਼ਾਲਸਾ ਦੀਵਾਨ ਨੇ ਸਰਕਾਰ ਦੀ ਮਦਦ ਕਰਨ ਵਾਸਤੇ ਅਤੇ ਸ: ਹਰਚੰਦ ਸਿੰਘ ਨੂੰ ਚੁੱਪ ਕਰਾਣ ਵਾਸਤੇ ਬੜੇ ਯਤਨ ਕੀਤੇ। ਸਰਕਾਰ ਨੇ ਇਹ ਵੀ ਐਲਾਨ ਕੀਤਾ ਕਿ ਉਨ੍ਹਾਂ ਦਾ ਭਾਵ ਦੀਵਾਰ ਢਾਹੁਣ ਦਾ ਨਹੀਂ, ਉਹ ਤਾਂ ਪੁਰਾਣੀ ਦੀਵਾਰ ਨੂੰ ਢਾਹ ਕੇ ਇਕ ਸੋਹਣੀ ਨਵੀਂ ਦੀਵਾਰ ਬਣਾਉਣਾ ਚਾਹੁੰਦੇ ਹਨ। ਨਾਲ ਹੀ ਸਰਕਾਰ ਨੇ ਗੁਰਦਵਾਰੇ ਨੂੰ ੩੦ ਮੁਰੱਬੇ ਜ਼ਮੀਨ ਦੇਣ ਦਾ ਐਲਾਨ ਕੀਤਾ। ਇਨ੍ਹਾਂ ਸਾਰੀਆਂ ਗੱਲਾਂ ਦਾ ਸ: ਹਰਚੰਦ ਸਿੰਘ ਤੇ ਕੋਈ ਅਸਰ ਨਾ ਹੋਇਆ। ਸਰਦਾਰ ਬੜਾ ਸਿਰੜੀ ਆਦਮੀ ਸੀ, ਉਹ ਬਿਲਕੁਲ ਡਟਿਆ ਰਿਹਾ। ਸਰਕਾਰ ਨੂੰ ਇਹ ਖ਼ਿਆਲ ਸੀ ਕਿ ਹਰਚੰਦ ਸਿੰਘ ਇਕੱਲਾ ਨਹੀਂ, ਇਸ ਦੀ ਪਿੱਠ ਤੇ ਮਾ: ਤਾਰਾ ਸਿੰਘ ਅਤੇ ਉਸ ਦਾ ਲਾਇਲਪੁਰੀ ਗਰੁੱਪ ਹੈ। ਗੱਲ ਭੀ ਠੀਕ ਸੀ। ਵੀਰ ਤਾਰਾ ਸਿੰਘ ਦੇ ਸੁਭਾਅ ਵਿਚ ਕੋਈ ਲੁਕਾ ਤਾਂ ਹੈ ਨਹੀਂ ਸੀ। ਅਤੇ ਲਾਇਲਪੁਰੀ ਗਰੁੱਪ ਉਦ ਭੀ ਸਿਰ ਚੁਕ ਰਿਹਾ ਸੀ। ਇਸ ਗੱਲ ਨੇ ਅੰਗਰੇਜ਼ੀ ਸਰਕਾਰ ਨੂੰ ਮਾ: ਤਾਰਾ ਸਿੰਘ ਦੇ ਹੋਰ ਭੀ ਖ਼ਿਲਾਫ਼ ਕਰ ਦਿੱਤਾ ਅਤੇ ਉਨ੍ਹਾਂ ਦੀ ਸਕੂਲ-ਕਮੇਟੀ ਦੀ ਪੁਜ਼ੀਸ਼ਨ ਬੜੀ ਖ਼ਰਾਬ ਹੋ ਗਈ। ਸੋਚ-ਵਿਚਾਰ ਕੇ ਵੀਰ ਤਾਰਾ ਸਿੰਘ ਨੇ ਲੰਡਨ ਦੇ ਸਿੱਖ ਗੁਰਦਵਾਰੇ ਦਾ ਸਕੱਤਰ ਬਣ ਕੇ ਲੰਡਨ ਜਾਣਾ ਪਰਵਾਨ ਕਰ ਲਿਆ ਅਤੇ ਲਾਇਲਪੁਰ ਸਕੂਲ ਦੀ ਹੈੱਡਮਾਸਟਰੀ ਤੋਂ ਅਸਤੀਫ਼ਾ ਦੇ ਦਿੱਤਾ।



Digitized by Panjab Digital Library | www.panjabdigilib.org

ਜਲਦੀ ਹੀ ਪਿਛੋਂ ਪਹਿਲਾ ਜੰਗ ਸ਼ੁਰੂ ਹੋ ਗਿਆ ਅਤੇ ਸਰਕਾਰ ਨੇ ਐਲਾਨ ਕਰ ਕੇ ਰਕਾਬ ਗੰਜ ਦੀ ਦੀਵਾਰ ਢਾਹੁਣ ਦਾ ਕੰਮ ਲੜਾਈ ਦੇ ਅਰਸੇ ਲਈ ਬੰਦ ਕਰ ਦਿੱਤਾ। ਮਾ: ਤਾਰਾ ਸਿੰਘ ਜੀ ਦਾ ਲੰਡਨ ਜਾਣਾ ਭੀ ਲੜਾਈ ਕਰਕੇ ਰਹਿ ਗਿਆ।

# ੩

## ਸੁਭਾਅ ਦੀਆਂ ਵਿਸ਼ੇਸ਼ਤਾਈਆਂ

ਜਿਸ ਤਰ੍ਹਾਂ ਬੀਜ ਵਿਚ ਦਰੱਖ਼ਤ ਸਮਾਇਆ ਹੁੰਦਾ ਹੈ ਉਸੇ ਤਰ੍ਹਾਂ ਇਨਸਾਨ ਦਾ ਸੁਭਾਅ ਅਤੇ ਪ੍ਰਵਿਰਤੀਆਂ ਉਸ ਦੇ ਪੂਰਬਲੇ ਸੰਸਕਾਰਾਂ ਦੀ ਗੰਢ ਵਿਚ ਬੱਝੀਆਂ ਹੁੰਦੀਆਂ ਹਨ। ਇਹੋ ਕਾਰਨ ਹੈ ਕਿ ਇਕੋ ਮਾਂ ਪਿਉ ਦੇ ਬੱਚੇ ਵੱਖੋ-ਵਖਰੀਆਂ ਰੁਚੀਆਂ ਅਤੇ ਪ੍ਰਵਿਰਤੀਆਂ ਰੱਖਦੇ ਹਨ। ਇਸੇ ਤਰ੍ਹਾਂ ਹੀ ਜਿਸ ਤਰ੍ਹਾਂ ਬੀਜ ਦੇ ਉਗਣ ਅਤੇ ਪਰਫੁਲਤ ਹੋਣ ਲਈ ਯੋਗ ਧਰਤੀ ਅਤੇ ਵਾਯੂ-ਮੰਡਲ ਦੀ ਲੋੜ ਹੁੰਦੀ ਹੈ, ਬੱਚੇ ਨੂੰ ਭੀ ਆਪਣੇ ਸੁਭਾਅ ਦੇ ਪਰਫੁਲਤ ਹੋਣ ਲਈ ਮਾਤਾ ਪਿਤਾ ਦੀ ਧਰਤੀ ਅਤੇ ਖ਼ਾਨਦਾਨ ਦਾ ਵਾਯੂ-ਮੰਡਲ ਜ਼ਰੂਰੀ ਹੁੰਦਾ ਹੈ। ਵੀਰ ਤਾਰਾ ਸਿੰਘ ਦੇ ਸੁਭਾਅ ਦੇ ਬਣਨ ਵਿਚ ਮਾਤਾ ਪਿਤਾ ਅਤੇ ਖ਼ਾਨਦਾਨ ਦਾ ਕਾਫ਼ੀ ਅਸਰ ਸੀ। ਸੱਚ ਬੋਲਣ ਦੀ ਦਲੇਰੀ, ਇਰਾਦੇ ਦੀ ਦ੍ਰਿੜ੍ਹਤਾ ਤੇ ਚੜ੍ਹਦੀਆਂ ਕਲਾਂ ਵਿਚ ਰਹਿਣਾ ਪਿਤਾ ਜੀ ਦੀਆਂ ਖ਼ੂਬੀਆਂ ਸਨ ਅਤੇ ਦਿਲ-ਖਿਚਵੀਂ ਸ਼ਖ਼ਸੀਅਤ, ਪ੍ਰੇਮ ਤੇ ਸੇਵਾ ਦਾ ਭਾਵ ਅਤੇ ਹਰ ਦੁਖੀਏ ਨਾਲ ਹਮਦਰਦੀ ਭਰਿਆ ਸਲੂਕ ਮਾਤਾ ਜੀ ਦੇ ਗੁਣ ਸਨ। ਇਸ



Digitized by Panjab Digital Library | www.panjabdigilib.org

ਧਰਤੀ ਨੇ ਵੀਰ ਤਾਰਾ ਸਿੰਘ ਦੇ ਚੰਗੇ ਪੂਰਬਲੇ ਸੰਸਕਾਰਾਂ ਨੂੰ ਪਰਫੁਲਤ ਕੀਤਾ।

ਹਰ ਇਕ ਇਨਸਾਨ ਵਿਚ ਆਪਣੇ ਵਿਸ਼ੇਸ਼ ਗੁਣ ਔਗੁਣ ਹੁੰਦੇ ਹਨ। ਇਕ ਦ੍ਰਿਸ਼ਟੀਕੋਣ ਤੋਂ ਵੇਖੀਏ ਤਾਂ ਉਹ ਹੀ ਰੁਚੀਆਂ ਗੁਣ ਭਾਸਦੀਆਂ ਹਨ ਅਤੇ ਦੂਜੇ ਨੁਕਤਾ-ਨਿਗਾਹ ਤੋਂ ਉਹ ਹੀ ਔਗੁਣ ਨਜ਼ਰ ਆਉਣ ਲੱਗ ਪੈਂਦੇ ਹਨ। ਵੀਰ ਤਾਰਾ ਸਿੰਘ ਦੇ ਸੁਭਾ ਵਿਚ ਕਾਫ਼ੀ ਵਿਸ਼ੇਸ਼ਤਾਈਆਂ ਸਨ :–

(੧) ਤਾਰਾ ਸਿੰਘ ਦੀ ਤਬੀਅਤ ਤੇਜ਼ ਸੀ। ਕਿਸੇ ਦੀ ਵਧੀਕੀ ਕਦੇ ਭੀ ਨਹੀਂ ਸੀ ਸਹਾਰਦਾ। ਬਾਹਵਾਂ ਵਿਚ ਖ਼ੂਬ ਬਲ ਸੀ, ਇਸ ਕਰਕੇ ਅਗਲੇ ਦੇ ਗਲ ਪੈ ਜਾਣ ਦਾ ਉਹਦਾ ਸੁਭਾ ਹੀ ਬਣ ਗਿਆ ਸੀ। ਸਾਡੇ ਪਿੰਡ ਵਿਚ ਤੇਲੀਆਂ ਦੇ ਮੋਹੜੇ ਦੇ ਕੋਲ ਸਾਡਾ ਇਕ ਫਲਾਹ ਦਾ ਦਰੱਖ਼ਤ ਸੀ। ਤੇਲੀ ਉਹ ਫਲਾਹ ਸਾਨੂੰ ਵੱਢਣ ਨਹੀਂ ਸਨ ਦੇਂਦੇ। ਵੀਰ ਸੰਤ ਸਿੰਘ ਜੀ ਨੇ ਤਸੀਲਦਾਰ ਪਾਸ ਅਰਜ਼ੀ ਦਿੱਤੀ। ਉਸ ਨੇ ਫ਼ੈਸਲਾ ਦੇ ਦਿੱਤਾ ਕਿ ਫਲਾਹ ਸਾਡਾ ਹੈ। ਪਰ ਫੇਰ ਭੀ ਤੇਲੀ ਅੜੇ ਰਹੇ। ਕਹਿਣ, ਅਸੀਂ ਫਲਾਹ ਨਹੀਂ ਵੱਢਣ ਦੇਣਾ। ਗਰਮੀਆਂ ਵਿਚ ਅਸੀਂ ਘਰ ਗਏ ਅਤੇ ਗੱਲ ਸੁਣ ਕੇ ਝੱਟ ਫਲਾਹ ਵੱਢਣ ਟੁਰ ਪਏ। ਤਿੰਨੇ ਭਰਾ ਅਸੀਂ ਸਾਂ, ਦੋ ਸਾਡੇ ਚਾਚੇ ਦੇ ਲੜਕੇ ਅਤੇ ਦੋ ਨਾਲ ਮਜ਼ਦੂਰ ਸਨ। ਜਾ ਕੇ ਫਲਾਹ ਵੱਢਣਾ ਸ਼ੁਰੂ ਕਰ ਦਿੱਤਾ। ਇਕ ਚੰਗਾ ਤਕੜਾ ਜਵਾਨ ਤੇਲੀ ਨੇੜੇ ਹੀ ਹਲ ਵਾਉਂਦਾ ਸੀ। ਉਹ ਹਲ ਖੜਾ ਕਰ ਕੇ ਤ੍ਰਾੜ ਮੋਢੇ ਤੇ ਰੱਖੀ ਹੋਈ ਵਾਉ-ਦਾਹੀ ਟੁਰਿਆ ਆਵੇ। ਅਜੇ ਉਹ ਸਾਥੋਂ ਸੌ ਕੁ ਗਜ਼ ਤੇ ਹੋਵੇਗਾ ਕਿ ਵੀਰ ਤਾਰਾ ਸਿੰਘ ਨੇ ਇਕ ਰੁਮਾਲ ਆਪਣੀ ਦਾੜ੍ਹੀ ਤੇ ਬੰਨ੍ਹ ਲਿਆ ਅਤੇ ਉਹ ਵੀਹ ਕੁ ਗਜ਼ ਤੇ ਹੋਵੇਗਾ ਕਿ ਝਪਟ ਕ ਸ਼ੇਰ ਵਾਂਗ ਉਹਨੂੰ ਜਾ ਪਿਆ। ਉਹ ਤੇਲੀ ਬਖ਼ਸ਼ੀ ਬਖ਼ਸ਼ੀ ਕਰਦਾ ਰਿਹਾ, ਪਰ ਤਾਰਾ ਸਿੰਘ ਨੇ ਉਸ ਨੂੰ ਲੱਤਾਂ ਤੋਂ ਚੁਕ ਕੇ ਸਿਰ ਪਰਨੇ ਪਟਕਾ ਕੇ ਮਾਰਿਆ। ਸੱਨਾਟਾ ਛਾ ਗਿਆ। ਸੰਤ ਸਿੰਘ ਹੋਰੀਂ ਵਿੱਚ ਪੈ ਗਏ। ਪਰ ਇਸੇ ਇਕ ਗੱਲ ਨਾਲ



Digitized by Panjab Digital Library | www.panjabdigilib.org

ਤੇਲੀਆਂ ਦੇ ਮਾਪੇ ਮਰ ਗਏ ਅਤੇ ਅਸੀਂ ਫ਼ਲਾਹ ਵੱਢ ਕੇ ਚੁੱਕ ਕੇ ਘਰ ਲੈ ਆਏ।

ਇਕ ਵਾਰੀ ਅੰਗਰੇਜ਼ੀ ਸਰਕਾਰ ਨੇ ਵੀਰ ਤਾਰਾ ਸਿੰਘ ਨੂੰ ਹਰਿਆਲ ਵਿਚ ਨਜ਼ਰਬੰਦ ਕੀਤਾ ਹੋਇਆ ਸੀ। ਇਕ ਪੁਲੀਸ ਦਾ ਸਿਪਾਹੀ ਹਰ ਵੇਲੇ ਉਸ ਨਾਲ ਰਹਿੰਦਾ ਸੀ। ਤਾਰਾ ਸਿੰਘ ਜੀ ਦਾ ਸੁਭਾ ਨਿਚੱਲਿਆਂ ਜਾਂ ਇਕੱਲਿਆਂ ਬਹਿਣ ਦਾ ਤਾਂ ਹੈ ਨਹੀਂ ਸੀ। ਉਥੇ ਝਟ ਚੋਪੜ-ਮੰਡਲੀ ਬਣਾ ਲਈ। ਸਾਰਾ ਦਿਨ ਚੋਪੜ ਹੀ ਚਲਦਾ ਰਹਿੰਦਾ ਸੀ। ਜਦ ਨਜ਼ਰਬੰਦੀ ਖ਼ਤਮ ਹੋਈ ਤਾਂ ਸ਼ਾਮ ਨੂੰ ਉਨ੍ਹਾਂ ਭਰਾ ਸੰਤ ਸਿੰਘ ਹੋਰਾਂ ਨੂੰ ਆਖਿਆ ਕਿ ਕਲ੍ਹ ਸਾਰੇ ਟੱਬਰ ਨੂੰ ਮੰਦਰੇ ਸਟੇਸ਼ਨ ਤੋਂ ਗੱਡੀ ਤੇ ਚੜ੍ਹਾ ਦੇਣਾ। ਦੂਜੇ ਦਿਨ ਸਾਮਾਨ ਲੱਦ ਕੇ ਮੰਦਰੇ ਨੂੰ ਟੁਰ ਪਏ। ਸਿਪਾਹੀ ਭੀ ਨਾਲ ਨਾਲ ਸੀ। ਮੰਦਰੇ ਪਹੁੰਚਣ ਤੋਂ ਪਹਿਲਾਂ ਹੀ ਵੀਰ ਤਾਰਾ ਸਿੰਘ ਦਾ ਮਨ ਬਦਲ ਗਿਆ ਅਤੇ ਸੰਤ ਸਿੰਘ ਜੀ ਨੂੰ ਕਹਿਣ ਲੱਗੇ ਕਿ ਤੁਸੀਂ ਬੱਚਿਆਂ ਨੂੰ ਮੰਦਰੇ ਤੋਂ ਗੱਡੀ ਵਿਚ ਬਿਠਾ ਦਿਓ, ਮੈਂ ਘੁੰਗਰੀਲੇ ਸਟੇਸ਼ਨ ਤੋਂ ਗੱਡੀ ਤੇ ਬੈਠਾਂਗਾ। ਇਹ ਕਹਿ ਕੇ ਉਹ ਘੁੰਗਰੀਲੇ ਵਲ ਨੂੰ ਟੁਰ ਪਏ। ਸਿਪਾਹੀ ਉਨ੍ਹਾਂ ਨੂੰ ਅਗੋਂ ਹੋ ਕੇ ਰੋਕਣ ਲੱਗਾ। ਉਹ ਆਖੇ ਕਿ ਮੈਂ ਤਾਂ ਤੁਹਾਨੂੰ ਮੰਦਰੇ ਥਾਣੇ ਵਿਚ ਲੈ ਜਾਣਾ ਹੈ। ਆਪੋ ਵਿਚ ਘੁਲ ਪਏ। ਵੀਰ ਤਾਰਾ ਸਿੰਘ ਨੇ ਸਿਪਾਹੀ ਨੂੰ ਉਸੇ ਤਰ੍ਹਾਂ ਲੱਤਾਂ ਤੋਂ ਚੁਕ ਕੇ ਸਿਰ ਪਰਨੇ ਪਟਕਾ ਕੇ ਸੁਟਿਆ। ਸਿਪਾਹੀ ਹਟਦਾ ਨਹੀਂ ਸੀ। ਦੂਜੀ ਵਾਰੀ ਅਤੇ ਫਿਰ ਤੀਜੀ ਵਾਰੀ ਉਸੇ ਤਰ੍ਹਾਂ ਸਿਰ-ਪਰਨੇ ਹੀ ਸੁਟਿਆ। ਸਿਪਾਹੀ ਕੁਝ ਬੇਹੋਸ਼ ਅਤੇ ਨਿਢਾਲ ਹੋ ਗਿਆ। ਵੀਰ ਤਾਰਾ ਸਿੰਘ ਘੁੰਗਰੀਲੇ ਵਲ ਨੂੰ ਚਲਾ ਗਿਆ ਅਤੇ ਸਿਪਾਹੀ ਨੇ ਮੰਦਰੇ ਥਾਣੇ ਵਿਚ ਜਾ ਕੇ ਰੀਪੋਰਟ ਕੀਤੀ। ਪੁਲੀਸ ਗੱਡੀ ਤੇ ਚੜ੍ਹ ਕੇ ਘੁੰਗਰੀਲੇ ਗਈ, ਫੇਰ ਗੁਜਰਖ਼ਾਨ ਗਈ, ਪਰ ਤਾਰਾ ਸਿੰਘ ਕਿਸੇ ਹਾਲਤ ਵਿਚ ਗੱਡੀਓਂ ਉਤਰਨ ਨੂੰ ਤਿਆਰ ਨਹੀਂ ਸੀ। ਆਖ਼ਰ ਸੁਹਾਵੇ ਸਟੇਸ਼ਨ ਤੇ ਉਨ੍ਹਾਂ ਨੂੰ ਕਪਤਾਨ ਪੁਲੀਸ ਦਾ ਹੁਕਮ ਪਹੁੰਚਿਆ ਕਿ ਇਸ ਨੂੰ ਜਾ ਲੈਣ ਦਿਓ,



Digitized by Panjab Digital Library | www.panjabdigilib.org

ਤਾਂ ਪੁਲੀਸ ਖਹਿੜਾ ਛਡ ਕੇ ਮੰਦਰੋ ਵਾਪਸ ਆਈ।

ਉਨ੍ਹੀਂ ਦਿਨੀਂ ਗੱਡੀਆਂ ਵਿਚ ਜਿਸ ਡੱਬੇ ਵਿਚ ਪਠਾਣ ਜਾਂ ਗੋਰੇ ਬਹਿ ਜਾਣ, ਉਹ ਕਿਸੇ ਹੋਰ ਮੁਸਾਫ਼ਰ ਨੂੰ ਉਸ ਵਿਚ ਚੜ੍ਹਨ ਨਹੀਂ ਸਨ ਦੇਂਦੇ। ਇਸ ਕਰਕੇ ਗੱਡੀ ਤੇ ਸਫ਼ਰ ਕਰਦਿਆਂ ਕਈ ਵਾਰੀ ਪਠਾਣਾਂ ਅਤੇ ਗੋਰਿਆਂ ਨਾਲ ਉਸ ਦੀਆਂ ਮੁਠਭੇੜਾਂ ਹੋਈਆਂ। ਇਕ ਵਾਰੀ ਲਾਇਲਪੁਰ ਸਟੇਸ਼ਨ ਤੇ ਜਦ ਇਕ ਪਠਾਣ ਨੇ ਇਕ ਮੁਸਾਫ਼ਰ ਨੂੰ ਆਪਣੇ ਡੱਬੇ ਵਿਚ ਚੜ੍ਹਨੋਂ ਰੋਕਿਆ ਤਾਂ ਵੀਰ ਤਾਰਾ ਸਿੰਘ ਨੇ ਪਠਾਣ ਨੂੰ ਪਲੈਟ-ਫ਼ਾਰਮ ਤੇ ਹੀ ਪਟਕਾ ਕੇ ਮਾਰਿਆ। ਫੇਰ ਪਠਾਣ ਠੰਡੇ ਹੋ ਗਏ। ਇਕ ਵਾਰੀ ਅਸੀਂ ਦੋਵੇਂ ਇਕੱਠੇ ਲਾਹੌਰ ਤੋਂ ਅੰਮ੍ਰਿਤਸਰ ਜਾ ਰਹੇ ਸਾਂ। ਮੇਲ ਗੱਡੀ ਲਾਹੌਰੋਂ ਚਲ ਕੇ ਅੰਮ੍ਰਿਤਸਰ ਹੀ ਰੁਕਦੀ ਸੀ ਅਤੇ ਉਸ ਵਿਚ ਫ਼ਸਟ ਅਤੇ ਸੈਕੰਡ ਕਲਾਸ ਟਿਕਟ ਲੈ ਕੇ ਚੜ੍ਹ ਸਕੀਦਾ ਸੀ। ਅਸਾਂ ਸੈਕੰਡ ਕਲਾਸ ਦੇ ਟਿਕਟ ਲਏ ਅਤੇ ਉਸ ਡੱਬੇ ਵਿਚ ਜਾ ਚੜ੍ਹੇ, ਜਿੱਥੇ ਗੋਰੇ ਬੈਠੇ ਸਨ। ਗੋਰੇ ਕਹਿਣ ਲੱਗੇ, 'ਨਿਕਲ ਜਾਓ, ਯਹਾਂ ਮਤ ਬੈਠੋ।' ਮੈਂ ਭੀ ਕਿਹਾ, 'ਚਲੋ ਕਿਸੇ ਹੋਰ ਡੱਬੇ ਵਿਚ ਬਹਿ ਜਾਂਦੇ ਹਾਂ।' ਪਰ ਵੀਰ ਤਾਰਾ ਸਿੰਘ ਅੜ ਗਿਆ। ਬੜਾ ਝਗੜਾ ਹੋਇਆ। ਹੂਰੇ ਮੁੱਕੀਆਂ ਤਕ ਤਿਆਰ ਹੋ ਗਏ; ਫੇਰ ਗੋਰੇ ਚੁਪ ਹੋਏ।

(੨) ਤਾਰਾ ਸਿੰਘ ਦਾ ਸੁਭ੍ਹਾ ਬਚਪਨ ਤੋਂ ਹੀ ਸਾਵਾਂ ਅਥਵਾ ਯਕ-ਸੂਆ ਸੀ। ਜਿਸ ਖ਼ਿਆਲ ਵਿਚ ਡੁਬ ਜਾਣਾ, ਫੇਰ ਕਿਸੇ ਹੋਰ ਗੱਲ ਦੀ ਖ਼ਬਰ ਹੀ ਨਾ ਰਹਿਣੀ। ਕੋਲ ਢੋਲ ਵਜਦੇ ਰਹਿਣ, ਉਸ ਨੂੰ ਪਤਾ ਹੀ ਨਹੀਂ ਸੀ ਲਗਦਾ। ਅਕਤੂਬਰ ੧੯੨੩ ਵਿਚ ਗ੍ਰਿਫ਼ਤਾਰੀ ਤੋਂ ਕੁਝ ਦਿਨ ਪਹਿਲਾਂ ਮੈਂ ਬੇ ਜੀ ਨੂੰ ਗੱਡੀ ਚੜ੍ਹਾਣ ਲਈ ਅੰਮ੍ਰਿਤਸਰ ਸਟੇਸ਼ਨ ਤੇ ਗਿਆ। ਅੱਗੇ ਪਲੈਟਫ਼ਾਰਮ ਦੇ ਇਕ ਬੈਂਚ ਤੇ ਇਹ ਬੈਠੇ ਸਨ। ਮੈਂ ਦੂਰੋਂ ਵੇਖ ਕੇ ਕਿਹਾ, 'ਬੇ ਜੀ, ਔਹ ਭਾ ਜੀ ਬੈਠੇ ਹਨ।' ਅਸੀਂ ਉਨ੍ਹਾਂ ਵਲ ਗਏ। ਕੋਲ ਪਹੁੰਚੇ ਤਾਂ ਉਨ੍ਹਾਂ ਸਾਡੇ ਵਲ ਵੇਖਿਆ। ਮੈਂ ਪੁੱਛਿਆ, 'ਇੱਥੇ ਕਿਉਂ ਬੈਠੇ ਹੋ?' ਕਹਿਣ ਲੱਗੇ, 'ਜਲੰਧਰ



Digitized by Panjab Digital Library | www.panjabdigilib.org

ਜਾਣਾ ਸੀ, ਸਵੇਰ ਦਾ ਬੈਠਾ ਹਾਂ, ਗੱਡੀ ਹੀ ਕੋਈ ਨਹੀਂ ਆਈ।' ਅਸੀਂ ਦੋਵੇਂ ਹੱਸ ਪਏ, ਸਾਨੂੰ ਪਤਾ ਸੀ ਕਿ ਗੱਡੀਆਂ ਤਾਂ ਕਈ ਲੰਘ ਗਈਆਂ ਹੋਣਗੀਆਂ, ਪਰ ਉਨ੍ਹਾਂ ਨੂੰ ਆਪਣੇ ਖ਼ਿਆਲ ਦੀ ਧੁਨ ਵਿਚ ਮਸਤ ਹੋਇਆਂ ਨੂੰ ਕੀ ਪਤਾ ਲਗੇ।

ਇਕ ਵਾਰੀ ਘਰੋਂ ਲਾਇਲਪੁਰ ਗਏ। ਰਾਤ ਦਾ ਵਕਤ ਸੀ, ਉਪਰਲੇ ਫਟੇ ਤੇ ਬਿਸਤਰਾ ਵਿਛਾ ਕੇ ਸੌਂ ਗਏ। ਲਾਇਲਪੁਰ ਸਟੇਸ਼ਨ ਆਇਆ ਤਾਂ ਰੌਲਾ ਸੁਣ ਕੇ ਉਠੇ ਅਤੇ ਰੇਲ ਦੀ ਲਾਈਨੋਂ ਲਾਈਨ ਸਕੂਲ ਵਿਚ ਚਲੇ ਗਏ। ਉਥੇ ਜਾ ਕੇ ਪਤਾ ਲੱਗਾ, 'ਓਹੋ ਮੈਂ ਤਾਂ ਬਿਸਤਰਾ ਹੀ ਗੱਡੀ ਵਿਚ ਛਡ ਆਇਆ ਹਾਂ।'

ਇਸੇ ਤਰ੍ਹਾਂ ਇਕ ਹੋਰ ਵਾਰੀ ਫੱਟੇ ਤੋਂ ਉਤਰੇ ਤਾਂ ਜੁੱਤੀ ਪਾ ਕੇ ਗੱਡੀਓਂ ਬਾਹਰ ਚਲੇ ਗਏ ਅਤੇ ਸੂਏ ਦੇ ਕੰਢੇ ਟੁਰਦੇ ਟੁਰਦੇ ਸ: ਹਰਚੰਦ ਸਿੰਘ ਦੇ ਘਰ ਜਾ ਪਹੁੰਚੇ। ਸ: ਹਰਚੰਦ ਸਿੰਘ ਨੇ ਵੇਖ ਕੇ ਆਖਿਆ, 'ਮਾਸਟਰ ਜੀ ਇਹ ਕੀ?' ਉਨ੍ਹਾਂ ਨੂੰ ਪਤਾ ਨਾ ਲੱਗੇ ਕਿ ਸ: ਹਰਚੰਦ ਸਿੰਘ ਕੀ ਕਹਿੰਦਾ ਹੈ। ਫੇਰ ਸਰਦਾਰ ਹੋਰਾਂ ਹੱਸ ਕੇ ਕਿਹਾ, 'ਮਾਸਟਰ ਜੀ, ਆਪਣੇ ਪੈਰਾਂ ਵਲ ਵੇਖੋ।' ਵੇਖਿਆ ਤਾਂ ਇਕ ਜੁੱਤੀ ਹੋਰ ਅਤੇ ਦੂਜੀ ਹੋਰ। ਤਾਂ ਕਹਿਣ ਲਗੇ, 'ਓਹੋ ਮੈਂ ਤਾਂ ਕਿਸੇ ਨਾਲ ਜੁੱਤੀ ਦਾ ਇਕ ਪੈਰ ਵਟਾ ਲਿਆਇਆ ਹਾਂ।'

ਇਹੋ ਜਿਹੀਆਂ ਹੋਰ ਬਹੁਤ ਸਾਰੀਆਂ ਵਿਥਿਆਂ ਉਨ੍ਹਾਂ ਨੂੰ ਯਾਦ ਸਨ। ਜਦ ਕਦੇ ਮੌਜ ਵਿਚ ਆ ਕੇ ਦੋਸਤਾਂ ਨੂੰ ਅਜਿਹੀਆਂ ਕਹਾਣੀਆਂ ਸੁਣਾਉਂਦੇ ਸਨ ਤਾਂ ਬੜਾ ਹਾਸਾ ਪੈਂਦਾ ਸੀ ਅਤੇ ਆਪ ਭੀ ਖ਼ੂਬ ਹਸਦੇ ਸਨ। ਖ਼ਿਆਲ ਜਾਂ ਕੰਮ ਦੀ ਮਸਤੀ ਵਿਚ ਰੋਟੀ ਖਾਣਾ ਭੀ ਭੁਲ ਜਾਂਦੇ ਸਨ। ਇਕ ਵਾਰੀ ਪੁੱਛਣ ਲੱਗੇ, 'ਮੈਂ ਰੋਟੀ ਖਾ ਚੁਕਾ ਹਾਂ ਕਿ ਨਹੀਂ।' ਬੜਾ ਹਾਸਾ ਪਿਆ।

(੩) ਜਿਸ ਕਿਸੇ ਆਦਮੀ ਦੇ ਮਗਰ ਪੈ ਜਾਣਾ ਉਹਦਾ ਫੇਰ ਰੱਬ ਹੀ ਰਾਖਾ ਹੋਵੇ ਤਾਂ ਹੋਵੇ। ਸ: ਸੇਵਾ ਸਿੰਘ ਠੀਕਰੀ ਵਾਲਾ ਉਨ੍ਹਾਂ ਦਾ ਬੜਾ ਸ਼ਰਧਾਲੂ ਤੇ ਮਿੱਤਰ ਸੀ। ਉਸ ਨੂੰ ਮਹਾਰਾਜਾ ਪਟਿਆਲਾ



Digitized by Panjab Digital Library | www.panjabdigilib.org

ਭੂਪਿੰਦਰ ਸਿੰਘ ਨੇ ਜੇਲ੍ਹ ਵਿਚ ਬੰਦ ਕਰ ਦਿੱਤਾ ਅਤੇ ਉਹ ਭੁੱਖ-ਹੜਤਾਲ ਕਰ ਕੇ ਉਥੇ ਹੀ ਸ਼ਹੀਦ ਹੋ ਗਿਆ। ਮਾਸਟਰ ਜੀ ਮਹਾਰਾਜਾ ਸਾਹਿਬ ਦੇ ਮਗਰ ਪੈ ਗਏ। ਮਹਾਰਾਜਾ ਭੂਪਿੰਦਰ ਸਿੰਘ ਬੜਾ ਜ਼ਬਰਦਸਤ ਅਤੇ ਬੜੇ ਰਸੂਖ਼ ਵਾਲਾ ਸੀ। ਪ੍ਰਿੰਸਿਜ਼ ਚੈਂਬਰ ਦਾ ਚਾਂਸਲਰ ਭੀ ਸੀ। ਤਾਰਾ ਸਿੰਘ ਜੀ ਉਨ੍ਹੀਂ ਦਿਨੀਂ 'ਅਕਾਲੀ' ਅਖ਼ਬਾਰ ਨੂੰ ਐਡਿਟ ਭੀ ਕਰਦੇ ਸਨ। ਮਹਾਰਾਜੇ ਦਾ ਆਚਰਨ ਔਰਤਾਂ ਦੇ ਮੁਆਮਲੇ ਵਿਚ ਬੜਾ ਨੀਵਾਂ ਸੀ। ਉਸ ਦੀਆਂ ਕਈ ਕਹਾਣੀਆਂ ਪਰਚਲਤ ਸਨ। ਮਾਸਟਰ ਜੀ ਨੇ ਅਖ਼ਬਾਰ ਦੁਆਰਾ ਜਿੱਥੇ ਸ: ਸੇਵਾ ਸਿੰਘ ਠੀਕਰੀ ਵਾਲੇ ਦੀ ਸ਼ਹਾਦਤ ਬਾਰੇ ਜ਼ੋਰਦਾਰ ਸ਼ਬਦਾਂ ਵਿਚ ਲੇਖ ਲਿਖੇ ਉਥੇ ਨਾਲ ਹੀ ਮਹਾਰਾਜੇ ਦੇ ਨੀਵੇਂ ਆਚਰਨ ਨੂੰ ਭੀ ਚੰਗੀ ਤਰ੍ਹਾਂ ਨੰਗਾ ਕੀਤਾ। ਮਹਾਰਾਜਾ ਘਬਰਾ ਗਿਆ। ਉਹਦਾ ਵੱਡਾ ਵਜ਼ੀਰ ਲਿਆਕਤ ਹਯਾਤ ਮਿਸ਼ਨਰੀ ਕਾਲਜ ਵਿਚ, ਜਿੱਥੇ ਉਨ੍ਹੀਂ ਦਿਨੀਂ ਮਾਸਟਰ ਜੀ ਰਹਿੰਦੇ ਸਨ, ਉਨ੍ਹਾਂ ਨੂੰ ਆ ਕੇ ਵੱਖਰਾ ਮਿਲਿਆ ਅਤੇ ਉਨ੍ਹਾਂ ਦੇ ਸਾਮ੍ਹਣੇ ਇਕ ਕੋਰਾ ਚੈੱਕ ਰੱਖ ਦਿੱਤਾ। ਕਹਿਣ ਲੱਗਾ, ਜਿੰਨੇ ਰੁਪਏ ਜੀ ਚਾਹੇ ਇਸ ਵਿਚ ਭਰ ਲਉ ਅਤੇ ਮਹਾਰਾਜੇ ਦੀ ਜਾਨ ਛਡੋ। ਤਾਰਾ ਸਿੰਘ ਨੂੰ ਗੁੱਸਾ ਚੜ੍ਹ ਗਿਆ ਅਤੇ ਕਿਹਾ, "ਤੂੰ ਮੈਨੂੰ ਕੀ ਸਮਝਿਆ ਹੈ? ਉਠਾਉ ਅਪਨਾ ਚੈੱਕ ਔਰ ਭਾਗ ਜਾਉ।" ਲਿਆਕਤ ਨੇ ਬਥੇਰੀਆਂ ਮਿੰਨਤਾਂ ਕੀਤੀਆਂ, ਪਰ ਉਸ ਦੀ ਕੋਈ ਗੱਲ ਨਹੀਂ ਸੁਣੀ।

ਜਦ ਮਹਾਰਾਜਾ ਪੈਸੇ ਦੇ ਕੇ ਤਾਰਾ ਸਿੰਘ ਨੂੰ ਚੁਪ ਕਰਾਣ ਵਿਚ ਕਾਮਯਾਬ ਨਾ ਹੋਇਆ ਤਾਂ ਹੋਰ ਭੀ ਔਖਾ ਹੋਇਆ। ਗੁੱਸੇ ਵਿਚ ਉਸ ਨੇ ਮਾਝੇ ਦੇ ਡਾਕੂਆਂ ਨੂੰ ਸਦ ਕੇ ਆਖਿਆ ਕਿ ਜੇ ਤੁਸੀਂ ਤਾਰਾ ਸਿੰਘ ਨੂੰ ਚੁਕ ਕੇ ਮੇਰੀ ਰਿਆਸਤ ਵਿਚ ਲੈ ਆਉ ਜਾਂ ਉਹਨੂੰ ਕਤਲ ਕਰ ਦਿਉ ਤਾਂ ਜਿੰਨੇ ਪੈਸੇ ਤੁਸੀਂ ਮੰਗੋਗੇ, ਮੈਂ ਤੁਹਾਨੂੰ ਦਿਆਂਗਾ। ਇਹ ਗੱਲ ਬਾਬਾ ਕੇਹਰ ਸਿੰਘ ਪੱਟੀ ਵਾਲਿਆਂ ਦੇ ਰਾਹੀਂ ਤਾਰਾ ਸਿੰਘ ਨੂੰ ਪਹੁੰਚ ਗਈ। ਇਕ ਰਾਤ ਸੁੱਤੇ ਹੋਏ ਸਨ। ਗਰਮੀਆਂ ਦੀ ਬਹਾਰ



Digitized by Panjab Digital Library | www.panjabdigilib.org

ਸੀ। ਬਾਹਰ ਵੇਹੜੇ ਵਿਚ ਪਏ ਸਨ ਕਿ ਇਕ ਆਦਮੀ ਵੇਹੜੇ ਵਿਚ ਆ ਵੜਿਆ। ਵੀਰ ਤਾਰਾ ਸਿੰਘ ਦੀ ਜਾਗ ਖੁਲ੍ਹ ਗਈ। ਕੋਲ ਬਰਛਾ ਪਿਆ ਹੋਇਆ ਸੀ, ਉਹ ਫੜ ਕੇ ਉਹਦੇ ਮਗਰ ਦੌੜਿਆ। ਚੋਰ ਤਾਂ ਕੰਧ ਟੱਪ ਕੇ ਨਸ ਗਿਆ, ਪਰ ਮਹਾਰਾਜੇ ਦੀ ਸ਼ਰਾਰਤ ਵਾਲਾ ਸ਼ੱਕ ਪੱਕਾ ਹੋ ਗਿਆ। ਉਨ੍ਹੀਂ ਦਿਨੀਂ ਮਿਸ਼ਨਰੀ ਕਾਲਜ ਦੇ ਵਿਚਕਾਰ ਜਿਹੜੀ ਕੋਠੀ ਹੈ, ਉਸ ਵਿਚ ਰਹਿੰਦੇ ਹੁੰਦੇ ਸਨ। ਕੋਠੀ ਦੇ ਪਿਛੇ ਪਾਸੇ ਵੇਹੜਾ ਹੈ ਅਤੇ ਵੇਹੜੇ ਦੇ ਅੱਗੇ ਪਿੱਛੇ ਕੰਧ ਫਿਰੀ ਹੋਈ ਹੈ। ਵੇਹੜੇ ਵਿਚੋਂ ਹੀ ਪੌੜੀਆਂ ਕੋਠੇ ਦੇ ਉਪਰ ਚੜ੍ਹਦੀਆਂ ਹਨ। ਕੋਠੀ ਦੇ ਵਿਚਕਾਰ ਵੱਡਾ ਕਮਰਾ ਹੈ ਅਤੇ ਉਸ ਦਾ ਛੱਤ ਬਾਕੀ ਕਮਰਿਆਂ ਨਾਲੋਂ ਉੱਚਾ ਹੈ। ਪੌੜੀਆਂ ਨੂੰ ਦਰਵਾਜ਼ਾ ਲਵਾ ਦਿੱਤਾ। ਰਾਤ ਨੂੰ ਉਪਰ ਕੋਠੇ ਤੇ ਸੌਣ ਲਈ ਜਾਣਾ ਤਾਂ ਅੰਦਰੋਂ ਦਰਵਾਜ਼ਾ ਬੰਦ ਕਰ ਦੇਣਾ ਅਤੇ ਬਾਹਰ ਪੌੜੀਆਂ ਅਗੇ ਦੋ ਅਕਾਲੀ ਸੁਆਂ ਦੇਣੇ। ਵੱਡੇ ਕਮਰੇ ਦੀ ਛੱਤ ਉਪਰ ਚੜ੍ਹਨ ਲਈ ਇਕ ਛੋਟੀ ਬਾਂਸ ਦੀ ਪੌੜੀ ਬਣਵਾਈ। ਉਸ ਪੌੜੀ ਉੱਪਰ ਚੜ੍ਹ ਕੇ ਛੱਤ ਤੇ ਚਲੇ ਜਾਣਾ ਅਤੇ ਫੇਰ ਪੌੜੀ ਉੱਪਰ ਖਿੱਚ ਲੈਣੀ।

ਮਹਾਰਾਜੇ ਦੀ ਕੋਈ ਪੇਸ਼ ਨਾ ਗਈ। ਜਿਹੜੇ ਆਦਮੀ ਨੂੰ ਨਾ ਲੋਭ ਦੇ ਕੇ, ਨਾ ਡਰ ਦੇ ਕੇ ਚੁੱਪ ਕਰਾਇਆ ਜਾ ਸਕੇ ਉਸ ਤੋਂ ਕਿਸ ਤਰ੍ਹਾਂ ਕੋਈ ਆਪਣਾ ਪਿੱਛਾ ਛੁੜਾਏ। ਲੇਖ ਤਾਂ ਆਖ਼ਰ ਮੁਕਣੇ ਹੀ ਸਨ, ਪਰ ਮਹਾਰਾਜੇ ਦੀ ਬੜੀ ਬੇਇੱਜ਼ਤੀ ਹੋਈ ਅਤੇ ਬੜੇ ਕੰਨ ਹੋਏ।

(੪) ਹਰ ਇਕ ਆਦਮੀ ਨੂੰ ਆਪਣੀ ਬਰਾਬਰੀ ਦਾ ਸਮਝਦੇ ਸਨ, ਨਾ ਕਿਸੇ ਨੂੰ ਛੋਟਾ ਤੇ ਨਾ ਹੀ ਕਿਸੇ ਨੂੰ ਵੱਡਾ। ਮਾਲਸ਼ ਕਰਨ ਵਾਲਾ ਪਹਿਲਵਾਨ ਅਖ਼ੀਰ ਤਕ ਉਨ੍ਹਾਂ ਦਾ ਡੂੰਘਾ ਮਿੱਤਰ ਬਣਿਆ ਰਿਹਾ। ਕੋਈ ਛੋਟਾ ਮੋਟਾ ਆਦਮੀ ਮਿਲਣ ਆਵੇ, ਉਸ ਨੂੰ ਆਦਰ ਨਾਲ ਮਿਲਣਾ ਤੇ ਬਿਠਾਉਣਾ। ਦੂਜੇ ਪਾਸੇ ਕਿਸੇ ਨੂੰ ਭੀ ਆਪਣੇ ਨਾਲੋਂ ਵੱਡਾ ਨਹੀਂ ਸਮਝਣਾ। ਇਕ ਵਾਰੀ ਚੌਧਰੀ ਰਾਮ ਨਰਾਇਣ ਨੇ ਸਾਨੂੰ ਦੋਹਾਂ ਨੂੰ ਆਪਣੀ ਲੜਕੀ ਦੀ ਸ਼ਾਦੀ ਤੇ ਸੱਦਿਆ। ਸ਼ਾਦੀ ਦਿੱਲੀ



Digitized by Panjab Digital Library | www.panjabdigilib.org

ਵਿਚ ਸੀ। ਅਸੀਂ ਐਨ ਸਮੇਂ ਸਿਰ ਜਾ ਪਹੁੰਚੇ। ਅਗਲੀਆਂ ਕੁਰਸੀਆਂ ਖ਼ਾਲੀ ਪਈਆਂ ਸਨ। ਚੌਧਰੀ ਸਾਹਿਬ ਨੇ ਸਾਨੂੰ ਉਨ੍ਹਾਂ ਤੇ ਜਾ ਬਿਠਾਇਆ। ਪੰਡਤ ਨਹਿਰੂ ਅਤੇ ਉਸ ਦੇ ਸਾਥੀ ਵਜ਼ੀਰਾਂ ਨੇ ਭੀ ਆਉਣਾ ਸੀ। ਮੈਨੂੰ ਉਨ੍ਹਾਂ ਕੁਰਸੀਆਂ ਤੇ ਬਹਿਣੋਂ ਝਕ ਆਉਂਦਾ ਸੀ। ਮੈਂ ਸੋਚਦਾ ਸਾਂ ਕਿ ਕਿੱਥੇ ਮੈਂ ਇਨ੍ਹਾਂ ਵੱਡਿਆਂ ਲੋਕਾਂ ਵਿਚ ਬੱਝਾ ਰਹਾਂਗਾ। ਪਰ ਉਹ ਤਾਂ ਕਿਸੇ ਨੂੰ ਵੱਡਾ ਸਮਝਦੇ ਹੀ ਨਹੀਂ ਸਨ। ਮੈਂ ਉੱਠ ਕੇ ਪਿੱਛੇ ਚਲਾ ਗਿਆ, ਪਰ ਉਹ ਉਥੇ ਡੱਟੇ ਰਹੇ।

ਇਕ ਹੋਰ ਵਾਰੀ ਪੰਡਤ ਨਹਿਰੂ ਨਾਲ ਉਨ੍ਹਾਂ ਦੀ ਬਹਿਸ ਹੋ ਗਈ। ਪੰਡਤ ਨਹਿਰੂ ਆਖੇ, "ਕਹਾਂ ਹੈ ਫ਼ਿਰਕਾ-ਪ੍ਰਸਤੀ? ਹਮ ਨੇ ਤੋ ਧਰਮ ਨਿਰਪੇਖਸ਼ ਰਾਜ ਕਾਇਮ ਕਰ ਦੀਆ ਹੈ ਔਰ ਫ਼ਿਰਕਾ-ਪ੍ਰਸਤੀ ਕੋ ਖ਼ਤਮ ਕਰ ਦੀਆ ਹੈ।" ਮਾਸਟਰ ਜੀ ਆਖਣ, "ਹਰ ਪਾਸੇ, ਹਰ ਥਾਂ ਲੋਕੀ ਫ਼ਿਰਕੂ ਹਨ। ਸਿੱਖਾਂ ਦਾ ਤਾਂ ਹਿੰਦੂਆਂ ਹੱਥੋਂ ਨੱਕ-ਦਮ ਆਇਐ ਹੋਇਐ।" ਦੋਵੇਂ ਗਰਮ ਸੁਭੌਅ ਦੇ ਸਨ ਅਤੇ ਦੋਵੇਂ ਹੀ ਆਪਣੀ ਗੱਲ ਤੋਂ ਹੱਟਦੇ ਨਹੀਂ ਸਨ। ਆਖ਼ਰ ਜੋਸ਼ ਵਿਚ ਆ ਗਏ ਅਤੇ ਮਾਸਟਰ ਜੀ ਨੇ ਪੰਡਤ ਜੀ ਨੂੰ ਕਿਹਾ ਕਿ ਫ਼ਿਰਕੂਪੁਣਾ ਤੇਰੇ ਪੇਟ ਵਿਚ ਹੈ। ਨਹਿਰੂ ਦੇ ਪੇਟ ਵਿਚ ਹੈ ਸੀ ਜਾਂ ਨਹੀਂ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਬੇਅੰਤ ਲੋਕਾਂ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਦੇ ਪੇਟ ਫ਼ਿਰਕੂਪੁਣੇ ਨਾਲ ਭਰੇ ਪਏ ਹਨ।

(੫) ਲੜ ਤਾਂ ਛੇਤੀ ਪੈਣਾ, ਪਰ ਦਿਲ ਵਿਚ ਆਮ ਕਰਕੇ ਮੈਲ ਨਾ ਰੱਖਣੀ। ਸ: ਬਲਦੇਵ ਸਿੰਘ ਜੀ ਮਾਸਟਰ ਜੀ ਦੀ ਆਗਿਆ ਨਾਲ ਸਿਕੰਦਰ ਹਯਾਤ ਦੀ ਸਰਕਾਰ ਵਿਚ ਵਜ਼ੀਰ ਬਣਨਾ ਚਾਹੁੰਦੇ ਸਨ। ਵਿਚਾਰਾਂ ਹੋ ਰਹੀਆਂ ਸਨ। ਖ਼ਿਆਲਾਂ ਵਿਚ ਕਾਫ਼ੀ ਵਿਖੇਵਾਂ ਸੀ, ਪਰ ਆਖ਼ਰ ਹੋਣਾ ਤਾਂ ਉਹੀ ਸੀ ਜੋ ਮਾਸਟਰ ਤਾਰਾ ਸਿੰਘ ਫ਼ੈਸਲਾ ਕਰੇ। ਮਹਾਸ਼ਾ ਕ੍ਰਿਸ਼ਨ ਮਾਸਟਰ ਜੀ ਦੇ ਸੁਭੌਅ ਦੇ ਸਨ ਅਤੇ ਆਪੋ ਵਿਚ ਚੰਗੇ ਮਿੱਤਰ ਸਨ। ਮਾਸਟਰ ਜੀ ਨੇ ਮਸ਼ਵਰੇ ਵਾਸਤੇ ਉਨ੍ਹਾਂ ਨੂੰ ਬੁਲਾਇਆ। ਵਿਚਾਰ ਕਰਦੇ ਕਰਦੇ ਗੁੱਸੇ ਹੋ ਪਏ ਅਤੇ ਇਕ ਦੂਜੇ ਨਾਲ ਲੜ ਪਏ।



Digitized by Panjab Digital Library | www.panjabdigilib.org

ਪਰ ਦੂਜੇ ਦਿਨ ਫੇਰ ਉਸੇ ਤਰ੍ਹਾਂ ਦੋਸਤ। ਅਖ਼ਬਾਰਾਂ ਵਿਚ ਭੀ ਇਕ ਦੂਜੇ ਦੇ ਖ਼ਿਲਾਫ਼ ਲਿਖਦੇ ਸਨ, ਪਰ ਦੋਸਤੀ ਉਨ੍ਹਾਂ ਦੀ ਅਖ਼ੀਰ ਤਕ ਰਹੀ।

(੬) ਸਭ ਤੋਂ ਵੱਡਾ ਗੁਣ ਇਹ ਕਿ ਵਸ ਕੀਤੇ ਕਿਸੇ ਗੱਲੋਂ ਵੀ ਘਬਰਾਉਂਦੇ ਨਹੀਂ ਸਨ। ਇਕ ਤਾਂ ਉਨ੍ਹਾਂ ਨੂੰ ਕੁਦਰਤ ਵਲੋਂ ਹੀ ਚੰਗਾ ਤਕੜਾ ਮਜ਼ਬੂਤ ਦਿਲ ਮਿਲਿਆ ਹੋਇਆ ਸੀ। ਦੂਜੇ, ਖੇਡਣ ਅਤੇ ਲੜਨ ਵਾਲੇ ਆਦਮੀ ਲਈ ਉਤਰੌਂ ਚੜ੍ਹਾ ਲੱਗੇ ਹੀ ਰਹਿੰਦੇ ਹਨ ਅਤੇ ਉਹ ਇਨ੍ਹਾਂ ਦਾ ਆਦੀ ਹੋ ਜਾਂਦਾ ਹੈ। ਤੀਜੇ, ਜਿਸ ਆਦਮੀ ਨੇ ਸਾਰੀ ਉਮਰ ਕਿਸੇ ਨਾ ਕਿਸੇ ਘੋਲ ਵਿਚ ਹੀ ਪਏ ਰਹਿਣਾ ਹੋਵੇ ਉਸ ਲਈ ਘਬਰਾਉਣਾ ਤਾਂ ਮੌਤ ਹੀ ਹੈ। ਮਰਦੇ ਦਮ ਤਕ ਉਨ੍ਹਾਂ ਦਾ ਘੋਲ ਨਹੀਂ ਮੁਕਿਆ ਅਤੇ ਉਹ ਬੜੇ ਵਿਸ਼ਵਾਸ ਅਤੇ ਹੌਸਲੇ ਨਾਲ ਘੋਲ ਕਰਦੇ ਰਹੇ। ਪਹਿਲੀ ਟੱਕਰ ਅੰਗਰੇਜ਼ਾਂ ਨਾਲ ਹੋਈ। ਉਨ੍ਹਾਂ ਵਲੋਂ ਭੀ ਦਬਾਣ ਦੀ ਕੋਈ ਕਸਰ ਨਹੀਂ ਰਹੀ। ਬੇਸ਼ੁਮਾਰ ਵਾਰੀ ਕੈਦ ਹੋਏ, ਪਿੰਡ ਵਿਚ ਨਜ਼ਰਬੰਦ ਹੋਏ, ਅੰਮ੍ਰਿਤਸਰ ਅਤੇ ਲਾਹੌਰ ਦੇ ਜ਼ਿਲਿਆਂ ਤੋਂ ਬਾਹਰ ਕੱਢੇ ਰਹੇ। ਜਾਇਦਾਦ ਜ਼ਬਤੀ ਦੇ ਹੁਕਮ ਜਾਰੀ ਹੋਏ। ਫੇਰ ਅਕਾਲੀ ਲਹਿਰ ਵਿਚ ਹਰ ਵਾਰੀ ਕੈਦ ਹੋਏ। ਗੁਰਦਵਾਰੇ ਸਿੱਖਾਂ ਨੂੰ ਮਿਲੇ ਤਾਂ ਕਿੰਨਾ ਚਿਰ ਗਿਆਨੀ ਸ਼ੇਰ ਸਿੰਘ ਨਾਲ ਝਗੜਾ ਜਾਰੀ ਰਿਹਾ। ਫੇਰ ਸਿਕੰਦਰ ਹਯਾਤ ਅਤੇ ਸ: ਸੁੰਦਰ ਸਿੰਘ ਨਾਲ ਛਿੜ ਪਈ। ੧੯੪੨ ਤੋਂ ਕਾਂਗਰਸ ਨਾਲ ਅਣ-ਬਣ ਹੋ ਗਈ। ੧੯੪੬–੪੭ ਵਿਚ ਦੇਸ ਦੀ ਵੰਡ ਵੇਲੇ ਮੁਸਲਮ ਲੀਗ ਦੇ ਖ਼ਿਲਾਫ਼ ਐਨੀ ਸੂਰਮਤਾ ਵਿਖਾਈ ਕਿ ਸਾਰੇ ਦੇਸ ਵਿਚ ਅਸ਼ ਅਸ਼ ਹੋਣ ਲੱਗ ਪਈ। ਵੰਡ ਹੋ ਗਈ ਅਤੇ ਕਾਂਗਰਸ, ਹਕੂਮਤ ਦੀ ਕੁਰਸੀ ਤੇ ਬੈਠੀ ਤਾਂ ਸਰਦਾਰ ਪਟੇਲ ਨਾਲ ਬਹੁਤ ਜ਼ਿਆਦਾ ਮਤ-ਭੇਦ ਹੋ ਗਿਆ। ਸਰਦਾਰ ਪਟੇਲ ਨੇ ਮਾਸਟਰ ਜੀ ਨੂੰ ਦਬਾਣ ਵਿਚ ਅੰਗਰੇਜ਼ਾਂ ਨੂੰ ਭੀ ਮਾਤ ਕਰ ਦਿੱਤਾ, ਪਰ ਸੂਰਮੇ ਲਈ "ਜਬੈ ਬਾਣ ਲਾਗਿਯੋ। ਤਬੈ ਰੋਸ ਜਾਗਿਯੋ" ਵਾਲੀ ਗੱਲ ਸੀ। ਆਪਣੀ ਦ੍ਰਿੜ੍ਹਤਾ ਤੇ ਕਾਇਮ ਰਹੇ। ਸਰਦਾਰ ਪਟੇਲ ਦੇ ਪਿੱਛੋਂ ਪੰਜਾਬੀ ਸੂਬੇ ਦਾ ਝਗੜਾ ਪੰਡਤ ਨਹਿਰੂ ਅਤੇ



Digitized by Panjab Digital Library | www.panjabdigilib.org

ਸਰਦਾਰ ਪ੍ਰਤਾਪ ਸਿੰਘ ਨਾਲ ਸ਼ੁਰੂ ਹੋਇਆ। ਉਨ੍ਹਾਂ ਭੀ ਆਪਣਾ ਸਾਰਾ ਟਿੱਲ ਲਾਇਆ, ਪਰ ਮਾਸਟਰ ਤਾਰਾ ਸਿੰਘ ਦੀ ਦ੍ਰਿੜ੍ਹਤਾ ਨੂੰ ਤੋੜਨ ਵਿਚ ਕਾਮਯਾਬ ਨਹੀਂ ਹੋਏ। ਹੁਣ ਚੜ੍ਹਾਈ ਕਰਨ ਤੋਂ ਦੋ ਤਿੰਨ ਮਹੀਨੇ ਪਹਿਲਾਂ ਮੈਨੂੰ ਮਿਲਣ ਆਏ ਤਾਂ ਕਹਿਣ ਲੱਗੇ ਕਿ ਸਿੱਖ ਹੋਮਲੈਂਡ ਤਾਂ ਇਨ੍ਹਾਂ ਨੂੰ ਦੇਣਾ ਹੀ ਪਵੇਗਾ। ਇਸ ਵਿਚ ਰੰਚਕ-ਭਰ ਭੀ ਸ਼ੱਕ ਨਹੀਂ। ਮੈਂ ਉਨ੍ਹਾਂ ਦੇ ਮੂੰਹ ਵਲ ਵੇਖਦਾ ਸਾਂ, ਪਰ ਉਨ੍ਹਾਂ ਦੇ ਚਿਹਰੇ ਦੇ ਹਰ ਇਕ ਕਿਣਕੇ ਤੋਂ ਵਿਸ਼ਵਾਸ ਅਤੇ ਦ੍ਰਿੜ੍ਹਤਾ ਦੀਆਂ ਕਿਰਨਾਂ ਨਿਕਲਦੀਆਂ ਸਨ। ਸਾਰੀ ਉਮਰ ਵਿਚ ਮੈਂ ਇਕ ਵਾਰੀ ਉਨ੍ਹਾਂ ਨੂੰ ਢਹਿੰਦੀਆਂ ਕਲਾਂ ਵਿਚ ਵੇਖਿਆ ਹੈ, ਉਹ ਭੀ ਥੋੜੇ ਚਿਰ ਲਈ। ੧੯੩੭ ਦੀਆਂ ਚੋਣਾਂ ਵਿਚ ਕਾਂਗਰਸ ਤੇ ਅਕਾਲੀਆਂ ਦਾ ਇਕ ਜੁੱਟ ਸੀ ਅਤੇ ਸਿਕੰਦਰ ਹਯਾਤ, ਛੋਟੂ ਰਾਮ ਤੇ ਸ: ਸੁੰਦਰ ਸਿੰਘ ਦਾ ਦੂਜਾ। ਇਨ੍ਹਾਂ ਚੋਣਾਂ ਦਾ ਵਿਸਥਾਰ ਪੂਰਬਕ ਜ਼ਿਕਰ ਤਾਂ ਫੇਰ ਕਰਾਂਗੇ, ਪਰ ਸ: ਸੁੰਦਰ ਸਿੰਘ ਨੇ ਅਕਾਲੀਆਂ ਅਤੇ ਕਾਂਗਰਸ ਨੂੰ ਲਕ-ਤੋੜਵੀਂ ਹਾਰ ਦਿੱਤੀ। ਇਨ੍ਹਾਂ ਚੋਣਾਂ ਵਿਚ ਇਕ ਬੜੀ ਭੁੱਲ ਭੀ ਹੋ ਗਈ ਸੀ ਅਤੇ ਐਨਾ ਹਾਰ ਕਰਕੇ ਨਹੀਂ ਜਿੰਨਾ ਭੁੱਲ ਕਰਕੇ ਸਾਰੇ ਅਕਾਲੀ, ਵਿੱਚੇ ਮਾਸਟਰ ਤਾਰਾ ਸਿੰਘ, ਘਬਰਾ ਗਏ ਸਨ। ਜਿਸ ਰਾਤ ਸ: ਸੁੰਦਰ ਸਿੰਘ ਦੀ ਜਿੱਤ ਦੇ ਫ਼ੈਸਲੇ ਦਾ ਪਤਾ ਲੱਗਾ ਉਸ ਰਾਤ ਮੈਂ ਅਤੇ ਮੇਰੇ ਸਾਥੀ ਦੋ ਪ੍ਰੋਫੈਸਰ ਮਿਸ਼ਨਰੀ ਕਾਲਜ ਵਿਚ ਗਏ। ਵੇਖੀਏ ਤਾਂ ਸਾਰੇ ਅਕਾਲੀ ਰੌਸ਼ਨੀ ਬੁਝਾ ਕੇ ਹਨੇਰੇ ਵਿਚ ਉਦਾਸ ਪਏ ਹਨ। ਜਗਾ ਕੇ ਅਸਾਂ ਗੱਲਾਂ ਕੀਤੀਆਂ, ਹੌਸਲਾ ਦਿੱਤਾ, ਪਰ ਉਨ੍ਹਾਂ ਦੇ ਹੌਸਲੇ ਬੜੇ ਢੱਠੇ ਹੋਏ ਸਨ। ਮਾਸਟਰ ਤਾਰਾ ਸਿੰਘ ਤਾਂ ਛੇਤੀ ਹੀ ਤਿਆਰ-ਬਰ-ਤਿਆਰ ਹੋ ਗਿਆ। ਜੱਥੇਦਾਰ ਊਧਮ ਸਿੰਘ ਨੂੰ ਖੜਾ ਕਰਦਿਆਂ ਕੁਝ ਦਿਨ ਲੱਗੇ। ਬਸ ਇਸ ਇਕ ਵਾਰੀ ਦੇ ਸਿਵਾ ਮੈਂ ਉਨ੍ਹਾਂ ਨੂੰ ਕਦੇ ਭੀ ਢੱਠੇ ਹੌਸਲੇ ਵਿਚ ਨਹੀਂ ਦੇਖਿਆ। ਉਹ ਪੜ੍ਹਦੇ ਭੀ ਇਹੋ ਹੀ ਸਨ ਅਤੇ ਇਹ ਉਨ੍ਹਾਂ ਦੇ ਸੁਭਾਅ ਦਾ ਅੰਗ ਭੀ ਹੋ ਗਿਆ ਸੀ :–



Digitized by Panjab Digital Library | www.panjabdigilib.org

ਦੇਹ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋ।
ਨ ਡਰੋ ਅਰਿ ਸੋ, ਜਬ ਜਾਇ ਲਰੋ, ਨਿਸਚੈ ਕਰ ਆਪਨੀ ਜੀਤ ਕਰੋ।
ਅਰੁ ਸਿਖਹੋਂ ਆਪਨੇ ਹੀ ਮਨ ਕੌ, ਇਹ ਲਾਲਚ ਹਉ ਗੁਨ ਤਉ ਉਚਰੋ।
ਜਬ ਆਵ ਕੀ ਅਉਧ ਨਿਧਾਨ ਬਨੈ, ਅਤਿ ਹੀ ਰਣ ਮੈ ਤਬ ਜੂਝ ਮਰੋ।

# ੫

# ਸਿਖ ਕਿ ਸਿੱਖੀ

ਸਿਮਰਨ ਤੇ ਸੇਵਾ ਦੇ ਜੀਵਨ ਦਾ ਨਾਂ ਸਿੱਖੀ ਹੈ। ਉਸ ਸਰਬ-ਵਿਆਪਕ ਜੋਤ ਦੇ ਨਿਰਗੁਣ ਸਰੂਪ ਦੀ ਭਗਤੀ ਅਥਵਾ ਆਪਣੀ ਸੁਰਤ ਉਸ ਨਾਲ ਗੰਢਣਾ ਅਤੇ ਹਰ ਸਮੇਂ ਉਸ ਨੂੰ ਆਪਣੇ ਹਿਰਦੇ ਵਿਚ ਯਾਦ ਕਰਨਾ, ਨਾਮ ਜਪਣਾ ਜਾਂ ਸਿਮਰਨ ਕਰਨਾ ਹੀ ਉਸ ਦਾ ਸਿਮਰਨ ਹੈ। ਉਸ ਦੇ ਸਰਗੁਣ ਸਰੂਪ ਦੀ ਭਗਤੀ ਅਥਵਾ ਖ਼ਲਕੇ-ਖ਼ੁਦਾ ਦੀ ਨਿਸਕਾਮ ਖ਼ਿਦਮਤ ਸੇਵਾ ਹੈ। ਸਿਮਰਨ ਤੇ ਸੇਵਾ ਇੱਕੋ ਮੋਹਰ ਦੇ ਦੋ ਪਾਸੇ ਹਨ। ਇਕ ਤੋਂ ਬਿਨਾਂ ਦੂਜਾ ਅਧੂਰਾ ਹੈ। ਜਿਸ ਹਿਰਦੇ ਵਿਚ ਪਰਮਾਤਮਾ ਦਾ ਨਿਵਾਸ ਹੈ ਉਥੇ ਸੁਖ-ਸ਼ਾਂਤੀ ਤੇ ਪ੍ਰੇਮ ਵਸਦੇ ਹਨ ਅਤੇ ਜਿਸ ਆਦਮੀ ਦੇ ਅੰਦਰ ਸੁਖ-ਸ਼ਾਂਤੀ ਤੇ ਪ੍ਰੇਮ ਹੈ ਉਹ ਆਲੇ-ਦੁਆਲੇ ਨੂੰ, ਸਗੋਂ ਸਾਰੇ ਸੰਸਾਰ ਨੂੰ ਸੁਖ ਅਤੇ ਸ਼ਾਂਤੀ ਬਖ਼ਸ਼ਦਾ ਹੈ। ਸੰਸਾਰ ਦੇ ਸਭ ਦੁੱਖਾਂ, ਸਭ ਝਗੜਿਆਂ, ਸਾਰੀ ਖਿਚੋਤਾਣ ਦਾ ਇੱਕੋ-ਇਕ ਹਲ ਸਿਮਰਨ ਅਤੇ ਸੇਵਾ ਦਾ ਜੀਵਨ ਅਥਵਾ ਸਿੱਖੀ ਜੀਵਨ ਹੈ। ਜਿਸ ਹਿਰਦੇ ਵਿਚ ਪਰਮਾਤਮਾ ਵਸਦਾ ਹੈ ਉਥੇ ਅਪਣੱਤ,



Digitized by Panjab Digital Library | www.panjabdigilib.org

ਖ਼ੁਦੀ ਜਾਂ ਖ਼ੁਦਗ਼ਰਜ਼ੀ ਆਪੇ ਮਰ ਜਾਂਦੀ ਹੈ। ਸੰਸਾਰ ਦੇ ਸਾਰੇ ਪੁਆੜੇ ਇਸ ਅਪਣੱਤ ਅਥਵਾ ਹਉਮੈ ਦੇ ਪਾਏ ਹੋਏ ਹਨ।

"ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ।"

ਇਨਸਾਨੀਅਤ ਦੇ ਸਾਰੇ ਸੁਆਲ, ਭਾਵੇਂ ਉਹ ਸਮਾਜਕ ਹੋਣ, ਭਾਵੇਂ ਆਰਥਕ ਅਤੇ ਭਾਵੇਂ ਰਾਜਸੀ, ਉਹ ਇਸ ਮੇਰ-ਤੇਰ ਦੇ ਹੀ ਪੈਦਾ ਕੀਤੇ ਹੋਏ ਹਨ। ਖ਼ੁਦਗ਼ਰਜ਼ੀ ਨੂੰ ਬੇਗ਼ਰਜ਼ੀ ਵਿਚ ਤਬਦੀਲ ਕਰਨ ਦੀ ਦੇਰ ਹੈ ਕਿ ਸਭ ਗੁੰਝਲਾਂ ਇਕ ਮਿੰਟ ਵਿਚ ਹਲ ਹੋ ਜਾਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਹੀ 'ਨਾਮ ਬੋਵੋ, ਨਾਮ ਬੋਵੋ' ਦਾ ਪਸਾਰਾ ਹੈ। ਪਰਮਾਤਮਾ ਦੀ ਯਾਦ, ਪ੍ਰੇਮ, ਸੇਵਾ ਆਪਾ-ਤਿਆਗ ਇਹੋ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਗੁਰਾਂ ਅਤੇ ਭਗਤਾਂ ਦਾ ਦਸਿਆ ਧਰਮ-ਮਾਰਗ ਹੈ। ਬਾਹਰਮੁਖੀ ਸਿੱਖੀ ਦੀ ਰਹਿਤ ਅਤੇ ਬਾਹਰਲੇ ਚਿੰਨ੍ਹ, ਇਹ ਉਸ ਧਰਮ ਦੇ ਰਖਵਾਲੇ ਹਨ, ਜਿਵੇਂ ਕਿਸੇ ਗਿਰੀ ਦੇ ਬਾਹਰ ਛਿਲੜ ਹੁੰਦੀ ਹੈ, ਗਿਰੀ ਲਈ ਛਿਲੜ ਜ਼ਰੂਰੀ ਹੈ ਅਤੇ ਛਿਲੜ ਲਈ ਗਿਰੀ; ਮਹੱਤਤਾ ਕਿਸੇ ਦੀ ਵੀ ਘਟ ਨਹੀਂ। ਬਾਹਰਮੁਖੀ ਚਿੰਨ੍ਹਾਂ ਅਤੇ ਰਹਿਤ-ਬਹਿਤ ਦਾ ਫਲ-ਸਰੂਪ ਹੀ ਸਿੱਖੀ ਜੀਵਨ ਹੈ। ਪਰ ਵਿਰਲੇ ਹੀ ਪੂਰਨ ਹੋ ਸਿਰੇ ਚੜ੍ਹਦੇ ਹਨ।

ਜਿਸ ਵੇਲੇ ਦਸਮੇਸ਼ ਪਿਤਾ ਨੇ ਸ੍ਰੀ ਅਨੰਦਪੁਰ ਵਿਖੇ ਆਪਣੇ ਸੇਵਕਾਂ ਦੀ ਪ੍ਰੀਖਿਆ ਲਈ ਤਾਂ ਪੰਜ ਸੂਰਮੇ ਐਸੇ ਨਿਤਰੇ ਜਿਹੜੇ ਆਪਣੀ ਅਪਣੱਤ ਨੂੰ ਮਾਰ ਚੁਕੇ ਸਨ। ਮੈਂ ਮੋਈ ਤਾਂ ਪਰਮਾਤਮਾ ਦਾ ਪ੍ਰਕਾਸ਼ ਹੋਇਆ, ਇਹ ਦੋਵੇਂ ਗੱਲਾਂ ਇਕੱਠੀਆਂ ਹੀ ਚਲਦੀਆਂ ਹਨ। ਅਜਿਹੇ ਸਿੱਖਾਂ ਬਾਬਤ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਭਾਵ ਦੇ ਬਚਨ ਦਸੇ ਜਾਂਦੇ ਹਨ—"ਸਵਾ ਲਾਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।" ਹਉਮੈ-ਰਹਿਤ ਇਨਸਾਨ ਧਰਮ ਅਤੇ ਪ੍ਰੇਮ ਦਾ ਦੀਵਾਨਾ ਮਰ ਤਾਂ ਸਕਦਾ ਹੈ, ਪਰ ਕਦੇ ਹਾਰਦਾ ਨਹੀਂ। ਖ਼ਾਲਸੇ ਦੀ ਸਦਾ ਹੀ ਫ਼ਤਹ ਹੈ, ਕਿਉਂਕਿ ਖ਼ਾਲਸਾ ਵਾਹਿਗੁਰੂ ਦਾ ਹੈ। ਦਸਮ ਪਿਤਾ ਨੇ ਖ਼ਾਲਸਾ, ਧਰਮ ਦੀ ਰੱਖਿਆ ਲਈ ਸਾਜਿਆ ਸੀ।



Digitized by Panjab Digital Library | www.panjabdigilib.org

ਦੁਖੀਆਂ ਦਰਦਮੰਦਾਂ ਦੀ ਸੇਵਾ ਅਤੇ ਗ਼ੁਲਾਮਾਂ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਕਟਣੀਆਂ ਇਹੋ ਇਸ ਦਾ ਧਰਮ ਸੀ। ਅੰਮ੍ਰਿਤ ਦੀ ਰਸਮ ਹੁਣ ਤਾਂ ਐਵੇਂ ਇਕ ਸ਼ਰਾਹ ਦਾ ਪ੍ਰਗਟਾਵਾ ਬਣਦੀ ਜਾ ਰਹੀ ਹੈ, ਪਰ ਇਹ ਨਾਮ-ਸਿਮਰਨ ਤੇ ਸੇਵਾ ਰਾਹੀਂ ਆਪਾ-ਨਿਵਾਰਨ ਦੀ ਪੌੜੀ ਸੀ। ਅੰਮ੍ਰਿਤ ਛਕਣ ਵੇਲੇ ਸਿੱਖ ਦੇ ਪੁਰਾਣੇ ਸਭ ਸਬੰਧ ਨਾਸ ਸਮਝੇ ਜਾਂਦੇ ਸਨ : ਕੁਲ-ਨਾਸ, ਕਿਰਤ-ਨਾਸ,ਨਾਮ-ਨਾਸ,ਧਰਮ-ਨਾਸ, ਸਭ ਕਰਮ ਨਾਸ। ਅਗਾਂਹ ਲਈ ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਦੇਵਾਂ, ਵਾਸੀ ਅਨੰਦਪੁਰ ਅਤੇ ਕਿਰਤ ਧਰਮ-ਰਖਿਆ। ਇਹ ਸੀ ਖ਼ਾਲਸੇ ਦੇ ਘਰ ਵਿਚ ਦਾਖ਼ਲ ਹੋਣ ਦਾ ਦਰਵਾਜ਼ਾ।

'ਸਿੱਖ ਤੇ ਸਿੱਖੀ' ਨੂੰ ਸਮਝਣ-ਪਰਖਣ ਵਿਚ ਮੇਰੇ ਤੇ ਮੇਰੇ ਵੀਰ ਮਾਸਟਰ ਤਾਰਾ ਸਿੰਘ ਦੇ ਸਾਧਨ ਵੱਖ ਵੱਖ ਸਨ। ਮਾਸਟਰ ਜੀ ਕਮਾਈ ਵਾਲੇ ਸਿੱਖ ਸਨ। ਜੋ ਉਨ੍ਹਾਂ ਦਾ ਵਿਸ਼ਵਾਸ ਸੀ ਓਹੋ ਉਹ ਕਮਾਂਦੇ ਸਨ ਅਤੇ ਉਸ ਵਿਚ ਹੀ ਉਹ ਵਿਸ਼ਵਾਸ ਰਖਦੇ ਸਨ। ਉਨ੍ਹਾਂ ਦੀ ਕਥਨੀ ਤੇ ਕਰਨੀ ਵਿਚ ਰੰਚਕ ਭਰ ਅੰਤਰ ਨਹੀਂ ਸੀ ਹੁੰਦਾ। ਉਹ ਸਿੱਖਾਂ ਲਈ ਜੀਂਦੇ ਸਨ ਤੇ ਸਿੱਖਾਂ ਲਈ ਮਰਨ ਨੂੰ ਭੀ ਸਦਾ ਤਿਆਰ ਰਹਿੰਦੇ ਸਨ। "ਮੈਂ ਮਰਾਂ, ਪੰਥ ਜੀਐ" ਉਨ੍ਹਾਂ ਦਾ ਆਦਰਸ਼ ਸੀ। ਪੰਥ ਤੋਂ ਉਨ੍ਹਾਂ ਦਾ ਭਾਵ ਸਿੱਖੀ ਮਾਰਗ ਨਹੀਂ, ਸਿੱਖ ਕੌਮ ਹੁੰਦਾ ਸੀ। ਸਿਖ ਦੀ ਬਰਾਬਰੀ ਦਾ, ਸੰਸਾਰ ਵਿਚ ਉਹ ਹੋਰ ਕਿਸੇ ਆਦਮੀ ਨੂੰ ਨਹੀਂ ਸਨ ਸਮਝਦੇ।

ਮੇਰੇ ਮਨ ਵਿਚ ਇਹ ਗੱਲ ਕੁਟ ਕੁਟ ਕੇ ਭਰੀ ਹੋਈ ਹੈ ਕਿ ਇਨਸਾਨ ਦੇ ਦੁਖਾਂ, ਔਕੜਾਂ, ਗੁੰਝਲਾਂ ਅਤੇ ਸੰਸਾਰ ਦੇ ਸਭ ਔਖੇ ਤੋਂ ਔਖੇ ਮੁਇਮਿਆਂ ਦਾ ਇੱਕੋ-ਇਕ ਹੱਲ ਸਿਮਰਨ ਤੇ ਸੇਵਾ ਦਾ ਜੀਵਨ ਹੈ ਅਤੇ ਇਹੋ ਇਕ ਪੱਕੀ ਸੜਕ ਹੈ ਜੋ ਸਤਿਜੁਗ ਦੇ ਮੰਡਲਾਂ ਨੂੰ ਜਾਂਦੀ ਹੈ। ਮੈਂ ਜਮਾਤਾਂ ਵਿਚ, ਸਮਾਗਮਾਂ ਵਿਚ, ਹਰ ਥਾਂ ਇਹੋ ਗੱਲ ਪਰਚਾਰਦਾ ਰਿਹਾ ਹਾਂ। ਸਿੱਖੀ ਖ਼ਿਆਲਾਂ ਦਾ ਨਾਂ ਨਹੀਂ,ਸਗੋਂ ਸਿੱਖੀ ਤਾਂ ਜੀਵਨ ਦਾ ਨਾਂ ਹੈ, ਕਮਾਈ ਦਾ ਨਾਂ ਹੈ। ਮੈਂ ਸਿੱਖੀ ਮਾਰਗ ਦਾ ਪਾਂਧੀ



Digitized by Panjab Digital Library | www.panjabdigilib.org

ਹਾਂ ਅਤੇ ਮਾਸਟਰ ਜੀ ਸਿਖ-ਪੰਥ ਦੇ ਮੁਦਈ।

ਪਰਮਾਤਮਾ ਦੀ ਗਤੀ ਅਗਮ-ਅਗਾਧ ਹੈ। ਕਿਸ ਤਰ੍ਹਾਂ ਉਹ ਸ੍ਰਿਸ਼ਟੀ ਨੂੰ ਰਚਦਾ ਹੈ ਅਤੇ ਕਿਸ ਤਰ੍ਹਾਂ ਚਲਾਉਂਦਾ ਹੈ। ਕਿਸ ਤਰ੍ਹਾਂ ਉਹ ਆਪਣੀ ਚਰਨ ਧੂੜ ਵਿਚੋਂ ਧਰਤੀ ਨੂੰ ਸਾਜਦਾ ਹੈ ਅਤੇ ਕਿਸ ਤਰ੍ਹਾਂ ਧਰਤੀ ਨੂੰ ਵਿਕਾਸ਼ ਕਰਾ ਕੇ ਇਨਸਾਨ ਬਣਾਉਂਦਾ ਹੈ ਅਤੇ ਕਿਸ ਤਰ੍ਹਾਂ ਇਨਸਾਨ ਨੂੰ ਵਿਕਾਸ ਕਰਾ ਕੇ ਫੇਰ ਈਸ਼ਵਰ ਬਣਾ ਕੇ ਆਪਣੇ ਵਿਚ ਲੀਨ ਕਰ ਲੈਂਦਾ ਹੈ। ਕਿਸ ਤਰ੍ਹਾਂ ਚਜ, ਸਿਆਣਪ ਅਤੇ ਸਹਿਨ-ਸੀਲਤਾ ਨਾਲ ਲੀਲ੍ਹਾ ਦਾ ਵਿਕਾਸ ਹੋ ਰਿਹਾ ਹੈ। ਇਸ ਬਚਿੱਤਰ ਲੀਲ੍ਹਾ ਨੂੰ ਵੇਖ ਕੇ ਇਨਸਾਨੀ ਅਕਲ ਤਾਂ ਦੰਗ ਹੋ ਜਾਂਦੀ ਹੈ।

"ਹਰਿ ਕੀ ਗਤਿ ਨਹਿ ਕੋਊ ਜਾਨੈ।

ਜੋਗੀ ਜਤੀ ਤਪੀ ਪਚਿ ਹਾਰੇ, ਅਰੁ ਬਹੁ ਲੋਗ ਸਿਆਨੇ।"

ਇਹ ਕੋਈ ਮਹਾਂ ਮੰਡਲ ਚਲ ਰਿਹਾ ਹੈ ਜਾਂ ਕੋਈ ਫੁਰਨਾ ਹੀ ਹੈ। ਜੇਮਜ਼ ਐਲਨ ਆਪਣੀ ਪੁਸਤਕ "ਮਿਸਟੀਰਅਸ ਯੂਨੀਵਰਸ" ਵਿਚ ਬੜੀ ਘੋਖ ਤੇ ਡੂੰਘੀ ਸੋਚ-ਵਿਚਾਰ ਦੇ ਬਾਅਦ ਲਿਖਦਾ ਹੈ ਕਿ ਇਹ ਸੰਸਾਰ ਇਕ ਵੱਡਾ ਚੌੜਾ ਮਸ਼ੀਨੀ-ਮੰਡਲ ਤਾਂ ਮੈਨੂੰ ਜਾਪਦਾ ਨਹੀਂ; ਮੈਨੂੰ ਤਾਂ ਇਹ ਇਕ ਅਦੁੱਤੀ ਫੁਰਨਾ ਹੀ ਭਾਸਦਾ ਹੈ। ਜਿਸ ਨੂੰ ਕੁਝ ਸਮਝ ਆਉਂਦੀ ਹੈ ਉਹ ਉਸ ਵਿਚ ਹੀ ਘੁਲ ਜਾਂਦਾ ਹੈ। ਲੂਣ ਦੀ ਖਿੱਟੀ ਸਮੁੰਦਰ ਦੀ ਤਹਿ ਦੀ ਸਾਰ ਲੈਣ ਟੁਰੀ। ਵਾਪਸ ਆ ਕੇ ਉਨ੍ਹੇ ਕੀ ਦਸਣਾ ਸੀ, ਵਿਚੇ ਹੀ ਘੁਲ-ਮਿਲ ਗਈ। ਇਹੋ ਹਾਲ ਇਨਸਾਨ ਦਾ ਹੈ।

ਦੋ ਸੌ ਕਰੋੜ ਸਾਲ ਹੋਏ ਕਿ ਧਰਤੀ ਸੂਰਜ ਤੋਂ ਵਖ ਹੋਈ। ਉਸ ਵੇਲੇ ਇਹ ਹਵਾੱ ਦਾ ਘੁੰਮਦਾ ਗੋਲਾ ਹੀ ਸੀ। ਇਸ ਗੋਲੇ ਨੂੰ ਠੰਢੇ ਹੁੰਦਿਆਂ ਅਤੇ ਧਰਤੀ ਦਾ ਰੂਪ ਧਾਰਦਿਆਂ ਸੌ ਕਰੋੜ ਸਾਲ ਲਗ ਗਏ। ਠੋਸ ਧਰਤੀ ਬਣੀ, ਸਮੁੰਦਰ ਬਣੇ, ਵਾਯੂ-ਮੰਡਲ ਬਣਿਆ। ਫੇਰ ਸਮੁੰਦਰ ਵਿਚ ਕਾਹੀ ਉਗੀ ਅਤੇ ਸਹਿਜੇ ਸਹਿਜੇ ਇਹ ਕਾਹੀ ਸਮੁੰਦਰ ਦੇ ਕੰਢੇ ਤੇ ਆ ਚੜ੍ਹੀ। ਫੇਰ ਕਾਹੀ ਦੀਆਂ ਬੂਟੀਆਂ ਬਣੀਆਂ,



Digitized by Panjab Digital Library | www.panjabdigilib.org

ਬੂਟੇ ਬਣੇ ਅਤੇ ਅੰਤ ਨੂੰ ਸਾਰੀ ਧਰਤੀ ਬੜੇ ਬੜੇ ਉੱਚੇ ਲੰਬੇ ਅਤੇ ਭਾਰੇ ਦਰੱਖ਼ਤਾਂ ਨਾਲ ਭਰਪੂਰ ਹੋ ਗਈ । ਇਹ ਸਾਰਾ ਕੰਮ ਕਰੋੜਾਂ ਸਾਲਾਂ ਵਿਚ ਹੋਇਆ ਅਤੇ ਕਰੋੜਾਂ ਸਾਲ ਹੀ ਧਰਤੀ ਮਹਾਂ ਦਰੱਖ਼ਤਾਂ ਨਾਲ ਢਕੀ ਰਹੀ। ਫੇਰ ਬੜੇ ਭੁਚਾਲ ਆਉਣੇ ਸ਼ੁਰੂ ਹੋਏ। ਸਮੁੰਦਰਾਂ ਦੇ ਪਹਾੜ ਬਣ ਗਏ ਅਤੇ ਪਹਾੜਾਂ ਦੇ ਸਮੁੰਦਰ ਬਣ ਗਏ । ਦਰੱਖ਼ਤ ਜ਼ਮੀਨ ਵਿਚ ਦਬਦੇ ਜਾਣ, ਹੋਰ ਉਗਦੇ ਜਾਣ। ਇਹ ਕਾਰਬੋਨੀਫਰਸ ਪੀਰੀਅਡ ਕਰੋੜਾਂ ਸਾਲ ਹੀ ਰਿਹਾ ਅਤੇ ਜੋ ਧਰਤੀ ਵਿਚੋਂ ਕੋਇਲੇ ਅਤੇ ਤੇਲ ਦੇ ਭੰਡਾਰ ਮਿਲਦੇ ਹਨ ਉਹ ਇਨ੍ਹਾਂ ਦਬੇ ਹੋਏ ਦਰੱਖ਼ਤਾਂ ਦੇ ਹੀ ਬਣੇ ਹੋਏ ਹਨ।

ਹਵਾ ਦੇ ਗੋਲੇ ਤੋਂ ਧਰਤੀ ਬਣੀ, ਸਮੁੰਦਰ ਬਣਿਆ। ਸਮੁੰਦਰ ਵਿਚ ਕਾਹੀ ਉਗੀ, ਕਾਹੀ ਸਮੁੰਦਰ ਤੋਂ ਧਰਤੀ ਤੇ ਫੈਲ ਗਈ। ਵਿਕਾਸ ਜਾਰੀ ਰਿਹਾ ਅਤੇ ਫੇਰ ਬੂਟੀਆਂ ਬਣੀਆਂ, ਬੂਟੇ ਬਣੇ, ਬੜੇ ਬੜੇ ਦਰੱਖ਼ਤ ਬਣੇ। ਵਿਕਾਸ ਆਪਣੀ ਧੀਮੀ ਪਰ ਦ੍ਰਿੜ੍ਹ ਚਾਲ ਨਾਲ ਚਲਦਾ ਰਿਹਾ। ਹੁਣ ਜਾਨਵਰਾਂ ਦੀ ਵਾਰੀ ਆਈ। ਅਮੀਬਾ ਬਣਿਆ। ਛੋਟੇ ਛੋਟੇ ਜਾਨਵਰ ਆਏ। ਫੇਰ ਵੱਡੇ ਵੱਡੇ ਪੈਦਾ ਹੋਏ। ਫੇਰ ਧਰਤੀ ਅਤੇ ਸਮੁੰਦਰ ਦੋਹਾਂ ਤੇ ਦੇਵਾਂ ਵਰਗੇ ਜਾਨਵਰ ਹੋਂਦ ਵਿਚ ਆਏ। ਇਹ ਜ਼ਮਾਨਾਂ ਭੀ ਕਰੋੜਾਂ ਸਾਲਾਂ ਰਿੜ੍ਹਦਾ ਗਿਆ। ਆਖ਼ਰ ਬਾਂਦਰ ਪੈਦਾ ਹੋਏ। ਬਨਮਾਣੂ ਜ਼ਹੂਰ ਵਿਚ ਆਇਆ। ਅੰਤ ਨੂੰ ਕੋਈ ਦਸ ਲੱਖ ਸਾਲ ਹੋਏ ਹਨ ਕਿ ਦੋਹਾਂ ਲੱਤਾਂ ਅਤੇ ਦੋਹਾਂ ਬਾਹਵਾਂ ਵਾਲੇ ਅਤੇ ਸੁਖੱੜ ਖੜੇ ਕੇ ਟੁਰਨ ਵਾਲੇ ਇਨਸਾਨ ਨੇ ਜਨਮ ਲਿਆ। ਇਨਸਾਨ ਅਜੇ ਬਚਪਨ ਵਿਚ ਹੈ। ੨੦੦ ਕਰੋੜ ਦੀ ਆਰਬਲਾ ਵਾਲੀ ਧਰਤੀ ਉਤੇ ਇਨਸਾਨ ਨੂੰ ਬਣਿਆਂ ਕੇਵਲ **1/10** ਕਰੋੜ ਸਾਲ ਹੀ ਹੋਏ ਹਨ।

ਇਨਸਾਨ ਨਿਮਾਣਾ ਜਿਹਾ ਜੀਵ ਸੀ। ਨਾ ਇਸ ਦੇ ਝੋਟਿਆਂ ਵਰਗੇ ਸਿੰਗ, ਨਾ ਇਸ ਦੀ ਹਾਥੀ ਵਰਗੀ ਸੁੰਢ, ਨਾ ਇਸ ਦ ਸ਼ੇਰ ਵਰਗੇ ਦੰਦ, ਨਾ ਇਸ ਦੀ ਬਾਂਦਰ ਵਰਗੀ ਪੂਛ, ਜਿਹੜੀ ਦਰੱਖ਼ਤਾਂ ਤੇ ਕੁਦਦਿਆਂ ਇਸ ਦੇ ਸਰੀਰ ਦਾ ਸੰਤੁਲਣ ਕਾਇਮ ਰਖ ਸਕੇ। ਕੰਦਰਾਂ



Digitized by Panjab Digital Library | www.panjabdigilib.org

ਵਿਚ ਇਹ ਰਹਿੰਦਾ ਸੀ ਅਤੇ ਆਪਣੀ ਉਪਜੀਵਕਾ ਲਈ ਇਸ ਨੂੰ ਕਾਫ਼ੀ ਜਦੋ-ਜਿਹਦ ਕਰਨੀ ਪੈਂਦੀ ਸੀ। ਕਾਫ਼ੀ ਔਖਾ ਹੋਇਆ, ਪਰ ਕੁਦਰਤ ਨੇ ਇਹ ਐਸੀ ਕਲਾ ਬਣਾਈ ਹੈ ਕਿ ਔਖ ਵਿਚੋਂ ਹੀ ਕੁਝ ਨਿਕਲਦਾ ਹੈ। ਇਨਸਾਨ ਨੂੰ ਕੁਦਰਤ ਨੇ ਇਕ ਅਦੁੱਤੀ ਦਾਤ ਬਖ਼ਸ਼ੀ ਹੋਈ ਸੀ ਜਿਹੜੀ ਕਿਸੇ ਹੋਰ ਪਸ਼ੂ ਸ਼੍ਰੇਣੀ ਨੂੰ ਨਸੀਬ ਨਹੀਂ ਸੀ ਹੋਈ। ਉਹ ਦਾਤ ਸੀ ਸੋਚ ਦੀ, ਅਕਲ ਦੀ। ਜਿਉਂ ਜਿਉਂ ਇਸ ਨੂੰ ਔਕੜਾਂ ਆਉਣ, ਇਨਸਾਨ ਇਸ ਅਕਲ ਦੇ ਹਥਿਆਰ ਨੂੰ ਵਰਤੇ। ਆਪਣੀ ਸਹਾਇਤਾ ਲਈ ਪਹਿਲਾਂ ਇਸ ਨੇ ਪੱਥਰ ਦੇ ਹਥਿਆਰ ਬਣਾਏ, ਫੇਰ ਤਾਂਬੇ ਦੇ, ਫੇਰ ਤੀਰ ਕਮਾਨ ਬਣੇ। ਇਹ ਸਿਲਸਿਲਾ ਅਜੇ ਤਕ ਜਾਰੀ ਹੈ। ਹੁਣ ਇਨਸਾਨ ਆਪਣੇ ਭਰਾ ਇਨਸਾਨ ਦੇ ਖ਼ਿਲਾਫ਼ ਵਰਤਣ ਲਈ ਐਸੇ ਹਥਿਆਰ ਬਣਾ ਰਿਹਾ ਹੈ ਜਿਹੜੇ ਸਾਰੀ ਆਦਮ-ਜਾਤੀ ਨੂੰ ਦਿਨਾਂ ਵਿਚ ਹੀ ਖ਼ਤਮ ਕਰ ਸਕਦੇ ਹਨ। ਦੂਜੇ ਪਾਸੇ ਇਕ ਹੋਰ ਮਾਰਗ ਦਾ ਅਰੰਭ ਹੋਇਆ। ਸੋਚ ਨੇ ਇਸ ਨੂੰ ਦੱਸਿਆ ਕਿ ਦਸ ਆਦਮੀ ਦਾ ਇਕੱਠਾ ਬਲ ਦਸ ਆਦਮੀਆਂ ਦੇ ਵਖੋ ਵੱਖਰੇ ਬਲ ਨਾਲੋਂ ਕਈ ਗੁਣਾ ਵਧ ਕਾਰਗਰ ਹੁੰਦਾ ਹੈ। ਸੰਗਠਣ ਹੋਣਾ ਸ਼ੁਰੂ ਹੋਇਆ। ਪਹਿਲਾਂ ਟੱਬਰ ਬਣੇ, ਫੇਰ ਕਬੀਲੇ, ਫੇਰ ਰਿਆਸਤਾਂ ਤੇ ਰਾਜੇ। ਇਹ ਆਪਾ-ਪਸਾਰ ਦਾ ਸਿਲਸਿਲਾ ਹੈ। ਇਹ ਰਾਹ ਹੀ ਇਨਸਾਨੀ ਵਿਕਾਸ ਦਾ ਮਾਰਗ ਹੈ। ਕਿੱਥੇ ਹਵੱਾਂ ਦਾ ਗੋਲਾ ਅਤੇ ਕਿੱਥੇ ਦੂਜਿਆਂ ਨਾਲ ਮਿਲ ਕੇ ਰਹਿਣ ਵਾਲਾ ਅਤੇ ਦੂਜਿਆਂ ਨੂੰ ਮੁਹੱਬਤ ਪਿਆਰ ਕਰਨ ਵਾਲਾ ਇਨਸਾਨ। ਥੋੜੇ ਜਹੇ ਅਰਸੇ ਵਿਚ ਕਾਫ਼ੀ ਫ਼ਾਸਲਾ ਤਹਿ ਹੋਇਆ ਹੈ ਪਰ ਅਜੇ ਪੈਂਡਾ ਬੜਾ ਲੰਬਾ ਹੈ ਅਤੇ ਇਸ ਦਾ ਅੰਤਮ ਪੜਾਅ ਬੜੀ ਦੂਰ ਹੈ।

ਪੰਜ ਛੇ ਹਜ਼ਾਰ ਸਾਲ ਹੋਏ ਕਿ ਇਨਸਾਨ ਨੇ ਪੜ੍ਹਨਾ ਲਿਖਣਾ ਸ਼ੁਰੂ ਕੀਤਾ ਅਤੇ ਸਭਿਅਤਾ ਦੀ ਪਰੰਪਰਾ ਸ਼ੁਰੂ ਹੋਈ, ਟਿਕ ਕੇ ਇਕ ਥਾਂ ਤੇ ਘਰ ਬਣਾ ਕੇ ਬਹਿਣਾ ਸ਼ੁਰੂ ਹੋਇਆ ਅਤੇ ਠੁਕ ਤੇ ਆਬਰੂ ਵਾਲੇ ਸਮਾਜਕ ਜੀਵਨ ਦਾ ਅਰੰਭ ਹੋਇਆ। ਇਨਸਾਨੀ ਜੀਵਨ ਦਾ



Digitized by Panjab Digital Library | www.panjabdigilib.org

ਮੰਤਵ ਸੀਮਤ ਅਪਣੱਤ ਨੂੰ ਅਸੀਮਤ ਬਣਾਉਂਦਾ ਹੈ ਅਤੇ ਇਹ ਵਿਕਾਸ ਰਾਹੀਂ ਸਹਿਜੇ ਸਹਿਜੇ ਅਤੇ ਪੜਾਉ-ਪੜਾਂ ਹੁੰਦਾ ਹੈ। ਘਟੀਆ ਇਨਸਾਨ ਆਪਣੇ ਭੋਗਾਂ ਲਈ, ਖ਼ਾਹਸ਼ਾਂ ਲਈ ਅਥਵਾ ਆਪਣੇ ਲਈ ਹੀ ਜੀਉਂਦਾ ਅਤੇ ਮਰਦਾ ਹੈ। ਇਸ ਤੋਂ ਉੱਚਾ ਦਰਜਾ ਉਸ ਇਨਸਾਨ ਦਾ ਹੁੰਦਾ ਹੈ ਜਿਸ ਦੀ ਅਪਣੱਤ ਆਪਣੇ ਸਰੀਰ ਤੋਂ ਫੈਲ ਕੇ ਟੱਬਰ ਤੱਕ ਜਾ ਪਹੁੰਚਦੀ ਹੈ। ਇਸੇ ਤਰ੍ਹਾਂ ਆਪਾ-ਪਸਾਰ ਜਾਰੀ ਰਹਿੰਦਾ ਹੈ। ਸੰਸਾਰ ਉਨ੍ਹਾਂ ਸੂਰਮਿਆਂ ਨੂੰ ਪੂਜਦਾ ਹੈ ਜਿਹੜੇ ਆਪਣੇ ਦੇਸ ਜਾਂ ਧਰਮ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦੇਂਦੇ ਹਨ। ਅਜੇ ਤੱਕ ਸੰਸਾਰ ਦੇ ਚੰਗੇ ਉੱਚੇ ਲੋਕ ਆਪਣੇ ਮੁਲਕ ਦੇ ਸ਼ਹਿਰੀ ਬਣਨ ਦੇ ਪੜਾਂ ਤੱਕ ਪਹੁੰਚੇ ਹਨ। ਉਨ੍ਹਾਂ ਆਪਣੀ ਅਪਣੱਤ ਨੂੰ ਐਨਾ ਖੁਲ੍ਹਾ ਕਰ ਲਿਆ ਹੈ ਕਿ ਦੇਸ ਦੀ ਅਪਣੱਤ ਉਹਦੇ ਵਿਚ ਸਮਾ ਗਈ ਹੈ। ਹੁਣ ਲੋਕੀਂ ਇਕ ਦੁਨੀਆ ਅਤੇ ਇਕ ਇਨਸਾਨੀਅਤ ਦੇ ਸੁਪਨੇ ਲੈਣ ਲਗ ਪਏ ਹਨ ਅਤੇ ਉਹ ਸਮਾਂ ਦੂਰ ਨਹੀਂ ਜਦ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦਾ ਜਜ਼ਬਾ ਹੀ ਪ੍ਰਧਾਨ ਹੋ ਜਾਇਗਾ।

ਅਜ਼ਾਦੀ ਅਤੇ ਦੇਸ-ਪਿਆਰ ਦਾ ਜਜ਼ਬਾ ਪਹਿਲਾਂ ਪੱਛਮ ਵਿਚ ਪੁੰਗਰਿਆ ਸੀ ਅਤੇ ਪੱਛਮੀ ਦੇਸਾਂ ਤੋਂ ਹੀ ਦੂਜੇ ਦੇਸਾਂ ਨੂੰ ਇਸ ਦੀ ਜਾਗ ਲੱਗੀ ਹੈ। ਸਾਡਾ ਦੇਸ ਇਕ ਮਹਾਂ ਦੀਪ ਹੈ। ਇਸ ਵਿਚ ਨਾ ਇਕ ਦੇਸ ਸੀ, ਨਾ ਇਕ ਦੇਸ-ਪਿਆਰ। ਵਖੋ-ਵਖਰੀਆਂ ਰਿਆਸਤਾਂ ਸਨ ਅਤੇ ਵਖੋ ਵਖਰੇ ਰਾਜੇ, ਜਿਹੜੇ ਆਪਣੇ ਭੋਗਾਂ-ਬਿਲਾਸਾਂ ਵਿਚ ਹੀ ਗ਼ਲਤਾਨ ਰਹਿੰਦੇ ਸਨ। ਸਰੀਰਕ, ਮਾਨਸਕ ਅਤੇ ਆਤਮਕ ਤੌਰ ਤੇ ਇਨਸਾਨ ਇਨਸਾਨ ਵਿਚ ਕਾਫ਼ੀ ਫ਼ਰਕ ਹੁੰਦਾ ਹੈ। ਕਈਆਂ ਦੀ ਕਾਇਆਂ ਬੜੀ ਬਲਵਾਨ ਹੁੰਦੀ ਹੈ, ਕਈਆਂ ਦੀ ਦੁਰਬਲ। ਕਈ ਬੜੇ ਲਾਇਕ ਅਤੇ ਦਿਮਾਗ਼ੀ ਹੁੰਦੇ ਹਨ ਅਤੇ ਕਈ ਨਿਰੇ ਹੀ ਉੱਲੂ। ਕਈ ਆਤਮਕ ਮੰਡਲਾਂ ਵਿਚ ਉੱਚੀਆਂ ਉਡਾਰੀਆਂ ਲੈਣ ਵਾਲੇ ਮਹਾਂ ਪੁਰਸ਼ ਅਤੇ ਕਈ ਐਸੇ ਭੀ ਹੁੰਦੇ ਹਨ ਜਿਨ੍ਹਾਂ ਦੀ ਆਤਮਾ



Digitized by Panjab Digital Library | www.panjabdigilib.org

ਜੇ ਮੋਈ ਹੋਈ ਨਹੀਂ, ਤਾਂ ਘਟੋ ਘਟ ਸੁੱਤੀ ਹੋਈ ਜ਼ਰੂਰ ਹੁੰਦੀ ਹੈ।

ਇਨਸਾਨ ਸਰੀਰ, ਮਨ ਅਤੇ ਆਤਮਾ ਦਾ ਇਕੱਠ ਹੈ ਅਤੇ ਇਨ੍ਹਾਂ ਤਿੰਨਾਂ ਭਾਗਾਂ ਦਾ ਇੱਕ-ਸਾਰ ਵਿਕਾਸ ਹੀ ਇਸ ਨੂੰ ਸੁਖ ਅਤੇ ਅਰੋਗਤਾ ਬਖ਼ਸ਼ਦਾ ਹੈ, ਪਰ ਜਿੰਨਾ ਕੋਈ ਭਾਗ ਸੂਖਮ ਹੋਵੇ ਉੱਨੀ ਹੀ ਉਸ ਦੀ ਮਹਾਨਤਾ ਜ਼ਿਆਦਾ ਹੁੰਦੀ ਹੈ। ਮਨ ਸਰੀਰ ਨਾਲੋਂ ਜ਼ਿਆਦਾ ਸੂਖਮ ਹੈ ਅਤੇ ਆਤਮਾ ਮਨ ਨਾਲੋਂ ਭੀ ਜ਼ਿਆਦਾ।

ਜੀਵਨ-ਵਿਕਾਸ ਲਹਿਰ ਕਈ ਰੂਪ ਧਾਰਦੀ ਹੈ ਅਤੇ ਕਈ ਮੋੜ ਤੇ ਵਲੇਵੇਂ ਖਾਂਦੀ ਅਗਾਂਹ ਤੁਰੀ ਜਾਂਦੀ ਹੈ। ਸਾਡੇ ਦੇਸ ਵਿਚ ਵੇਦਾਂ ਦੇ ਜ਼ਮਾਨੇ ਤੋਂ ਲੈ ਕੇ ਆਤਮਕ ਜੀਵਨ ਦਾ ਬਹੁਤ ਚਰਚਾ ਰਿਹਾ ਹੈ। ਜਿਹੋ ਜਿਹਾ ਕਿਸੇ ਦੇਸ ਦਾ ਵਾਯੂ-ਮੰਡਲ ਹੋਵੇ ਤੇ ਜਿਹੋ ਜਿਹੀ ਪਰੰਪਰਾ ਹੋਵੇ, ਮਹਾਂ ਪੁਰਸ਼ ਭੀ ਉਸੇ ਰੂਪ ਵਿਚ ਪਰਗਟ ਹੁੰਦੇ ਹਨ।

ਸਾਡੇ ਦੇਸ ਨੇ ਬੜੇ ਬੜੇ ਰਿਸ਼ੀ ਮੁਨੀ, ਗੁਰੂ ਪੈਗ਼ੰਬਰ ਅਤੇ ਅਵਤਾਰ ਪੈਦਾ ਕੀਤੇ ਹਨ। ਇਨ੍ਹਾਂ ਸਾਰਿਆਂ ਨੇ ਭੁਲੇ-ਭਟਕਦੇ ਲੋਕਾਂ ਨੂੰ ਸੁਖ, ਸ਼ਾਂਤੀ ਅਤੇ ਪ੍ਰੇਮ ਦਾ ਮਾਰਗ ਦੱਸਿਆ। ਇਹ ਮਾਰਗ ਵਖੋ-ਵੱਖਰੇ ਧਰਮ ਬਣਦੇ ਗਏ।

ਸਹਿਜੇ ਸਹਿਜੇ ਇਹ ਵਖੋ-ਵੱਖਰੇ ਮਜ਼ਹਬ ਵੱਖ ਵੱਖ ਫ਼ਿਰਕੇ ਬਣ ਗਏ। ਸੇਵਾ, ਪ੍ਰੇਮ, ਸ਼ਾਂਤੀ ਦਾ ਸਬਕ ਤਾਂ ਹੌਲੇ ਹੌਲੇ ਇਹ ਭੁੱਲਦੇ ਗਏ ਅਤੇ ਆਪਣੇ ਹਿੱਤਾਂ ਦੀ ਰਾਖੀ ਲਈ ਇਹ ਵਖੋ-ਵੱਖਰੇ ਟੋਲੇ ਬਣ ਗਏ। ਜਦ ਅੰਗਰੇਜ਼ ਇਥੇ ਆਏ ਤਾਂ ਆਪਣਾ ਰਾਜ-ਪਰਬੰਧ ਚਲਾਣ ਲਈ ਉਨ੍ਹਾਂ ਸਾਰੇ ਭਾਗਾਂ ਨੂੰ ਇਕੱਠਿਆਂ ਕਰ ਕੇ ਇਕ ਦੇਸ ਬਣਾਇਆ, ਪਰ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੇ ਫ਼ਿਰਕਾ-ਦਾਰਾਨਾ ਬੀਜ ਬੀਜਣਾ ਸ਼ੁਰੂ ਕਰ ਦਿੱਤਾ। ਫਲ-ਸਰੂਪ ਹਰ ਕੰਮ ਵਿਚ ਉਹ ਫ਼ਿਰਕਾ-ਦਾਰਾਨਾ ਵੰਡੀਆਂ ਹੀ ਵੰਡਦੇ ਰਹੇ। ਹਿੰਦੂ ਵਖਰੇ, ਮੁਸਲਮਾਨ ਵਖਰੇ, ਸਿਖ ਵਖਰੇ, ਈਸਾਈ ਵਖਰੇ। ਇਹ ਵਖੇਵਾਂ ਦਿਨੋ-ਦਿਨ ਵਧਦਾ ਗਿਆ। ਅਜੇ ਭੀ ਦੇਸ-ਭਗਤੀ ਦਾ ਜਜ਼ਬਾ ਤਾਂ ਵਿਰਲਿਆਂ



Digitized by Panjab Digital Library | www.panjabdigilib.org

ਆਦਮੀਆਂ ਵਿਚ ਹੀ ਹੋਵੇਗਾ। ਮੁਸਲਮਾਨ ਮੁਸਲਮਾਨ ਹਨ, ਹਿੰਦੂ ਹਿੰਦੂ ਅਤੇ ਸਿਖ ਸਿਖ। ਸਮੁੱਚੇ ਤੌਰ ਤੇ ਦੇਸ਼-ਭਗਤੀ ਦਾ ਜਜ਼ਬਾ ਅਜੇ ਭਵਿੱਖ ਵਿਚ ਹੀ ਵਿਕਸਤ ਹੋਵੇਗਾ। ਸਾਰੇ ਫ਼ਿਰਕਿਆਂ ਦੀ ਬਹੁ-ਗਿਣਤੀ ਵਿਚ ਫ਼ਿਰਕੇਦਾਰਾਨਾ ਜਜ਼ਬਾ ਹੀ ਕੰਮ ਕਰ ਰਿਹਾ ਹੈ। ਕੁਝ ਬੰਦੇ ਹਰ ਫ਼ਿਰਕੇ ਵਿਚ ਉੱਚੀ ਅਵਸਥਾ ਦੇ ਅਤੇ ਕੁਝ ਇਸ ਫ਼ਿਰਕੇਦਾਰੀ ਦੇ ਜਜ਼ਬੇ ਤੋਂ ਨੀਵੀਂ ਅਵਸਥਾ ਵਿਚ ਭੀ ਹੋਣਗੇ।

ਸਭ ਆਗੂਆਂ ਦੀ ਕੁਦਰਤੀ ਲਾਲਸਾ ਅੰਗਰੇਜ਼ਾਂ ਤੋਂ ਦੇਸ ਦੇ ਸਭ ਫ਼ਿਰਕਿਆਂ ਨੂੰ ਮੁਕਤ ਕਰਾਣ ਦੀ ਸੀ, ਇਸੇ ਲਈ ਅਜ਼ਾਦੀ ਦੀ ਲਹਿਰ ਵਿਚ ਉਹ ਆਮ ਤੌਰ ਤੇ ਦੇਸ਼-ਭਗਤਾਂ ਦਾ ਸਾਥ ਦੇਂਦੇ ਰਹੇ। ਜਿਸ ਤਰ੍ਹਾਂ ਮੁਹੰਮਦ ਅਲੀ ਜਿਨਾਹ ਮੁਸਲਮਾਨਾਂ ਦਾ ਆਗੂ ਬਣਿਆ, ਖ਼ਾਨ ਅਬਦੁਲ ਗ਼ੁਫ਼ਾਰ ਖ਼ਾਨ ਪਠਾਣਾਂ ਦਾ, ਸ਼ੇਖ਼ ਅਬਦੁੱਲਾ ਕਸ਼ਮੀਰੀ ਮੁਸਲਮਾਨਾਂ ਦਾ, ਉਸੇ ਤਰ੍ਹਾਂ ਮਾਸਟਰ ਤਾਰਾ ਸਿੰਘ ਸਿੱਖਾਂ ਦਾ। ਦੇਸ ਵਿਚ ਹਿੰਦੂਆਂ ਦੀ ਭਾਰੀ ਬਹੁ-ਗਿਣਤੀ ਹੋਣ ਕਰਕੇ ਇਹ ਭੁਲੇਖਾ ਪੈ ਜਾਂਦਾ ਹੈ ਕਿ ਕੇਵਲ ਹਿੰਦੂ ਹੀ ਦੇਸ਼-ਭਗਤ ਹਨ। ਇਹ ਗੱਲ ਦਰੁਸਤ ਨਹੀਂ। ਸਰਦਾਰ ਪਟੇਲ, ਮਾਸਟਰ ਤਾਰਾ ਸਿੰਘ ਜਾਂ ਸ਼ੇਖ਼ ਅਬਦੁਲੇ ਨਾਲੋਂ ਘੱਟ ਫ਼ਿਰਕੂ ਨਹੀਂ ਸੀ।

ਸੱਚੀ ਗੱਲ ਤਾਂ ਇਹ ਹੈ ਕਿ ਸਾਡੇ ਦੇਸ ਦਾ ਵਿਕਾਸ ਹੀ ਇਸ ਪੜਾਅ ਤਕ ਪਹੁੰਚਿਆ ਹੈ। ਧਰਤੀ ਤੋਂ ਸ਼ੁਰੂ ਹੋ ਕੇ ਬ੍ਰਿਛ ਬੂਟੇ ਬਣੇ, ਫੇਰ ਜਾਨਵਰ ਬਣੇ, ਫੇਰ ਆਦਮੀ ਬਣਿਆ ਅਤੇ ਆਦਮੀ ਭੀ ਵਿਕਾਸ ਕਰਦਾ ਕਰਦਾ ਫ਼ਿਰਕੇਦਾਰਾਨਾ ਸੀਮਾ ਤਕ ਆਪਣੇ ਆਪ ਨੂੰ ਲੈ ਆਇਆ ਹੈ। ਇਹ ਹੀ ਬੜੀ ਗੱਲ ਹੈ।

ਸਿੱਖੀ ਦੇ ਦ੍ਰਿਸ਼ਟੀਕੋਣ ਤੋਂ, ਸਿੱਖਾਂ ਦੇ ਭਲੇ ਦੇ ਰਾਹ ਵਿਚ ਫ਼ਿਰਕਾਦਾਰਾਨਾ ਜਜ਼ਬਾ ਇਕ ਤਿਲ੍ਹਕਣੀ ਘਾਟੀ ਹੈ ਅਤੇ ਇਸ ਵਿਚ ਡਿਗਣ ਦਾ ਸਦਾ ਹੀ ਖ਼ਤਰਾ ਰਹਿੰਦਾ ਹੈ। ਸਿੱਖੀ ਜੀਵਨ ਦੀ



Digitized by Panjab Digital Library | www.panjabdigilib.org

ਸੰਪੂਰਨਤਾ ਤਾਂ ਕਿਸੇ ਵਿਰਲੇ ਭਾਗਾਂ ਵਾਲੇ ਨੂੰ ਨਸੀਬ ਹੁੰਦੀ ਹੋਵੇਗੀ, ਪਰ ਜਿਨ੍ਹਾਂ ਨੂੰ ਦਿਮਾਗ਼ੀ ਤੌਰ ਤੇ ਭੀ ਸਿੱਖੀ ਮਾਰਗ ਤੇ ਵਿਸ਼ਵਾਸ ਹੈ ਉਨ੍ਹਾਂ ਲਈ ਜੀਵਨ-ਯਾਤਰਾ ਔਖੀ ਘਾਟੀ ਬਿਖੜਾ ਪੈਂਡਾ ਤਾਂ ਜ਼ਰੂਰ ਹੈ, ਪਰ ਉਨ੍ਹਾਂ ਦੇ ਰਾਹ ਵਿਚ ਤਿਲ੍ਹਕਣ ਨਹੀਂ ਰਹਿੰਦੀ।

## ੬

# ਅਕਾਲੀ ਲਹਿਰ ਦਾ ਮੁੱਢ

ਸੰਸਾਰ ਦੇ ਆਦਮੀ ਜਦ ਭੀ ਕੋਈ ਕੰਮ ਕਰਦੇ ਹਨ ਤਾਂ ਉਸ ਕੰਮ ਦੇ ਪਿੱਛੇ ਉਨ੍ਹਾਂ ਦਾ ਕੋਈ ਸਪੱਸ਼ਟ ਰੂਪ ਵਿਚ ਜਾਂ ਗੁੱਝਾ ਸੁਆਰਥ ਹੁੰਦਾ ਹੈ। ਕੋਈ ਵਿਰਲੇ ਹੀ ਐਸੇ ਹੁੰਦੇ ਹਨ ਜਿਹੜੇ ਗ਼ਰਜ਼ਾਂ ਤੋਂ ਉੱਚੇ ਵਿਚਰਦੇ ਹਨ ਅਤੇ ਦੂਜਿਆਂ ਦੀ ਨਿਸ਼ਕਾਮ ਸੇਵਾ ਕਰ ਕੇ ਆਪਣਾ ਜੀਵਨ ਸਫ਼ਲ ਕਰਦੇ ਹਨ। ਇਹ ਦੂਜੀ ਸ਼੍ਰੇਣੀ ਦੇ ਆਦਮੀ ਲੋਕਾਂ ਦੇ ਮਨ ਜਿੱਤ ਲੈਂਦੇ ਹਨ। ਮਾਸਟਰ ਤਾਰਾ ਸਿੰਘ ਦਾ ੧੫) ਮਹੀਨਾ ਲੈ ਕੇ ਹੈੱਡਮਾਸਟਰੀ ਕਰਨੀ ਅਤੇ ਐਸੀ ਲਗਨ ਨਾਲ ਕੰਮ ਕਰਨਾ ਕਿ ਆਪਣਾ ਆਪ ਹੀ ਭੁਲਾ ਦੇਣਾ, ਇਸ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਲਾਇਲਪੁਰ ਜ਼ਿਲੇ ਦੀ ਸਿੱਖ ਜਨਤਾ ਵਿਚ ਉਨ੍ਹਾਂ ਲਈ ਕਾਫ਼ੀ ਸ਼ਰਧਾ ਪੈਦਾ ਕਰ ਦਿੱਤੀ ਸੀ। ਇਸੇ ਦਾ ਸਦਕਾ ਸੀ ਕਿ ਉਨ੍ਹਾਂ ਦੇ ਦੁਆਲੇ ਇਕ ਤਕੜਾ ਗਰੁੱਪ ਬਣ ਗਿਆ ਸੀ, ਜਿਸ ਨੂੰ ਲਾਇਲਪੁਰ-ਗਰੁੱਪ ਦਾ ਨਾਂ ਦਿੱਤਾ ਜਾਂਦਾ ਸੀ।

ਮਾਸਟਰ ਤਾਰਾ ਸਿੰਘ ਤਾਂ ਅੰਗਰੇਜ਼ੀ ਸਰਕਾਰ ਦਾ ਬਾਗ਼ੀ



Digitized by Panjab Digital Library | www.panjabdigilib.org

ਗਿਣਿਆ ਹੀ ਜਾਂਦਾ ਸੀ, ਸਰਦਾਰ ਹਰਚੰਦ ਸਿੰਘ ਗੁਰਦਵਾਰਾ ਰਕਾਬ ਗੰਜ ਦੀ ਦੀਵਾਰ ਦਾ ਸਵਾਲ ਉਠਾਣ ਕਰਕੇ ਵੱਡਾ ਬਾਗ਼ੀ ਬਣ ਗਿਆ ਅਤੇ ਉਸ ਉੱਤੇ ਇਕ ਪੁਲਸ ਦਾ ਆਦਮੀ ਸਿਕੰਦਰ ਲਾਲ ਹਰ ਵੇਲੇ ਲੱਗਾ ਰਹਿੰਦਾ ਸੀ। ਜੇ ਸ: ਹਰਚੰਦ ਸਿੰਘ ਘਰ ਹੋਵੇ ਤਾਂ ਸਿਕੰਦਰ ਲਾਲ ਕੋਠੀ ਦੇ ਬਾਹਰ ਬੈਠਾ ਰਹਿੰਦਾ ਸੀ ਅਤੇ ਜੇ ਬਾਹਰ ਜਾਏ ਤਾਂ ਨਾਲ ਜਾਂਦਾ ਸੀ। ਇਨ੍ਹਾਂ ਗੱਲਾਂ ਕਰਕੇ ਅੰਗਰੇਜ਼ੀ ਸਰਕਾਰ ਨੇ ਸ: ਹਰਚੰਦ ਸਿੰਘ ਨੂੰ ਧਕੋ-ਧੱਕੀ ਬਾਗ਼ੀ ਬਣਾ ਦਿੱਤਾ।

ਸ: ਹਰਚੰਦ ਸਿੰਘ ਦੇ ਸ਼ਹਿਰ ਦੇ ਬਿਲਕੁਲ ਨਾਲ ਜੁੜੇ ਹੋਏ ਦਸ ਮੁਰੱਬੇ ਸਨ। ਉਨ੍ਹੀਂ ਦਿਨੀਂ ਨਰਮੇ ਦੀ ਕੀਮਤ ਚੜ੍ਹਨ ਕਰਕੇ ਮੁਰੱਬਿਆਂ ਵਾਲਿਆਂ ਦੀ ਆਮਦਨ ਕਾਫ਼ੀ ਵਧ ਗਈ ਸੀ। ਸ: ਹਰਚੰਦ ਸਿੰਘ ਦੀ ਜ਼ਮੀਨ ਤਾਂ ਸੋਨਾ ਸੀ, ਜੋ ਬੜੀ ਆਮਦਨ ਦੇਂਦੀ ਸੀ। ਸ: ਹਰਚੰਦ ਸਿੰਘ ਦਾ ਉਨ੍ਹੀਂ ਦਿਨੀਂ ਕੋਈ ਲੜਕਾ ਨਹੀਂ ਸੀ। ਅਤੇ ਉਂਜ ਭੀ ਸਰਦਾਰ ਪੈਸੇ ਦੇਣ ਵਿਚ ਚੰਗੇ ਖੁਲ੍ਹੇ ਦਿਲ ਦਾ ਸੀ।

ਇਹ ਹਾਲਾਤ ਸਨ ਜਦ ਜੁਲਾਈ ੧੯੧੪ ਵਿਚ ਮਾਸਟਰ ਤਾਰਾ ਸਿੰਘ ਨੂੰ ਡੀ. ਸੀ. ਦੀ ਮੁਖ਼ਾਲਫ਼ਤ ਕਰਕੇ ਸਕੂਲ ਵਿਚੋਂ ਅਸਤੀਫ਼ਾ ਦੇਣਾ ਪਿਆ। ਜਾਣਾ ਤਾਂ ਉਨ੍ਹਾਂ ਲੰਡਨ ਸਿੱਖ ਗੁਰਦਵਾਰੇ ਦਾ ਸਕੱਤਰ ਬਣ ਕੇ ਸੀ, ਪਰ ਛੇਤੀ ਹੀ ਪਹਿਲਾ ਜੰਗ ਸ਼ੁਰੂ ਹੋ ਗਿਆ ਅਤੇ ਉਨ੍ਹਾਂ ਦਾ ਲੰਡਨ ਜਾਣਾ ਰਹਿ ਗਿਆ। ਸਕੂਲ ਵਿਚੋਂ ਤਾਂ ਉਹ ਵਿਦਾ ਹੋ ਚੁਕੇ ਸਨ—ਇਸ ਲਈ ਖ਼ਾਲਸਾ ਹਾਈ ਸਕੂਲ ਕਲੇਰ ਦੇ ਹੈੱਡਮਾਸਟਰ ਬਣ ਕੇ ਉਥੇ ਚਲੇ ਗਏ ਅਤੇ ਉਥੇ ਦੋ ਤਿੰਨ ਸਾਲ ਰਹੇ। ਲਾਇਲਪੁਰ ਦੇ ਮਿੱਤਰਾਂ ਨਾਲ ਉਨ੍ਹਾਂ ਦਾ ਸੁਭਾਅ ਅਤੇ ਖ਼ਿਆਲ ਮਿਲੇ ਹੋਏ ਸਨ ਇਸ ਕਰਕੇ ਸਾਰੇ ਹੀ ਇਹ ਚਾਹੁੰਦੇ ਸਨ ਕਿ ਮਾਸਟਰ ਤਾਰਾ ਸਿੰਘ ਕਿਸੇ ਤਰ੍ਹਾਂ ਲਾਇਲਪੁਰ ਵਾਪਸ ਆ ਜਾਏ।

ਜਦ ਮੈਂ ੧੯੧੬ ਵਿਚ ਐਮ.ਐਸ-ਸੀ. ਪਾਸ ਕੀਤੀ ਤਾਂ ਯੂਨੀਵਰਸਿਟੀ ਨੇ ਮੈਨੂੰ ਵਜ਼ੀਫ਼ਾ ਦੇ ਕੇ ਰੀਸਰਚ ਕਰਨ ਲਈ ਜ਼ਰਾਇਤੀ ਕਾਲਜ ਲਾਇਲਪੁਰ ਵਿਚ ਭੇਜ ਦਿੱਤਾ। ਜਦ ਮਾਸਟਰ ਜੀ ਸਕੂਲ ਦ



Digitized by Panjab Digital Library | www.panjabdigilib.org

ਹੈੱਡਮਾਸਟਰ ਸਨ ਤਾਂ ਮੇਰਾ ਉਥੇ ਜਾਣਾ ਆਉਣਾ ਲੱਗਾ ਹੀ ਰਹਿੰਦਾ ਸੀ ਅਤੇ ਸਕੂਲ ਦੇ ਅਧਿਆਪਕਾਂ ਤੇ ਲਾਇਲਪੁਰ-ਗਰੁੱਪ ਦੇ ਮੈਂਬਰਾਂ ਨਾਲ ਮੇਰੇ ਚੰਗੇ ਸਬੰਧ ਬਣੇ ਹੋਏ ਸਨ। ਮੈਂ ਲਾਇਲਪੁਰ ਜਾਂਦਿਆਂ ਪਹਿਲਾ ਮਹੀਨਾ ਤਾਂ ਸ: ਹਰਚੰਦ ਸਿੰਘ ਪਾਸ ਰਿਹਾ। ਫੇਰ ਉਨ੍ਹਾਂ ਦੇ ਲਾਗੇ ਹੀ ਰਹਿਣ ਲਈ ਮਕਾਨ ਕਰਾਏ ਤੇ ਲੈ ਲਿਆ ਅਤੇ ਸ: ਹਰਚੰਦ ਸਿੰਘ ਨਾਲ ਕਾਫ਼ੀ ਮੇਲ-ਜੋਲ ਰਿਹਾ। ਮੇਰੇ ਉਨ੍ਹਾਂ ਨਾਲ ਅਤੇ ਹੋਰ ਮਿੱਤਰਾਂ ਨਾਲ ਭੀ ਚੰਗੇ ਗੂੜ੍ਹੇ ਸਬੰਧ ਹੋ ਗਏ ਅਤੇ ਮੈਂ ਭੀ ਲਾਇਲਪੁਰ-ਗਰੁੱਪ ਦਾ ਮੈਂਬਰ ਹੀ ਸਮਝਿਆ ਜਾਣ ਲੱਗ ਪਿਆ।

ਸਾਰਿਆਂ ਨੇ ਸਲਾਹ ਕਰ ਕੇ ਮਾਸਟਰ ਜੀ ਨੂੰ ਲਾਇਲਪੁਰ ਵਾਪਸ ਲਿਆਉਣ ਦਾ ਫ਼ੈਸਲਾ ਕੀਤਾ ਅਤੇ ਅੰਗਰੇਜ਼ਾਂ ਦੀ ਖ਼ਿਲਾਫ਼ਤ ਕਰਕੇ ਇਹੋ ਹੀ ਚੰਗਾ ਸਮਝਿਆ ਕਿ ਉਨ੍ਹਾਂ ਨੂੰ ਇਕ ਆੜ੍ਹਤ ਦੀ ਦੁਕਾਨ ਖੋਲ੍ਹ ਦਿੱਤੀ ਜਾਵੇ। ਇਸ ਦਾ ਨਾਂ ਬਾਰ ਦੁਕਾਨ ਰੱਖਿਆ ਗਿਆ ਅਤੇ ਸਾਰੇ ਹੀ ਮਿੱਤਰ ਇਸ ਦੇ ਹਿੱਸੇਦਾਰ ਬਣ ਗਏ। ਪਰ ਮਾਸਟਰ ਜੀ ਦਾ ਸੁਭਾਅ ਬਨੀਆਂ ਵਾਲਾ ਤਾਂ ਹੈ ਨਹੀਂ ਸੀ। ਦੁਕਾਨ ਉਨ੍ਹਾਂ ਪਾਸੋਂ ਕਾਮਯਾਬੀ ਨਾਲ ਨਾ ਚਲ ਸਕੀ।

ਦਸੰਬਰ ੧੯੧੭ ਵਿਚ ਮੈਂ ਤਾਂ ਪ੍ਰੋਫ਼ੈਸਰ ਬਣ ਕੇ ਪਹਿਲਾਂ ਐਫ਼. ਸੀ. ਕਾਲਜ ਲਾਹੌਰ ਵਿਚ ਅਤੇ ਫਿਰ ਕੁਝ ਮਹੀਨਿਆਂ ਪਿੱਛੋਂ ਹੀ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਚਲਾ ਗਿਆ। ਪਰ ਮੇਰਾ ਸਬੰਧ ਲਾਇਲਪੁਰ-ਗਰੁੱਪ ਨਾਲ ਚੰਗਾ ਪੱਕਾ ਬਣ ਚੁਕਾ ਸੀ। ਉਹ ਕਾਇਮ ਰਿਹਾ ਅਤੇ ਸਾਰੇ ਸਲਾਹ-ਮਸ਼ਵਰਿਆਂ ਵਿਚ ਮੈਂ ਸ਼ਾਮਲ ਹੁੰਦਾ ਰਿਹਾ।

ਮਾਸਟਰ ਜੀ ਦੁਕਾਨ ਛੱਡ ਕੇ ਪਹਿਲਾਂ ਚੱਕ ੪੧ ਵਿਚ ਹੈੱਡਮਾਸਟਰ ਬਣ ਗਏ, ਫੇਰ ਲਾਇਲਪੁਰ ਸਕੂਲ ਵਿਚ ਹੀ ਵਾਪਸ ਆ ਗਏ। ਮੀਟਿੰਗਾਂ ਅਸੀਂ ਬੜੀਆਂ ਕਰਦੇ ਰਹੇ, ਪਰ ਸਾਰੀਆਂ ਗੁਪਤ ਹੀ ਹੁੰਦੀਆਂ ਸਨ ਕਿਉਂਕਿ ਸੀ. ਆਈ. ਡੀ. ਦਾ ਬੜਾ ਡਰ ਹੁੰਦਾ ਸੀ ਅਤੇ ਨਾਲ ਹੀ ਜਿਸ ਦੇ ਖ਼ਿਲਾਫ਼ ਗੌਰਮਿੰਟ ਹੋ ਜਾਏ, ਦੋਸਤ ਮਿੱਤਰ ਭੀ ਉਸ ਤੋਂ ਦੂਰ ਭੱਜਣ ਲੱਗ ਪੈਂਦੇ ਸਨ। ਮੀਟਿੰਗਾਂ



Digitized by Panjab Digital Library | www.panjabdigilib.org

ਵਿਚ ਅਸਾਂ ਇਹ ਪੱਕਾ ਫ਼ੈਸਲਾ ਕੀਤਾ ਕਿ ਅੰਗ੍ਰੇਜ਼ਾਂ ਤੋਂ ਦੇਸ਼ ਮੁਕਤ ਕਰਾਣਾ ਸਾਡਾ ਧਰਮ ਹੈ ਅਤੇ ਇਸ ਲਈ ਪੂਰੇ ਯਤਨ ਕਰਾਂਗੇ। ਯਤਨ ਅਸਾਂ ਦੋ ਸੋਚੇ : ਪਹਿਲਾ ਇਹ ਕਿ ਲਾਹੌਰ ਵਿਚ ਇਕ ਸਿੱਖ ਕਾਲਜ ਖੋਲ੍ਹਿਆ ਜਾਏ, ਜਿਸ ਦਾ ਵਾਯੂ-ਮੰਡਲ ਦੇਸ਼-ਭਗਤੀ ਵਾਲਾ ਹੋਵੇ ਅਤੇ ਦੂਜਾ ਇਹ ਕਿ ਲਾਹੌਰੋਂ ਹੀ ਇਕ ਪੰਜਾਬੀ ਦਾ ਰੋਜ਼ਾਨਾ ਅਖ਼ਬਾਰ ਕੱਢਿਆ ਜਾਏ ਜਿਹੜਾ ਸਿੱਖਾਂ ਵਿਚ ਦੇਸ਼-ਆਜ਼ਾਦੀ ਦਾ ਪਰਚਾਰ ਕਰੇ। ਦੋਹਾਂ ਕੰਮਾਂ ਲਈ ਮਾਇਆ ਚਾਹੀਦੀ ਸੀ, ਮਾਇਆ ਭੀ ਸਾਡੇ ਮਿੱਤਰਾਂ ਪਾਸ ਕਾਫ਼ੀ ਸੀ ਅਤੇ ਦੇਣ ਨੂੰ ਭੀ ਉਹ ਤਿਆਰ ਹੋ ਗਏ। ਚੰਦੇ ਭੀ ਲਿਖਾ ਦਿੱਤੇ ਗਏ, ਪਰ ਬਹੁਤੀ ਤੱਕ ਸਰਦਾਰ ਹਰਚੰਦ ਸਿੰਘ ਵਲ ਸੀ, ਕਿਉਂਕਿ ਉਹ ਸਾਰਿਆਂ ਨਾਲੋਂ ਵਧ ਧਨੀ ਅਤੇ ਸਾਰਿਆਂ ਨਾਲੋਂ ਵਧ ਕੇ ਖੁਲ੍ਹ-ਦਿਲੇ ਸਨ। ਸ: ਹਰਚੰਦ ਸਿੰਘ ਰਕਮ ਦੇਣ ਵਿਚ ਸੰਕੋਚ ਕਰੀ ਜਾ ਰਹੇ ਸਨ। ਉਨ੍ਹਾਂ ਦਾ ਸੁਭਾਵ ਬੜਾ ਹੀ ਸੋਚ ਕੇ ਕਦਮ ਧਰਨ ਦਾ ਸੀ ਅਤੇ ਨਾਲ ਹੀ ਉਨ੍ਹਾਂ ਦੇ ਦਿਲ ਵਿਚ ਕੁਝ ਸੰਦੇਹ ਸਨ। ਖ਼ਾਲਸਾ ਅਖ਼ਬਾਰ ਉਨ੍ਹਾਂ ਚਲਾਈ ਹੋਈ ਸੀ, ਜਿਸ ਤੇ ਖ਼ਰਚ ਤਾਂ ਉਨ੍ਹਾਂ ਦਾ ਹੁੰਦਾ ਸੀ ਪਰ ਉਸ ਦਾ ਕੋਈ ਬਹੁਤਾ ਲਾਭ ਨਹੀਂ ਸੀ। ਇਸੇ ਤਰ੍ਹਾਂ ਲਾਇਲਪੁਰੋਂ ਮਾਸਟਰ ਤਾਰਾ ਸਿੰਘ ਜੀ ਦੀ ਸਹਾਇਤਾ ਨਾਲ ਉਨ੍ਹਾਂ ਦੇ ਮਿੱਤਰ ਸ: ਹਰਦਿੱਤ ਸਿੰਘ ਦੌਰ ਨੇ 'ਸੱਚਾ ਢੰਡੋਰਾ' ਪੰਜਾਬੀ ਦਾ ਹਫ਼ਤੇਵਾਰ ਅਖ਼ਬਾਰ ਕੱਢਿਆ ਸੀ, ਉਹ ਭੀ ਛੇਤੀ ਹੀ ਬੰਦ ਹੋ ਗਿਆ ਸੀ। ਇਜਾਜ਼ਤ ਲਏ ਬਿਨਾਂ ਨਾ ਕੋਈ ਅਖ਼ਬਾਰ ਚਲਾ ਸਕਦਾ ਸੀ ਨਾ ਕੋਈ ਪ੍ਰੈੱਸ, ਅਤੇ ਗੱਲ ਗੱਲ ਤੇ ਜ਼ਮਾਨਤ ਮੰਗੀ ਜਾਣੀ ਅਤੇ ਜ਼ਮਾਨਤ ਜ਼ਬਤ ਕੀਤੀ ਜਾਣੀ। ਇਹੋ ਜਿਹੀ ਅਵਸਥਾ ਕਿੰਨਾ ਚਿਰ ਹੀ ਰਹੀ।

ਨਵੰਬਰ ੧੯੧੮ ਵਿਚ ਪਹਿਲੀ ਜੰਗ ਖ਼ਤਮ ਹੋਈ। ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਇਕ ਡੱਬਲ ਕੰਪਨੀ ਵਿਚ ਭਰਤੀ ਹੋ ਕੇ ਅਗਾਂਹ ਫ਼ਰਾਂਸ ਵਿਚ ਲੜਨ ਗਏ ਹੋਏ ਸਨ। ਉਹ ਵਾਪਸ ਆਏ। ਉਨ੍ਹਾਂ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ



Digitized by Panjab Digital Library | www.panjabdigilib.org

ਭੀ ਸਨ। ਉਨ੍ਹਾਂ ਕੁਦਰਤੀ ਤੌਰ ਤੇ ਪਹਿਲਾਂ ਆਪਣੇ ਕਾਲਜ ਵਿਚ ਆਉਣਾ ਸੀ। ਮੈਂ ਉਦੋਂ ਉਥੇ ਪ੍ਰੋਫ਼ੈਸਰ ਸਾਂ। ਮੈਨੂੰ ਇਹ ਸਾਰੇ ਮਿਲੇ। ਭਰਤੀ ਹੋ ਕੇ ਗਏ ਤਾਂ ਸਨ ਅੰਗਰੇਜ਼ੀ ਸਰਕਾਰ ਦੀ ਨਿਮਕ-ਹਲਾਲੀ ਕਰਨ, ਪਰ ਉੱਥੇ ਹਾਲਾਤ ਵੇਖ ਵੇਖ ਕੇ ਇਨ੍ਹਾਂ ਦੇ ਦਿਲਾਂ ਵਿਚ ਭੀ ਅਜ਼ਾਦੀ ਲਈ ਤੜਪ ਪੈਦਾ ਹੋਈ। ਸਰਕਾਰੀ ਨੌਕਰੀਆਂ ਤਾਂ ਇਨ੍ਹਾਂ ਸਾਰਿਆਂ ਨੂੰ ਮਿਲ ਜਾਣੀਆਂ ਹੀ ਸਨ ਅਤੇ ਪਿੱਛੋਂ ਮਿਲ ਭੀ ਗਈਆਂ, ਪਰ ਇਨ੍ਹਾਂ ਦੇ ਮਨਾਂ ਵਿਚ ਅਜ਼ਾਦੀ ਲਈ ਜਜ਼ਬਾ ਭੀ ਜਾਗਿਆ ਹੋਇਆ ਸੀ। ਇਨ੍ਹਾਂ ਸਾਰਿਆਂ ਵਿਚੋਂ ਸਰਦਾਰ ਮੰਗਲ ਸਿੰਘ ਦਾ ਮੇਰੇ ਦਿਲ ਤੇ ਜ਼ਿਆਦਾ ਅਸਰ ਪਿਆ। ਉਹ ਕੌਮੀ ਲਹਿਰ ਵਿਚ ਕੁਦਣ ਲਈ ਬੜੇ ਇੱਛਕ ਸਨ। ਸਾਡੇ ਵਲੋਂ ਢਿੱਲ ਪੈਂਦੀ ਗਈ। ਉਹ ਸਾਰੇ ਨੌਕਰੀਆਂ ਵਿਚ ਫਸ ਗਏ। ਸ: ਮੰਗਲ ਸਿੰਘ ਜੀ ਭੀ ਤਸੀਲਦਾਰ ਬਣ ਗਏ, ਪਰ ਉਨ੍ਹਾਂ ਦੀਆਂ ਚਿੱਠੀਆਂ ਤੋਂ ਇਉਂ ਭਾਸਦਾ ਸੀ ਕਿ ਉਨ੍ਹਾਂ ਦੇ ਦਿਲ ਵਿਚ ਕੌਮੀ ਸੇਵਾ ਲਈ ਤੜਪ ਉਸੇ ਤਰ੍ਹਾਂ ਕਾਇਮ ਹੈ।

ਮਾਰਚ ਅਪ੍ਰੈਲ ੧੯੧੯ ਵਿਚ ਰੌਲਟ ਐਕਟ ਦੇ ਖ਼ਿਲਾਫ਼ ਐਜੀਟੇਸ਼ਨ ਵੇਲੇ ਸਾਰੇ ਪੰਜਾਬ ਵਿਚ ਰੌਲੇ ਪਏ ਅਤੇ ਵਿਸਾਖੀ ਵਾਲੇ ਦਿਨ ੧੩ ਅਪ੍ਰੈਲ ਨੂੰ ਜਲ੍ਹਿਆਂ ਵਾਲੇ ਬਾਗ਼ ਦਾ ਖ਼ੂਨੀ ਸਾਕਾ ਹੋਇਆ। ਜਨਰਲ ਡਾਇਰ ਨੇ ਬਾਗ਼ ਵਿਚ ਹੋ ਰਹੀ ਮੀਟਿੰਗ ਤੇ ਦਿਲ ਖੋਲ੍ਹ ਕੇ ਗੋਲੀਆਂ ਚਲਾਈਆਂ। ਤਿੰਨ ਚਾਰ ਸੌ ਆਦਮੀ ਤਾਂ ਉੱਥੇ ਹੀ ਮਰ ਗਏ ਅਤੇ ਸੋਲ੍ਹਾਂ ਸੌ ਦੇ ਕਰੀਬ ਜ਼ਖ਼ਮੀ ਹੋਏ। ਮਾਰਸ਼ਲ-ਲਾਅ ਤਾਂ ਸਾਰੇ ਪੰਜਾਬ ਵਿਚ ਹੀ ਲੱਗਾ ਹੋਇਆ ਸੀ। ਉਡਵਾਇਰ ਲੈਫ਼ਟੀਨੈਂਟ ਗਵਰਨਰ ਸੀ ਅਤੇ ਡਾਇਰ ਜਰਨੈਲ ਸੀ। ਦੋਵੇਂ ਪੰਜਾਬੀਆਂ ਨੂੰ ਸਬਕ ਸਿਖਾ ਰਹੇ ਸਨ ਤਾਕਿ ਫਿਰ ਕੋਈ ਸਿਰ ਨਾ ਚੁਕ ਸਕੇ। ਅੰਮ੍ਰਿਤਸਰ ਵਿਚ ਜੋ ਕੁਝ ਉਨ੍ਹੀਂ ਦਿਨੀਂ ਸਾਡੀਆਂ ਅੱਖਾਂ ਦੇ ਸਾਮ੍ਹਣੇ ਹੋਇਆ ਉਸ ਦੀ ਝਾਕੀ ਜਦ ਮਨ ਦੇ ਸਾਮ੍ਹਣੇ ਆਉਂਦੀ ਹੈ ਤਾਂ ਅਜੇ ਭੀ ਰੌਂਗਟੇ ਖੜੇ ਹੋ ਜਾਂਦੇ ਹਨ। ਪੰਜਾਬ ਅਤੇ ਪੰਜਾਬੀਆਂ ਨੂੰ ਇਕ ਵਾਰੀ



Digitized by Panjab Digital Library | www.panjabdigilib.org

ਤਾਂ ਅੰਗਰੇਜ਼ਾਂ ਨੇ ਪੂਰੀ ਤਰ੍ਹਾਂ ਦਬਾ ਲਿਆ ਸੀ ਪਰ "ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ।" ਉਸ ਵੇਲੇ ਇਕ ਸੂਰਮੇ ਪੰਡਤ ਮਦਨ ਮੋਹਨ ਮਾਲਵੀਆ ਨੇ ਮੋਏ ਹੋਏ ਪੰਜਾਬ ਨੂੰ ਫੇਰ ਸੁਰਜੀਤ ਕੀਤਾ। ਕੋਈ ਬਾਹਰਲਾ ਆਦਮੀ ਪੰਜਾਬ ਵਿਚ ਆ ਨਹੀਂ ਸੀ ਸਕਦਾ ਅਤੇ ਪੰਡਤ ਮਾਲਵੀਆ ਨੂੰ ਭੀ ਪੰਜਾਬ ਵਿਚ ਆਉਣੋਂ ਰੋਕ ਦਿੱਤਾ ਗਿਆ। ਪਰ ਉਸ ਨੇ ਭੀ ਸਿਰ-ਧੜ ਦੀ ਬਾਜ਼ੀ ਲਾ ਦਿੱਤੀ ਸੀ। ਆਖ਼ਰ ਲਾਹੌਰ ਵਿਚ ਆ ਕੇ ਉਸ ਨੇ ਪੱਕਾ ਡੇਰਾ ਲਾ ਦਿੱਤਾ।

ਲੋਕੀ ਐਨੇ ਭੈ-ਭੀਤ ਹੋਏ ਹੋਏ ਸਨ ਕਿ ਪੰਡਤ ਮਾਲਵੀਆ ਨੂੰ ਮਿਲਣਾ ਭੀ ਇਕ ਬੜਾ ਦਲੇਰੀ ਦਾ ਕੰਮ ਸੀ। ਮਾਸਟਰ ਸੁੰਦਰ ਸਿੰਘ ਨੇ ਇਹ ਦਲੇਰੀ ਕੀਤੀ ਅਤੇ ਉਹ ਦੋ ਤਿੰਨ ਹੋਰ ਲਾਹੌਰ ਦੇ ਸਿਖ ਨਾਲ ਲੈ ਕੇ ਪੰਡਤ ਹੋਰਾਂ ਨੂੰ ਜਾ ਮਿਲਿਆ। ਗੱਲਾਂ-ਬਾਤਾਂ ਹੋਈਆਂ। ਮਾਸਟਰ ਸੁੰਦਰ ਸਿੰਘ ਨੇ ਪੰਡਤ ਜੀ ਨੂੰ ਕਿਹਾ ਕਿ ਕੁਝ ਕਾਲੀਆਂ ਭੇਡਾਂ ਵੇਖ ਕੇ ਹੀ ਸਿੱਖਾਂ ਦਾ ਅੰਦਾਜ਼ਾ ਨਾ ਲਾ ਲੈਣਾ। ਪੰਡਤ ਜੀ ਹੱਸ ਪਏ ਅਤੇ ਕਹਿਣ ਲੱਗੇ, ਕੋਈ ਸਫ਼ੈਦ ਭੇਡ ਭੀ ਮੁਝੇ ਦਿਖਾਓ। ਫੇਰ ਮਾਸਟਰ ਸੁੰਦਰ ਸਿੰਘ ਨੇ ਕਿਹਾ ਕਿ ਅਸੀਂ ਸਿੱਖਾਂ ਵਿਚ ਅਜ਼ਾਦੀ ਦਾ ਪਰਚਾਰ ਕਰਨ ਲਈ ਇਕ ਪੰਜਾਬੀ ਦਾ ਰੋਜ਼ਾਨਾ ਅਖ਼ਬਾਰ ਕੱਢਣ ਵਾਲੇ ਹਾਂ। ਪੰਡਤ ਜੀ ਖ਼ੁਸ਼ ਹੋਏ ਅਤੇ ਕਹਿਣ ਲਗੇ, ਲਉ ਪੈਸੇ ਮੈਂ ਦਿਆਂਗਾ, ਤੁਸੀਂ ਅਖ਼ਬਾਰ ਕੱਢੋ। ਮਾਸਟਰ ਸੁੰਦਰ ਸਿੰਘ ਨੇ ਜਵਾਬ ਦਿੱਤਾ ਕਿ ਸਾਡੇ ਪਾਸ ਪੈਸਿਆਂ ਦਾ ਘਾਟਾ ਨਹੀਂ, ਸਾਡੇ ਨਾਲ ਧਨਾਢ ਆਦਮੀ ਹਨ। ਅਸੀਂ ਬਾਹਰਲੀ ਸਹਾਇਤਾ ਤੋਂ ਬਿਨਾਂ ਹੀ ਅਖ਼ਬਾਰ ਚਲਾਵਾਂਗੇ।

ਗੱਲ ਤਾਂ ਪੰਡਤ ਮਾਲਵੀਆ ਨਾਲ ਕਰ ਆਏ, ਪਰ ਪੰਜਾਬ ਦੇ ਸਾਰੇ ਲੋਕ ਐਨੇ ਡਰੇ ਹੋਏ ਸਨ ਕਿ ਕੋਈ ਕੁਸਕਣ ਨੂੰ ਤਿਆਰ ਨਹੀਂ ਸੀ। ਪੰਡਤ ਮਾਲਵੀਆ ਦੇ ਸਿਰਤੋੜ ਯਤਨਾਂ ਕਰਕੇ ਹਾਲਾਤ ਬਦਲਦੇ ਗਏ ਅਤੇ ਦਸੰਬਰ ੧੯੧੯ ਵਿਚ ਕਾਂਗਰਸ ਦਾ ਸਾਲਾਨਾ ਸੈਸ਼ਨ ਅੰਮ੍ਰਿਤਸਰ ਵਿਚ ਹੋਇਆ। ਇਸ ਸੈਸ਼ਨ ਤੇ ਦੇਸ ਦੇ ਸਾਰੇ



Digitized by Panjab Digital Library | www.panjabdigilib.org

ਚੋਟੀ ਦੇ ਲੀਡਰ ਆਏ । ਤਿਲਕ ਆਇਆ, ਬਿਪਨ ਚੰਦਰ ਪਾਲ, ਮਿਸਿਜ਼ ਐਨੀ ਬੇਸੰਟ, ਜਿਨਾਹ ਸਾਹਿਬ, ਮਹਾਤਮਾ ਗਾਂਧੀ, ਪੰਡਤ ਮਾਲਵੀਆ। ਪੰਡਤ ਮੋਤੀ ਲਾਲ ਨਹਿਰੂ ਤਾਂ ਪ੍ਰਧਾਨ ਸਨ । ਇਸ ਸੈਸ਼ਨ ਨੇ ਪੰਜਾਬੀਆਂ ਨੂੰ ਫੇਰ ਖੜ੍ਹਾ ਕਰ ਦਿੱਤਾ । ਇਉਂ ਜਾਪਣ ਲੱਗਾ ਕਿ ਲੋਕੀ ਹੁਣ ਅੰਗਰੇਜ਼ਾਂ ਨਾਲ ਲੜਨ ਮਰਨ ਨੂੰ ਤਿਆਰ ਹਨ ।

ਕਾਂਗਰਸ ਦੇ ਇਸ ਸਮਾਗਮ ਵੇਲੇ ਸਾਡਾ ਲਾਇਲਪੁਰੀ ਗਰੁੱਪ ਸਾਰਾ, ਅੰਮ੍ਰਿਤਸਰ ਮੇਰੇ ਘਰ ਇਕੱਠਾ ਹੋਇਆ ਅਤੇ ਫੇਰ ਅਖ਼ਬਾਰ ਜਾਰੀ ਕਰਨ ਤੇ ਵਿਚਾਰਾਂ ਹੋਈਆਂ । ਸਰਦਾਰ ਮੰਗਲ ਸਿੰਘ ਅਤੇ ਮਾਸਟਰ ਸੁੰਦਰ ਸਿੰਘ ਬੜੇ ਕਾਹਲੇ ਪਏ ਹੋਏ ਸਨ । ਕਹਿੰਦੇ ਸਨ, ਇਨ੍ਹਾਂ ਕੁਝ ਨਹੀਂ ਕਰਨਾ, ਇਨ੍ਹਾਂ ਤੋਂ ਕੋਈ ਆਸ ਰੱਖਣੀ ਆਪਣੇ ਆਪ ਨੂੰ ਧੋਖੇ ਵਿਚ ਰੱਖਣ ਵਾਲੀ ਗੱਲ ਹੈ । ਮਾਸਟਰ ਸੁੰਦਰ ਸਿੰਘ ਮੇਰੇ ਮਗਰ ਬਹੁਤ ਪਿਆ । ਮੈਂ ਉਸ ਨੂੰ ਯਕੀਨ ਦਿਵਾਇਆ ਕਿ ਸਾਡੇ ਦੋਹਾਂ ਭਰਾਵਾਂ ਕੋਲ ਜੋ ਕੁਝ ਹੈ, ਮਾਲ, ਸਾਮਾਨ, ਪੈਸੇ, ਤਨਖ਼ਾਹ, ਜਾਨ ਤਕ ਸਭ ਕੁਝ ਉਸ ਦੇ ਹਵਾਲੇ ਹੈ, ਪਰ ਇਸ ਨਾਲ ਰੋਜ਼ਾਨਾ ਅਖ਼ਬਾਰ ਤਾਂ ਨਹੀਂ ਨਾ ਚਲ ਸਕਦਾ । ਮਾਸਟਰ ਸੁੰਦਰ ਸਿੰਘ ਆਖ਼ਰ ਇਕ ਦਿਨ ੫੦੦) ਰੁਪਏ ਕਿਸੇ ਪਾਸੋਂ ਉਧਾਰੇ ਲੈ ਆਇਆ ਅਤੇ ਕਹਿਣ ਲੱਗਾ, ਚਲੋ ਇਹਦੇ ਨਾਲ ਹੀ ਕੰਮ ਰੇੜ੍ਹ ਦਈਏ, ਚਲੇ ਨਾ ਚਲੇ ਦੇਖਿਆ ਜਾਏਗਾ । ੫੦੦) ਰੁਪਏ ਨਾਲ ਇਕ ਰੋਜ਼ਾਨਾ ਅਖ਼ਬਾਰ ਜਾਰੀ ਕਰਨਾ ਮਹਾਂ ਮੂਰਖਤਾ ਹੀ ਸੀ, ਪਰ "ਨਾ ਕੋ ਮੂਰਖੁ ਨਾ ਕੋ ਸਿਆਣਾ । ਵਰਤੈ ਸਭ ਕਿਛੁ ਤੇਰਾ ਭਾਣਾ ।" ਮੇਰੇ ਪਾਸ ਇਕ ਬੜੀ ਕੀਮਤੀ ਜਾਇਦਾਦ ਸੀ ਕਾਲਜ ਦੇ ਲਾਇਕ, ਜੋਸ਼ੀਲੇ ਅਤੇ ਸਿਰਲਥ ਮੁੰਡੇ । ਛੇ ਮੁੰਡੇ ਕਾਲਜੋਂ ਛੁੱਟੀ ਦਿਵਾ ਕੇ ਮੈਂ ਉਸ ਨਾਲ ਲਾ ਦਿੱਤੇ । ੨੧ ਮਈ ੧੯੨੦ ਨੂੰ ਰੋਜ਼ਾਨਾ ਅਕਾਲੀ ਅਖ਼ਬਾਰ ਲਾਹੌਰ ਤੋਂ ਜਾਰੀ ਹੋ ਗਿਆ । ਹੈ ਤਾਂ ਮੁੰਡਿਆਂ ਦੀ ਖੇਡ ਹੀ ਸੀ, ਪਰ ਮੁੰਡਿਆਂ ਨੇ ਕਮਾਲ ਕਰ ਦਿਖਾਇਆ ਅਤੇ ਅਖ਼ਬਾਰ ਚਲ ਪਿਆ । ਲਗ ਪਗ ਇਕ ਮਹੀਨੇ ਪਿੱਛੋਂ ਗਿਆਨੀ ਹੀਰਾ ਸਿੰਘ ਜੀ



Digitized by Panjab Digital Library | www.panjabdigilib.org

ਦਰਦ ਆ ਗਏ ਅਤੇ ਦੋ ਮਹੀਨੇ ਹੋਰ ਬਾਅਦ ਸ: ਮੰਗਲ ਸਿੰਘ ਜੀ ਭੀ ਤਸੀਲਦਾਰੀ ਨੂੰ ਲੱਤ ਮਾਰ ਕੇ ਅਕਾਲੀ ਦੇ ਐਡੀਟਰ ਆ ਬਣੇ। ਕੁਝ ਵਾਯੂ-ਮੰਡਲ ਤਿਆਰ ਸੀ, ਕੁਝ ਗਿਆਨੀ ਹੀਰਾ ਸਿੰਘ ਦੇ ਗੀਤਾਂ ਨੇ ਰੰਗ ਲਾ ਦਿੱਤਾ। ਇਕ ਕਰਾਮਾਤ ਹੀ ਹੋ ਗਈ। ਅਖ਼ਬਾਰ ਐਨਾ ਹਰ-ਮਨ-ਪਿਆਰਾ ਹੋ ਗਿਆ ਕਿ ਅਸੀਂ ਲੋਕਾਂ ਦੀ ਮੰਗ ਪੂਰੀ ਕਰਨ ਤੋਂ ਅਸਮਰਥ ਸਾਂ। ਗੌਰਮਿੰਟ ਨੇ ਭੀ ਰੱਜ ਕੇ ਦਬਾਉਣ ਦਾ ਯਤਨ ਕੀਤਾ। ਜ਼ਮਾਨਤਾਂ ਜ਼ਬਤ ਕੀਤੀਆਂ, ਪਰ ਲੋਕੀ ਦਬਾ-ਦਬ ਮਾਇਆ ਭੇਜਦੇ ਸਨ। ਸਿੱਖ ਜਦੋਂ ਤੁਲ ਜਾਣ ਤਾਂ ਦਬਾਇਆਂ ਨਹੀਂ ਦਬਾਏ ਜਾ ਸਕਦੇ।

ਅਖ਼ਬਾਰ ਦੀ ਪ੍ਰਬੰਧਕ ਕਮੇਟੀ ਵਿਚ ਉਹੀ ਲਾਇਲਪੁਰੀ ਗਰੁੱਪ ਪਿਆ। ਦੋ ਆਦਮੀ ਨਵੇਂ ਲਏ। ਇਕ ਸ: ਸਰਦੂਲ ਸਿੰਘ ਕਵੀਸ਼ਰ ਅਤੇ ਇਕ ਭਾਈ ਦਲੀਪ ਸਿੰਘ, ਜਿਹੜੇ ਪਿੱਛੋਂ ਨਨਕਾਣਾ ਸਾਹਿਬ ਸ਼ਹੀਦ ਹੋਏ ਸਨ। ਇਹ ਅਕਾਲੀ ਅਖ਼ਬਾਰ ਹੀ ਅਕਾਲੀ ਲਹਿਰ ਦਾ ਜਨਮ-ਦਾਤਾ ਸੀ।

ਗੁਰਦਵਾਰਾ ਰਕਾਬ ਗੰਜ ਦੀ ਦੀਵਾਰ ਦਾ ਮੁਆਮਲਾ ਅਜੇ ਖੱਟੇ ਹੀ ਪਿਆ ਹੋਇਆ ਸੀ। 'ਅਕਾਲੀ' ਵਿਚ ਇਸ ਨੂੰ ਫੇਰ ਉਠਾਇਆ ਗਿਆ ਅਤੇ ਸਿੰਘਾਂ ਪਾਸ ਅਪੀਲ ਕੀਤੀ ਗਈ ਕਿ ਢੱਠੀ ਹੋਈ ਦੀਵਾਰ ਨੂੰ ਮੁੜ ਬਣਾਉਣਾ ਹੈ। ਜੋ ਸੱਜਣ ਇਸ ਕੰਮ ਲਈ ਦਿੱਲੀ ਚਲ ਕੇ ਸ਼ਹੀਦੀ ਦੇਣ ਨੂੰ ਤਿਆਰ ਹੋਣ ਉਹ ਆਪਣੇ ਨਾਂ ਅਕਾਲੀ ਨੂੰ ਭੇਜ ਦੇਣ। ੧੯੧੯ ਦੇ ਮਾਰਸ਼ਲ-ਲਾਅ ਅਤੇ ਉਸ ਦੇ ਪਿੱਛੋਂ ਪੰਡਤ ਮਾਲਵੀਆ ਦੀਆਂ ਘਾਲਾਂ ਕਰਕੇ ਹਾਲਾਤ ਬਿਲਕੁਲ ਬਦਲ ਚੁਕੇ ਸਨ, ਇਸ ਲਈ ਦਿਨਾਂ ਵਿਚ ਹੀ ਸੈਂਕੜੇ ਨਾਂ ਆ ਗਏ। ਗੌਰਮਿੰਟ ਐਵੇਂ ਭੂੰਡਾਂ ਦੇ ਖੱਖਰ ਨੂੰ ਛੇੜਨਾ ਨਹੀਂ ਸੀ ਚਾਹੁੰਦੀ, ਇਸ ਲਈ ਉਸ ਨੇ ਦੀਵਾਰ ਨੂੰ ਮੁੜ ਬਣਵਾਣ ਦਾ ਐਲਾਨ ਕਰ ਦਿੱਤਾ। ਇਸ ਐਲਾਨ ਤੇ ਵੀਚਾਰ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਸ਼ਹੀਦੀ ਦਲ ਦੀ ਮੀਟਿੰਗ ਹੋਈ। ਐਲਾਨ ਬਿਲਕੁਲ ਤਸੱਲੀ-ਬਖ਼ਸ਼



Digitized by Panjab Digital Library | www.panjabdigilib.org

ਸੀ। ਵਿਚਾਰ ਕਰਨ ਦੇ ਪਿੱਛੋਂ ਸਰਬ-ਸੰਮਤੀ ਨਾਲ ਇਹ ਫ਼ੈਸਲਾ ਹੋਇਆ ਕਿ ਸ਼ਹੀਦੀ ਦਲ ਦੀ ਜੱਥੇਬੰਦੀ ਨੂੰ ਪੱਕਿਆਂ ਪੈਰਾਂ ਤੇ ਕੀਤਾ ਜਾਏ ਅਤੇ ਇਸ ਦਾ ਨਾਂ ਬਦਲਾ ਕੇ ਅਕਾਲੀ ਦਲ ਧਰਿਆ ਜਾਏ। ਇਸ ਤਰ੍ਹਾਂ ਅਕਾਲੀ ਦਲ ਹੋਂਦ ਵਿਚ ਆਇਆ।

ਸਰਦਾਰ ਬਹਾਦਰ ਗੱਜਣ ਸਿੰਘ ਲੁਧਿਆਣੇ ਵਾਲੇ ਇਕ ਸਰਕਾਰ-ਪ੍ਰਸਤ ਆਦਮੀ ਸਨ। ਉਨ੍ਹਾਂ ਇਕ ਜੱਥੇਬੰਦੀ ਸਿੱਖ ਲੀਗ ਬਣਾਈ ਹੋਈ ਸੀ। ਹੁਣ ਸਰਕਾਰ-ਵਿਰੋਧੀਆਂ ਦਾ ਜ਼ੋਰ ਬਹੁਤ ਵਧ ਗਿਆ ਅਤੇ ਇਕੱਤਰਤਾ ਬੁਲਾ ਕੇ ਉਨ੍ਹਾਂ ਸਿੱਖ ਲੀਗ ਤੇ ਕਬਜ਼ਾ ਕਰ ਲਿਆ ਅਤੇ ਸ: ਮੰਗਲ ਸਿੰਘ ਨੂੰ ਪਰਧਾਨ ਬਣਾ ਦਿੱਤਾ।

'ਅਕਾਲੀ' ਦਾ ਦਫ਼ਤਰ ਇਕ ਰਾਜਸੀ ਕੇਂਦਰ ਬਣ ਗਿਆ ਅਤੇ ਸਿੱਖਾਂ ਦੇ ਸਾਰੇ ਮਾਮਲੇ ਇਥੇ ਫ਼ੈਸਲਾ ਹੋਣ ਲੱਗ ਪਏ। ਗੌਰਮਿੰਟ ਬੜੀ ਔਖੀ ਹੋਈ। ਕਈ ਵਾਰੀ ਜ਼ਮਾਨਤਾਂ ਜ਼ਬਤ ਕੀਤੀਆਂ, ਪਰ ਲੋਕਾਂ ਦੇ ਜੋਸ਼ ਦੇ ਮੁਕਾਬਲੇ ਜ਼ਮਾਨਤ-ਜ਼ਬਤੀ ਕੋਈ ਅਸਰ ਨਾ ਪਾ ਸਕੀ। ਫੇਰ ਗ੍ਰਿਫ਼ਤਾਰੀਆਂ ਸ਼ੁਰੂ ਹੋਈਆਂ। ਪਹਿਲਾਂ ਸਰਦਾਰ ਮੰਗਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਉਸ ਦੀ ਥਾਂ ਤੇ ਮਾਸਟਰ ਪ੍ਰਤਾਪ ਸਿੰਘ ਜੀ ਹੈੱਡਮਾਸਟਰੀ ਛੱਡ ਕੇ ਐਡੀਟਰ ਬਣ ਗਏ। ਗ੍ਰਿਫ਼ਤਾਰੀਆਂ ਦਾ ਸਿਲਸਿਲਾ ਕਿੰਨਾ ਚਿਰ ਹੀ ਜਾਰੀ ਰਿਹਾ। ਕਦੇ ਮਾਸਟਰ ਪ੍ਰਤਾਪ ਸਿੰਘ ਗ੍ਰਿਫ਼ਤਾਰ, ਕਦੇ ਗਿਆਨੀ ਹੀਰਾ ਸਿੰਘ ਅਤੇ ਕਦੇ ਮਾਸਟਰ ਸੁੰਦਰ ਸਿੰਘ। ਗ੍ਰਿਫ਼ਤਾਰੀ ਪਹਿਲਾਂ ਪਹਿਲਾਂ ਹਊਆ ਹੁੰਦੀ ਸੀ। ਸਹਿਜੇ ਸਹਿਜੇ ਇਹ ਖੇਡ ਹੀ ਬਣ ਗਈ।

ਅਕਾਲੀ ਅਖ਼ਬਾਰ ਦੇ ਜੀਵਨ ਵਿਚ ਬੜੇ ਉਤਰਾਅ ਚੜ੍ਹਾ ਆਏ। ਗੌਰਮਿੰਟ ਨੇ ਇਸ ਨੂੰ ਬੰਦ ਕਰਨ ਲਈ ਸਾਰਾ ਟਿੱਲ ਲਾਇਆ, ਪਰ "ਜਬੈ ਬਾਣ ਲਾਗਿਯੋ। ਤਬੈ ਰੋਸ ਜਾਗਿਯੋ।" ਜਿਉਂ ਜਿਉਂ ਸਖ਼ਤੀ ਜ਼ਿਆਦਾ ਹੋਵੇ, ਸੇਵਕਾਂ ਦਾ ਬਲ ਅਤੇ ਪਬਲਿਕ ਦੀ ਸਹਾਇਤਾ ਭੀ ਵਧਦੀ ਜਾਏ। ਇਕ ਵਾਰੀ ਲਾਹੌਰੋਂ ਇਸ ਨੂੰ ਅੰਮ੍ਰਿਤਸਰ ਲੈ ਆਂਦਾ ਗਿਆ ਅਤੇ ਕੁਝ ਸਾਲ ਅੰਮ੍ਰਿਤਸਰੋਂ ਹੀ ਚਲਦਾ ਰਿਹਾ। ਇਸ ਸਾਰੇ



Digitized by Panjab Digital Library | www.panjabdigilib.org

ਸਮੇਂ ਵਿਚ ਮਾਸਟਰ ਤਾਰਾ ਸਿੰਘ ਜੀ, ਜੋ ਲਾਇਲਪੁਰ ਛੱਡ ਕੇ ਅੰਮ੍ਰਿਤਸਰ ਆ ਚੁਕੇ ਸਨ, ਇਸ ਦੇ ਐਡੀਟਰ ਬਣੇ ਰਹੇ। ਆਪਣੇ ਪਿੱਛੋਂ ਉਨ੍ਹਾਂ ਅਖ਼ਬਾਰ ਦਾ ਪਰਬੰਧ ਅਤੇ ਲਿਖਣ ਦਾ ਕੰਮ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਸੌਂਪ ਦਿੱਤਾ। ਅਕਾਲੀ ਅਖ਼ਬਾਰ ਨੇ ਕੌਮ ਦੀ ਬੜੀ ਸੇਵਾ ਕੀਤੀ ਹੈ। ਸੁੱਤੀ ਕੌਮ ਨੂੰ ਇਸ ਨੇ ਹਲੂਣਾ ਦੇ ਕੇ ਜਗਾਇਆ ਅਤੇ ਕਈ ਸਾਲ ਇਹ ਪੰਥ ਦੀ ਅਵਾਜ਼ ਹੀ ਬਣਿਆ ਰਿਹਾ। ਕਈ ਨੌਜਵਾਨਾਂ ਨੇ ਇਸ ਦੀ ਅਥੱਕ ਸੇਵਾ ਕੀਤੀ: ਗੋਪਾਲ ਸਿੰਘ ਕੌਮੀ, ਗੁਰਮੁਖ ਸਿੰਘ ਮੁਸਾਫ਼ਿਰ, ਸੋਢੀ ਦਰਬਾਰਾ ਸਿੰਘ, ਸ: ਮੁਬਾਰਕ ਸਿੰਘ, ਸ: ਰਣਧੀਰ ਸਿੰਘ ਅਤੇ ਸਭ ਤੋਂ ਵਧੀਕ ਅਤੇ ਲੰਬੀ ਸੇਵਾ ਗਿਆਨੀ ਉਤਮ ਸਿੰਘ ਜੀ ਨੇ ਕੀਤੀ। ਜਿੰਨਾ ਚਿਰ ਅਕਾਲੀ ਸਮੁੱਚੇ ਪੰਥ ਦੀ ਅਵਾਜ਼ ਬਣਿਆ ਰਿਹਾ ਉੱਨਾ ਚਿਰ ਪੰਥ ਭੀ ਚੜ੍ਹਦੀਆਂ ਕਲਾਂ ਵਿਚ ਰਿਹਾ। ਜਦ ਤੋਂ ਪਾੜੇ ਪੈਣੇ ਸ਼ੁਰੂ ਹੋਏ, ਪਹਿਲਾਂ ਕਾਂਗਰਸੀ ਸਿੱਖਾਂ ਵਿਚ, ਫੇਰ ਅਕਾਲੀਆਂ ਅਕਾਲੀਆਂ ਵਿਚ ਅਤੇ ਇਕ 'ਅਕਾਲੀ' ਦੀ ਥਾਂ ਕਈ ਅਖ਼ਬਾਰ ਨਿਕਲਣੇ ਸ਼ੁਰੂ ਹੋਏ, ਉਸ ਦਿਨ ਤੋਂ ਸਤਿਆ ਘਟਣੀ ਸ਼ੁਰੂ ਹੋਈ। ਹੁਣ ਅਕਾਲੀ ਲਹਿਰ ਖ਼ਾਤਮੇ ਤੇ ਪਹੁੰਚੀ ਹੋਈ ਹੈ। ਸੰਸਾਰ ਦਾ ਚੱਕਰ ਇਸੇ ਤਰ੍ਹਾਂ ਚਲਦਾ ਰਹਿੰਦਾ ਹੈ। ਕੋਈ ਮਰਦਾ ਹੈ, ਕੋਈ ਜੰਮਦਾ ਹੈ, ਕੋਈ ਡੁਬਦਾ, ਕੋਈ ਚੜ੍ਹਦਾ ਹੈ। ਤਬਦੀਲੀ ਅਥਵਾ ਉਤਰਾ ਚੜ੍ਹਾ ਕੁਦਰਤ ਦੇ ਵਿਕਾਸ ਦਾ ਮੁਢਲਾ ਨਿਯਮ ਹੈ। ਇਹ ਅਟੱਲ ਹੈ, ਕਦੇ ਟਲਦਾ ਨਹੀਂ। ਅਕਾਲੀ ਲਹਿਰ ਭੀ ਇਸੇ ਚੱਕਰ ਵਿਚ ਹੈ। ਪਰ ਸੂਰਜ ਚੜ੍ਹੇਗਾ। ਫੇਰ ਭੀ ਉਠਸੀ ਮਰਦ ਕਾ ਚੇਲਾ।



Digitized by Panjab Digital Library | www.panjabdigilib.org

# ੭

# ਗੁਰਦੁਆਰਾ-ਸੁਧਾਰ ਲਹਿਰ

ਇਨਸਾਨੀ ਜੀਵਨ-ਗੱਡੀ ਬਜ਼ੁਰਗਾਂ ਦੀਆਂ ਪਾਈਆਂ ਲੀਹਾਂ ਤੇ ਸੌਖੀ ਚਲਦੀ ਹੈ। ਇਸ ਦੇ ਲਾਭ ਵੀ ਹਨ ਅਤੇ ਹਾਣ ਭੀ। ਕੋਈ ਵਿਰਲਾ ਸੂਰਮਾ ਹੀ ਪੈਦਾ ਹੁੰਦਾ ਹੈ ਜਿਹੜਾ ਆਪਣੀਆਂ ਨਵੀਆਂ ਲੀਹਾਂ ਪਾਂਦਾ ਹੈ। ਜਦ ਪੁਰਾਣੀਆਂ ਲੀਹਾਂ ਤੇ ਕੁਝ ਪੀੜ੍ਹੀਆਂ ਚਲਦੀਆਂ ਰਹਿਣ ਤਾਂ ਉਹ ਪੱਕੀਆਂ ਰਵਾਇਤਾਂ ਬਣ ਕੇ ਇਨਸਾਨੀ ਜੀਵਨ ਲਈ ਬੰਧਨ ਹੋ ਨਿਬੜਦੀਆਂ ਹਨ। ਇਨਸਾਨੀ ਜ਼ਿੰਦਗੀ ਦੇ ਘੜਨ ਵਿਚ ਬਹੁਤਾ ਭਾਗ ਤਾਂ ਪੂਰਬਲੇ ਸੰਸਕਾਰਾਂ ਦਾ ਹੁੰਦਾ ਹੈ, ਪਰ ਪੁਰਾਣੀਆਂ ਰਵਾਇਤਾਂ ਅਤੇ ਆਲੇ-ਦੁਆਲੇ ਦੇ ਵਾਯੂ-ਮੰਡਲ ਦਾ ਭੀ ਕਾਫ਼ੀ ਅਸਰ ਹੁੰਦਾ ਹੈ। ਪੂਰਬਲੇ-ਜਨਮਾਂ ਦੀ ਚੰਗੀ ਕਮਾਈ ਵਾਲਾ ਮਹਾਂ ਪੁਰਸ਼ ਜਦ ਸੰਸਾਰ ਵਿਚ ਜਨਮ ਲੈਂਦਾ ਹੈ ਤਾਂ ਉਸ ਦੀ ਜੀਵਨ-ਧਾਰਾ ਜਨਮ-ਭੂਮੀ ਦੀਆਂ ਰਵਾਇਤਾਂ ਅਤੇ ਵਾਯੂ-ਮੰਡਲ ਦੇ ਮੁਤਾਬਿਕ ਹੀ ਹੁੰਦੀ ਹੈ।

ਭਾਰਤ ਵਿਚ ਕਈ ਸਦੀਆਂ ਤੋਂ ਪਰੰਪਰਾ ਚਲੀ ਆਉਂਦੀ ਹੈ ਕਿ ਆਤਮਕ ਜੀਵਨ ਲਈ ਗ੍ਰਿਹਸਥ ਦੇ ਜੰਜਾਲਾਂ ਤੋਂ ਦੂਰ ਰਹਿਣਾ ਜ਼ਰੂਰੀ ਹੈ। ਰਿਸ਼ੀ ਮੁਨੀ ਇਸੇ ਕਰਕੇ ਘਰ-ਘਾਟ ਛਡ ਕੇ ਜੰਗਲਾਂ ਵਿਚ ਚਲੇ ਜਾਂਦੇ ਸਨ। ਸਾਡੇ ਗੁਰੂ ਸਾਹਿਬਾਨ ਨੇ ਆਪਣੀ ਮਿਸਾਲ ਅਤੇ ਉਪਦੇਸ਼ਾਂ ਨਾਲ ਗ੍ਰਿਹਸਥ ਧਰਮ ਨੂੰ ਮਹਾਨਤਾ ਦਿੱਤੀ। "ਅੰਜਨ



Digitized by Panjab Digital Library | www.panjabdigilib.org

ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ" ਇਹ ਸਿੱਖੀ ਦਾ ਮਾਰਗ ਹੈ। ਪਰ ਪੁਰਾਣੀਆਂ ਰਵਾਇਤਾਂ ਐਨੀਆਂ ਪਰਬਲ ਹਨ ਕਿ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਅਤੇ ਉਪਦੇਸ਼ਾਂ ਦੇ ਬਾਵਜੂਦ ਇਹ ਖ਼ਿਆਲ ਕਿ ਪ੍ਰਮਾਰਥ ਦੇ ਰਾਹ ਤੇ ਚਲਣ ਲਈ ਸੰਸਾਰ ਦੇ ਧੰਦਿਆਂ ਤੋਂ ਦੂਰ ਰਹਿਣਾ ਜ਼ਰੂਰੀ ਹੈ, ਸਿੱਖਾਂ ਵਿਚ ਭੀ ਅਜੇ ਹਿੰਦੂਆਂ ਵਾਂਗੂੰ ਜ਼ੋਰਾਂ ਤੇ ਹੈ ਅਤੇ ਇਹੋ ਖ਼ਿਆਲ ਸਾਧੂ-ਸੰਤਾਂ ਦੀ ਸੇਵਾ ਅਤੇ ਮਾਨਤਾ ਕਰਾਉਂਦਾ ਹੈ।

ਗੁਰੂ ਨਾਨਕ ਦੇ ਪੁੱਤਰ ਬਾਬਾ ਸ੍ਰੀ ਚੰਦ ਜੀ ਭੀ ਪਿਛਲੀਆਂ ਪਰੰਪਰਾਂ ਦੇ ਚਲਦੇ ਗ੍ਰਿਹਸਥ ਦੇ ਧੰਦਿਆਂ ਤੋਂ ਨਿਰਲੇਪ ਹੀ ਰਹੇ ਅਤੇ ਉਨ੍ਹਾਂ ਇਕ ਫ਼ਿਰਕਾ ਚਲਾਇਆ, ਜਿਨ੍ਹਾਂ ਨੂੰ ਉਦਾਸੀ ਕਹਿੰਦੇ ਹਨ। ਉਦਾਸੀ ਆਪਣਾ ਸਾਰਾ ਜੀਵਨ ਆਤਮਕ ਵਿਚਾਰਾਂ, ਨਾਮ ਬਾਣੀ ਦੇ ਅਭਿਆਸ ਅਤੇ ਸੇਵਾ ਵਿਚ ਗੁਜ਼ਾਰਦੇ ਸਨ। ਜਦ ਸਿੱਖਾਂ ਦੇ ਗੁਰਦਵਾਰੇ ਬਣੇ ਤਾਂ ਉਦਾਸੀ ਵਿਦਵਾਨ ਅਤੇ ਵਿਰੱਕਤ ਹੋਣ ਕਰਕੇ ਇਨ੍ਹਾਂ ਗੁਰਦੁਆਰਿਆਂ ਦੀ ਸੇਵਾ ਦੇ ਵਧੇਰੇ ਯੋਗ ਸਮਝੇ ਗਏ। ਗੁਰੂ ਦੀ ਥਾਂ ਚੇਲਾ ਲੈਂਦਾ ਰਿਹਾ ਅਤੇ ਇਹ ਸਿਲਸਿਲਾ ਕਿੰਨਾ ਚਿਰ ਹੀ ਚਲਦਾ ਰਿਹਾ। ਸਿੱਖਾਂ ਦੇ ਰਾਜ ਵਿਚ ਗੁਰਦਵਾਰਿਆਂ ਦੇ ਨਾਂ ਜਗੀਰਾਂ ਅਤੇ ਜਾਇਦਾਦਾਂ ਲਗ ਗਈਆਂ ਅਤੇ ਚੜ੍ਹਾਵਿਆਂ ਦੀ ਆਮਦਨ ਵੀ ਕਾਫ਼ੀ ਵਧ ਗਈ। ਇਹ ਗੁਰਦਵਾਰਿਆਂ ਦੇ ਸੇਵਕ-ਉਦਾਸੀ, ਮਹੰਤ ਕਹਾਉਣ ਲਗ ਪਏ। ਮਾਇਆ ਇਨਸਾਨ ਨੂੰ ਕੁਝ ਦਾ ਕੁਝ ਬਣਾ ਦੇਂਦੀ ਹੈ। ਮਹੰਤਾਂ ਦਾ ਜੀਵਨ ਚੰਗਾ ਐਸ਼-ਇਸ਼ਰਤ ਵਾਲਾ ਹੋ ਗਿਆ। ਅੰਗਰੇਜ਼ੀ ਰਾਜ ਵਿਚ ਇਹ ਮਹੰਤ ਆਪਣੀ ਪੁਜ਼ੀਸ਼ਨ ਦੀ ਪਰਪੱਕਤਾ ਲਈ ਹਾਕਮਾਂ ਦੀ ਓਟ ਲੈਣ ਲਗ ਪਏ। ਗੁਰਦਵਾਰੇ, ਜਿਹੜੇ ਕਦੇ ਧਰਮ ਦੇ ਸੋਮੇ ਹੁੰਦੇ ਸਨ, ਇਨ੍ਹਾਂ ਆਚਰਨ-ਹੀਨ ਮਹੰਤਾਂ ਦੀਆਂ ਗੱਦੀਆਂ ਅਤੇ ਜਗੀਰਾਂ ਬਣ ਗਏ। ਅੰਗਰੇਜ਼ੀ ਹਕੂਮਤ ਕਾਨੂੰਨ ਦੀ ਬੱਧੀ ਹੋਈ ਸੀ ਅਤੇ ਕਾਨੂੰਨੀ ਤੌਰ ਤੇ ਮਹੰਤ ਹੀ ਗੁਰਦਵਾਰਿਆਂ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਦੇ ਮਾਲਕ



Digitized by Panjab Digital Library | www.panjabdigilib.org

ਸਨ। ਸਿੱਖ ਕੀ ਕਰਨ ? ਗੁਰਦਵਾਰਿਆਂ ਵਿਚ ਕੁਰੀਤੀਆਂ ਅਤੇ ਖੁਲ੍ਹਮ-ਖੁਲ੍ਹਾ ਲੁਚਪੁਣਾ ਹੋਣ ਲਗ ਪਿਆ। ਮਹੰਤਾਂ ਨੂੰ ਪ੍ਰਵਾਹ ਸੀ ਤਾਂ ਕੇਵਲ ਹਕੂਮਤ ਅਤੇ ਹਾਕਮਾਂ ਦੀ। ਲੋਕਾਂ ਨੂੰ ਉਹ ਟਿੱਚ ਸਮਝਦੇ ਸਨ। ਦੱਬੀ ਹੋਈ ਕੌਮ ਜਦ ਜਾਗਦੀ ਹੈ ਤਾਂ ਜਿੰਨਾ ਉਸ ਉਤੇ ਦਬਾ ਪਿਆ ਹੋਵੇ ਉੱਨਾ ਹੀ ਉਸ ਕੌਮ ਦੇ ਬੰਦਿਆਂ ਤੇ ਉਸ ਦਾ ਪ੍ਰਤਿਕਰਮ ਹੁੰਦਾ ਹੈ। ਪੰਜਾਬ ਨੂੰ ਅਸਲ ਤਾਂ ਮਾਰਸ਼ਲ-ਲਾਅ ਅਤੇ ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਨੇ ਜਗਾਇਆ ਸੀ, ਪਰ ਕੌਮ ਵਿਚ ਜਾਗਰਤਾ ਤੇ ਜੋਸ਼ 'ਅਕਾਲੀ' ਅਖ਼ਬਾਰ ਦੇ ਲੇਖਾਂ ਨੇ ਭਰਿਆ ਅਤੇ ਨਾਲ ਹੀ ਰਾਹ ਦੱਸ ਕੇ ਅਗਵਾਈ ਕੀਤੀ।

ਕਾਂਗਰਸੀ ਨੇਤਾਵਾਂ ਨੇ ਰਾਜਸੀ ਖੇਤਰ ਵਿਚ ਹਿਲਜੁਲ ਖੜੀ ਕੀਤੀ ਤਾਂ ਸਿੱਖਾਂ ਦਾ ਦਬਿਆ ਹੋਇਆ ਕ੍ਰੋਧ ਮਹੰਤਾਂ ਦੇ ਖ਼ਿਲਾਫ਼ ਜਵਾਲਾਮੁਖੀ ਪਹਾੜ ਵਾਂਗੂੰ ਫਟ ਕੇ ਬਾਹਰ ਨਿਕਲਿਆ। ਮਹੰਤਾਂ ਨੇ ਇਕੱਲਿਆਂ ਕੀ ਖੜਾ ਹੋਣਾ ਸੀ, ਉਨ੍ਹਾਂ ਦੀ ਪਿੱਠ ਪਿਛੇ ਉਨ੍ਹਾਂ ਦੇ ਕਾਨੂੰਨੀ ਹੱਕਾਂ ਦੀ ਰਖਵਾਲੀ ਅੰਗਰੇਜ਼ੀ ਹਕੂਮਤ ਖੜੀ ਸੀ। ਓਦੋਂ ਕਾਂਗਰਸੀ ਕਾਨੂੰਨ ਤੋੜ ਤੋੜ ਕੇ ਅੰਗਰੇਜ਼ੀ ਹਕੂਮਤ ਨੂੰ ਕਮਜ਼ੋਰ ਕਰਨਾ ਚਾਹੁੰਦੇ ਸਨ, ਸਿੱਖਾਂ ਨੇ ਵੀ ਧਾਰਮਕ ਜੋਸ਼ ਦੇ ਅਧੀਨ ਕਾਨੂੰਨ ਦੀਆਂ ਧਜੀਆਂ ਉਡਾਣੀਆਂ ਸ਼ੁਰੂ ਕਰ ਦਿੱਤੀਆਂ। ਕਾਂਗਰਸ ਤੇ ਸਾਰੇ ਦੇਸ ਦੀ ਹਮਦਰਦੀ ਅਤੇ ਇਖ਼ਲਾਕੀ ਸਹਾਇਤਾ ਸਿੱਖਾਂ ਦੀ ਪਿੱਠ ਪਿੱਛੇ ਹੋ ਗਈ।

ਕੈਰੋਂ ਪਾਂਡੋ ਦੀਆਂ ਸੈਨਾ ਕੁਰਖੇਤ੍ਰ ਦੇ ਮੈਦਾਨ ਵਿਚ ਆਹਮੋ-ਸਾਮ੍ਹਣੇ ਖੜੀਆਂ ਸਨ, ਬਸ ਤੀਰ ਹੀ ਚਲਣ ਦੀ ਦੇਰ ਸੀ। ਪਹਿਲਾ ਤੀਰ ਬਾਬੇ ਦੀ ਬੇਰ ਸਿਆਲਕੋਟ ਤੇ ਚਲਿਆ, ਦੂਜਾ ਦਰਬਾਰ ਸਾਹਿਬ ਅੰਮ੍ਰਿਤਸਰ ਤੇ। ਗੱਲ ਤਾਂ ਛੋਟੀ ਜਿਹੀ ਸੀ, ਪਰ ਦਿੱਲਾਂ ਦੀ ਖਿੱਚੋਤਾਣ ਨੇ ਬਾਹਰ ਆਉਣਾ ਸੀ। ਸਿੰਘ ਸਭਾ ਦੇ ਸੇਵਕਾਂ ਨੇ ਅਛੂਤ ਜਾਤੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਣਾ ਅਰੰਭ ਕਰ ਦਿੱਤਾ ਸੀ। ਪਛੜੀਆਂ ਸ਼੍ਰੇਣੀਆਂ ਵਿਚ ਪਰਚਾਰ ਕਰਨ ਲਈ ਇਕ 'ਖ਼ਾਲਸਾ ਬ੍ਰਾਦਰੀ



Digitized by Panjab Digital Library | www.panjabdigilib.org

ਦਲ' ਨੀਯਤ ਹੋ ਗਿਆ। ਇਸ ਦਲ ਵਲੋਂ ੧੦ ਤੋਂ ੧੨ ਅਕਤੂਬਰ ੧੯੨੦ ਨੂੰ ਇਕ ਦੀਵਾਨ ਜਲ੍ਹਿਆਂ ਵਾਲੇ ਬਾਗ਼ ਵਿਚ ਰੱਖਿਆ ਗਿਆ, ਜਿਸ ਵਿਚ ਸਿੰਘ ਸਭਾ, ਚੀਫ਼ ਖ਼ਾਲਸਾ ਦੀਵਾਨ ਅਤੇ ਖ਼ਾਲਸਾ ਕਾਲਜ ਦੇ ਕਾਰਕੁਨ ਵੀ ਸ਼ਾਮਲ ਹੋਏ। ੧੨ ਅਕਤੂਬਰ ਨੂੰ ਅਛੂਤ ਜਾਤੀਆਂ ਦੇ ਸਜਨਾਂ ਨੂੰ ਅੰਮ੍ਰਿਤ ਛਕਾਇਆ ਗਿਆ ਅਤੇ ਉਹ ਸਾਰੇ ਇਕ ਜਲੂਸ ਬਣਾ ਕੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਆਏ। ਪੁਜਾਰੀ ਅਛੂਤਾਂ ਦਾ ਕੜਾਹ ਪ੍ਰਸ਼ਾਦ ਪਰਵਾਨ ਨਹੀਂ ਸਨ ਕਰਦੇ। ਖ਼ਾਲਸਾ ਬ੍ਰਾਦਰੀ ਦੇ ਸਿੰਘਾਂ ਨੇ ਕੜਾਹ ਪ੍ਰਸ਼ਾਦ ਭੇਟ ਕਰਨਾ ਚਾਹਿਆ, ਪਰ ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਲੈਣ ਤੋਂ ਨਾਂਹ ਕਰ ਦਿੱਤੀ। ਇਸ ਨਾਲ ਦੋਹਾਂ ਪਾਸਿਆਂ ਤੋਂ ਝਗੜਾ ਹੋ ਪਿਆ। ਅਖ਼ੀਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲਿਆ ਗਿਆ ਤਾਂ ਹੁਕਮ ਆਇਆ :

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ...........
ਹਰਿ ਜੀਉ ਆਪੇ ਬਖਸਿ ਮਿਲਾਇ ॥
ਗੁਣ ਹੀਣ ਹਮ ਅਪਰਾਧੀ ਭਾਈ, ਪੂਰੈ ਸਤਿਗੁਰਿ ਲਏ ਰਲਾਇ ॥

... ... ... ... ... ...

ਵਾਕ ਸੁਣ ਕੇ ਪੁਜਾਰੀ ਨਿਵ ਗਏ ਅਤੇ ਖ਼ਾਲਸਾ ਬ੍ਰਾਦਰੀ ਜੱਥੇ ਵਲੋਂ ਕੜਾਹ ਪ੍ਰਸ਼ਾਦ ਚੜ੍ਹਾਇਆ ਗਿਆ ਤੇ ਅਰਦਾਸ ਕੀਤੀ ਗਈ। ਇਹ ਜੱਥਾ ਸ੍ਰੀ ਦਰਬਾਰ ਸਾਹਿਬ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਗਿਆ ਤਾਂ ਅਗੋਂ ਸਾਰੇ ਹੀ ਪੁਜਾਰੀ ਤਖ਼ਤ ਸਾਹਿਬ ਖ਼ਾਲੀ ਛਡ ਕੇ ਦੌੜ ਗਏ। ਸੰਗਤ ਨੇ ਪਰਬੰਧ ਸ: ਤੇਜਾ ਸਿੰਘ ਭੁਚਰ ਸੈਂਟਰਲ ਮਾਝਾ ਦੀਵਾਨ ਵਾਲਿਆਂ ਦੇ ਹਵਾਲੇ ਕਰ ਦਿੱਤਾ। ਲੋਕਾਂ ਵਿਚ ਬੇਚੈਨੀ ਤੇ ਜੋਸ਼ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਹੱਥ ਆਉਂਦਿਆਂ ਹੀ ਦਰਬਾਰ ਸਾਹਿਬ ਦੇ ਸਾਰੇ ਗੁਰਦਵਾਰਿਆਂ ਨੂੰ ਕਬਜ਼ੇ ਵਿਚ ਕਰ ਲਿਆ। ਫੇਰ ਪੰਜਾ ਸਾਹਿਬ ਅਤੇ ਤਰਨ ਤਾਰਨ ਸਾਹਿਬ ਜਾ ਕਬਜ਼ਾ ਕੀਤਾ। ਇਸ ਤੋਂ ਬਾਅਦ ਥਾਂ ਥਾਂ ਤੇ ਲਹਿਰ ਹੀ ਚਲ ਗਈ।



Digitized by Panjab Digital Library | www.panjabdigilib.org

ਰਮਦਾਸ, ਖਡੂਰ ਸਾਹਿਬ, ਸਾਰੇ ਗੁਰਦਵਾਰਿਆਂ ਤੇ ਸਿੰਘਾਂ ਨੇ ਧਾਵਾ ਬੋਲਣਾ ਸ਼ੁਰੂ ਕਰ ਦਿੱਤਾ। ਥਾਂ ਥਾਂ ਤੇ ਸਥਾਨਕ ਲੋਕ ਉਠ ਕੇ ਗੁਰਦਵਾਰਿਆਂ ਤੇ ਕਬਜ਼ੇ ਕਰਨ ਲਗ ਪਏ। ਹਕੂਮਤ ਕੀ ਕਰੇ ! ਕਿਸ ਕਿਸ ਨੂੰ ਰੋਕੇ ਤੇ ਕਿਸ ਕਿਸ ਨੂੰ ਫੜੇ। ਅੰਗਰੇਜ਼ਾਂ ਨੂੰ ਮਹਿਸੂਸ ਹੋਣ ਲਗ ਪਿਆ ਕਿ ਇਹ ਜੋਸ਼ ਦਬਾਇਆ ਨਹੀਂ ਜਾ ਸਕਦਾ, ਇਸ ਦਾ ਕੋਈ ਹੋਰ ਹੀ ਹੱਲ ਲੱਭਣਾ ਚਾਹੀਦਾ ਹੈ। ਮਹਾਰਾਜਾ ਪਟਿਆਲਾ ਨਾਲ ਸਲਾਹ ਕਰ ਕੇ ਸਰਕਾਰ ਨੇ ਇਨ੍ਹਾਂ ਗੁਰਦਵਾਰਿਆਂ ਦੇ ਪਰਬੰਧ ਲਈ ੩੬ ਆਦਮੀਆਂ ਦੀ ਇਕ ਕਮੇਟੀ ਬਣਾ ਦਿੱਤੀ, ਜਿਸ ਦਾ ਪ੍ਰਧਾਨ ਸ: ਹਰਬੰਸ ਸਿੰਘ ਅਟਾਰੀ ਨੂੰ ਮੁਕੱਰਰ ਕੀਤਾ। ਸ: ਹਰਬੰਸ ਸਿੰਘ ਹੈਸਨ ਤਾਂ ਨਰਮ ਧੜੇ ਚੀਫ਼ ਖ਼ਾਲਸਾ ਦੀਵਾਨ ਦੇ ਕਾਰਕੁਨ, ਪਰ ਉਨ੍ਹਾਂ ਦੀ ਪੰਥ ਵਿਚ ਬੜੀ ਸ਼ੋਭਾ ਸੀ। ੧੫ ਨਵੰਬਰ ੧੯੨੦ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਕ ਪੰਥਕ ਇਕੱਠ ਹੋਇਆ, ਜਿਸ ਵਿਚ ਗੁਰਦਵਾਰਿਆਂ ਦੇ ਪਰਬੰਧ ਲਈ ੧੭੫ ਆਦਮੀਆਂ ਦੀ ਸ਼੍ਰੋਮਣੀ ਕਮੇਟੀ ਬਣਾਈ ਗਈ ਅਤੇ ਸਰਕਾਰ ਦੇ ਬਣਾਏ ੩੬ ਮੈਂਬਰ ਭੀ ਇਸ ਵਿਚ ਸ਼ਾਮਲ ਕਰ ਲਏ ਗਏ।

ਅੰਗਰੇਜ਼ੀ ਸਰਕਾਰ ਅਤੇ ਮਹੰਤਾਂ ਦੇ ਮਿਲਵੇਂ ਧੜੇ ਦੇ ਖ਼ਿਲਾਫ਼ ਸਾਰੀ ਕੌਮ ਇਕਮੁੱਠ ਅਤੇ ਇਕ-ਜਾਨ ਹੋਈ ਹੋਈ ਸੀ। ਸਰਦਾਰ ਸੁੰਦਰ ਸਿੰਘ ਮਜੀਠੀਏ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਾ ਕੇ ਆਪਣੀਆਂ ਪਿਛਲੀਆਂ ਭੁੱਲਾਂ ਲਈ ਪੰਥ ਪਾਸੋਂ ਮਾਫ਼ੀ ਮੰਗੀ। ਪੰਥ ਭੀ ਬੜਾ ਉਦਾਰ-ਚਿਤ ਹੈ। ਪੰਥ ਨੇ ਸਿਰਫ਼ ਮਾਫ਼ ਹੀ ਨਹੀਂ ਕੀਤਾ ਸਗੋਂ ਨਵੀਂ ਬਣੀ ਸ਼੍ਰੋਮਣੀ ਕਮੇਟੀ ਦਾ ਉਸ ਨੂੰ ਸਰਬ-ਸੰਮਤੀ ਨਾਲ ਪ੍ਰਧਾਨ ਵੀ ਚੁਣ ਲਿਆ। ਪਰ ਸਰਦਾਰ ਮਜੀਠੀਆ ਜਨਵਰੀ ਵਿਚ ਪੰਜਾਬ ਗੌਰਮਿੰਟ ਦੀ ਐਗਜ਼ੈਕਟਿਵ ਦਾ ਮੈਂਬਰ ਬਣਾਇਆ ਗਿਆ, ਇਸ ਲਈ ਇਸ ਨਵੀਂ ਪ੍ਰਧਾਨਗੀ ਤੋਂ ਉਸ ਨੂੰ ਅਸਤੀਫ਼ਾ ਦੇਣਾ ਪਿਆ।

ਇਹ ਸਭ ਜਾਗਰਿਤ ਅਤੇ ਬਲ ਪੈਦਾ ਕਰਨ ਦਾ ਸਿਹਰਾ



Digitized by Panjab Digital Library | www.panjabdigilib.org

'ਅਕਾਲੀ' ਅਖ਼ਬਾਰ ਤੇ ਸੀ। 'ਅਕਾਲੀ' ਦੇ ਲੇਖ ਤਾਂ ਸਮੁੱਚੀ ਕੌਮ ਲਈ ਹੁਕਮਨਾਮੇ ਦਾ ਰੂਪ ਧਾਰ ਚੁਕੇ ਸਨ। ਅਕਾਲੀ ਅਖ਼ਬਾਰ ਚਲਾਣ ਵਾਲੇ ਮਾਸਟਰ ਤਾਰਾ ਸਿੰਘ, ਮਾਸਟਰ ਸੁੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀ ਲਾਇਲਪੁਰੀ ਗਰੁੱਪ ਸੀ।

ਨਵੀਂ ਬਣੀ ਸ਼੍ਰੋਮਣੀ ਕਮੇਟੀ ਤਾਕਤ ਫੜਦੀ ਗਈ। ਗੌਰਮਿੰਟ ਨੇ ਭੀ ਇਨ੍ਹਾਂ ਦੀ ਸਲਾਹ ਨਾਲ ਨਵਾਂ ਗੁਰਦਵਾਰਾ-ਬਿੱਲ ਬਣਾਣਾ ਸ਼ੁਰੂ ਕੀਤਾ, ਤਾਕਿ ਸਾਰੇ ਗੁਰਦਵਾਰੇ ਪੰਥਕ ਪਰਬੰਧ ਵਿਚ ਆ ਸਕਣ। ਪਰ ਦ੍ਰਿਸ਼ਟੀ-ਕੋਣ ਵਿਚ ਫ਼ਰਕ ਸੀ। ਗੌਰਮਿੰਟ ਨੂੰ ਇਹ ਤਾਂ ਚਾਨਣਾ ਹੋ ਗਿਆ ਸੀ ਕਿ ਸਿੱਖ ਗੁਰਦਵਾਰਿਆਂ ਦਾ ਪਰਬੰਧ ਮਹੰਤਾਂ ਅਤੇ ਪੁਜਾਰੀਆਂ ਦੇ ਹੱਥ ਛੱਡਣ ਨੂੰ ਕਦਾਚਿਤ ਤਿਆਰ ਨਹੀਂ, ਇਸ ਲਈ ਗੌਰਮਿੰਟ ਦੀ ਇਹ ਇੱਛਾ ਸੀ ਕਿ ਥਾਂ ਥਾਂ ਵੱਖਰੀਆਂ ਵੱਖਰੀਆਂ ਕਮੇਟੀਆਂ ਬਣਾ ਦਿੱਤੀਆਂ ਜਾਣ ਤਾਕਿ ਤਾਕਤ ਖਿੰਡਰੀ ਰਹੇ। ਸਾਰੇ ਗੁਰਦਵਾਰਿਆਂ ਦੇ ਪਰਬੰਧ ਲਈ ਇਕ ਕੇਂਦਰੀ ਕਮੇਟੀ ਬਣਾਣ ਲਈ ਗੌਰਮਿੰਟ ਬਿਲਕੁਲ ਤਿਆਰ ਨਹੀਂ ਸੀ। ਸਰ ਜਾਨ ਮੇਨਾਰਡ ਤਾਂ ਸਪੱਸ਼ਟ ਕਹਿੰਦਾ ਸੀ ਕਿ ਇਕ ਰਾਜ ਦੇ ਅੰਦਰ ਦੂਜਾ ਰਾਜ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਅਤੇ ਜੇ ਸਾਰੇ ਇਤਿਹਾਸਕ ਗੁਰਦਵਾਰੇ ਇਕ ਕੇਂਦਰ ਦੇ ਪਰਬੰਧ ਵਿਚ ਲਿਆਂਦੇ ਜਾਣ ਤਾਂ ਇਸ ਕੇਂਦਰ ਵਿਚ ਪੰਜਾਬ ਸਰਕਾਰ ਦੇ ਮੁਕਾਬਲੇ ਦੀ ਤਾਕਤ ਆ ਜਾਏਗੀ। ਸਿੱਖ ਤਾਂ ਸ਼੍ਰੋਮਣੀ ਕਮੇਟੀ ਬਣਾ ਚੁਕੇ ਸਨ ਅਤੇ ਸਾਰਿਆਂ ਇਤਿਹਾਸਕ ਗੁਰਦਵਾਰਿਆਂ ਦਾ ਪਰਬੰਧ ਇਸ ਕੇਂਦਰੀ ਕਮੇਟੀ ਦੇ ਹੱਥ ਵਿਚ ਦੇਣ ਲਈ ਪਰਪੱਕ ਸਨ।

ਨਵੀਂ ਬਣੀ ਸ਼੍ਰੋਮਣੀ ਕਮੇਟੀ ਨੇ ਬਥੇਰੇ ਜਤਨ ਕੀਤੇ, ਪਰ ਗੁਰਦਵਾਰਾ ਸੁਧਾਰ ਲਈ ਸਿੱਖਾਂ ਦਾ ਜੋਸ਼ ਠਲ੍ਹਿਆ ਨਹੀਂ ਸੀ ਜਾਂਦਾ। ਆਪ-ਹੁਦਰੇ ਹੋਏ ਲੋਕ ਥਾਂ ਥਾਂ ਤੇ ਕਬਜ਼ੇ ਕਰਦੇ ਫਿਰਦੇ ਸਨ। ਬਹੁਤਾ ਗੁੱਸਾ ਨਨਕਾਣੇ ਸਾਹਿਬ ਦੇ ਮਹੰਤ ਨਰਾਇਣ ਦਾਸ ਦੇ ਖ਼ਿਲਾਫ਼ ਸੀ। ਗੁਰਦਵਾਰਾ ਨਨਕਾਣਾ ਸਾਹਿਬ ਦੇ ਨਾਲ ਸੈਂਕੜੇ ਮੁਰੱਬੇ ਜ਼ਮੀਨ ਸੀ।



Digitized by Panjab Digital Library | www.panjabdigilib.org

ਇਹ ਤਾਂ ਇਕ ਛੋਟੀ ਜਿਹੀ ਰਿਆਸਤ ਹੀ ਸੀ ਅਤੇ ਇਸ ਦਾ ਮਹੰਤ ਨਰਾਇਣ ਦਾਸ ਰਾਜਿਆਂ ਵਾਂਗੂੰ ਹੀ ਬਦ-ਚਲਨੀ ਅਤੇ ਐਸ਼ੋ-ਇਸ਼ਰਤ ਦਾ ਜੀਵਨ ਗੁਜ਼ਾਰਦਾ ਸੀ। ਲੋਕਾਂ ਦਾ ਜੋਸ਼ ਸੰਭਲਿਆ ਨਹੀਂ ਸੀ ਜਾਂਦਾ ਅਤੇ ਮਹੰਤ ਵਾਸਤੇ ਭੀ ਇਸ ਰਿਆਸਤ ਨੂੰ ਛੱਡ ਦੇਣਾ ਸੌਖਾ ਕੰਮ ਨਹੀਂ ਸੀ। ਮਹੰਤ ਨੇ ਪਹਿਲਾਂ ਤਾਂ ਲਾਹੌਰ ਦੇ ਕਮਿਸ਼ਨਰ ਕਿੰਗ ਸਾਹਿਬ ਅਤੇ ਪੁਲੀਸ ਦੇ ਡੀ.ਆਈ.ਜੀ. ਬੋਰਿੰਗ ਨੂੰ ਆਪਣੇ ਨਾਲ ਗੰਢਿਆ, ਫੇਰ ਸ਼ੇਖ਼ੂਪੁਰੇ ਦੇ ਡੀ. ਸੀ. ਅਤੇ ਹੋਰ ਛੋਟੇ ਹਾਕਮਾਂ ਨੂੰ ਆਪਣੇ ਵਲ ਕੀਤਾ। ਬੰਦੂਕਾਂ ਅਤੇ ਪਸਤੌਲਾਂ ਦੇ ਬਹੁਤ ਸਾਰੇ ਲਾਇਸੈਂਸ ਲੈ ਲਏ। ਫੇਰ ਦਰਜਨਾਂ ਆਦਮੀ ਆਪਣੀ ਹਿਫ਼ਾਜ਼ਤ ਵਾਸਤੇ ਨੌਕਰ ਰੱਖ ਲਏ। ਗੁਰਦਵਾਰੇ ਨੂੰ ਭੀ ਉਸ ਨੇ ਇਕ ਕਿਲ੍ਹਾ ਹੀ ਬਣਾ ਲਿਆ। ਜਾਸੂਸ ਭੀ ਉਨ੍ਹੇ ਰੱਖੇ ਹੋਏ ਸਨ ਅਤੇ ਉਹਨੂੰ ਇਹ ਭੀ ਦਿਸਦਾ ਸੀ ਕਿ ਗੁਰਦਵਾਰੇ ਤੇ ਹੱਲਾ ਹੋਇਆ ਕਿ ਹੋਇਆ। ਉਧਰ ਲਾਇਲਪੁਰ ਜ਼ਿਲੇ ਦੇ ਭਾਈ ਲਛਮਣ ਸਿੰਘ ਨੇ ਚੁੱਪ-ਚਾਪ ਇਕ ਸ਼ਹੀਦੀ ਜੱਥਾ ਨਨਕਾਣੇ ਸਾਹਿਬ ਤੇ ਕਬਜ਼ਾ ਕਰਨ ਲਈ ਤਿਆਰ ਕੀਤਾ। ਵਿਉਂਤ ਇਹ ਕੱਢੀ ਕਿ ਥੋੜੇ ਥੋੜੇ ਸਿੰਘ ਵੱਖੋ-ਵੱਖਰੇ ੧੯ ਫ਼ਰਵਰੀ ਦੀ ਰਾਤ ਨੂੰ ਨਨਕਾਣੇ ਸਾਹਿਬ ਜਾਂ ਉਸ ਦੇ ਨੇੜੇ ਪੁਜਣ ਅਤੇ ੨੦ ਫ਼ਰਵਰੀ ੧੯੨੧ ਨੂੰ ਅੰਮ੍ਰਿਤ ਵੇਲੇ ਅੰਦਰ ਜਾ ਕੇ ਦੀਵਾਨ ਲਾ ਦੇਣ ਅਤੇ ਕਬਜ਼ਾ ਕਰ ਲੈਣ। ਗੱਲ ਤਾਂ ਸਾਰੀ ਗੁਪਤ ਰੱਖੀ, ਪਰ ਜਿਹੜੀ ਗੱਲ ਇੰਨਿਆਂ ਆਦਮੀਆਂ ਨੂੰ ਪਤਾ ਹੋਵੇ ਉਹ ਲੁਕੀ ਕਿਵੇਂ ਰਹਿ ਸਕਦੀ ਹੈ। ਮਹੰਤ ਨੂੰ ਭੀ ਸੂਹ ਪਹੁੰਚ ਗਈ ਅਤੇ ਇਧਰ ਸ਼੍ਰੋਮਣੀ ਕਮੇਟੀ ਨੂੰ ਭੀ ਕੁਝ ਭਿਣਕ ਪੈ ਗਈ।

ਮਾਸਟਰ ਤਾਰਾ ਸਿੰਘ ਜੀ ਅੰਮ੍ਰਿਤਸਰ ਆਏ ਹੋਏ ਸਨ। ਉਨ੍ਹਾਂ ਸ਼ੇਖ਼ੂਪੁਰੇ ਪਹੁੰਚ ਕੇ ਭਾਈ ਲਛਮਣ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਮਿਲ ਕੇ ਪ੍ਰੇਰਨਾ ਸੀ ਕਿ ਉਹ ਕਾਹਲ ਨਾ ਕਰਨ। ਰਾਤ ਨੂੰ ਉਹ ਮੇਰੇ ਪਾਸ ਖ਼ਾਲਸਾ ਕਾਲਜ ਵਿਚ ਸਨ। ਕੁਦਰਤ ਦੀ ਗੱਲ ਹੈ, ਸਵੇਰੇ ਉਨ੍ਹਾਂ ਗੱਡੀ ਤੇ ਚੜ੍ਹ ਕੇ ਸ਼ੇਖ਼ੂਪੁਰੇ ਪਹੁੰਚਣਾ ਸੀ, ਪਰ ਸਵੇਰੇ ਉਨ੍ਹਾਂ ਦੀ



Digitized by Panjab Digital Library | www.panjabdigilib.org

ਜਾਗ ਹੀ ਨਾ ਖੁਲ੍ਹੀ ਅਤੇ ਗੱਡੀਓਂ ਰਹਿ ਗਏ। ਇਸ ਕਰਕੇ ਭਾਈ ਲਛਮਣ ਸਿੰਘ ਆਦਿ ਨਾਲ ਉਨ੍ਹਾਂ ਦਾ ਮੇਲ ਹੀ ਨਾ ਹੋ ਸਕਿਆ।

ਆਪਣੇ ਮਿਥੇ ਪ੍ਰੋਗਰਾਮ ਦੇ ਮੁਤਾਬਕ ਜੱਥੇ ਦੇ ਸਿੰਘ ਨਨਕਾਣੇ ਸਾਹਿਬ ਪਹੁੰਚ ਗਏ ਅਤੇ ਸਵੇਰ-ਸਾਰ ਗੁਰਦੁਆਰੇ ਵਿਚ ਦਾਖ਼ਲ ਹੋ ਗਏ। ਮਹੰਤ ਕੋਈ ਅਵੇਸਲਾ ਤਾਂ ਬੈਠਾ ਨਹੀਂ ਸੀ। ਉਸ ਨੂੰ ਤਾਂ ਰਾਤ ਨੂੰ ਨੀਂਦ ਭੀ ਨਹੀਂ ਸੀ ਪੈਂਦੀ। ਜੱਥੇ ਨੇ ਕੀਰਤਨ ਸ਼ੁਰੂ ਕੀਤਾ ਅਤੇ ਮਹੰਤ ਦੇ ਖ਼ਰੀਦੇ ਹੋਏ ਗੁੰਡਿਆਂ ਨੇ ਗੋਲੀਆਂ ਦੀ ਬੁਛਾੜ ਸ਼ੁਰੂ ਕਰ ਦਿੱਤੀ। ਬਹੁਤ ਸਾਰੇ ਭੁੰਨ ਸੁੱਟੇ। ਕੁਝ ਕੁ ਨੇ ਗੁਰਦਵਾਰੇ ਦੇ ਅੰਦਰੋਂ ਦਰਵਾਜ਼ੇ ਬੰਦ ਕਰ ਲਏ, ਪਰ ਮਹੰਤ ਨੇ ਅੰਦਰ ਬਾਹਰ ਦੇ ਦਰਵਾਜ਼ੇ ਤੋੜ ਕੇ ਸਭ ਖ਼ਤਮ ਕਰ ਦਿੱਤੇ। ਫੇਰ ਮਿੱਟੀ ਦਾ ਤੇਲ ਪਾ ਕੇ ਸਾਰੀਆਂ ਲਾਸ਼ਾਂ ਨੂੰ ਸਾੜਨਾ ਸ਼ੁਰੂ ਕਰ ਦਿੱਤਾ।

ਭਾਈ ਦਲੀਪ ਸਿੰਘ ਉਸ ਰਾਤ ਭਾਈ ਉੱਤਮ ਸਿੰਘ ਦੇ ਕਾਰਖ਼ਾਨੇ ਵਿਚ ਸੁੱਤਾ ਸੀ। ਹੋ ਸਕਦਾ ਹੈ ਜੱਥੇ ਨੂੰ ਸਮਝਾ ਕੇ ਰੋਕਣ ਲਈ ਹੀ ਉਹ ਨਨਕਾਣੇ ਸਾਹਿਬ ਪਹੁੰਚਿਆ ਹੋਵੇ। ਜਦ ਗੋਲੀਆਂ ਚਲੀਆਂ ਅਤੇ ਹਾਹਾਕਾਰ ਮਚੀ ਤਾਂ ਉਹ ਜਾਗ ਕੇ ਗੁਰਦਵਾਰੇ ਵਲ ਭੱਜਿਆ। ਮਹੰਤ ਉਸ ਦਾ ਵਾਕਫ਼ ਸੀ ਅਤੇ ਭਾਈ ਦਲੀਪ ਸਿੰਘ ਮਹੰਤ ਨਾਲ ਗੱਲ ਕਰ ਕੇ ਇਸ ਕਤਲ-ਆਮ ਨੂੰ ਬੰਦ ਕਰਾਣਾ ਚਾਹੁੰਦਾ ਸੀ। ਜਿਸ ਵੇਲੇ ਭਾਈ ਦਲੀਪ ਸਿੰਘ ਗੁਰਦਵਾਰੇ ਕੋਲ ਪਹੁੰਚਿਆ ਤਾਂ ਮਹੰਤ ਅਗੇ ਕੁਝ ਆਦਮੀਆਂ ਨਾਲ ਗੁਰਦਵਾਰੇ ਦੇ ਬਾਹਰ ਹੀ ਚੱਕਰ ਲਾ ਰਿਹਾ ਸੀ। ਭਾਈ ਦਲੀਪ ਸਿੰਘ ਨੇ ਮਹੰਤ ਨਾਲ ਗੱਲ ਕਰਨੀ ਚਾਹੀ, ਪਰ ਮਹੰਤ ਦੇ ਸਿਰ ਤੇ ਤਾਂ ਖ਼ੂਨ ਚੜ੍ਹਿਆ ਹੋਇਆ ਸੀ। ਉਸ ਨੇ ਝੱਟ ਪਸਤੌਲ ਨਾਲ ਭਾਈ ਦਲੀਪ ਸਿੰਘ ਨੂੰ ਖ਼ਤਮ ਕਰ ਦਿੱਤਾ ਅਤੇ ਉਸ ਦੇ ਸਰੀਰ ਨੂੰ ਨੇੜੇ ਬਲਦੀ ਇਕ ਭੱਠੀ ਵਿਚ ਸੁਟਵਾ ਦਿੱਤਾ। ਮਹੰਤ ਤਾਂ ਸਾਰਿਆਂ ਦਾ ਨਾਂ-ਨਿਸ਼ਾਨ ਹੀ ਮਿਟਾ ਦੇਣਾ ਚਾਹੁੰਦਾ ਸੀ। ਉਹ ਤਾਂ ਸਵਾਹ ਤਕ ਭੀ ਹੂੰਝ ਕੇ ਕਿਸੇ ਦਰਿਆ ਵਿਚ ਸੁਟਾਣਾ ਚਾਹੁੰਦਾ ਸੀ ਤਾਕਿ ਕਿਸੇ ਕਿਸਮ ਦਾ ਕੋਈ ਨਿਸ਼ਾਨ ਬਾਕੀ ਰਹੇ ਹੀ ਨਾ।



Digitized by Panjab Digital Library | www.panjabdigilib.org

ਇਨਸਾਨੀ ਚਤਰਾਈਆਂ ਦੀ ਭੀ ਹੱਦ ਹੈ। ਹੁੰਦਾ ਉਹ ਹੀ ਕੁਝ ਹੈ ਜੋ ਕੁਦਰਤ ਨੂੰ ਮਨਜ਼ੂਰ ਹੁੰਦਾ ਹੈ। ਨਨਕਾਣੇ ਸਾਹਿਬ ਦਾ ਸਟੇਸ਼ਨ-ਮਾਸਟਰ ਸਿੱਖ ਸੀ। ਜਦ ਉਸ ਨੂੰ ਇਸ ਕਤਲਿ-ਆਮ ਦਾ ਪਤਾ ਲੱਗਾ ਤਾਂ ਉਸ ਨੇ ਇਸ ਦੀਆਂ ਤਾਰਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਅਫ਼ਸਰਾਂ ਨੂੰ, ਪੁਲੀਸ ਨੂੰ, ਪੰਜਾਬ ਗੌਰਮਿੰਟ ਨੂੰ, ਸ਼੍ਰੋਮਣੀ ਕਮੇਟੀ ਨੂੰ, ਥਾਂ ਥਾਂ ਤੇ ਸਿੰਘ ਸਭਾਵਾਂ ਨੂੰ ਬੜੀਆਂ ਤਾਰਾਂ ਉਸ ਨੇ ਦਿੱਤੀਆਂ। ਅੰਦਾਜ਼ਾ ਹੈ ਕਿ ੧੩੦ ਸਿੰਘ ਮਹੰਤ ਨੇ ਸ਼ਹੀਦ ਕੀਤੇ, ਪਰ ਉਸ ਵੇਲੇ ਤਾਂ ਸਾਰੇ ਪੰਜਾਬ ਵਿਚ ਇਉਂ ਹਾਹਾਕਾਰ ਮਚੀ ਜਿਵੇਂ ਦੂਜਾ ਜਲ੍ਹਿਆਂ ਵਾਲਾ ਬਾਗ਼ ਰਚਿਆ ਗਿਆ ਹੈ।

ਜਿੰਨਾ ਜੋਸ਼ ਇਸ ਸ਼ਹੀਦੀ ਵੇਲੇ ਫੈਲਿਆ ਇੰਨਾ ਜੋਸ਼ ਮੈਂ ਸਿੱਖਾਂ ਵਿਚ ਆਪਣੇ ਜੀਵਨ ਵਿਚ ਕਦੇ ਨਹੀਂ ਵੇਖਿਆ। ਸਾਡੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਨੌਜਵਾਨ ਵਿਦਿਆਰਥੀ ਪੈਦਲ ਹੀ ਨਨਕਾਣੇ ਸਾਹਿਬ ਨੂੰ ਦੌੜ ਪਏ ਅਤੇ ਪੈਦਲ ਹੀ ਉਥੇ ਜਾ ਪਹੁੰਚੇ। ਗੱਡੀਆਂ ਤੇ ਜਾਣ ਲਈ ਨਨਕਾਣੇ ਸਾਹਿਬ ਦੇ ਟਿਕਟ ਤਾਂ ਮਿਲਦੇ ਨਹੀਂ ਸਨ। ਫੇਰ ਭੀ ਲੋਕੀ ਪ੍ਰਵਾਨਿਆਂ ਵਾਂਗੂੰ ਉਥੇ ਇਕੱਠੇ ਹੋ ਗਏ। ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਸਣੇ ਆਪਣੇ ਐਗਜ਼ੈਕਟਿਵ ਕਉਂਸਲਰਾਂ ਦੇ ੨੨ ਫ਼ਰਵਰੀ ਨੂੰ ਉਥੇ ਪਹੁੰਚਿਆ ਅਤੇ ਲੋਕਾਂ ਦਾ ਜੋਸ਼ ਠੰਡਾ ਕਰਨ ਲਈ ਬੜੇ ਦਮ-ਦਿਲਾਸੇ ਦੇਂਦਾ ਰਿਹਾ। ਉਸੇ ਦਿਨ ਉਸ ਨੇ ਗੁਰਦਵਾਰਾ ਜਨਮ-ਅਸਥਾਨ ਦੇ ਪਰਬੰਧ ਲਈ ਇਕ ਕਮੇਟੀ ਬਣਾ ਦਿੱਤੀ, ਜਿਸ ਦਾ ਪਰਧਾਨ ਸ: ਹਰਬੰਸ ਸਿੰਘ ਅਟਾਰੀ ਨੂੰ ਬਣਾਇਆ।

ਲੋਕਾਂ ਵਿਚ ਐਨਾ ਜੋਸ਼ ਸੀ ਕਿ ਠਲ੍ਹਿਆਂ ਠਲ੍ਹਣ ਨਹੀਂ ਸੀ ਹੁੰਦਾ। ਕਰਤਾਰ ਸਿੰਘ ਝੱਬਰ ਅਤੇ ਉਸ ਦਾ ਸ਼ੇਖ਼ੂਪੁਰੇ ਦਾ ਜੱਥਾ ਤਾਂ ਮਰਨ-ਮਾਰਨ ਤੇ ਤੁਲਿਆ ਹੋਇਆ ਸੀ ਅਤੇ ਲਾਟ ਸਾਹਿਬ ਦੇ ਸਾਮ੍ਹਣੇ ਕਿੰਗ ਅਤੇ ਬੋਰਿੰਗ ਦੇ ਖ਼ਿਲਾਫ਼ ਖੁਲ੍ਹੇ ਨਾਹਰੇ ਲੱਗਦੇ ਰਹੇ।

ਸ਼ਹੀਦ ਹੋਏ ਸਿੰਘਾਂ ਨੂੰ ਮਹੰਤ ਨੇ ਤੇਲ ਪਾ ਕੇ ਸਾੜਨ ਦਾ ਯਤਨ ਕੀਤਾ ਸੀ ਅਤੇ ਝੁਲਸੀਆਂ ਹੋਈਆਂ ਲਾਸ਼ਾਂ ਦਾ ਗੁਰਦਵਾਰੇ ਦੇ



Digitized by Panjab Digital Library | www.panjabdigilib.org

ਅਹਾਤੇ ਵਿਚ ਢੇਰ ਲੱਗਾ ਹੋਇਆ ਸੀ। ੨੨ ਫ਼ਰਵਰੀ ਨੂੰ ਇਨ੍ਹਾਂ ਸਾਰਿਆਂ ਦਾ ਬਾਕਾਇਦਾ ਸਸਕਾਰ ਕੀਤਾ ਗਿਆ।

ਮਹੰਤ ਅਤੇ ਸਰਕਾਰ ਦੇ ਖ਼ਿਲਾਫ਼ ਐਨਾ ਜਜ਼ਬਾ ਸੀ ਕਿ ਸਰਕਾਰੀ ਬਣਾਈ ਕਮੇਟੀ ਦੀ ਕੋਈ ਪਰਵਾਹ ਕਰਨ ਨੂੰ ਤਿਆਰ ਨਹੀਂ ਸੀ। ਸ਼੍ਰੋਮਣੀ ਕਮੇਟੀ ਨੇ ਉਥੇ ਹੀ ਇਕੱਤਰਤਾ ਕਰ ਕੇ ਮਾਸਟਰ ਤਾਰਾ ਸਿੰਘ ਨੂੰ ਆਪਣਾ ਸਕੱਤਰ ਬਣਾਇਆ ਅਤੇ ਸ: ਨਰਾਇਣ ਸਿੰਘ ਬੈਰਿਸਟਰ ਨੂੰ ਗੁਰਦਵਾਰੇ ਦਾ ਮੈਨੇਜਰ ਮੁਕੱਰਰ ਕੀਤਾ। ਨਨਕਾਣੇ ਸਾਹਿਬ ਤੋਂ ਮਾਸਟਰ ਤਾਰਾ ਸਿੰਘ ਜੀ ਵਾਪਸ ਆਪਣੇ ਸਕੂਲ ਵਿਚ ਲਾਇਲਪੁਰ ਨਹੀਂ ਗਏ, ਸਿੱਧੇ ਅੰਮ੍ਰਿਤਸਰ ਹੀ ਆ ਗਏ। ਅਤੇ ਅੰਮ੍ਰਿਤਸਰ ਪਹੁੰਚ ਕੇ ਉਨ੍ਹਾਂ ਉਸ ਇਮਾਰਤ ਵਿਚ, ਜਿੱਥੇ ਅੱਜ ਕਲ੍ਹ ਸ਼੍ਰੋਮਣੀ ਅਕਾਲੀ ਦਲ ਦਾ ਦਫ਼ਤਰ ਹੈ, ਆਪਣਾ ਦਫ਼ਤਰ ਬਾਕਾਇਦਾ ਬਣਾਇਆ। ਸ਼੍ਰੋਮਣੀ ਕਮੇਟੀ ਦੀ ਬਾਕਾਇਦਾ ਹਸਤੀ ਇਸ ਦਫ਼ਤਰ ਦੇ ਬਣਨ ਨੇ ਹੀ ਕਾਇਮ ਕੀਤੀ। ਸਰਕਾਰ ਅਤੇ ਸਿੱਖ ਦੋਵੇਂ ਹੀ ਚਾਹੁੰਦੇ ਸਨ ਕਿ ਗੁਰਦਵਾਰਾ ਐਕਟ ਬਣੇ ਅਤੇ ਗੁਰਦਵਾਰਿਆਂ ਦਾ ਪਰਬੰਧ ਸਿੱਖ ਪੰਥ ਦੇ ਹੱਥ ਦਿੱਤਾ ਜਾਏ। ਆਪੋ ਵਿਚ ਕਾਫ਼ੀ ਮੀਟਿੰਗਾਂ ਤੇ ਕਾਫ਼ੀ ਸਲਾਹ-ਮਸ਼ਵਰੇ ਭੀ ਹੋਏ। ਬਿੱਲ ਭੀ ਤਿਆਰ ਹੋ ਗਿਆ, ਪਰ ਦ੍ਰਿਸ਼ਟੀ-ਕੋਣ ਵਿਚ ਮੁਢਲਾ ਫ਼ਰਕ ਸੀ। ਗੌਰਮਿੰਟ ਸਾਰਿਆਂ ਗੁਰਦਵਾਰਿਆਂ ਦਾ ਸਾਂਝਾ ਪਰਬੰਧ ਇਕ ਕੇਂਦਰੀ ਸੰਸਥਾ ਦੇ ਹਵਾਲੇ ਕਰਨ ਨੂੰ ਤਿਆਰ ਨਹੀਂ ਸੀ। ਬਿੱਲ ਕੌਂਸਲ ਵਿਚ ਪੇਸ਼ ਹੋਇਆ, ਪਾਸ ਭੀ ਹੋ ਗਿਆ, ਪਰ ਕੌਂਸਲ ਦੇ ਸਿੱਖ ਮੈਂਬਰਾਂ ਨੇ ਭੀ ਇਸ ਦੀ ਵਿਰੋਧਤਾ ਹੀ ਕੀਤੀ। ਬਿੱਲ ਕਿਤਾਬ ਤੇ ਹੀ ਰਹਿ ਗਿਆ। ਸਿੱਖਾਂ ਦੀ ਸਮੁੱਚੀ ਵਿਰੋਧਤਾ ਕਰਕੇ ਕਾਨੂੰਨ ਕਿਸੇ ਥਾਂ ਭੀ ਲਾਗੂ ਨਾ ਹੋ ਸਕਿਆ।

ਸਾਰੇ ਮੁਲਕ ਵਿਚ ਉਨ੍ਹੀਂ ਦਿਨੀਂ ਗਾਂਧੀ ਜੀ ਦੀ ਚਲਾਈ 'ਨਾ-ਮਿਲਵਰਤਣ ਲਹਿਰ' ਦਾ ਬੋਲ-ਬਾਲਾ ਸੀ। ਸਿੱਖ ਲੀਗ ਭੀ ਲਾਹੌਰ ਵਿਚ ਆਪਣਾ ਸਮਾਗਮ ਕਰ ਕੇ ਇਸ ਨੂੰ ਪਾਸ ਕਰ ਚੁਕੀ ਸੀ। ਸਿੱਖਾਂ ਦੀ ਅਤੇ ਸਰਕਾਰ ਦੀ ਆਪੋ ਵਿਚ ਵਿਰੋਧਤਾ ਵਧਦੀ



Digitized by Panjab Digital Library | www.panjabdigilib.org

ਗਈ। ਬਿੱਲ ਦਾ ਮੁਆਮਲਾ ਤਾਂ ਅਪ੍ਰੈਲ ਵਿਚ ਖ਼ਤਮ ਹੋ ਚੁਕਾ ਸੀ। ਮਈ ਤੋਂ ਸਾਰੇ ਪੰਜਾਬ ਵਿਚ ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋਈਆਂ। ਹਕੂਮਤ ਅਕਾਲੀਆਂ ਦੇ ਵਧਦੇ ਜਾ ਰਹੇ ਜੋਸ਼ ਦੇ ਹੜ੍ਹ ਨੂੰ ਸਹਾਰਨ ਨੂੰ ਤਿਆਰ ਨਹੀਂ ਸੀ, ਇਸ ਕਰਕੇ ਦਬਾਂ ਦੀ ਪਾਲਿਸੀ ਦਾ ਅਰੰਭ ਹੋਇਆ। ਜਿੱਥੇ ਜਿੱਥੇ ਕੋਈ ਮਹੰਤ ਅੜਿਆ ਹੋਇਆ ਸੀ ਜਾਂ ਅੜਨਾ ਚਾਹੁੰਦਾ ਸੀ, ਉਸ ਨੂੰ ਭੀ ਸਰਕਾਰ ਵਲੋਂ ਥਾਪੀ ਦਿੱਤੀ ਗਈ। ਮਾਸਟਰ ਤਾਰਾ ਸਿੰਘ ਜੀ ਨੇ ਅੰਮ੍ਰਿਤਸਰ ਵਿਚ ਡੇਰਾ ਲਾਇਆ ਹੋਇਆ ਸੀ ਅਤੇ ਸਰਕਾਰ ਦੇ ਦਬਾਂ ਦਾ ਮੁਕਾਬਲਾ ਕਰਨ ਦਾ ਬਹੁਤਾ ਬੋਝ ਉਨ੍ਹਾਂ ਤੇ ਹੀ ਸੀ।

# ੮

# ਗੁਰਦੁਆਰਾ-ਸੁਧਾਰ ਲਹਿਰ ਜੋਬਨ ਤੇ

ਸ਼ਹੀਦਾਂ ਦਾ ਖ਼ੂਨ ਕੌਮਾਂ ਲਈ ਟਾਨਕ ਹੈ। ਜੇ ਸ਼ਹੀਦੀ ਦੇ ਪਿਛੋਂ ਭੀ ਜਬਰ ਜਾਰੀ ਰਹੇ ਤਾਂ ਇਹ ਸੋਨੇ ਤੇ ਸੁਹਾਗੇ ਦਾ ਕੰਮ ਕਰਦਾ ਹੈ ਅਤੇ ਕੌਮ ਨੂੰ ਨਿਰੋਲ ਕੰਚਨ ਬਣਾ ਦੇਂਦਾ ਹੈ। ਸਿਖ ਕੌਮ ਦੇ ਭੀ ਭਾਗ ਜਾਗੇ ਅਤੇ ਇਸ ਨੂੰ ਕੋਰੇ ਕਪੜੇ ਵਾਂਗੂੰ ਖੁੰਭ ਹੋਣ ਦਾ ਅਵਸਰ ਮਿਲਿਆ।

ਮਾਸਟਰ ਤਾਰਾ ਸਿੰਘ ਜੀ ਅੰਮ੍ਰਿਤਸਰ ਆ ਕੇ ਮੇਰੇ ਪਾਸ ਖ਼ਾਲਸਾ ਕਾਲਜ ਵਿਚ ਰਹਿਣ ਲਗ ਪਏ। ਸਵੇਰੇ ਉਨ੍ਹਾਂ ਰੋਟੀ ਖਾ ਕੇ ਟੁਰਦੇ ਆਪਣੇ ਦਫ਼ਤਰ ਦਰਬਾਰ ਸਾਹਿਬ ਵਿਚ ਜਾਣਾ ਅਤੇ ਸ਼ਾਮ ਨੂੰ



Digitized by Panjab Digital Library | www.panjabdigilib.org

ਦਫ਼ਤਰ ਬੰਦ ਕਰ ਕੇ ਪੈਦਲ ਹੀ ਕਾਲਜ ਆਉਣਾ। ਕਾਲਜ ਵਿਚ ਰਹਿਣ ਕਰਕੇ ਉਨ੍ਹਾਂ ਦੇ ਪ੍ਰੋਫ਼ੈਸਰ ਬਾਵਾ ਹਰਕਿਸ਼ਨ ਸਿੰਘ ਅਤੇ ਪ੍ਰੋਫ਼ੈਸਰ ਤੇਜਾ ਸਿੰਘ ਜੀ ਨਾਲ ਚੰਗੇ ਨਿੱਘੇ ਸਬੰਧ ਬਣ ਗਏ। ਦੋਵੇਂ ਪ੍ਰੋਫ਼ੈਸਰ ਧਰਮ ਦੇ ਚੰਗੇ ਗਿਆਤਾ ਸਨ ਅਤੇ ਪੰਥਕ ਕੰਮਾਂ ਵਿਚ ਚੰਗੀ ਦਿਲਚਸਪੀ ਲੈਂਦੇ ਸਨ। ਸਹਿਜੇ ਸਹਿਜੇ ਇਹ ਹਾਲਤ ਹੋ ਗਈ ਕਿ ਅਸੀਂ ਤਿੰਨੇ ਮਾਸਟਰ ਤਾਰਾ ਸਿੰਘ ਜੀ ਦੇ ਸਾਥੀ ਅਤੇ ਸਲਾਹਕਾਰ ਬਣ ਗਏ। ਸ਼ਾਮ ਨੂੰ ਕਾਲਜ ਦਾ ਕੰਮ ਖ਼ਤਮ ਕਰ ਕੇ ਅਸਾਂ ਭੀ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਚ ਚਲੇ ਜਾਣਾ ਅਤੇ ਵਿਚਾਰਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਣਾ। ਐਲਾਨ ਕੱਢਣ ਜਾਂ ਹੋਰ ਲਿਖਾ-ਪੜ੍ਹੀ ਦਾ ਸਾਰਾ ਕੰਮ ਤਾਂ ਸਾਡੇ ਹਵਾਲੇ ਹੀ ਹੋ ਗਿਆ ਸੀ।

ਮਈ ੧੯੨੧ ਵਿਚ ਜਦ ਸਰਕਾਰ ਨੇ ਅਕਾਲੀਆਂ ਨੂੰ ਗ੍ਰਿਫ਼ਤਾਰ ਕਰਨਾ ਅਤੇ ਦਬਾਉਣਾ ਸ਼ੁਰੂ ਕੀਤਾ ਤਾਂ ਸਾਰੀ ਕੌਮ ਵਿਚ ਖ਼ੂਬ ਜੋਸ਼ ਭੜਕਿਆ। ਮਈ ਵਿਚ ਹੀ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਇਕੱਤ੍ਰਤਾ ਹੋਈ ਅਤੇ ਉਸ ਵਿਚ ਸਰਕਾਰ ਨਾਲ ਨਾ-ਮਿਲਵਰਤਣ ਦਾ ਮਤਾ ਪਾਸ ਕੀਤਾ ਗਿਆ ਅਤੇ ਨਾਲ ਹੀ ਨਨਕਾਣਾ ਸਾਹਿਬ ਦੇ ਸਾਰੇ ਗੁਰਦਵਾਰਿਆਂ ਦੇ ਪਰਬੰਧ ਲਈ ਇਕ ਵਖਰੀ ਕਮੇਟੀ ਬਣਾ ਦਿੱਤੀ ਗਈ। ਨਰਮ ਧੜੇ ਦੇ ਸਿੱਖ ਗੌਰਮਿੰਟ ਪਾਸ ਡੈਪੂਟੇਸ਼ਨ ਤਾਂ ਲਿਜਾ ਸਕਦੇ ਸਨ, ਪਰ ਗੌਰਮਿੰਟ ਨਾਲ ਨਾ-ਮਿਲਵਰਤਣ ਨਹੀਂ ਸਨ ਕਰ ਸਕਦੇ, ਇਸ ਲਈ ਉਹ ਸ਼੍ਰੋਮਣੀ ਕਮੇਟੀ ਵਿਚੋਂ ਪਤਰਾ ਵਾਚ ਗਏ।

ਜੁਲਾਈ ਵਿਚ ਨਵੀਂ ਸ਼੍ਰੋਮਣੀ ਕਮੇਟੀ ਬਣਾਈ ਗਈ ਅਤੇ ਇਸ ਦੀ ਇਕੱਤ੍ਰਤਾ ਅਗਸਤ ਵਿਚ ਹੋਈ, ਜਿਸ ਵਿਚ ਸ: ਖੜਕ ਸਿੰਘ ਜੀ ਪ੍ਰਧਾਨ ਅਤੇ ਮਾਸਟਰ ਤਾਰਾ ਸਿੰਘ ਜੀ ਸਕੱਤਰ ਬਣਾਏ ਗਏ। ਨਾਲ ਹੀ ਸਰਕਾਰ ਨਾਲ ਨਾ-ਮਿਲਵਰਤਣ ਦਾ ਮਤਾ ਸਰਬ-ਸੰਮਤੀ ਨਾਲ ਪਾਸ ਕੀਤਾ ਗਿਆ। ਸਰਕਾਰ ਨਾਲ ਸਿੱਧੀ ਟੱਕਰ ਹੋਈ। ਸ਼੍ਰੋਮਣੀ ਕਮੇਟੀ ਨੇ ਮੰਗ ਕੀਤੀ ਕਿ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖ਼ਾਨੇ



Digitized by Panjab Digital Library | www.panjabdigilib.org

ਦੀਆਂ ਚਾਬੀਆਂ ਕਮੇਟੀ ਦੇ ਪ੍ਰਧਾਨ ਦੇ ਹਵਾਲੇ ਕਰ ਦਿੱਤੀਆਂ ਜਾਣ। ਸ: ਸੁੰਦਰ ਸਿੰਘ ਰਾਮਗੜ੍ਹੀਆ, ਜਿਹੜੇ ਉਸ ਵੇਲੇ ਸਰਕਾਰ ਦੇ ਬਣਾਏ ਹੋਏ ਸਰਬਰਾਹ ਸਨ ਅਤੇ ਜਿਨ੍ਹਾਂ ਪਾਸ ਚਾਬੀਆਂ ਸਨ, ਇਹ ਗੱਲ ਮੰਨ ਗਏ। ਇਸ ਉਤੇ ਡੀ. ਸੀ. ਨੇ ਉਨ੍ਹਾਂ ਨੂੰ ਸਰਬਰਾਹੀ ਤੋਂ ਹਟਾ ਦਿੱਤਾ ਅਤੇ ਕੈਪਟਨ ਬਹਾਦਰ ਸਿੰਘ ਘਵਿੰਡ ਵਾਲਿਆਂ ਨੂੰ ਨਵਾਂ ਸਰਬਰਾਹ ਮੁਕੱਰਰ ਕਰ ਦਿੱਤਾ। ਨਵੰਬਰ ਦੇ ਸ਼ੁਰੂ ਵਿਚ ਗੁਰਪੁਰਬ ਸੀ। ਕੈਪਟਨ ਬਹਾਦਰ ਸਿੰਘ ਜੀ ਚਾਬੀਆਂ ਲੈ ਕੇ ਆਏ ਅਤੇ ਜਲੌ ਕੱਢ ਕੇ ਦੇਣ ਲੱਗੇ ਤਾਕਿ ਦਰਬਾਰ ਸਾਹਿਬ ਵਿਚ ਲਾਇਆ ਜਾ ਸਕੇ। ਸੰਗਤਾਂ ਨੇ ਉਨ੍ਹਾਂ ਨੂੰ ਤੋਸ਼ੇਖ਼ਾਨੇ ਦੇ ਨੇੜੇ ਹੀ ਨਾ ਜਾਣ ਦਿੱਤਾ। ਉਨ੍ਹਾਂ ਦੀ ਬੇਇੱਜ਼ਤੀ ਹੋਈ ਅਤੇ ਬਹੁਤ ਮੁਖ਼ਾਲਫ਼ਤ ਸ਼ੁਰੂ ਹੋਈ। ਕੈਪਟਨ ਸਾਹਿਬ ਨੇ ਘਬਰਾ ਕੇ ਅਸਤੀਫ਼ਾ ਅਤੇ ਚਾਬੀਆਂ ਡੀ. ਸੀ. ਦੇ ਹਵਾਲੇ ਕੀਤੀਆਂ।

ਪੰਜਾਬ ਸਰਕਾਰ ਦੀ ਪਾਲਿਸੀ ਸੀ ਕਿ ਅਕਾਲੀਆਂ ਨੂੰ ਖ਼ੂਬ ਦਬਾਇਆ ਜਾਏ, ਇਸ ਕਰਕੇ ਡੀ. ਸੀ. ਵਾਸਤੇ ਸਿਵਾਏ ਇਸ ਤੇ ਅਮਲ ਕਰਨ ਦੇ ਹੋਰ ਕੋਈ ਰਾਹ ਹੀ ਨਹੀਂ ਸੀ। ਡੀ. ਸੀ. ਨੇ ਅਜਨਾਲੇ ਜਾ ਕੇ ਅਕਾਲੀਆਂ ਦੇ ਖ਼ਿਲਾਫ਼ ਆਮ ਸਿੱਖਾਂ ਵਿਚ ਪਰਚਾਰ ਕੀਤਾ। ਸ: ਖੜਕ ਸਿੰਘ ਅਤੇ ਮਾਸਟਰ ਤਾਰਾ ਸਿੰਘ ਦੋਵੇਂ ਚੰਗੇ ਜੁਸ਼ੀਲੇ ਸਨ, ਉਹ ਡੀ. ਸੀ. ਦੇ ਪਰਚਾਰ ਦੀ ਗੱਲ ਸੁਣ ਕੇ ਝੱਟ ਉਥੇ ਪਹੁੰਚੇ। ਪੁਲੀਸ ਨੇ ਗ੍ਰਿਫ਼ਤਾਰੀਆਂ ਸ਼ੁਰੂ ਕੀਤੀਆਂ ਅਤੇ ਅਜਨਾਲੇ ਵਿਚ ਹੀ ਚੋਟੀ ਦੇ ਸਾਰੇ ਅਕਾਲੀ ਲੀਡਰ ਗ੍ਰਿਫ਼ਤਾਰ ਕਰ ਲਏ। ਬਾਕੀ ਪੰਜਾਬ ਵਿਚ ਅੱਗੇ ਹੀ ਫੜੋ-ਫੜੀ ਜਾਰੀ ਸੀ, ਹੁਣ ਇਹ ਫੜੋ-ਫੜੀ ਹੋਰ ਜ਼ੋਰ ਨਾਲ ਸ਼ੁਰੂ ਹੋਈ ਅਤੇ ਬਹੁਤ ਸਾਰੇ ਸਿਰਕਢਵੇਂ ਅਕਾਲੀ ਫੜ ਲਏ ਗਏ।

ਪਿਛਲੀਆਂ ਰਵਾਇਤਾਂ ਦੇ ਅਧਾਰ ਤੇ ਖ਼ਾਨਦਾਨਾਂ ਦਾ ਸੁਭਾ ਬਣ ਜਾਂਦਾ ਹੈ। ਕਈ ਖ਼ਾਨਦਾਨ ਪੀੜ੍ਹੀਆਂ ਦੀਆਂ ਪੀੜ੍ਹੀਆਂ ਲੜਾਕੇ ਹੀ ਚਲੇ ਜਾਂਦੇ ਹਨ। ਕਈਆਂ ਵਿਚ ਬੁਜ਼ਦਿਲੀ ਪ੍ਰਧਾਨ ਰਹਿੰਦੀ ਹੈ।



Digitized by Panjab Digital Library | www.panjabdigilib.org

ਕਈ ਮਾਇਆ ਇਕੱਠੀ ਕਰਨ ਵਿਚ ਮਾਹਰ ਹੋ ਜਾਂਦੇ ਹਨ ਅਤੇ ਕਈ ਐਨੇ ਫ਼ਜ਼ੂਲ-ਖ਼ਰਚ ਕਿ ਸਭ ਕੁਝ ਲੁਟਾਈ ਜਾਂਦੇ ਹਨ। ਖ਼ਾਨਦਾਨਾਂ ਵਾਂਗੂੰ ਕੌਮਾਂ ਵਿਚ ਭੀ ਪਿਛਲੀਆਂ ਰਵਾਇਤਾਂ ਦੇ ਅਧਾਰ ਤੇ ਕਈ ਵਿਸ਼ੇਸ਼ ਗੁਣ ਅਤੇ ਔਗੁਣ ਪੈਦਾ ਹੋ ਜਾਂਦੇ ਹਨ ਅਤੇ ਉਹ ਪੁਸ਼ਤਾਂ ਤੱਕ ਹੀ ਚਲਦੇ ਹਨ। ਸਿੱਖ ਦਬਾਇਆ ਨਹੀਂ ਜਾ ਸਕਦਾ। ਔਕੜਾਂ ਅਤੇ ਜਬਰ ਇਸ ਨੂੰ ਚਮਕਾਉਂਦੇ ਹਨ। ਜੰਗਾਂ-ਜੁੱਧਾਂ ਵਿਚ ਇਹ ਆਪਣੇ ਜੋਬਨ ਤੇ ਹੁੰਦਾ ਹੈ, ਪਰ ਸੁਖ ਅਤੇ ਐਸ਼ ਦਾ ਜੀਵਨ ਇਸ ਦੇ ਲਈ ਰੋਗ ਹੈ।

ਅੰਗਰੇਜ਼ ਹਕੂਮਤ ਕਰਨ ਦੇ ਹੁਨਰ ਵਿਚ ਚੰਗੇ ਦਾਨੇ ਗਿਣੇ ਜਾਂਦੇ ਹਨ, ਪਰ ਹਕੂਮਤ ਦਾ ਇਕ ਨਸ਼ਾ ਹੁੰਦਾ ਹੈ ਜਿਹੜਾ ਮੁਖ਼ਾਲਫ਼ਤ ਨੂੰ ਝੱਟ ਦਬਾਉਣਾ ਚਾਹੁੰਦਾ ਹੈ, ਤਾਕਿ ਵੇਲੇ ਸਿਰ ਹੀ ਇਸ ਦਾ ਗਲਾ ਘੁੱਟ ਦਿੱਤਾ ਜਾਏ।

ਅਕਾਲੀ ਲੀਡਰਾਂ ਦੀ ਗ੍ਰਿਫ਼ਤਾਰੀ ਨੇ ਸਿੱਖਾਂ ਨੂੰ ਇਕ-ਜਾਨ ਕਰ ਦਿੱਤਾ। ਸ: ਖੜਕ ਸਿੰਘ ਦੇ ਗ੍ਰਿਫ਼ਤਾਰ ਹੋ ਜਾਣ ਉਤੇ ਉਨ੍ਹਾਂ ਦੀ ਥਾਂ ਤੇ ਸ: ਹਰਚੰਦ ਸਿੰਘ ਲਾਇਲਪੁਰੀ ਪਰਧਾਨ ਬਣੇ ਅਤੇ ਮਾਸਟਰ ਤਾਰਾ ਸਿੰਘ ਦੀ ਥਾਂ ਸ: ਭਾਗ ਸਿੰਘ ਵਕੀਲ ਗੁਰਦਾਸਪੁਰੀ ਨੇ ਲਈ। ਗਿਆਨੀ ਸ਼ੇਰ ਸਿੰਘ ਜੀ ਨੇ ਰਾਵਲਪਿੰਡੀ ਨੂੰ ਤਿਆਗ ਕੇ ਪੱਕੇ ਮੋਰਚੇ ਅੰਮ੍ਰਿਤਸਰ ਆ ਲਾਏ। ਹੋਰ ਭੀ ਬਹੁਤ ਸਾਰੇ ਕੰਮ ਕਰਨ ਵਾਲੇ ਸੱਜਣ ਪਹੁੰਚ ਗਏ। ਨਵੀਂ ਬਣੀ ਕੰਮ-ਚਲਾਊ ਕਮੇਟੀ ਨੇ ਪਹਿਲਾ ਕੰਮ ਇਹ ਕੀਤਾ ਕਿ ਇਕ ਮਤਾ ਪਾਸ ਕਰ ਕੇ ਸਾਰੀ ਕੌਮ ਨੂੰ ਹਦਾਇਤ ਕਰ ਦਿੱਤੀ ਕਿ ਜਿੰਨਾ ਚਿਰ ਜੇਲ੍ਹਾਂ ਵਿਚੋਂ ਸਾਰੇ ਅਕਾਲੀ ਕੈਦੀ ਰਿਹਾ ਨਹੀਂ ਹੁੰਦੇ, ਕੋਈ ਸਿੱਖ ਦਰਬਾਰ ਸਾਹਿਬ ਦੀਆਂ ਚਾਬੀਆਂ ਡੀ. ਸੀ. ਪਾਸੋਂ ਨਾ ਲਵੇ।

ਡੀ. ਸੀ. ਅੰਮ੍ਰਿਤਸਰ ਅਤੇ ਪੰਜਾਬ ਸਰਕਾਰ ਅੱਡੀ ਚੋਟੀ ਦਾ ਜ਼ੋਰ ਲਾ ਚੁਕੇ, ਕੋਈ ਨਰਮ ਤੋਂ ਨਰਮ ਜਾਂ ਝੋਲੀ-ਚੁਕ ਤੋਂ ਝੋਲੀ-ਚੁਕ ਸਿੱਖ ਭੀ ਚਾਬੀਆਂ ਲੈਣ ਨੂੰ ਤਿਆਰ ਨਾ ਹੋਇਆ। ਜਿਉਂ ਜਿਉਂ



Digitized by Panjab Digital Library | www.panjabdigilib.org

ਗ੍ਰਿਫ਼ਤਾਰੀਆਂ ਹੋਰ ਹੋਣ, ਨਵੇਂ ਤੋਂ ਨਵੇਂ ਲੀਡਰ ਮੈਦਾਨ ਵਿਚ ਆਉਂਦੇ ਜਾਣ। ਅੰਗਰੇਜ਼ੀ ਸਰਕਾਰ ਘਬਰਾ ਗਈ, ਪਰ ਕਰੇ ਕੀ? ਡੀ. ਸੀ. ਸਾਨੂੰ ਮਿਲਣਾ ਚਾਹੁੰਦਾ ਸੀ, ਅਸੀਂ ਉਸ ਪਾਸ ਜਾਣ ਨੂੰ ਤਿਆਰ ਨਹੀਂ ਸਾਂ। ਆਖ਼ਰ ਇਕ ਦਿਨ ਸ: ਬੇਅੰਤ ਸਿੰਘ ਤਸੀਲਦਾਰ ਇਹ ਪੈਗ਼ਾਮ ਲੈ ਕੇ ਆਇਆ ਕਿ ਡੰਨਟ ਸਾਹਿਬ ਡੀ. ਸੀ. ਤੁਹਾਨੂੰ ਮਿਲਣ ਲਈ ਤੁਹਾਡੇ ਦਫ਼ਤਰ ਵਿਚ ਆਉਣਗੇ। ਅੰਗਰੇਜ਼ੀ ਹਕੂਮਤ ਦੇ ਅਹਿਦ ਵਿਚ ਇਹ ਪਹਿਲਾ ਮੌਕਾ ਸੀ ਕਿ ਇਕ ਅੰਗਰੇਜ਼ ਹਾਕਮ ਕਿਸੇ ਸੰਸਥਾ ਦੇ ਅਧਿਕਾਰੀਆਂ ਨੂੰ ਮਿਲਣ ਲਈ ਉਨ੍ਹਾਂ ਦੇ ਅਸਥਾਨ ਤੇ ਆਪ ਟੁਰ ਕੇ ਜਾਏ।

ਡੰਨਟ ਸਾਹਿਬ ਆਏ। ਗੱਲ-ਬਾਤ ਹੋਈ। ਕਹਿਣ ਲੱਗੇ, ਅਸੀਂ ਤੁਹਾਡੇ ਸਾਰੇ ਕੈਦੀ ਛੱਡਦੇ ਹਾਂ ਪਰ ਇਹ ਚਾਹੁੰਦੇ ਹਾਂ ਕਿ ਰੌਲਾ ਬੰਦ ਹੋਵੇ ਤਾਕਿ ਸਾਰਾ ਮੁਆਮਲਾ ਸ਼ਾਂਤੀ ਨਾਲ ਨਜਿੱਠਿਆ ਜਾ ਸਕੇ। ਤੁਸੀਂ ਜੇਲ੍ਹ ਵਿਚ ਬੈਠੇ ਆਪਣੇ ਲੀਡਰਾਂ ਨੂੰ ਪੱਕੀ ਕਰੋ ਕਿ ਉਹ ਬਾਹਰ ਨਿਕਲਦਿਆਂ ਹੀ ਸਰਕਾਰ ਦੇ ਖ਼ਿਲਾਫ਼ ਲੈਕਚਰ ਦੇਣੇ ਨਾ ਅਰੰਭ ਦੇਣ। ਜਿਸ ਤਰ੍ਹਾਂ ਉਨ੍ਹਾਂ ਗੱਲ-ਬਾਤ ਕੀਤੀ, ਸਾਨੂੰ ਬੜੀ ਮਾਕੂਲ ਲੱਗੀ ਅਤੇ ਅਸਾਂ ਉਨ੍ਹਾਂ ਦੀ ਤਜਵੀਜ਼ ਨੂੰ ਖ਼ੁਸ਼ੀ ਨਾਲ ਪਰਵਾਨ ਕਰ ਲਿਆ। ਉਨ੍ਹਾਂ ਦੇ ਚਲੇ ਜਾਣ ਬਾਅਦ ਇਹ ਫ਼ੈਸਲਾ ਹੋਇਆ ਕਿ ਗਿਆਨੀ ਸ਼ੇਰ ਸਿੰਘ ਅਤੇ ਮੈਂ ਜੇਲ੍ਹਾਂ ਵਿਚ ਜਾ ਕੇ ਅਕਾਲੀ ਲੀਡਰਾਂ ਨੂੰ ਮਿਲੀਏ। ਅਸੀਂ ਦੋਵੇਂ ਪਹਿਲਾਂ ਮੀਆਂਵਾਲੀ ਗਏ, ਜਿਥੇ ਮਾਸਟਰ ਤਾਰਾ ਸਿੰਘ, ਸ: ਤੇਜਾ ਸਿੰਘ ਸਮੁੰਦਰੀ ਆਦਿ ਲੀਡਰ ਡੱਕੇ ਹੋਏ ਸਨ। ਜੇਲ੍ਹ ਦੇ ਅੰਦਰ ਸਾਡੀ ਮੁਲਾਕਾਤ ਹੋਈ। ਸਾਰੇ ਬਾ-ਦਲੀਲ ਆਦਮੀ ਸਨ। ਸਾਡੇ ਨਾਲ ਉਹ ਸਾਰੇ ਸਹਿਮਤ ਹੋ ਗਏ। ਜੇ ਰੌਲਾ ਪਾਏ ਬਿਨਾਂ ਸਾਨੂੰ ਸਭ ਕੁਝ ਮਿਲਦਾ ਹੈ ਤਾਂ ਰੌਲਾ ਪਾਣ ਦਾ ਕੀ ਅਰਥ। ਉਥੋਂ ਅਸੀਂ ਸਿੱਧੇ ਡੇਰਾ ਗ਼ਾਜ਼ੀ ਖ਼ਾਨ ਗਏ, ਜਿਥੇ ਸਰਦਾਰ ਖੜਕ ਸਿੰਘ, ਸਰਦਾਰ ਮਹਿਤਾਬ ਸਿੰਘ ਆਦਿ ਲੀਡਰ ਬੰਦ ਸਨ। ਆਪੋ ਵਿਚ ਧੀਰਜ ਨਾਲ ਗੱਲ-ਬਾਤ ਸ਼ੁਰੂ ਹੋਈ। ਸ: ਖੜਕ ਸਿੰਘ ਜੀ ਨੇ ਅਜੀਬ ਰਵੱਈਆ



Digitized by Panjab Digital Library | www.panjabdigilib.org

ਇਖ਼ਤਿਆਰ ਕੀਤਾ। ਇਹੋ ਕਹੀ ਜਾਣ ਕਿ ਜਦ ਤੱਕ ਇਹ ਕੁੱਤੀ ਨੌਕਰਸ਼ਾਹੀ ਮਾਫ਼ੀ ਨਾ ਮੰਗੇ, ਮੈਂ ਜੇਲ੍ਹ ਤੋਂ ਬਾਹਰ ਨਹੀਂ ਜਾਵਾਂਗਾ। ਦੋ ਦਿਨ ਅਸੀਂ ਸਿਰ-ਖਪਾਈ ਕਰਦੇ ਰਹੇ। ਸਰਦਾਰ ਮਹਿਤਾਬ ਸਿੰਘ ਅਤੇ ਹੋਰ ਲੀਡਰ ਭੀ ਸਾਡੇ ਨਾਲ ਹੋ ਗਏ, ਪਰ ਸ: ਖੜਕ ਸਿੰਘ ਜੀ ਆਖ਼ਰ ਤਕ ਆਪਣੀ ਗੱਲ ਤੇ ਅੜੇ ਰਹੇ।

ਅਸੀਂ ਅੰਮ੍ਰਿਤਸਰ ਅਜੇ ਪਹੁੰਚੇ ਹੀ ਸਾਂ ਕਿ ਸਾਰੇ ਅਕਾਲੀ ਕੈਦੀ ਰਿਹਾ ਹੋ ਗਏ। ਜਨਵਰੀ ਦਾ ਮਹੀਨਾ ਸੀ। ਚੌਹਾਂ ਪਾਸਿਆਂ ਤੋਂ ਅਕਾਲੀ ਸੂਰਮਿਆਂ ਨੇ ਅੰਮ੍ਰਿਤਸਰ ਪਹੁੰਚਣਾ ਸ਼ੁਰੂ ਕੀਤਾ। ਸਰਦਾਰ ਖੜਕ ਸਿੰਘ ਜੀ ਅਤੇ ਹੋਰ ਲੀਡਰਾਂ ਦੇ ਅੰਮ੍ਰਿਤਸਰ ਪਹੁੰਚਣ ਤੇ ਬੜਾ ਭਾਰੀ ਜਲੂਸ ਨਿਕਲਿਆ ਅਤੇ ਪੰਥ ਦੀ ਜਿੱਤ ਦਾ ਖ਼ੂਬ ਡੰਕਾ ਵਜਾਇਆ ਗਿਆ। ਚਾਬੀਆਂ ਡੀ. ਸੀ. ਨੇ ਇਕ ਸਰਕਾਰੀ ਅਫ਼ਸਰ ਦੇ ਰਾਹੀਂ ਸ: ਖੜਕ ਸਿੰਘ ਨੂੰ ਭੇਜ ਦਿੱਤੀਆਂ।

ਸਰਦਾਰ ਖੜਕ ਸਿੰਘ ਜੀ ਬੜੇ ਉਤਸ਼ਾਹੀ, ਜੋਸ਼ੀਲੇ ਤੇ ਕੁਰਬਾਨੀ ਕਰਨ ਵਾਲੇ ਗੁਰਸਿੱਖ ਸਨ। ਜਿੱਥੇ ਕਿਥੇ ਕੈਦ ਹੋਣ ਦਾ ਡਰ ਹੋਵੇ, ਉਹ ਸਭ ਤੋਂ ਮੋਹਰੇ ਹੁੰਦੇ ਸਨ। ਪਰ ਹੈਸਨ ਆਪ-ਹੁਦਰੇ। ਡੀ. ਸੀ. ਨੇ ਤਾਂ ਸਾਨੂੰ ਇਹ ਮਨਾਇਆ ਸੀ ਕਿ ਰੌਲਾ-ਗੌਲਾ ਅਤੇ ਭੜਕਾਊ ਤਕਰੀਰਾਂ ਬੰਦ ਹੋਣ ਅਤੇ ਸ਼ਾਂਤੀ ਦੇ ਵਾਯੂ-ਮੰਡਲ ਵਿਚ ਗੁਰਦਵਾਰਿਆਂ ਦੇ ਪਰਬੰਧ ਦੇ ਸਵਾਲ ਦਾ ਹੱਲ ਲੱਭਿਆ ਜਾਵੇ। ਸ: ਖੜਕ ਸਿੰਘ ਅਤੇ ਸ਼ਾਂਤੀ ਦੋ ਮੁਤਜ਼ਾਦ ਚੀਜ਼ਾਂ ਸਨ। ਸਾਰੇ ਪੰਜਾਬ ਵਿਚ ਸਰਦਾਰ ਜੀ ਦੇ ਜਲੂਸ ਨਿਕਲਣੇ ਸ਼ੁਰੂ ਹੋਏ ਅਤੇ ਕੁੱਤੀ ਨੌਕਰਸ਼ਾਹੀ ਦੇ ਖ਼ਿਲਾਫ਼ ਖ਼ੂਬ ਭੜਕਾਊ ਤਕਰੀਰਾਂ ਹੋਈਆਂ। ਅੰਗਰੇਜ਼ੀ ਸਰਕਾਰ ਨੇ ਭੀ ਮਨ ਪੱਕਾ ਬਣਾ ਲਿਆ ਕਿ ਇਨ੍ਹਾਂ ਅੜਬੰਗ ਅਕਾਲੀਆਂ ਨਾਲ ਦੋ ਹੱਥ ਕਰਨੇ ਹੀ ਪੈਣਗੇ। ਕੁਝ ਮਹੀਨੇ ਬੀਤ ਗਏ, ਪਰ ਖਿੱਚੋਤਾਣ ਵਧਦੀ ਗਈ। ਹਕੂਮਤ ਨੇ ਭੀ ਇਸ ਵਾਰੀ ਖ਼ੂਬ ਤਿਆਰੀ ਕੀਤੀ।

ਆਖ਼ਰ ਅਗਸਤ ੧੯੨੨ ਵਿਚ ਪਰਖ ਦਾ ਵੇਲਾ ਆਇਆ। ਗੁਰੂ ਕੇ ਬਾਗ਼ ਦੇ ਗੁਰਦਵਾਰੇ ਦਾ ਪਰਬੰਧ ਤਾਂ ਅਕਾਲੀਆਂ ਦੇ ਹੱਥ



Digitized by Panjab Digital Library | www.panjabdigilib.org

ਸੀ, ਪਰ ਗੁਰਦਵਾਰੇ ਦੀ ਜਾਇਦਾਦ ਮਹੰਤ ਦੇ ਨਾਂ ਸੀ। ਮਹੰਤ ਤਾਂ ਐਵੇਂ ਹਕੂਮਤ ਦੇ ਹੱਥ ਵਿਚ ਕੱਠ-ਪੁਤਲੀਆਂ ਸਨ, ਜਿਸ ਤਰ੍ਹਾਂ ਤਾਰ ਖਿੱਚਣੀ ਹੋਵੇ ਉਸੇ ਤਰ੍ਹਾਂ ਦਾ ਨਾਚ ਸ਼ੁਰੂ ਹੋ ਜਾਂਦਾ ਸੀ। ਮਹੰਤ ਵੈਸੇ ਤੇ ਠੰਡਾ ਹੋਇਆ ਬੈਠਾ ਸੀ, ਪਰ ਅਗਸਤ ਵਿਚ ਇਸ਼ਾਰਾ ਮਿਲਣ ਤੇ ਉਸ ਨੇ ਪੁਲੀਸ ਪਾਸ ਰੀਪੋਰਟ ਕੀਤੀ ਕਿ ਅਕਾਲੀ ਮੇਰੇ ਦਰੱਖ਼ਤਾਂ ਦੇ ਜ਼ਖੀਰੇ ਵਿਚੋਂ ਲਕੜਾਂ ਵੱਢ ਕੇ ਲੈ ਜਾਂਦੇ ਹਨ, ਇਨ੍ਹਾਂ ਨੂੰ ਰੋਕਿਆ ਜਾਏ। ਗੁਰੂ ਕੇ ਲੰਗਰ ਵਾਸਤੇ ਲਕੜਾਂ ਹਮੇਸ਼ਾ ਇਥੋਂ ਹੀ ਜਾਂਦੀਆਂ ਸਨ, ਪਰ ਹੁਣ ਛੇੜਖ਼ਾਨੀ ਜੁ ਕਰਨੀ ਸੀ। ਪੁਲੀਸ ਨੇ ਲਕੜਾਂ ਵੱਢਣ ਆਏ ਅਕਾਲੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਉਧਰ ਬਾਬਾ ਭੀ ਗਰਮ ਅਤੇ ਗੋਲੀ ਭੀ ਗਰਮ। ਸ: ਖੜਕ ਸਿੰਘ ਆਪਣੇ ਸਾਥੀ ਅਕਾਲੀ ਲੀਡਰਾਂ ਨੂੰ ਨਾਲ ਲੈ ਕੇ ਉੱਥੇ ਜਾ ਪਹੁੰਚੇ। ਕੁਝ ਦਿਨਾਂ ਵਿਚ ਹੀ ਸਾਰੇ ਅਕਾਲੀ ਲੀਡਰ ਗ੍ਰਿਫ਼ਤਾਰ ਹੋ ਗਏ। ਸਿਰਫ਼ ਸ: ਤੇਜਾ ਸਿੰਘ ਸਮੁੰਦਰੀ ਬਾਹਰ ਰਹਿ ਗਏ, ਕਿਉਂਕਿ ਉਹ ਉਨ੍ਹਾਂ ਦਿਨਾਂ ਵਿਚ ਆਪਣੇ ਪਿੰਡ ਗਏ ਹੋਏ ਸਨ। ਸਾਰੇ ਪੰਜਾਬ ਵਿਚ ਫੇਰ ਅਕਾਲੀਆਂ ਦੀ ਫੜੋ-ਫੜੀ ਸ਼ੁਰੂ ਹੋ ਗਈ। ਸਭ ਕੁਝ ਮਿੱਥ ਕੇ ਹੋ ਰਿਹਾ ਸੀ। ਇਸ ਵਾਰੀ ਖ਼ੂਬ ਲੰਬੀਆਂ ਕੈਦਾਂ ਅਤੇ ਬੜੇ ਜੁਰਮਾਨੇ ਹੋਏ। ਅਤੇ ਜੁਰਮਾਨੇ ਵਸੂਲ ਕਰਨ ਲਈ ਮਾਲ-ਡੰਗਰ ਅਤੇ ਜਾਇਦਾਦਾਂ ਨੀਲਾਮ ਹੋਣੀਆਂ ਸ਼ੁਰੂ ਹੋਈਆਂ। ਇਸ ਨੀਲਾਮੀ ਨੇ ਲੋਕਾਂ ਨੂੰ ਜ਼ਿਆਦਾ ਘਬਰਾਇਆ। ਗੌਰਮਿੰਟ ਨੇ ਮਾਰਸ਼ਲ-ਲਾਅ ਤਾਂ ਨਾ ਲਾਇਆ, ਪਰ ਸਖ਼ਤੀ ਬੜੀ ਕੀਤੀ। ਸ਼੍ਰੋਮਣੀ ਕਮੇਟੀ ਦੀ ਡਾਕ ਬੰਦ; ਨਾ ਆ ਸਕੇ, ਨਾ ਜਾ ਸਕੇ। ਕੋਈ ਰੁਪਿਆ-ਪੈਸਾ ਸਹਾਇਤਾ ਦਾ ਪਹੁੰਚਣ ਨਹੀਂ ਸੀ ਦਿੱਤਾ ਜਾਂਦਾ। ਅਕਾਲੀਆਂ ਨੂੰ ਗੱਡੀਆਂ ਤੇ ਚੜ੍ਹਨ ਭੀ ਨਹੀਂ ਸੀ ਦਿੱਤਾ ਜਾਂਦਾ। ਕਾਲੀਆਂ ਪਗੜੀਆਂ ਉਤਾਰ ਕੇ ਹੀ ਗੱਡੀਆਂ ਤੇ ਚੜ੍ਹ ਸਕਦੇ ਸਨ। ਪਰ ਸਖ਼ਤੀ ਦੇ ਸਾਮ੍ਹਣੇ ਕੌਮ ਝੁਕੀ ਨਹੀਂ।

ਹਰ ਰੋਜ਼ ਇਕ ਸੌ ਅਕਾਲੀਆਂ ਦਾ ਜੱਥਾ ਅੰਮ੍ਰਿਤਸਰ ਤੋਂ ਗੁਰੂ ਕੇ ਬਾਗ਼ ਨੂੰ ਗ੍ਰਿਫ਼ਤਾਰੀ ਦੇਣ ਜਾਂਦਾ ਸੀ। ਅੱਗੇ ਛੀਨਿਆਂ ਦੇ



Digitized by Panjab Digital Library | www.panjabdigilib.org

ਪੁਲ ਤੇ ਬੀ. ਟੀ. ਸਾਹਿਬ ਬਲੋਚੀਆਂ ਦੀ ਡਾਂਗਾਂ-ਵਾਲੀ ਪੁਲੀਸ ਲੈ ਕੇ ਉਡੀਕਦਾ ਹੁੰਦਾ ਸੀ। ਉਥੇ ਜੱਥਾ ਪਹੁੰਚਦਾ ਹੀ ਸੀ ਜੁ ਡਾਂਗਾਂ ਨਾਲ ਕੁਟਾਈ ਸ਼ੁਰੂ ਹੋ ਜਾਂਦੀ ਸੀ ਅਤੇ ਜਦ ਤਕ ਸੌ ਦੇ ਸੌ ਬੇਹੋਸ਼ ਜਾਂ ਜ਼ਖ਼ਮੀ ਨਾ ਹੋ ਜਾਣ, ਕੁਟਾਈ ਜਾਰੀ ਰਹਿੰਦੀ ਸੀ। ਫੇਰ ਸਾਰਿਆਂ ਨੂੰ ਲੋਕ ਲਾਰੀਆਂ ਤੇ ਪਾ ਕੇ ਅੰਮ੍ਰਿਤਸਰ ਵਾਪਸ ਲੈ ਆਉਂਦੇ ਸਨ। ਇਹ ਸਿਲਸਿਲਾ ਲਗਾਤਾਰ ਜਾਰੀ ਸੀ। ਸਰਕਾਰ ਭੀ ਪੱਕਾ ਇਰਾਦਾ ਕਰ ਕੇ ਅਕਾਲੀਆਂ ਨੂੰ ਕੁਚਲਣ ਤੇ ਤੁਲੀ ਹੋਈ ਸੀ। ਸਭ ਕੋਈ ਸੋਚਦਾ ਸੀ ਕਿ ਅਕਾਲੀ ਕਿੰਨਾ ਚਿਰ ਤਗਣਗੇ। ਪਰ ਕੌਮ ਨੇ ਦਿਲ ਨਹੀਂ ਹਾਰਿਆ।

ਅਜਿਹੀ ਭਿਆਨਕ ਸਖ਼ਤੀ ਦੇ ਮੌਕੇ ਪੰਡਤ ਮਦਨ ਮੋਹਨ ਮਾਲਵੀਆ ਜੀ ਨੇ ਅੰਮ੍ਰਿਤਸਰ ਪੁਜ ਕੇ ਆਪਣਾ ਡੇਰਾ ਲਾ ਲਿਆ। ਉਹ ਮਾਰ-ਕੁਟਾਈ ਵੇਖਣ ਭੀ ਪੁਲ ਤੇ ਜਾਂਦੇ ਹੁੰਦੇ ਸਨ। ਉਨ੍ਹਾਂ ਦੇ ਆਉਣ ਨਾਲ ਅੰਮ੍ਰਿਤਸਰ ਦੀ ਹਿੰਦੂ ਜਨਤਾ ਨੇ ਵੀ ਬੜੀ ਮਦਦ ਕੀਤੀ। ਗੁਰੂ ਕੇ ਲੰਗਰ ਦਾ ਖ਼ਰਚ, ਹਸਪਤਾਲ ਦਾ ਖ਼ਰਚ, ਜ਼ਖ਼ਮੀਆਂ ਦੀ ਸੇਵਾ ਆਦਿ ਸਭ ਕੁਝ ਅੰਮ੍ਰਿਤਸਰ-ਨਿਵਾਸੀ ਹੀ ਕਰਦੇ ਸਨ। ਲੋਕਾਂ ਨੇ ਦਫ਼ਤਰ ਵਿਚ ਆ ਆ ਕੇ ਮਾਇਕ ਸਹਾਇਤਾ ਦੇਣੀ। ਆਖ਼ਰ ਵਿਚ ਜਦ ਹਿਸਾਬ ਕੀਤਾ ਗਿਆ ਤਾਂ ਕਮੇਟੀ ਨੂੰ ਇਸ ਮੋਰਚੇ ਵਿਚੋਂ ਸਾਰਾ ਖ਼ਰਚ ਕੱਢ ਕੇ ਇਕ ਲੱਖ ਅੱਸੀ ਹਜ਼ਾਰ ਰੁਪਏ ਦੀ ਬੱਚਤ ਹੋਈ।

ਪੰਡਤ ਮਾਲਵੀਆ ਜੀ ਨੇ ਐਂਡਰਿਊਜ਼ ਨੂੰ ਬੁਲਾਇਆ। ਐਂਡਰਿਊਜ਼ ਇਕ ਦੇਵਤਾ-ਸਰੂਪ ਮਿਸ਼ਨਰੀ ਸੀ। ਉਹ ਅੰਮ੍ਰਿਤਸਰ ਆ ਕੇ ਰਿਹਾ ਅਤੇ ਉਸ ਨੇ ਸਭ ਕੁਝ ਆਪਣੀ ਅੱਖੀਂ ਵੇਖਿਆ। ਫੇਰ ਉਸ ਨੇ ਦੋ ਲੇਖ ਅੰਗਰੇਜ਼ੀ ਵਿਚ ਲਿਖੇ, ਜਿਹੜੇ ਹਿੰਦੁਸਤਾਨ ਦੀਆਂ ਸਾਰੀਆਂ ਅਖ਼ਬਾਰਾਂ ਅਤੇ ਇੰਗਲੈਂਡ ਦੀਆਂ ਅਖ਼ਬਾਰਾਂ ਵਿਚ ਭੀ ਛਪੇ। ਇਨ੍ਹਾਂ ਲੇਖਾਂ ਨੇ ਪੰਜਾਬ ਦੀ ਹਕੂਮਤ ਦਾ ਮੂੰਹ ਕਾਲਾ ਕਰ ਦਿੱਤਾ। ਫੇਰ ਤਾਂ ਸਾਰੇ ਦੇਸ ਦੇ ਆਗੂ ਆਉਣੇ ਸ਼ੁਰੂ ਹੋਏ। ਕਾਂਗਰਸ



Digitized by Panjab Digital Library | www.panjabdigilib.org

ਵਰਕਿੰਗ ਕਮੇਟੀ ਦੀ ਉਚੇਚੀ ਇਕੱਤਰਤਾ ਅੰਮ੍ਰਿਤਸਰ ਵਿਚ ਹੋਈ ਅਤੇ ਸ੍ਰੀ ਨਿਵਾਸ ਆਇੰਗਰ ਦੀ ਪ੍ਰਧਾਨਗੀ ਹੇਠ ਸਾਰੇ ਮਾਮਲੇ ਦੀ ਖੋਜ ਲਈ ਉੱਘੇ ਸੱਜਣਾਂ ਦੀ ਇਕ ਕਮੇਟੀ ਮੁਕੱਰਰ ਕੀਤੀ ਗਈ। ਜਬਰ ਜਾਗਰਤਾ ਅਗੇ ਨਹੀਂ ਠਹਿਰ ਸਕਦਾ। ਸਾਰਾ ਪੰਜਾਬ, ਸਾਰਾ ਹਿੰਦੁਸਤਾਨ, ਬਲਕਿ ਇੰਗਲੈਂਡ ਭੀ ਜਾਗ ਪਿਆ। ਸਿੱਖ ਤਾਂ ਬੱਚਾ ਬੱਚਾ, ਕੀ ਨਰਮ ਤੇ ਕੀ ਗਰਮ, ਇਸ ਜਬਰ ਦੇ ਖ਼ਿਲਾਫ਼ ਉਠ ਖਲੋਤਾ। ਮੌਜੂਦਾ ਸਮੇਂ ਵਿਚ ਸਿੱਖਾਂ ਨੇ ਐਨੀ ਉੱਚੀ ਸਪਿਰਿਟ ਹੋਰ ਕਦੇ ਨਹੀਂ ਵਿਖਾਈ। ਮੁਗ਼ਲਾਂ ਦੇ ਰਾਜ ਵਿਚ ਹੋਈਆਂ ਸਿੱਖਾਂ ਦੀਆਂ ਸੂਰਮਤਾਈਆਂ ਦੀਆਂ ਝਾਕੀਆਂ ਇਕ ਵਾਰੀ ਫੇਰ ਅੱਖਾਂ ਅੱਗੇ ਆ ਗਈਆਂ। ਸਿੱਖਾਂ ਦਾ ਮਾਣ ਅਤੇ ਸ਼ਾਨ ਸਿਖ਼ਰ ਤੇ ਪਹੁੰਚ ਗਏ। ਪੰਜਾਬ ਗੌਰਮਿੰਟ ਨੇ ਹਥਿਆਰ ਸੁੱਟ ਦਿੱਤੇ। ਸਰ ਗੰਗਾ ਰਾਮ ਨੂੰ ਵਿਚ ਪਾਇਆ। ਉਸ ਨੇ ਮਹੰਤ ਪਾਸੋਂ ਜ਼ਮੀਨ ਗਹਿਣੇ ਲਈ ਅਤੇ ਮੋਰਚਾ ਬੰਦ ਕੀਤਾ। ਮੋਰਚਾ ਬੰਦ ਹੁੰਦਿਆਂ ਹੀ ਸਾਰੇ ਲੀਡਰ ਅਤੇ ਇਸ ਮੋਰਚੇ ਦੇ ਹੋਰ ਸਾਰੇ ਕੈਦੀ ਰਿਹਾ ਕਰ ਦਿੱਤੇ।

ਇਹ ਸਿੱਖ ਕੌਮ ਦੀ ਦੂਜੀ ਜਿੱਤ ਸੀ। ਇਸ ਦੇ ਕਈ ਚੰਗੇ ਮੰਦੇ ਪਰਣਾਮ ਨਿਕਲੇ। ਪਹਿਲਾ ਇਹ ਕਿ ਸਿੱਖਾਂ ਦੀ ਮਾਨ-ਪ੍ਰਤਿਸ਼ਟਾ ਬਹੁਤ ਵਧ ਗਈ। ਦੂਜਾ ਇਹ ਕਿ ਉਨ੍ਹਾਂ ਨੂੰ ਆਪਣੇ ਆਪ ਤੇ ਬੜਾ ਵਿਸ਼ਵਾਸ ਹੋ ਗਿਆ। ਤੀਜਾ ਇਹ ਕਿ ਹਕੂਮਤ ਦੇ ਕਰਮਚਾਰੀ ਇਨ੍ਹਾਂ ਤੋਂ ਭੈ ਖਾਣ ਲੱਗ ਪਏ। ਕਿਸੇ ਹੱਦ ਤਕ ਕੁਝਕੁ ਅਕਾਲੀਆਂ ਵਿਚ ਹਉਮੈ ਦਾ ਜਜ਼ਬਾ ਆ ਗਿਆ ਜਿਸ ਕਰਕੇ ਆਪਣੇ ਅਸਲੀ ਨਿਸ਼ਾਨੇ ਤੋਂ ਖੁੰਝ ਗਏ ਅਤੇ ਜਿੱਤਾਂ ਦੇ ਮਦ ਵਿਚ ਮਨ-ਆਈਆਂ ਕਰਨ ਲੱਗ ਪਏ। ਕੁੰਜੀਆਂ ਦੇ ਮੋਰਚੇ ਅਤੇ ਗੁਰੂ ਕੇ ਬਾਗ਼ ਦੇ ਮੋਰਚੇ ਵੇਲੇ ਗ਼ਰੀਬ ਕਿਰਤੀ ਸਿੱਖ ਧਰਮ ਉਤੋਂ ਆਪਾ ਵਾਰਨ ਲਈ ਕੈਦ ਹੁੰਦੇ ਅਤੇ ਡਾਂਗਾਂ ਖਾਂਦੇ ਸਨ। ਹੁਣ ਮਾਨ-ਪ੍ਰਤਿਸ਼ਟਾ ਦੇ ਪੁਜਾਰੀ ਅਤੇ ਚੌਧਰ ਦੇ ਗਾਹਕ ਅੱਗੇ ਆਉਣ ਲੱਗ ਪਏ।

ਗੁਰਦਵਾਰੇ ਤਾਂ ਸਾਰੇ ਅਕਾਲੀਆਂ ਦੇ ਕਬਜ਼ੇ ਵਿਚ ਆ ਚੁਕੇ



Digitized by Panjab Digital Library | www.panjabdigilib.org

ਸਨ, ਪਰ ਕਾਨੂੰਨੀ ਪੁਜ਼ੀਸ਼ਨ ਤਾਂ ਇਨ੍ਹਾਂ ਦੇ ਹੱਕ ਵਿਚ ਨਹੀਂ ਸੀ, ਇਸ ਕਰਕੇ ਨਾ-ਮਿਲਵਰਤਣ ਦੀ ਲਹਿਰ ਦਾ ਚਲਣਾ ਤਾਂ ਅਵੱਸ਼ ਸੀ, ਤਾਕਿ ਗੌਰਮਿੰਟ ਮਜਬੂਰ ਹੋ ਕੇ ਕਾਨੂੰਨ ਬਣਾਵੇ ਅਤੇ ਗੁਰਦਵਾਰਿਆਂ ਦਾ ਪਰਬੰਧ ਇਨ੍ਹਾਂ ਦੇ ਹਵਾਲੇ ਕਰੇ। ਨਾ-ਮਿਲਵਰਤਣ ਰੂਪ ਕੀ ਧਾਰੇ? ਕਿਸੇ ਗੁਰਦਵਾਰੇ ਤੇ ਕਬਜ਼ਾ ਕਰਨ ਦਾ ਸਵਾਲ ਤਾਂ ਰਿਹਾ ਨਹੀਂ ਸੀ। ਹੋਵੇ ਕੀ?

# ੯

# ਗੁਰਦੁਆਰਾ-ਸੁਧਾਰ ਲਹਿਰ ਦਾ ਅੰਤ

ਸਿਖ਼ਰ ਤੇ ਪਹੁੰਚੀ ਚੀਜ਼ ਢਲਣਾ ਸ਼ੁਰੂ ਕਰ ਦੇਂਦੀ ਹੈ। ਢਲਣ ਦੇ ਕਾਰਨ ਉਸ ਵਿਚੋਂ ਹੀ ਪੈਦਾ ਹੋ ਜਾਂਦੇ ਹਨ। ਗੁਰਦਵਾਰਾ-ਸੁਧਾਰ ਲਹਿਰ ਭੀ ਗੁਰੂ ਕੇ ਬਾਗ਼ ਦੇ ਮੋਰਚੇ ਵੇਲੇ ਸਿਖ਼ਰ ਤੇ ਪਹੁੰਚ ਚੁਕੀ ਸੀ। ਹੁਣ ਉਸ ਨੇ ਢਲਣਾ ਸ਼ੁਰੂ ਕੀਤਾ। ਨਵੀਆਂ ਚੋਣਾਂ ਹੋਈਆਂ, ਸ: ਬ: ਮਹਿਤਾਬ ਸਿੰਘ ਪਰਧਾਨ ਅਤੇ ਸ: ਤੇਜਾ ਸਿੰਘ ਸਮੁੰਦਰੀ ਮੀਤ ਪਰਧਾਨ ਚੁਣੇ ਗਏ। ਐਗਜ਼ੈਕਟਿਵ ਕਮੇਟੀ ਬਣਾ ਲਈ ਗਈ। ਮਾਸਟਰ ਤਾਰਾ ਸਿੰਘ ਜੀ ਅਕਾਲੀ ਅਖ਼ਬਾਰ ਦੇ ਐਡੀਟਰ ਅਤੇ ਕਰਤਾ-ਧਰਤਾ ਸਨ। ਅਕਾਲੀ ਅਖ਼ਬਾਰ ਅੰਮ੍ਰਿਤਸਰੋਂ ਹੀ ਨਿਕਲਣ-ਲੱਗ ਪਿਆ ਸੀ ਅਤੇ ਮਾਸਟਰ ਜੀ ਭੀ ਅੰਮ੍ਰਿਤਸਰ ਹੀ ਰਹਿੰਦੇ ਸਨ। ਪ੍ਰੋਫ਼ੈਸਰ ਬਾਵਾ ਹਰਕਿਸ਼ਨ ਸਿੰਘ ਨਾਲ ਮਾਸਟਰ ਜੀ ਦੇ ਚੰਗੇ ਗੂੜ੍ਹੇ ਮਿੱਤਰਾਨਾ ਸਬੰਧ ਸਨ, ਹੁਣ ਹੋਰ ਭੀ ਨਜ਼ਦੀਕੀ ਹੋ ਗਈ। ਜੱਥੇਬੰਦੀ ਦੀ



Digitized by Panjab Digital Library | www.panjabdigilib.org

ਅਸਲ ਤਾਕਤ ਹੁਣ ਇਨ੍ਹਾਂ ਦੋਹਾਂ ਦੇ ਹੱਥ ਸੀ। ਜੋ ਇਹ ਦੋਵੇਂ ਠੀਕ ਸਮਝਣ ਉਸ ਨੂੰ ਸ: ਤੇਜਾ ਸਿੰਘ ਅਤੇ ਸ: ਮਹਿਤਾਬ ਸਿੰਘ ਭੀ ਠੀਕ ਸਮਝਣ ਲੱਗ ਪੈਂਦੇ ਸਨ।

ਸਾਰੀ ਸ਼੍ਰੋਮਣੀ ਕਮੇਟੀ ਇਸ ਗੱਲ ਲਈ ਉਤਾਵਲੀ ਸੀ ਕਿ ਕਿਸੇ ਤਰ੍ਹਾਂ ਸਾਰਿਆਂ ਇਤਿਹਾਸਕ ਗੁਰਦਵਾਰਿਆਂ ਦਾ ਪਰਬੰਧ ਕਾਨੂੰਨੀ ਤੌਰ ਤੇ ਉਸ ਦੇ ਹੱਥ ਵਿਚ ਆ ਜਾਏ। ਵੈਸੇ ਅਮਲੀ ਤੌਰ ਤੇ ਸਾਰਿਆਂ ਵੱਡਿਆਂ ਗੁਰਦਵਾਰਿਆਂ ਤੇ ਕਬਜ਼ਾ ਸ਼੍ਰੋਮਣੀ ਕਮੇਟੀ ਦਾ ਹੀ ਸੀ।

ਮਹਾਰਾਜਾ ਪਟਿਆਲਾ ਅਤੇ ਮਹਾਰਾਜਾ ਨਾਭਾ ਦਾ ਇਕ ਔਰਤ ਉਤੋਂ ਝਗੜਾ ਹੋ ਗਿਆ। ਮਹਾਰਾਜਾ ਪਟਿਆਲਾ ਦਾ ਅੰਗਰੇਜ਼ੀ ਰਾਜ-ਦਰਬਾਰ ਵਿਚ ਬੜਾ ਰਸੂਖ਼ ਸੀ। ਵੱਡਾ ਮਹਾਰਾਜਾ ਹੀਰਾ ਸਿੰਘ ਨਾਭੇ ਵਾਲਾ ਬੜਾ ਨੇਕ ਗੁਰਸਿਖ ਸੀ ਅਤੇ ਸਾਰੀ ਸਿਖ ਕੌਮ ਵਿਚ ਉਸ ਦਾ ਆਦਰ-ਮਾਣ ਸੀ। ਉਸ ਦੇ ਸੁਰਗਵਾਸ ਹੋਣ ਪਿੱਛੋਂ ਉਸ ਦਾ ਲੜਕਾ ਰਿਪਦੁਮਨ ਸਿੰਘ ਗੱਦੀ ਤੇ ਬੈਠਾ। ਇਸ ਦੀ ਭੀ ਸਿੱਖਾਂ ਵਿਚ ਚੰਗੀ ਇੱਜ਼ਤ ਬਣੀ ਰਹੀ। ਅਕਾਲੀ ਲਹਿਰ ਵੇਲੇ ਭੀ ਮਹਾਰਾਜਾ ਨਾਭਾ ਦੀ ਹਮਦਰਦੀ ਅਕਾਲੀਆਂ ਨਾਲ ਸੀ। ਜਦ ਦੋਹਾਂ ਮਹਾਰਾਜਿਆਂ ਦਾ ਆਪੋ ਵਿਚ ਚੰਗਾ ਝਗੜਾ ਹੋ ਗਿਆ ਤਾਂ ਮਹਾਰਾਜਾ ਪਟਿਆਲਾ ਨੇ ਵਾਇਸਰਾਏ ਪਾਸ ਸ਼ਿਕਾਇਤ ਕੀਤੀ। ਮਹਾਰਾਜਾ ਪਟਿਆਲਾ ਦੀ ਬੜੀ ਪੁਜ਼ੀਸ਼ਨ ਸੀ ਤੇ ਬੜਾ ਰਸੂਖ਼ ਸੀ, ਪਰ ਮਹਾਰਾਜਾ ਨਾਭਾ ਦੀ ਸਰਕਾਰੀ ਹਲਕਿਆਂ ਵਿਚ ਵਿਰੋਧਤਾ ਹੀ ਸੀ। ਨਤੀਜਾ ਇਹ ਨਿਕਲਿਆ ਕਿ ਅੰਗਰੇਜ਼ਾਂ ਨੇ ਮਹਾਰਾਜਾ ਨਾਭਾ ਨੂੰ ਗੱਦੀਓਂ ਉਤਾਰ ਕੇ ਕੋਡਾਈ ਕਨਾਲ ਵਿਚ ਨਜ਼ਰਬੰਦ ਕਰ ਦਿੱਤਾ। ਉਸ ਦੀ ਥਾਂ ਤੇ ਉਸ ਦੇ ਛੋਟੇ ਨਾਬਾਲਗ਼ ਬੱਚੇ ਨੂੰ ਗੱਦੀ ਤੇ ਬਿਠਾ ਕੇ, ਉਸ ਦੀ ਮਾਂ ਨੂੰ ਉਹਦਾ ਸਰਪ੍ਰਸਤ ਬਣਾ ਦਿੱਤਾ ਅਤੇ ਰਿਆਸਤ ਦਾ ਪਰਬੰਧ ਮਿ: ਵਿਲਸਨ ਨੂੰ ਐਡਮਨਿਸਟ੍ਰੇਟਰ ਨੀਯਤ ਕਰ ਕੇ ਉਸ ਦੇ ਹਵਾਲੇ ਕਰ ਦਿੱਤਾ। ਸਿੱਖਾਂ ਵਿਚ ਇਸ ਦਾ ਕੁਝ ਅਸਰ ਤਾਂ ਹੋਣਾ



Digitized by Panjab Digital Library | www.panjabdigilib.org

ਹਾ ਸੀ। ਆਮ ਸਿੱਖਾਂ ਦੀ ਹਮਦਰਦੀ ਮਹਾਰਾਜਾ ਨਾਭਾ ਨਾਲ ਸੀ ਅਤੇ ਆਮ ਦੇਸ ਵਿਚ ਭੀ ਇਹੋ ਸਮਝਿਆ ਜਾਣ ਲੱਗਾ ਕਿ ਮਹਾਰਾਜਾ ਨਾਭਾ ਨਾਲ ਧੱਕਾ ਹੋਇਆ ਹੈ।

ਅਕਾਲੀਆਂ ਵਿਚ ਤਾਕਤ ਦਾ ਗ਼ਰੂਰ ਅਤੇ ਸਰੂਰ ਸੀ। ਲੋਕਾਂ ਦੀ ਹਮਦਰਦੀ ਦਾ ਖ਼ਿਆਲ ਕਰਕੇ ਉਨ੍ਹਾਂ ਮਹਾਰਾਜਾ ਨਾਭਾ ਨੂੰ ਫੇਰ ਗੱਦੀ ਤੇ ਬਿਠਾਉਣ ਦਾ ਸਵਾਲ ਆਪਣੇ ਹੱਥ ਵਿਚ ਲੈ ਲਿਆ ਅਤੇ ਇਸ ਨੂੰ ਗੁਰਦਵਾਰਾ-ਸੁਧਾਰ ਲਹਿਰ ਨਾਲ ਜੋੜਨ ਦਾ ਯਤਨ ਕੀਤਾ। ਮਾਸਟਰ ਤਾਰਾ ਸਿੰਘ ਅਤੇ ਬਾਵਾ ਹਰਕਿਸ਼ਨ ਸਿੰਘ ਦੋਹਾਂ ਨੇ ਰਲ ਕੇ ਇਸ ਸਵਾਲ ਨੂੰ ਚੁਕਿਆ ਅਤੇ ਦਲੀਲਾਂ ਦੇ ਦੇ ਕੇ ਅਕਾਲੀਆਂ ਨੂੰ ਯਕੀਨ ਦਿਵਾ ਦਿੱਤਾ ਕਿ ਮਹਾਰਾਜਾ ਨਾਭਾ ਦਾ ਗੱਦੀਓਂ ਉਤਾਰਨਾ ਸਿੱਖਾਂ ਅਤੇ ਗੁਰਦਵਾਰਾ ਲਹਿਰ ਉਤੇ ਚੋਟ ਹੈ। ਸਰਦਾਰ ਤੇਜਾ ਸਿੰਘ ਸਮੁੰਦਰੀ ਅਤੇ ਉਨ੍ਹਾਂ ਦੇ ਪਿੱਛੋਂ ਸ: ਬ: ਮਹਿਤਾਬ ਸਿੰਘ ਭੀ ਮਾਸਟਰ ਤਾਰਾ ਸਿੰਘ ਅਤੇ ਬਾਵਾ ਹਰਕਿਸ਼ਨ ਸਿੰਘ ਜੀ ਨਾਲ ਸਹਿਮਤ ਹੋ ਗਏ। ਫੇਰ ਕਮੇਟੀ ਵਿਚ ਕਿਸੇ ਦਾ ਕੀ ਵੱਟਿਆ ਜਾਣਾ ਸੀ। ਨਾਲੇ ਉਨ੍ਹਾਂ ਨੂੰ ਇਹ ਖ਼ਿਆਲ ਦ੍ਰਿੜ੍ਹ ਹੋ ਚੁਕਾ ਸੀ ਕਿ ਅਕਾਲੀਆਂ ਦੀ ਤਾਕਤ ਦੇ ਸਾਮ੍ਹਣੇ ਕੋਈ ਖੜੋ ਨਹੀਂ ਸਕਦਾ। ਸ਼੍ਰੋਮਣੀ ਕਮੇਟੀ ਨੇ ਇਕੱਤਰਤਾ ਕਰ ਕੇ ਸਰਬ-ਸੰਮਤੀ ਨਾਲ ਨਾਭੇ ਦਾ ਸਵਾਲ ਆਪਣੇ ਹੱਥ ਵਿਚ ਲੈ ਲਿਆ।

ਅੰਗਰੇਜ਼ੀ ਸਰਕਾਰ ਨੂੰ ਅਕਾਲੀਆਂ ਉਤੇ ਪੈਣ ਦਾ ਬਾ-ਦਲੀਲ ਮੌਕਾ ਮਿਲ ਗਿਆ। ਸ਼੍ਰੋਮਣੀ ਕਮੇਟੀ ਨੂੰ ਗ਼ੈਰ-ਕਾਨੂੰਨੀ ਜਮਾਤ ਘੋਸ਼ਤ ਕਰ ਦਿੱਤਾ। ੧੩ ਅਕਤੂਬਰ ੧੯੨੩ ਨੂੰ ਸਾਰੀ ਐਗਜ਼ੈਕਟਿਵ ਕਮੇਟੀ ਤੇ ਸਾਰੇ ਤਨਖ਼ਾਹਦਾਰ ਸਟਾਫ਼ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ੧੨੧, ੧੨੪ ਆਦਿ ਸਾਰੀਆਂ ਸੰਗੀਨ ਧਾਰਾਂ ਲਾ ਕੇ ਬਗ਼ਾਵਤ ਲਈ ਸਾਜ਼ਸ਼ ਦਾ ਮੁਕੱਦਮਾ ਚਲਾ ਦਿੱਤਾ। ਪਹਿਲਾਂ ਸਾਨੂੰ ਅੰਮ੍ਰਿਤਸਰ ਜੇਲ੍ਹ ਵਿਚ ਰੱਖਿਆ ਗਿਆ ਅਤੇ ਅੰਮ੍ਰਿਤਸਰ ਦੀ ਕਚਹਿਰੀ ਵਿਚ ਹੀ ਸਪੈਸ਼ਲ ਮੈਜਿਸਟ੍ਰੇਟ ਹੈਂਡਰਸਨ ਮੁਕੱਰਰ ਕਰ ਕੇ ਮੁਕੱਦਮਾ ਚਲਾਇਆ



Digitized by Panjab Digital Library | www.panjabdigilib.org

ਗਿਆ। ਛੇ ਮਹੀਨੇ ਪਿੱਛੋਂ ਸਾਨੂੰ ਲਾਹੌਰ ਕਿਲ੍ਹੇ ਵਿਚ ਲੈ ਗਏ। ਕਿਲ੍ਹੇ ਵਿਚ ਹੀ ਸਪੈਸ਼ਲ ਜੇਲ੍ਹ ਬਣਾ ਦਿੱਤਾ ਅਤੇ ਵਿਚੇ ਹੀ ਅਦਾਲਤ ਲਈ ਕਮਰਾ ਨੀਯਤ ਕਰ ਦਿੱਤਾ ਗਿਆ। ਉਥੇ ਹੀ ਮੁਕੱਦਮਾ ਚੱਲਣਾ ਸ਼ੁਰੂ ਹੋਇਆ। ਬਾਹਰ ਚੰਗਾ ਜੋਸ਼ ਸੀ, ਪਰ ਜੋ ਸ਼ਰਧਾ ਆਮ ਸਿੱਖਾਂ ਦੇ ਦਿਲਾਂ ਵਿਚ ਗੁਰਦਵਾਰਿਆਂ ਲਈ ਸੀ ਉਹ ਮਹਾਰਾਜੇ ਨਾਲ ਕਦ ਹੋ ਸਕਦੀ ਸੀ।

ਇਸ ਸਮੇਂ ਗੁਰਦਵਾਰਾ ਗੰਗਸਰ ਜੈਤੋ ਵਿਚ ੨੫ ਅਗਸਤ ੧੯੨੩ ਨੂੰ ਲੋਕਲ ਸੰਗਤਾਂ ਵਲੋਂ ਅਖੰਡ ਪਾਠ ਰੱਖਿਆ ਗਿਆ ਸੀ, ਉਸ ਵਿਚ ਪੁਲੀਸ ਨੇ ਵਿਘਨ ਪਾਇਆ। ਇਥੋਂ ਮੋਰਚੇ ਦਾ ਰੁਖ਼ ਇਸ ਪਾਸੇ ਹੋ ਗਿਆ ਕਿ ਖੰਡਤ ਕੀਤੇ ਗਏ ਅਖੰਡ ਪਾਠ ਦਾ ਪਸਚਾਤਾਪ ਕਰਨ ਲਈ ਉੱਥੇ ਇਕੋਤਰ ਸੌ ਅਖੰਡ ਪਾਠ ਕਰਾਇਆ ਜਾਏ ਅਤੇ ੧੪ ਸਤੰਬਰ ੧੯੨੩ ਤੋਂ ਪਿੱਛੋਂ ਜੈਤੇ ਦੇ ਮੋਰਚੇ ਦਾ ਅਰੰਭ ਹੋ ਗਿਆ। ਗੁਰੂ ਕੇ ਬਾਗ਼ ਵਾਂਗੂੰ ਹੀ ਜੱਥੇ ਉੱਥੇ ਜਾਣ ਲੱਗ ਪਏ ਅਤੇ ਉਨ੍ਹਾਂ ਉਤੇ ਡਾਂਗਾਂ ਦੀ ਬੁਛਾੜ ਤੇ ਸਖ਼ਤੀ ਹੁੰਦੀ ਰਹੀ।

੯ ਫ਼ਰਵਰੀ ੧੯੨੪ ਨੂੰ ਸ੍ਰੀ ਅਕਾਲ ਤਖ਼ਤ ਤੋਂ ੫੦੦ ਸਿੰਘਾਂ ਦਾ ਸ਼ਹੀਦੀ ਜੱਥਾ ਜੈਤੋ ਲਈ ਤੋਰਿਆ ਗਿਆ, ਜੋ ੨੧ ਫ਼ਰਵਰੀ ਨੂੰ ਉਥੇ ਪੁੱਜਾ। ਉਸ ਜੱਥੇ ਉਪਰ ਅੰਗਰੇਜ਼ ਹਾਕਮਾਂ ਵਲੋਂ ਮਸ਼ੀਨ-ਗਨਾਂ ਨਾਲ ਗੋਲੀਆਂ ਦੀ ਵਾਛੜ ਕੀਤੀ ਗਈ, ਜਿਸ ਨਾਲ ਕਾਫ਼ੀ ਗਿਣਤੀ ਵਿਚ ਸਿੰਘ ਸ਼ਹੀਦ ਅਤੇ ਜ਼ਖ਼ਮੀ ਹੋਏ। ਇਸ ਤੋਂ ਬਾਅਦ ਲਗਾਤਾਰ ਕਈ ਸ਼ਹੀਦੀ ਜੱਥੇ ਪੰਜ ਪੰਜ ਸੌ ਦੇ ਉਥੇ ਪੁਜੇ, ਜਿਨ੍ਹਾਂ ਉਤੇ ਬੜੀਆਂ ਬੜੀਆਂ ਸਖ਼ਤੀਆਂ ਹੋਈਆਂ ਅਤੇ ਜੇਲ੍ਹਾਂ ਦੀਆਂ ਕਰੜੀਆਂ ਸਜ਼ਾਵਾਂ ਦਿੱਤੀਆਂ ਗਈਆਂ।

ਜੁਲਾਈ ੧੯੨੫ ਵਿਚ ਗੁਰਦਵਾਰਾ ਐਕਟ ਬਣਨ ਤੇ ਜੈਤੋ ਵਿਚ ਅਖੰਡ ਪਾਠ ਜਾਰੀ ਕਰਨ ਦੀ ਖੁਲ੍ਹ ਕਰ ਦਿੱਤੀ ਗਈ ਅਤੇ ਸਾਰੇ ਕੈਦੀ ਵੀ ਰਿਹਾ ਹੋ ਗਏ।

ਕਿਲ੍ਹੇ ਵਿਚ ਡੱਕੇ ਲੀਡਰ ਚੰਗੇ ਖਾਂਦੇ-ਪੀਂਦੇ ਤਬਕੇ ਦੇ ਸਨ।



Digitized by Panjab Digital Library | www.panjabdigilib.org

ਤਿੰਨ ਤਾਂ ਅਸੀਂ ਪ੍ਰੋਫ਼ੈਸਰ ਸਾਂ। ਤਿੰਨ ਚਾਰ ਪੈਨਸ਼ਨੀ ਫ਼ੌਜੀ ਅਫ਼ਸਰ ਸਨ। ਕੁਝ ਵੱਡੇ ਰਈਸ ਸਨ। ਕੁਝ ਠੇਕੇਦਾਰ ਅਤੇ ਉਦਯੋਗ-ਪਤੀ ਸਨ। ਸਿਵਾਏ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਦੇ ਕੋਈ ਐਸਾ ਨਹੀਂ ਸੀ, ਜਿਸ ਨੂੰ ਗ਼ਰੀਬ ਜਾਂ ਮੁਸ਼ੱਕਤੀ ਕਿਹਾ ਜਾ ਸਕੇ।

ਕਿਲ੍ਹੇ ਵਿਚ ਜੇਲ੍ਹ ਬਣਾ ਕੇ ਗੌਰਮਿੰਟ ਨੇ ਮਸ਼ਹੂਰ ਦਾਰੋਗਾ-ਜੇਲ੍ਹ ਗੋਕਲ ਚੰਦ ਨੂੰ ਇਨਚਾਰਜ ਬਣਾਇਆ। ਗੋਕਲ ਚੰਦ ਚੰਗਾ ਸਖ਼ਤ ਅਤੇ ਪੱਕਾ ਸ਼ਾਸਨ ਅਤੇ ਪਰਬੰਧ ਰੱਖਣ ਵਾਲਾ ਆਦਮੀ ਸੀ। ਜੋ ਜੋ ਰਿਆਇਤਾਂ ਕਾਨੂੰਨ ਅਨੁਸਾਰ ਮੁਕੱਦਮਾ ਚਲ ਰਹੇ ਕੈਦੀਆਂ ਨੂੰ ਮਿਲ ਸਕਦੀਆਂ ਸਨ, ਉਹ ਉਸ ਸਾਰੀਆਂ ਸਾਨੂੰ ਦਿੱਤੀਆਂ। ਲੋਹ ਤੇ ਪੱਕੇ ਵੱਡੇ ਵੱਡੇ ਫੁਲਕੇ ਐਨੇ ਕਿ ਜਿੰਨੇ ਸਾਡੇ ਵਿਚੋਂ ਕੋਈ ਭੀ ਖਾ ਨਹੀਂ ਸੀ ਸਕਦਾ, ਦੋਵੇਂ ਵੇਲੇ ਸਾਨੂੰ ਮਿਲਦੇ ਸਨ। ਸਵੇਰੇ ਦਾਲ ਆਮ ਤੌਰ ਤੇ ਸਾਬਤ ਮਸਰ ਜਾਂ ਮਾਂਹ ਦੀ ਖ਼ੂਬ ਤੇਲ ਨਾਲ ਤੜਕੀ ਹੋਈ ਅਤੇ ਬੇਸ਼ੁਮਾਰ ਲਾਲ ਮਿਰਚਾਂ ਵਾਲੀ, ਅਤੇ ਸ਼ਾਮ ਨੂੰ ਭਾਜੀ ਉਸੇ ਤਰ੍ਹਾਂ ਮਿਰਚਾਂ ਵਾਲੀ ਮਿਲਦੀ ਸੀ। ਭਾਜੀ ਤਾਂ ਬਹੁਤੇ ਦਿਨ ਹਲਵੇ ਕੱਦੂ ਦੀ ਹੀ ਚਲਦੀ ਸੀ। ਇਹ ਭੀ ਸਾਨੂੰ ਆਗਿਆ ਸੀ ਕਿ ਬਾਹਰੋਂ ਆਪਣਾ ਪਰਬੰਧ ਕਰ ਕੇ ਆਪਣੇ ਖ਼ਰਚ ਤੇ ਜੋ ਅਸੀਂ ਚਾਹੀਏ, ਮੰਗਵਾ ਲਈਏ। ਦੁੱਧ ਦਾ ਅਸਾਂ ਸਾਂਝਾ ਪਰਬੰਧ ਕੀਤਾ ਹੋਇਆ ਸੀ ਅਤੇ ਮੁਕੱਦਮੇ ਵਿਚ ਜਦ ਲੰਚ ਦੀ ਛੁੱਟੀ ਹੁੰਦੀ ਸੀ, ਅਸੀਂ ਸਾਰੇ ਹੀ ਦੁੱਧ ਪੀਂਦੇ ਸਾਂ। ਦਾਲ ਭਾਜੀ ਭੀ ਸਾਡੇ ਲਈ ਖਾਣੀ ਮੁਸ਼ਕਲ ਹੀ ਹੁੰਦੀ ਸੀ, ਇਸ ਲਈ ਸਟੋਪ ਬਾਹਰੋਂ ਮੰਗਵਾ ਕੇ ਰੱਖੇ ਹੋਏ ਸਨ ਅਤੇ ਪੰਜਾਂ ਪੰਜਾਂ ਛਿਆਂ ਛਿਆਂ ਨੇ ਵੱਖੋ-ਵੱਖਰੇ ਕਿਚਨ ਬਣਾਏ ਹੋਏ ਸਨ। ਭਾਜੀਆਂ ਕੱਚੀਆਂ ਬਾਹਰੋਂ ਮੰਗਵਾ ਕੇ ਬਣਾ ਲੈਂਦੇ ਸਾਂ।

ਸਾਨੂੰ ਸਾਰਿਆਂ ਨੂੰ ਇਕੱਠਿਆਂ ਇਕ ਵੱਡੀ ਸਾਰੀ ਬਾਰਕ ਵਿਚ ਰੱਖਿਆ ਹੋਇਆ ਸੀ। ਬਾਰਕ ਪੁਰਾਣੀ ਸੀ। ਉਸ ਵਿਚ ਆਮ ਜੇਲ੍ਹਾਂ ਵਾਂਗੂੰ ਸਾਡੇ ਲਈ ਵੱਖੋ-ਵੱਖਰੀਆਂ ਖੜੀਆਂ ਛੇ ਫ਼ੁਟ ਲੰਬੀਆਂ, ਦੋ ਫ਼ੁਟ ਚੌੜੀਆਂ, ਦੋ ਫ਼ੁਟ ਉੱਚੀਆਂ ਅਤੇ ਉਨ੍ਹਾਂ ਵਿਚ ਦੋ ਦੋ ਫ਼ੁਟ ਦਾ



Digitized by Panjab Digital Library | www.panjabdigilib.org

ਫ਼ਾਸਲਾ ਰੱਖ ਕੇ ਬਣਾਈਆਂ ਹੋਈਆਂ ਸਨ ।

ਜੋ ਬਾਰਕ ਸਾਨੂੰ ਦਿੱਤੀ ਹੋਈ ਸੀ ਉਸ ਵਿਚ ਬੜਾ ਮੱਛਰ ਸੀ। ਮਈ, ਜੂਨ ਦੇ ਮਹੀਨੇ ਵਿਚ ਸਖ਼ਤ ਗਰਮੀ ਹੋਣ ਦੇ ਬਾਵਜੂਦ ਬਾਰਕ ਰਾਤ ਨੂੰ ਮੱਛਰਾਂ ਨਾਲ ਭਰੀ ਰਹਿੰਦੀ ਸੀ। ਕਪੜਾ ਉਪਰ ਲਏ ਬਿਨਾਂ ਉਥੇ ਰਾਤ ਨੂੰ ਲੇਟਣਾ ਅਸੰਭਵ ਸੀ। ਕਪੜਾ ਲਉ ਤਾਂ ਮੁੜ੍ਹਕੋ-ਮੁੜ੍ਹਕਾ ਹੀ ਹੋ ਜਾਈਦਾ ਸੀ। ਨੀਂਦ ਕੀ ਪੈਣੀ ਸੀ? ੯੦ ਫ਼ੀ ਸਦੀ ਸੱਜਣਾਂ ਲਈ ਉਥੇ ਰਾਤ ਨੂੰ ਸੌਣਾ ਮੁਮਕਨ ਨਹੀਂ ਸੀ। ਫੇਰ ਸਾਰੀ ਰਾਤ 'ਸਭ ਅੱਛਾ', 'ਸਭ ਅੱਛਾ' ਹੀ ਹੁੰਦੇ ਰਹਿਣਾ। ਦਿਨੇ ਕਚਹਿਰੀ ਵਿਚ ਸਾਰੇ ਊਂਘਦੇ ਰਹਿੰਦੇ ਸਾਂ। ਜਦ ਮੈਜਿਸਟ੍ਰੇਟ ਨੂੰ ਇਹ ਪਤਾ ਲੱਗਾ ਤਾਂ ਉਸ ਨੇ ਦਖ਼ਲ ਦਿੱਤਾ ਅਤੇ ਗੋਕਲ ਚੰਦ ਨੇ ਰਾਤ ਨੂੰ ਬਾਹਰ ਸੌਣ ਲਈ ਸਾਨੂੰ ਵਿਹੜੇ ਵਿਚ ਖੱਡੀਆਂ ਬਣਵਾ ਦਿੱਤੀਆਂ।

ਇਨ੍ਹਾਂ ਸਾਰੀਆਂ ਰਿਆਇਤਾਂ ਦੇ ਬਾਵਜੂਦ ਜੇਲ੍ਹ ਦੀ ਜ਼ਿੰਦਗੀ ਸਾਡੇ ਲਈ ਕਾਫ਼ੀ ਦੁਖ-ਦਾਇਕ ਸੀ। ਦੁੱਖ ਦੇ ਨਾਲ ਜੇ ਡੂੰਘੀ ਵਿਚਾਰ ਭੀ ਪੈਦਾ ਹੋ ਜਾਏ ਤਾਂ ਇਹ ਇਨਸਾਨ ਨੂੰ ਕੰਚਨ ਬਣਾ ਦੇਂਦੀ ਹੈ। ਪਰ ਜੇ ਵਿਚਾਰ, ਭਰੋਸੇ ਅਤੇ ਸੰਤੋਖ ਤਿੰਨਾਂ ਦੀ ਕਮੀ ਹੋਵੇ ਤਾਂ ਦੁੱਖ ਨਾਲ ਇਨਸਾਨ ਕ੍ਰਿਜੀਅਲ ਜਿਹਾ ਬਣ ਜਾਂਦਾ ਹੈ ਅਤੇ ਖਿਝਣ ਦਾ ਸੁਭਾ ਤਾਂ ਕੰਚਨ ਨੂੰ ਭੀ ਸਿੱਕਾ ਬਣਾ ਦੇਂਦਾ ਹੈ।

ਗ਼ਰੀਬ ਕਿਰਤੀ ਅਕਾਲੀ, ਜਿਹੜੇ ਪਹਿਲੇ ਮੋਰਚਿਆਂ ਵਿਚ ਕੈਦ ਹੁੰਦੇ ਸਨ ਜਾਂ ਇਸ ਮੋਰਚੇ ਵਿਚ ਭੀ ਕੈਦ ਸਨ ਉਨ੍ਹਾਂ ਨੂੰ ਤਾਂ ਇੰਨੀਆਂ ਸਹੂਲਤਾਂ ਭੀ ਨਹੀਂ ਸਨ ਮਿਲਦੀਆਂ, ਪਰ ਉਹ ਖਿੜੇ ਮੱਥੇ ਜੇਲ੍ਹ-ਯਾਤਰਾ ਕਟਦੇ ਸਨ। ਅਸਲ ਗੱਲ ਤਾਂ ਬੀਰਬਲ ਦੀ ਹੋ ਰਹਿਣ ਵਾਲੀ ਹੀ ਹੈ। ਇਕ ਦਿਨ ਅਕਬਰ ਬਾਦਸ਼ਾਹ ਅਤੇ ਉਸ ਦਾ ਵਜ਼ੀਰ ਬੀਰਬਲ ਸੈਰ ਲਈ ਘੋੜਿਆਂ ਤੇ ਬਾਹਰ ਨਿਕਲੇ। ਅੱਗੇ ਜਾ ਕੇ ਕੀ ਵੇਖਦੇ ਹਨ ਕਿ ਇਕ ਸੋਹਣਾ ਨੌਜਵਾਨ ਗੱਭਰੂ ਮਿੱਟੀ ਦੀ ਢੀਮ ਸਰ੍ਹਾਣੇ ਰੱਖ ਕੇ ਗਰਮੀਆਂ ਦੀ ਰੁੱਤ ਵਿਚ ਧੁੱਪੇ ਹੀ ਪਿਆ ਘੂਕ ਸੁੱਤਾ ਹੋਇਆ ਹੈ। ਅਕਬਰ ਨੇ ਕਿਹਾ, 'ਵਾਹ! ਬਲਿਹਾਰ ਜਾਈਏ



Digitized by Panjab Digital Library | www.panjabdigilib.org

ਇਸ ਸਰੀਰ ਅਤੇ ਇਸ ਸਿਹਤ ਤੋਂ।' ਬੀਰਬਲ ਨੇ ਜਵਾਬ ਦਿੱਤਾ, 'ਬਾਦਸ਼ਾਹ ਸਲਾਮਤ, ਇਹ ਤਾਂ ਹੋ ਰਹਿਣ ਦੀ ਗੱਲ ਹੈ। ਸਰੀਰ ਨੂੰ ਜਿਸ ਤਰ੍ਹਾਂ ਦਾ ਗਿਝਾਈਏ ਉਸੇ ਤਰ੍ਹਾਂ ਦਾ ਬਣ ਜਾਂਦਾ ਹੈ।' ਅਕਬਰ ਨੇ ਸਿਰ ਫੇਰਿਆ। ਬੀਰਬਲ ਨੇ ਕਿਹਾ, 'ਅੱਛਾ, ਮੈਂ ਤੁਹਾਨੂੰ ਕਰ ਕੇ ਵਿਖਾ ਦੇਂਦਾ ਹਾਂ। ਬੀਰਬਲ ਨੇ ਮੁੰਡੇ ਨੂੰ ਜਗਾ ਕੇ ਆਪਣੇ ਨਾਲ ਘੋੜੇ ਤੇ ਬਿਠਾ ਲਿਆ ਅਤੇ ਮਹੱਲਾਂ ਵਿਚ ਲੈ ਗਿਆ। ਉੱਥੇ ਛੇ ਮਹੀਨੇ ਉਸ ਨੂੰ ਬੜਾ ਸੁਖ-ਆਰਾਮ ਦਿੱਤਾ। ਸੌਣ ਲਈ ਨਿਵਾਰੀ ਪਲੰਘ ਅਤੇ ਉਪਰ-ਹੇਠ ਮਖ਼ਮਲੀ ਬਿਸਤਰੇ। ਮੁੰਡਾ ਜਦ ਬਿਲਕੁਲ ਸੁਖ-ਰਹਿਣਾ ਹੋ ਗਿਆ ਤਾਂ ਬੀਰਬਲ ਨੇ ਇਕ ਰਾਤ ਉਹਦੇ ਸਰ੍ਹਾਣੇ ਵਿਚ ਦੋ ਵੜੇਵੇਂ ਪਾ ਦਿੱਤੇ। ਮੁੰਡਾ ਸਵੇਰੇ ਉਠਿਆ ਤਾਂ ਕਹਿਣ ਲੱਗਾ ਕਿ ਰਾਤ ਨੂੰ ਮੈਨੂੰ ਨੀਂਦ ਨਹੀਂ ਪਈ। ਸਰ੍ਹਾਣੇ ਵਿਚੋਂ ਕੋਈ ਚੀਜ਼ ਮੈਨੂੰ ਚੁਭਦੀ ਰਹੀ ਹੈ, ਉਸ ਨੇ ਸੌਣ ਨਹੀਂ ਦਿੱਤਾ। ਬੀਰਬਲ ਨੇ ਅਕਬਰ ਨੂੰ ਕਿਹਾ, 'ਬਾਦਸ਼ਾਹ ਸਲਾਮਤ, ਇਹ ਉਹੀ ਮੁੰਡਾ ਹੈ ਜਿਹੜਾ ਢੀਮ ਸਰ੍ਹਾਣੇ ਰੱਖ ਕੇ ਸੁੱਤਾ ਹੋਇਆ ਸੀ, ਹੁਣ ਇਸ ਨੂੰ ਪੁੱਛੋ। ਮੈਂ ਕਿਹਾ ਸੀ ਨਾ ਕਿ ਇਹ ਹੋ ਰਹਿਣ ਦੀ ਗੱਲ ਹੈ।' ਸਾਡੇ ਵਿਚੋਂ ਭੀ ਬਹੁਤ ਸਾਰਿਆਂ ਨੂੰ ਸੁਖ-ਆਰਾਮ ਦਾ ਕੋਹੜ ਪਿਆ ਹੋਇਆ ਸੀ। ਔਖੇ ਰਹਿਣਾ, ਖਿਝਦੇ ਰਹਿਣਾ, ਲੜਦੇ ਰਹਿਣਾ। ਫੇਰ ਭਾਂਤ ਭਾਂਤ ਦੇ ਸ਼ੁਗਲਾਂ ਵਾਲੇ ਇਕੱਠੇ ਇਕੋ ਬਾਰਕ ਵਿਚ ਰੱਖੇ ਹੋਏ ਸਨ। ਕੁਝ ਮਹੀਨਿਆਂ ਦੇ ਅੰਦਰ ਹੀ ਉਹ ਪਿਛਲੀਆਂ ਜਿੱਤਾਂ ਦਾ ਨੱਸ਼ਾ ਉੱਤਰ ਗਿਆ।

ਮੋਰਚਾ ਤਾਂ ਬਾਹਰ ਚਲ ਰਿਹਾ ਸੀ ਅਤੇ ਗੌਰਮਿੰਟ ਤੇ ਇਸ ਦਾ ਚੰਗਾ ਅਸਰ ਸੀ। ਹੇਲੀ ਸਾਹਿਬ ਲੈਫ਼ਟੀਨੈਂਟ ਗਵਰਨਰ ਸੀ ਅਤੇ ਚੰਗਾ ਮਸ਼ਹੂਰ ਦਾਨਾ ਆਦਮੀ ਸੀ। ਉਸ ਨੂੰ ਇਹ ਯਕੀਨ ਹੋ ਗਿਆ ਕਿ ਗੁਰਦਵਾਰਾ ਬਿੱਲ ਪਾਸ ਕੀਤੇ ਬਿਨਾਂ ਇਹ ਸਿਰ-ਦਰਦੀ ਗਲੋਂ ਲੱਥਣੀ ਨਹੀਂ। ਐਮਰਸਨ ਸਾਹਿਬ ਉਨ੍ਹੀਂ ਦਿਨੀਂ ਲਾਹੌਰ ਦਾ ਡਿਪਟੀ ਕਮਿਸ਼ਨਰ ਸੀ। ਉਸ ਨੇ ਸਾਡੇ ਪਾਸ ਆਉਣਾ ਸ਼ੁਰੂ ਕੀਤਾ।



Digitized by Panjab Digital Library | www.panjabdigilib.org

ਫੇਰ ਬਿੱਲ ਬਣਾ ਕੇ ਸਾਡੇ ਲੀਡਰਾਂ ਨਾਲ ਸਲਾਹ-ਮਸ਼ਵਰੇ ਸ਼ੁਰੂ ਕੀਤੇ। ਕੁਝ ਮਹੀਨੇ ਇਨ੍ਹਾਂ ਸਲਾਹਾਂ-ਮਸ਼ਵਰਿਆਂ ਵਿਚ ਬੀਤ ਗਏ। ਸਾਡੇ ਦਿਮਾਗ਼ ਹੀ ਠੰਢੇ ਹੋ ਚੁਕੇ ਸਨ। ਮੋਰਚਾ ਤਾਂ ਲਾਇਆ ਸੀ ਮਹਾਰਾਜਾ ਨਾਭਾ ਨੂੰ ਵਾਪਸ ਗੱਦੀ ਤੇ ਲਿਆਉਣ ਲਈ, ਪਰ ਜਦ ਐਮਰਸਨ ਸਾਹਿਬ ਨੇ ਬਿੱਲ ਤੇ ਵਿਚਾਰਾਂ ਸ਼ੁਰੂ ਕੀਤੀਆਂ ਤਾਂ ਕਿਸੇ ਨੇ ਭੀ ਇਹ ਨਹੀਂ ਕਿਹਾ ਕਿ ਸਾਡਾ ਪਹਿਲਾ ਮੰਤਵ ਤਾਂ ਮਹਾਰਾਜਾ ਨਾਭਾ ਨੂੰ ਮੁੜ ਗੱਦੀ ਤੇ ਬਿਠਾਉਣਾ ਹੈ। ਨਾਭੇ ਦਾ ਸਵਾਲ ਤਾਂ ਚੁਪ ਕੀਤੇ ਹੀ ਖ਼ਤਮ ਹੋ ਗਿਆ। ਗੁਰਦਵਾਰਾ ਬਿੱਲ ਦੇ ਸਬੰਧ ਵਿਚ ਭੀ ਸਾਡਾ ਰਵੱਈਆ ਨਾ-ਮਿਲਵਰਤਣ ਵਾਲਾ ਨਹੀਂ, ਸਗੋਂ ਮਿਲਵਰਤਣ ਵਾਲਾ ਸੀ। ਕੁਝ ਗੱਲਾਂ ਗੌਰਮਿੰਟ ਨੇ ਸਾਡੀਆਂ ਮੰਨੀਆਂ, ਕੁਝ ਉਨ੍ਹਾਂ ਦੀਆਂ ਗੱਲਾਂ ਤੇ ਅਸੀਂ ਚੁਪ ਹੋ ਗਏ। ਜਦ ਐਮਰਸਨ ਸਾਹਿਬ ਨੂੰ ਇਹ ਯਕੀਨ ਹੋ ਗਿਆ ਕਿ ਇਹ ਬਿੱਲ ਅਕਾਲੀ ਪਰਵਾਨ ਕਰ ਲੈਣਗੇ ਤਾਂ ਉਸ ਨੇ ਉਹ ਖਰੜਾ ਉਪਰ ਭੇਜ ਦਿੱਤਾ। ਕੁਝ ਮਹੀਨੇ ਹੋਰ ਲਗੇ। ਲਾਅ ਡੀਪਾਰਟਮੈਂਟ ਨੇ ਐਨ ਆਖ਼ਰੀ ਰੂਪ ਵਿਚ ਬਿੱਲ ਬਣਾ ਕੇ ਸ: ਮਹਿਤਾਬ ਸਿੰਘ ਆਦਿ ਚੰਦ ਸੱਜਣਾਂ ਨੂੰ ਵਿਖਾ ਦਿੱਤਾ। ਫੇਰ ਇਹ ਬਿੱਲ ਕੌਂਸਲ ਵਿਚ ਪੇਸ਼ ਹੋ ਕੇ ਪਾਸ ਹੋ ਗਿਆ।

ਫ਼ਰਵਰੀ ੧੯੨੫ ਵਿਚ ਮੁਕੱਦਮੇ ਦਾ ਸਰਕਾਰੀ ਪੱਖ ਖ਼ਤਮ ਹੋਇਆ ਅਤੇ ਫ਼ਰਦ-ਜੁਰਮ ਲਗੇ। ਉਸ ਵੇਲੇ ਜਿਹੜੇ ਕਮੇਟੀ ਦੇ ਤਨਖ਼ਾਹਦਾਰ ਮੁਲਾਜ਼ਮ ਸਨ, ਉਹ ਰਿਹਾ ਕਰ ਦਿੱਤੇ ਅਤੇ ਐਗਜ਼ੈਕਟਿਵ ਕਮੇਟੀ ਦੇ ਤਿੰਨ ਮੈਂਬਰ, ਜਿਨ੍ਹਾਂ ਵਿਚ ਇਕ ਮੈਂ ਭੀ ਸਾਂ, ਰਿਹਾ ਕਰ ਦਿੱਤੇ ਗਏ। ਇਹ ਇਸ ਲਈ ਰਿਹਾ ਹੋਏ ਕਿਉਂਕਿ ਸਰਕਾਰ ਨੂੰ ਖ਼ਿਆਲ ਸੀ ਕਿ ਇਹ ਸ਼੍ਰੋਮਣੀ ਕਮੇਟੀ ਦੇ ਨਾਭੇ ਦਾ ਸਵਾਲ ਹੱਥ ਵਿਚ ਲੈਣ ਦੇ ਵਿਰੁੱਧ ਸਨ। ਪ੍ਰੋਫ਼ੈਸਰ ਤੇਜਾ ਸਿੰਘ ਜੀ ਕਿਲ੍ਹੇ ਵਿਚੋਂ ਬੀਮਾਰ ਹੋਣ ਕਰਕੇ ਜ਼ਮਾਨਤ ਤੇ ਰਿਹਾ ਹੋ ਕੇ ਆਏ ਹੋਏ ਸਨ। ਉਨ੍ਹਾਂ ਦੇ ਖ਼ਿਲਾਫ਼ ਸਰਕਾਰ ਨੇ ਪਹਿਲਾਂ ਹੀ ਮੁਕੱਦਮਾ ਵਾਪਸ ਲੈ ਲਿਆ ਹੋਇਆ ਸੀ। ਇਸ ਕਰਕੇ ਸਾਡੇ ਤਿੰਨਾਂ ਪ੍ਰੋਫ਼ੈਸਰਾਂ



Digitized by Panjab Digital Library | www.panjabdigilib.org

ਵਿਚੋਂ ਇਕੱਲੇ ਬਾਵਾ ਹਰਕਿਸ਼ਨ ਸਿੰਘ ਜੀ ਹੀ ਅੰਦਰ ਰਹਿ ਗਏ। ਹੁਣ ਸਫ਼ਾਈ ਦਾ ਪੱਖ ਪੇਸ਼ ਹੋਣਾ ਸ਼ੁਰੂ ਹੋਇਆ। ਨਾਲ ਹੀ ਬਿੱਲ ਪਾਸ ਹੋਣ ਵਲ ਵਧੇਰੇ ਧਿਆਨ ਦਿੱਤਾ ਗਿਆ।

੯ ਜੁਲਾਈ ੧੯੨੫ ਨੂੰ ਗੁਰਦਵਾਰਾ ਬਿੱਲ ਪੰਜਾਬ ਕੌਂਸਲ ਵਿਚੋਂ ਪਾਸ ਹੋਇਆ। ਉਸੇ ਦਿਨ ਗਵਰਨਰ ਹੇਲੀ ਸਾਹਿਬ ਨੇ ਪੰਜਾਬ ਕੌਂਸਲ ਵਿਚ ਐਲਾਨ ਕੀਤਾ ਕਿ ਜੋ ਅਕਾਲੀ ਇਸ ਗੁਰਦਵਾਰਾ ਬਿੱਲ ਨੂੰ ਪਰਵਾਨ ਕਰ ਲੈਣ ਅਤੇ ਇਸ ਤੇ ਅਮਲ ਕਰਨ ਦਾ ਭਰੋਸਾ ਦਿਵਾਣ, ਉਨ੍ਹਾਂ ਨੂੰ ਰਿਹਾ ਕਰ ਦਿੱਤਾ ਜਾਵੇ। ਇਹ ਸ਼ਰਤ ਮੰਨਣ ਜਾਂ ਨਾ ਮੰਨਣ ਤੇ ਆਪੋ ਵਿਚ ਜੇਲ੍ਹ ਦੇ ਅੰਦਰ ਭੀ ਅਤੇ ਬਾਹਰ ਅੰਤ੍ਰਿੰਗ ਕਮੇਟੀ ਵਿਚ ਭੀ ਇਖ਼ਤਲਾਫ਼ ਹੋ ਗਿਆ। ਅੰਦਰ ਅਤੇ ਬਾਹਰ ਦੋਹੀਂ ਥਾਈਂ ਦੋ ਦੋ ਧੜੇ ਬਣ ਗਏ। ਨਵੰਬਰ ੧੯੨੫ ਵਿਚ ਗੁਰਦਵਾਰਾ ਐਕਟ ਲਾਗੂ ਕੀਤਾ ਗਿਆ ਅਤੇ ੨੬ ਜਨਵਰੀ ੧੯੨੬ ਨੂੰ ਬਾਵਾ ਹਰਕਿਸ਼ਨ ਸਿੰਘ, ਸ: ਬ: ਮਹਿਤਾਬ ਸਿੰਘ, ਗਿਆਨੀ ਸ਼ੇਰ ਸਿੰਘ ਅਤੇ ਹੋਰ ਸਜਣ ਮੈਜਿਸਟ੍ਰੇਟ ਦੇ ਸਾਮ੍ਹਣੇ ਇਹ ਬਿਆਨ ਦੇ ਕੇ ਕਿ ਸਾਨੂੰ ਗਵਰਨਰ ਸਾਹਿਬ ਦਾ ਐਲਾਨ ਪਰਵਾਨ ਹੈ, ਰਿਹਾ ਹੋ ਗਏ। ਮਾਸਟਰ ਤਾਰਾ ਸਿੰਘ, ਸ: ਤੇਜਾ ਸਿੰਘ ਸਮੁੰਦਰੀ ਅਤੇ ੧੪ ਹੋਰ ਸੱਜਣ ਅੰਦਰ ਹੀ ਰਹਿ ਗਏ। ਬਾਹਰ ਆਉਣ ਵਾਲਿਆਂ ਸੱਜਣਾਂ ਦੀ ਪੁਜ਼ੀਸ਼ਨ ਇਹ ਸੀ ਕਿ ਬਿੱਲ ਸਾਡੇ ਸਲਾਹ-ਮਸ਼ਵਰੇ ਨਾਲ ਬਣਿਆ ਹੈ ਇਸ ਲਈ ਇਹ ਕਹਿਣਾ ਕਿ ਅਸੀਂ ਇਸ ਦੀ ਵਰਤੋਂ ਕਰਾਂਗੇ, ਠੀਕ ਗੱਲ ਹੈ, ਇਸ ਵਿਚ ਕੋਈ ਕਮਜ਼ੋਰੀ ਨਹੀਂ। ਮਾਸਟਰ ਤਾਰਾ ਸਿੰਘ ਇਹ ਕਹਿੰਦਾ ਸੀ ਕਿ ਅਸਾਂ ਗੌਰਮਿੰਟ ਦੀ ਕੋਈ ਈਨ ਨਹੀਂ ਮੰਨਣੀ। ਜੇ ਉਹ ਆਖੇ ਕਿ ਤੁਸੀਂ ਇਹ ਬਚਨ ਦਿਉ ਕਿ ਅਸੀਂ ਜਪੁਜੀ ਸਾਹਿਬ ਦਾ ਪਾਠ ਰੋਜ਼ ਕਰਾਂਗੇ ਤਾਂ ਅਸਾਂ ਇਹ ਭੀ ਨਹੀਂ ਮੰਨਣਾ।

ਬਾਹਰ ਆਉਣ ਵਾਲਿਆਂ ਦੇ ਲੀਡਰ ਤਾਂ ਬਾਵਾ ਹਰਕਿਸ਼ਨ ਸਿੰਘ ਅਤੇ ਸ: ਮਹਿਤਾਬ ਸਿੰਘ ਸਨ, ਪਰ ਸਾਰੇ ਲੋਕ ਅੱਕੇ ਹੋਏ ਸਨ,



Digitized by Panjab Digital Library | www.panjabdigilib.org

ਇਸ ਲਈ ਇਹ ਦੋਵੇਂ ਅਤੇ ਦੋ ਤਿੰਨਾਂ ਦੇ ਸਿਵਾਂ ਬਾਕੀ ਸਾਰੇ ਘਰੋ-ਘਰੀ ਬੈਠ ਗਏ। ਗਿਆਨੀ ਸ਼ੇਰ ਸਿੰਘ ਅਤੇ ਸ: ਬਖ਼ਸ਼ੀਸ਼ ਸਿੰਘ ਅੜੇ ਰਹੇ ਅਤੇ ਜਿਹੜੇ ਬਾਹਰ ਅੰਤ੍ਰਿੰਗ ਕਮੇਟੀ ਦੇ ਮੈਂਬਰ ਇਨ੍ਹਾਂ ਦੇ ਖ਼ਿਆਲਾਂ ਦੇ ਸਨ, ਉਨ੍ਹਾਂ ਦੇ ਆਗੂ ਬਣ ਗਏ। ਇਹ ਇਕ ਤਕੜਾ ਧੜਾ ਬਣ ਗਿਆ। ਬਾਹਰ ਆਉਣ ਨਾਲ ਸਰਦਾਰ ਬਹਾਦਰ ਕਮੇਟੀ ਤੇ ਇਸ ਧੜੇ ਦਾ ਕਬਜ਼ਾ ਹੋ ਗਿਆ। ਅੰਦਰ ਰਿਹਾਂ ਦੇ ਲੀਡਰ ਮਾਸਟਰ ਤਾਰਾ ਸਿੰਘ ਅਤੇ ਸ: ਤੇਜਾ ਸਿੰਘ ਸਮੁੰਦਰੀ ਸਨ। ਇਨ੍ਹਾਂ ਦੇ ਅੰਦਰ ਹੋਣ ਕਰਕੇ ਇਹ ਧੜਾ ਬਾਹਰ ਭੀ ਕਮਜ਼ੋਰ ਰਿਹਾ, ਪਰ ਬਣਿਆ ਰਿਹਾ।

ਬਾਵਾ ਹਰਕਿਸ਼ਨ ਸਿੰਘ ਆਦਿ ਦੀ ਰਿਹਾਈ ਦੇ ਪਿੱਛੋਂ ਕਿਲ੍ਹੇ ਦੀ ਜੇਲ੍ਹ ਖ਼ਤਮ ਕਰ ਕੇ ਬਾਕੀ ਰਹਿੰਦਿਆਂ ਨੂੰ ਸੰਟਰਲ ਜੇਲ੍ਹ ਲਾਹੌਰ ਵਿਚ ਲੈ ਗਏ ਅਤੇ ਉੱਥੇ ਅੰਦਰ ਹੀ ਮੁਕੱਦਮਾ ਚਲਣਾ ਸ਼ੁਰੂ ਹੋ ਗਿਆ। ਜੁਲਾਈ ੧੯੨੬ ਵਿਚ ਸ: ਤਜਾ ਸਿੰਘ ਜੀ ਸਮੁੰਦਰੀ ਦਿੱਲ ਦੀ ਬੀਮਾਰੀ ਨਾਲ ਜੇਲ੍ਹ ਵਿਚ ਹੀ ਸ਼ਹੀਦ ਹੋ ਗਏ। ਸਾਰਿਆਂ ਨੂੰ ਬੜਾ ਦੁਖ ਹੋਇਆ, ਪਰ ਧੜੇ-ਬਾਜ਼ੀ ਉਸੇ ਤਰ੍ਹਾਂ ਕਾਇਮ ਰਹੀ।

ਸਤੰਬਰ ੧੯੨੬ ਵਿਚ ਨਵੇਂ ਗੁਰਦਵਾਰਾ ਐਕਟ ਦੇ ਅਧੀਨ ਨਵੀਂ ਸ਼੍ਰੋਮਣੀ ਕਮੇਟੀ ਬਣ ਗਈ। ਗੌਰਮਿੰਟ ਨੇ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਬਾਗ਼ੀ ਕਰਾਰ ਦਿੱਤਾ ਹੋਇਆ ਸੀ, ਉਹ ਐਲਾਨ ਵੀ ਵਾਪਸ ਲੈ ਲਿਆ। ਇਸ ਦੇ ਥੋੜ੍ਹੇ ਦਿਨ ਬਾਅਦ ਮਾਸਟਰ ਤਾਰਾ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਭੀ ਰਿਹਾ ਕਰ ਦਿੱਤਾ ਗਿਆ। ਨਵੇਂ ਰਿਹਾ ਹੋਏ ਸਜਣ ਭੀ ਬਹੁਤ ਸਾਰੇ ਆਪਣੇ ਕੰਮਾਂ-ਕਾਜਾਂ ਵਿਚ ਲਗ ਗਏ। ਮਾਸਟਰ ਤਾਰਾ ਸਿੰਘ ਜੀ ਅਤੇ ਥੋੜ੍ਹੇ ਜਹੇ ਹੋਰ, ਆਪਣੀ ਪਾਰਟੀ ਮਜ਼ਬੂਤ ਕਰਨ ਵਿਚ ਲੱਗੇ। ਮਾਸਟਰ ਤਾਰਾ ਸਿੰਘ ਨੇ ਅਕਾਲੀ ਅਖ਼ਬਾਰ ਸਾਂਭ ਲਿਆ। ਗਿਆਨੀ ਸ਼ੇਰ ਸਿੰਘ ਨੇ ਉਸ ਦੇ ਮੁਕਾਬਲੇ ਵਿਚ ਰੋਜ਼ਾਨਾ 'ਕੌਮੀ ਦਰਦ' ਅਖ਼ਬਾਰ ਸ਼ੁਰੂ ਕਰ ਦਿੱਤਾ ਹੋਇਆ ਸੀ। ਗਿਆਨੀ ਸ਼ੇਰ ਸਿੰਘ ਨਾਲ ਸ: ਬਖ਼ਸ਼ੀਸ਼ ਸਿੰਘ, ਸ: ਮਹਿੰਦਰ ਸਿੰਘ ਸਿਧਵਾਂ, ਜੱਥੇਦਾਰ ਰਾਮਾ ਅਤੇ ਹੋਰ ਕਾਫ਼ੀ ਸਾਰੇ



Digitized by Panjab Digital Library | www.panjabdigilib.org

ਮਾਲਵੇ ਦੇ ਕੰਮ ਕਰਨ ਵਾਲੇ ਸਨ। ਮਾਲਵਾ ਸਾਰਾ ਹੀ ਗਿਆਨੀ ਸ਼ੇਰ ਸਿੰਘ ਦੇ ਪਿੱਛੇ ਸੀ। ਪੋਠੋਹਾਰ ਅਤੇ ਮਾਝਾ ਮਾਸਟਰ ਤਾਰਾ ਸਿੰਘ ਨਾਲ ਹੋ ਗਿਆ। ਨਵੇਂ ਘੁਲਾਟੀਏ ਕਾਫ਼ੀ ਤਹਿਦਾਦ ਵਿਚ ਮੈਦਾਨ ਵਿਚ ਆਏ। ਗਿਆਨੀ ਕਰਤਾਰ ਸਿੰਘ, ਜੱਥੇਦਾਰ ਊਧਮ ਸਿੰਘ, ਦਰਸ਼ਨ ਸਿੰਘ ਫੇਰੂਮਾਨ, ਈਸ਼ਰ ਸਿੰਘ ਮਝੈਲ, ਸੋਹਣ ਸਿੰਘ ਜਲਾਲ ਉਸਮਾ, ਮਾਸਟਰ ਸੁਜਾਨ ਸਿੰਘ ਅਤੇ ਕੁਝ ਚਿਰ ਪਿੱਛੋਂ ਪਰਤਾਪ ਸਿੰਘ ਕੈਰੋਂ, ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ, ਚੌਧਰੀ ਜੈ ਸਿੰਘ ਆਦਿ ਅਤੇ ਲਾਹੌਰ ਵਿਚੋਂ ਜੱਥੇਦਾਰ ਚੰਨਣ ਸਿੰਘ, ਜੱਥੇਦਾਰ ਵਰਿਆਮ ਸਿੰਘ, ਅਰਜਨ ਸਿੰਘ ਬਰਕਾ ਇਹ ਸਾਰੇ ਹੀ ਮਾਸਟਰ ਤਾਰਾ ਸਿੰਘ ਨਾਲ ਆ ਰਲੇ। ਚੰਗਾ ਬਰਾਬਰੀ ਦਾ ਘੋਲ ਸ਼ੁਰੂ ਹੋ ਗਿਆ। ਅਖ਼ਬਾਰਾਂ ਦੋਵੇਂ ਇਕ ਦੂਜੇ ਤੇ ਚਿੱਕੜ ਸੁਟ ਰਹੀਆਂ ਸਨ। ਭਾਵੇਂ ਗੌਰਮਿੰਟ ਅਕਾਲੀਆਂ ਨੂੰ ਰਿਹਾ ਕਰ ਕੇ ਸੁਰਖ਼ਰੂ ਹੋ ਗਈ, ਪਰ ਆਮ ਜਜ਼ਬਾ ਗੌਰਮਿੰਟ ਦੇ ਖ਼ਿਲਾਫ਼ ਹੀ ਸੀ। ਸਿੱਖਾਂ ਵਿਚੋਂ ਕੋਈ ਧੜਾ ਭੀ ਗੌਰਮਿੰਟ ਨਾਲ ਜਾ ਕੇ ਨਾ ਰਲਿਆ। ਸਿੱਖ ਕੌਮ ਦੀ ਸਾਰੀ ਸ਼ਕਤੀ ਇਸ ਦੰਗਲ ਵਿਚ ਲੱਗਣ ਲੱਗ ਪਈ। ਗੁਰਦਵਾਰਿਆਂ ਦਾ ਪਰਬੰਧ ਜਾਂ ਸਿੱਖੀ ਦਾ ਪਰਚਾਰ ਨਾਮ-ਮਾਤਰ ਹੀ ਰਹਿ ਗਿਆ।



Digitized by Panjab Digital Library | www.panjabdigilib.org

# ੧੦

# ਕੌਮ ਵਿਚ ਫੁਟ ਤੇ ਗੁਰਸੇਵਕ ਸਭਾ

ਇਨਸਾਨ ਕੁਝ ਸੋਚਦਾ ਹੈ, ਕਰਤਾਰ ਕੁਝ ਹੋਰ ਹੀ ਕਰਦਾ ਹੈ। ਜੀਵਨ-ਵਿਕਾਸ ਲਹਿਰ ਬੜੀ ਪ੍ਰਬਲ ਹੈ। ਇਸ ਨੂੰ ਆਪਣੇ ਵਹਿਣ ਤੇ ਚਲਣੋਂ ਕੋਈ ਮੋੜ ਨਹੀਂ ਸਕਦਾ। ਵਿਕਾਸ ਲਈ ਅੰਦਰ ਦੱਬੇ ਹੋਏ ਔਗਣਾਂ ਦਾ ਸਤਾ ਤੇ ਆਉਣਾ ਤੇ ਖ਼ਾਰਜ ਹੋਣਾ ਜ਼ਰੂਰੀ ਹੈ, ਤਾਕਿ ਚੇਤਨਾ ਚੰਗਾ ਪ੍ਰਕਾਸ਼ ਦੇ ਸਕੇ। ਗੁਰਦਵਾਰਾ-ਸੁਧਾਰ ਲਈ ਕੌਮ ਨੇ ਬੜੀਆਂ ਕੁਰਬਾਨੀਆਂ ਕੀਤੀਆਂ। ਖ਼ਿਆਲ ਸੀ ਕਿ ਜਦ ਗੁਰਦਵਾਰੇ ਮਹੰਤਾਂ ਦੇ ਪੰਜੇ ਵਿਚੋਂ ਨਿਕਲ ਕੇ ਪੰਥਕ ਪਰਬੰਧ ਵਿਚ ਆ ਜਾਣਗੇ ਤਾਂ ਇਹ ਸਿੱਖੀ ਜੀਵਨ ਦੇ ਸੋਮੇ ਬਣ ਜਾਣਗੇ ਅਤੇ ਕੌਮ ਵਿਚ ਸਿਮਰਨ ਅਤੇ ਸੇਵਾ ਦੀ ਇਕ ਐਸੀ ਲਹਿਰ ਚਲੇਗੀ ਜਿਹੜੀ ਸਿੱਖਾਂ ਦੇ ਜੀਵਨ ਨੂੰ ਬਹੁਤ ਉੱਚਾ ਕਰ ਦਏਗੀ ਅਤੇ "ਜਿਨਿ ਮਾਣਸ ਤੇ ਦੇਵਤੇ ਕੀਏ, ਕਰਤ ਨ ਲਾਗੀ ਵਾਰ" ਵਾਲੀ ਝਾਕੀ ਫੇਰ ਕੌਮ ਵਿਚ ਪਰਤੱਖ ਨਜ਼ਰ ਆਵੇਗੀ। ਗੁਰਦਵਾਰਿਆਂ ਦੀ ਲੱਖਾਂ ਕਰੋੜਾਂ ਰੁਪਿਆਂ ਦੀ ਆਮਦਨ ਕੌਮ ਦੇ ਸਮਾਜਕ, ਵਿਦਿਅਕ ਅਤੇ ਆਰਥਕ ਜੀਵਨ ਨੂੰ ਉੱਚਾ ਕਰਨ ਵਿਚ ਲਾਈ ਜਾਏਗੀ। ਇਹ ਸੁਪਨੇ ਨਿਰਮੂਲ ਨਿਕਲੇ। ਵਿਕਾਸ ਕੌਮ ਦੇ ਉਸ ਵੇਲੇ ਦੇ ਸਮੁੱਚੇ ਸੁਭਾਅ ਅਤੇ ਇਖ਼ਲਾਕ ਮੁਤਾਬਕ ਹੀ ਹੋਣਾ ਸੀ। ਅਫ਼ਸੋਸ, ਫੁੱਟ ਡਾਇਣ ਨੇ ਗੁਰਦਵਾਰਿਆਂ ਨੂੰ ਆਪਣਾ ਕੇਂਦਰ ਬਣਾ ਲਿਆ।



Digitized by Panjab Digital Library | www.panjabdigilib.org

ਜਦ ਮਾਸਟਰ ਤਾਰਾ ਸਿੰਘ ਤੇ ਉਸ ਦੇ ਸਾਥੀ ਜੇਲ੍ਹ ਵਿਚੋਂ ਬਾਹਰ ਆਏ ਤਾਂ ਗਿਆਨੀ ਸ਼ੇਰ ਸਿੰਘ ਪਾਰਟੀ ਗੁਰਦਵਾਰਿਆਂ ਤੇ ਆਪਣਾ ਕਬਜ਼ਾ ਜਮਾਈ ਬੈਠੀ ਸੀ। ਇਨ੍ਹਾਂ ਆਪਣਾ ਧੜਾ ਮਜ਼ਬੂਤ ਕਰਨਾ ਸ਼ੁਰੂ ਕੀਤਾ। ਅਖ਼ਬਾਰਾਂ ਵਿਚ ਤੇ ਲੈਕਚਰਾਂ ਵਿਚ ਇਕ ਦੂਜੇ ਤੇ ਖ਼ੂਬ ਚਿੱਕੜ ਸੁੱਟਣਾ ਸ਼ੁਰੂ ਕੀਤਾ। ਗਿਆਨੀ ਸ਼ੇਰ ਸਿੰਘ ਜੀ ਨੇਤਰ-ਹੀਨ ਸਨ, ਪਰ ਚੰਗੇ ਲਾਇਕ ਆਦਮੀ ਸਨ ਅਤੇ ਬਹੁਤ ਅੱਛਾ ਲਿਖ-ਬੋਲ ਲੈਂਦੇ ਸਨ। ਉਨ੍ਹਾਂ ਨੂੰ ਹੋਰ ਕੋਈ ਧੰਦਾ ਨਹੀਂ ਸੀ, ਕੋਈ ਝਮੇਲਾ ਨਹੀਂ ਸੀ। ਉਹ ਆਪਣੇ ਧੜੇ ਨੂੰ ਮਜ਼ਬੂਤ ਕਰਨ ਦੀ ਧੁਨ ਵਿਚ ਜੁਟ ਪਏ ਅਤੇ ਸਾਰਾ ਸਮਾਂ ਨਿਰੋਲ ਇਸੇ ਕੰਮ ਵਿਚ ਲਾਉਂਦੇ ਸਨ। ਦੇਸ ਵਿਚ ਨਾ-ਮਿਲਵਰਤਣ ਲਹਿਰ ਜ਼ੋਰਾਂ ਤੇ ਸੀ, ਪਰ ਗਿਆਨੀ ਸ਼ੇਰ ਸਿੰਘ ਨੂੰ ਉਸ ਵਿਚ ਕੋਈ ਦਿਲਚਸਪੀ ਨਹੀਂ ਸੀ। ਮਾਸਟਰ ਤਾਰਾ ਸਿੰਘ ਭੀ ਚੰਗਾ ਤਕੜਾ ਘੁਲਾਟੀਆ ਸੀ ਅਤੇ ਚੰਗਾ ਆਰਗੇਨਾਈਜ਼ਰ ਹੋਣ ਕਰਕੇ ਇਸ ਨੂੰ ਚੰਗੇ ਜੋਸ਼ ਨਾਲ ਕੰਮ ਕਰਨ ਵਾਲੇ ਨੌਜਵਾਨ-ਸਾਥੀ ਵੀ ਨਾਲ ਮਿਲ ਗਏ। ਇਹ ਦੋਵੇਂ ਪਾਸੇ ਜੁੱਟੇ ਰਹਿੰਦੇ ਸਨ : ਰਾਜਸੀ ਮੈਦਾਨ ਵਿਚ ਇਨ੍ਹਾਂ ਚੰਗਾ ਵਧ ਚੜ੍ਹ ਕੇ ਹਿੱਸਾ ਲੈਣਾ ਅਤੇ ਗਿਆਨੀ ਸ਼ੇਰ ਸਿੰਘ ਨਾਲ ਭੀ ਘੋਲ ਵਿਚ ਕੋਈ ਕਸਰ ਨਾ ਛੱਡਣੀ।

ਸ਼੍ਰੋਮਣੀ ਕਮੇਟੀ ਅਤੇ ਦੂਜਿਆਂ ਗੁਰਦਵਾਰਿਆਂ ਦੀਆਂ ਪਰਬੰਧਕ ਕਮੇਟੀਆਂ ਦੀ ਚੋਣ ਉਦੋਂ ਤਿੰਨ ਸਾਲ ਪਿੱਛੋਂ ਹੁੰਦੀ ਸੀ। ੧੯੨੯ ਵਿਚ ਚੰਗੀ ਟੱਕਰ ਹੋਈ। ਮਾਸਟਰ ਤਾਰਾ ਸਿੰਘ ਦਾ ਧੜਾ ਬਹੁ-ਸੰਮਤੀ ਵਿਚ ਤਾਂ ਆ ਗਿਆ, ਪਰ ਦੂਜੇ ਧੜੇ ਦੇ ਮੈਂਬਰਾਂ ਦੀ ਭੀ ਕਾਫ਼ੀ ਗਿਣਤੀ ਸੀ। ਹਰੇਕ ਗੁਰਦਵਾਰਾ ਕਮੇਟੀ ਵਿਚ ਦੋ ਧੜੇ ਸਨ। ਗੁਰਦਵਾਰਿਆਂ ਦੇ ਪਰਬੰਧ ਵਿਚ ਖ਼ਿਆਲਾਂ ਦਾ ਵਿਖੇਵਾਂ ਤਾਂ ਕੋਈ ਨਹੀਂ ਸੀ, ਪਰ ਵੈਰ ਭਾਵ ਉਨ੍ਹਾਂ ਵਿਚ ਇੰਨਾ ਸੀ ਕਿ ਹਰ ਗੱਲ ਤੇ ਇਕ ਦੂਜੇ ਦੀ ਵਿਰੋਧਤਾ।

ਮਾਸਟਰ ਤਾਰਾ ਸਿੰਘ ਜੀ ਸ਼੍ਰੋਮਣੀ ਗੁਰਦਵਾਰਾ ਕਮੇਟੀ ਦੇ ਮੀਤ ਪ੍ਰਧਾਨ ਚੁਣੇ ਗਏ। ਅਹੁਦੇਦਾਰ ਕੋਈ ਭੀ ਹੋਣ, ਦੋਹਾਂ ਧੜਿਆਂ ਦੇ



Digitized by Panjab Digital Library | www.panjabdigilib.org

ਅਸਲ ਲੀਡਰ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਜੀ ਹੀ ਸਨ। ਇਸ ਘਰੋਲੂ ਜੰਗ ਦਾ ਇਹ ਅਸਰ ਹੋਇਆ ਕਿ ਪੰਜਾਬੋਂ ਬਾਹਰ ਭੀ ਜਿਥੇ ਕੋਈ ਸਿੰਘ ਸਭਾ ਜਾਂ ਕੋਈ ਹੋਰ ਸਿੱਖ-ਜੱਥੇਬੰਦੀ ਸੀ, ਉੱਥੇ ਦੋ ਧੜੇ ਹੋ ਗਏ। ਕਿੱਥੇ ਅਕਾਲੀ ਲਹਿਰ ਦਾ ਸਮਾਂ, ਜਦ ਸਾਰੀ ਕੌਮ ਬਾਹਰਲੇ ਦੇਸਾਂ ਤਕ ਇਕ-ਮੁੱਠ ਅਤੇ ਇਕ-ਜਾਨ ਹੋਈ ਹੋਈ ਸੀ, ਕਿੱਥੇ ਹੁਣ ਦੀ ਹਾਲਤ ਕਿ ਹਰ ਥਾਂ ਕੌਮ ਦੀ ਸ਼ਕਤੀ ਪਰਸਪਰ ਲੜਾਈਆਂ-ਝਗੜਿਆਂ ਵਿਚ ਜ਼ਾਇਆ ਹੋ ਰਹੀ ਸੀ। ਸਿੰਘ ਸਭਾ ਲਹਿਰ ਵੇਲੇ ਕੰਮ ਥੋੜਾ ਹੋਵੇ ਬਹੁਤਾ ਹੋਵੇ, ਪਰ ਆਪੋ ਵਿਚ ਲੜਦਾ ਤਾਂ ਕੋਈ ਨਹੀਂ ਸੀ। ਭਾਈ ਦਿੱਤ ਸਿੰਘ ਗਿਆਨੀ ਦੇ ਵਕਤ ਦੂਜਿਆਂ ਧਰਮਾਂ ਦਿਆਂ ਮੌਲਵੀਆਂ-ਪੰਡਤਾਂ ਨਾਲ ਬਹਿਸ-ਮੁਬਾਹਿਸੇ ਹੁੰਦੇ ਸਨ ਅਤੇ ਆਰੀਆ ਸਮਾਜੀਆਂ ਨਾਲ ਤਾਂ ਕਾਫ਼ੀ ਲੈ-ਦੇ ਹੁੰਦੀ ਸੀ, ਪਰ ਆਪੋ ਵਿਚ ਤਾਂ ਇਸ ਤੋਂ ਪਹਿਲਾਂ ਐਨਾ ਦੁਫੇੜ ਕਦੀ ਨਹੀਂ ਸੀ ਪਿਆ।

ਜਿਉਂ ਜਿਉਂ ਸਮਾਂ ਲੰਘਦਾ ਗਿਆ, ਕੌਮ ਦੀ ਹਾਲਤ ਵਿਗੜਦੀ ਗਈ। ੧੯੩੨ ਦੀਆਂ ਚੋਣਾਂ ਹੋਈਆਂ। ਮਾਸਟਰ ਤਾਰਾ ਸਿੰਘ ਜੀ ਬਹੁ-ਸੰਮਤੀ ਨਾਲ ਪਰਧਾਨ ਚੁਣੇ ਗਏ। ਪਰਸਪਰ ਜੰਗ ਤੇਜ਼ ਹੀ ਹੁੰਦਾ ਜਾਂਦਾ ਸੀ।

ਅਸਾਂ ਪ੍ਰੋਫ਼ੈਸਰਾਂ ਨੇ ਗੁਰਦਵਾਰਾ-ਸੁਧਾਰ ਲਈ ਦੁਨਿਆਵੀ ਤੌਰ ਤੇ ਕਾਫ਼ੀ ਕੁਝ ਗਵਾਇਆ ਸੀ। ਕੌਮ ਦੀ ਹਾਲਤ ਵੇਖ ਕੇ ਸਾਰਿਆਂ ਨਾਲੋਂ ਜ਼ਿਆਦਾ ਸਾਨੂੰ ਦੁੱਖ ਹੁੰਦਾ ਸੀ। ਬਾਵਾ ਹਰਕਿਸ਼ਨ ਸਿੰਘ ਜੀ ਗੁਜਰਾਂਵਾਲੇ ਸਨ ਅਤੇ ਤੇਜਾ ਸਿੰਘ ਤੇ ਮੈਂ ਅੰਮ੍ਰਿਤਸਰ, ਜਦੋਂ ਮਿਲਣਾ, ਦੁਖ-ਰੋਣੀ ਕਰਨੀ। ਆਖ਼ਰ ਇਹ ਫ਼ੈਸਲਾ ਕੀਤਾ ਕਿ ਰਲ ਕੇ ਕੌਮ ਦੀ ਹਾਲਤ ਤੇ ਹੰਝੂ ਕੇਰਿਆ ਕਰੀਏ। ਇਕੱਠੇ ਹੋਏ, ਹੋਰ ਭੀ ਸਿਆਣੇ, ਕੌਮ ਦਾ ਦਰਦ ਰੱਖਣ ਵਾਲੇ, ਬੇਗ਼ਰਜ਼ ਸੱਜਣ ਬੁਲਾਏ। ਗਿਆਨੀ ਸ਼ੇਰ ਸਿੰਘ ਦੇ ਸਬੰਧ ਮਹਾਰਾਜਾ ਪਟਿਆਲਾ ਨਾਲ ਗੂੜ੍ਹੇ ਹੋਣ ਕਰਕੇ ਸ: ਬਖ਼ਸ਼ੀਸ਼ ਸਿੰਘ ਜੀ ਭੀ ਉਸ ਨਾਲੋਂ ਹਟ ਕੇ ਸਾਡੇ ਨਾਲ



Digitized by Panjab Digital Library | www.panjabdigilib.org

ਆ ਰਲੇ। ਫ਼ੈਸਲਾ ਹੋਇਆ ਕਿ "ਗੁਰਸੇਵਕ ਸਭਾ" ਬਣਾਈਏ, ਜਿਸ ਦੇ ਮੈਂਬਰ ਕਿਸੇ ਥਾਂ ਵੀ ਕੋਈ ਮੈਂਬਰੀ ਨਾ ਲੈਣ, ਨਾ ਹੀ ਕੋਈ ਜ਼ਾਤੀ ਫ਼ਾਇਦਾ ਉਠਾਣ, ਕੌਮ ਦੀ ਫੁੱਟ ਨੂੰ ਦੂਰ ਕਰਾਣ ਅਤੇ ਗੁਰਦਵਾਰਿਆਂ ਨੂੰ ਸਿੱਖੀ ਜੀਵਨ ਦੇ ਕੇਂਦਰ ਬਣਾਣ ਦਾ ਯਤਨ ਕਰਨ। ਸਾਰੇ ਸੂਬੇ ਵਿਚ ਥਾਂ ਥਾਂ ਫਿਰ ਕੇ ਪਰਚਾਰ ਕਰਨਾ ਅਤੇ ਵਿਚਾਰ-ਸੰਗਤਾਂ ਬਣਾਣੀਆਂ ਸ਼ੁਰੂ ਕੀਤੀਆਂ। ਚੰਗਾ ਪਰਭਾਵ ਪਿਆ। ਗੁਰਸੇਵਕ ਸਭਾ ਦਾ ਦੋਹਾਂ ਧੜਿਆਂ ਤੇ ਕੁੰਡਾ ਹੋ ਗਿਆ। ਦੋਹਾਂ ਧੜਿਆਂ ਵਿਚੋਂ ਜਾਂ ਬਾਹਰੋਂ ਇਹ ਤਾਂ ਕੋਈ ਕਹਿ ਨਹੀਂ ਸੀ ਸਕਦਾ ਕਿ ਇਨ੍ਹਾਂ ਕੁਝ ਲੈਣਾ ਦੇਣਾ ਹੈ ਜਾਂ ਜੋ ਕੁਝ ਇਹ ਕਹਿੰਦੇ ਹਨ ਉਹ ਗ਼ਲਤ ਹੈ। ਵਧ ਤੋਂ ਵਧ ਜੋ ਕੁਝ ਸਾਡੇ ਖ਼ਿਲਾਫ਼ ਕਿਹਾ ਜਾ ਸਕਦਾ ਸੀ ਉਹ ਇਕ ਵਾਰੀ ਪ੍ਰੋਫ਼ੈਸਰ ਗੰਗਾ ਸਿੰਘ ਜੀ ਨੇ ਹਾਸੇ ਨਾਲ ਇਕ ਸ਼ੇਅਰ ਪੜ੍ਹ ਕੇ ਕਿਹਾ ਸੀ, "ਅਜਬ ਮੀਆਂ ਮੁਖ਼ੱਨਸ ਹੈਂ, ਨਾ ਹੀਉਂ ਮੇਂ, ਨਾ ਸ਼ੀਉਂ ਮੇਂ।" ਬਲ ਤਾਂ ਸੱਚਾਈ ਦਾ ਹੁੰਦਾ ਹੈ, ਬੰਦਿਆਂ ਦਾ ਨਹੀਂ। ਇਕ ਸਾਧੂ ਦੇ ਮੂੰਹੋਂ ਨਿਕਲਿਆ ਸ਼ਬਦ ਸਿਕੰਦਰ ਵਰਗੇ ਸੂਰਮੇ ਨੂੰ ਠੰਡਾ ਕਰ ਗਿਆ ਸੀ। ਨਾਲ ਹੀ ਸਾਡਾ ਦਾਇਰਾ ਭੀ ਕਾਫ਼ੀ ਵਧ ਰਿਹਾ ਸੀ। ਪ੍ਰੋਫ਼ੈਸਰ ਨਰਾਇਣ ਸਿੰਘ ਅਤੇ ਗਿਆਨੀ ਹਰੀ ਸਿੰਘ ਗੁਜਰਾਂਵਾਲੇ ਤੋਂ, ਮਾਸਟਰ ਮਹਿਤਾਬ ਸਿੰਘ, ਸ: ਭਾਗ ਸਿੰਘ ਗੁਰਦਾਸਪੁਰੀ, ਪ੍ਰੋਫੈਸਰ ਰਾਜਿੰਦਰ ਸਿੰਘ, ਸ: ਹਰੀ ਸਿੰਘ ਜਲੰਧਰੀ, ਸ: ਬਖ਼ਸ਼ੀਸ਼ ਸਿੰਘ ਤੇ ਸ: ਗੁਰਦਿੱਤ ਸਿੰਘ ਜੀ ਲੁਧਿਆਨੇ ਤੋਂ ਪਹਿਲਾਂ ਹੀ ਸਾਡੇ ਨਾਲ ਸਨ। ਸੋਢੀ ਦਰਬਾਰਾ ਸਿੰਘ, ਸਰਦਾਰ ਸਵਰਨ ਸਿੰਘ, ਭਗਤ ਜਸਵੰਤ ਸਿੰਘ ਅਤੇ ਹੋਰ ਕਾਫ਼ੀ ਸੱਜਣ ਸਾਡੇ ਨਾਲ ਮਿਲ ਰਹੇ ਸਨ।

ਕੁਝ ਚਿਰ ਅਸੀਂ ਨਿਸਫਲ ਜਤਨ ਕਰਦੇ ਰਹੇ। ਅੰਤ ਅਸਾਂ ਸੋਚ ਵਿਚਾਰ ਕਰਨ ਪਿੱਛੋਂ ਦੋਹਾਂ ਲੀਡਰਾਂ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਤੋਂ ਇਹ ਮੰਗ ਕੀਤੀ ਕਿ ਉਹ ਦੋਵੇਂ ਛੇ ਮਹੀਨੇ ਲਈ ਪੰਜਾਬੋਂ ਬਾਹਰ ਕਿਸੇ ਨਾ-ਮਾਲੂਮ ਥਾਂ ਤੇ ਚਲੇ ਜਾਣ ਅਤੇ ਪੰਜਾਬ ਦੇ ਸਿੱਖਾਂ ਨਾਲ ਉਹ ਆਪਣੇ ਸਾਰੇ ਸਬੰਧ ਤੋੜ ਲੈਣ। ਮਾਸਟਰ



Digitized by Panjab Digital Library | www.panjabdigilib.org

ਤਾਰਾ ਸਿੰਘ ਨੇ ਸਾਡੀ ਇਹ ਮੰਗ ਸੱਚੇ ਦਿਲੋਂ ਮੰਨ ਲਈ, ਅਤੇ ਉਹ ਝਟ-ਪਟ ਪੰਜਾਬ ਛੱਡ ਕੇ ਚਲੇ ਗਏ। ਗਿਆਨੀ ਸ਼ੇਰ ਸਿੰਘ ਨੇ ਸਾਡੀ ਮੰਗ ਵੱਲ ਕੋਈ ਧਿਆਨ ਹੀ ਨਾ ਦਿੱਤਾ। ਮਾਸਟਰ ਤਾਰਾ ਸਿੰਘ ਆਪਣੇ ਸਾਥੀਆਂ ਅਤੇ ਆਪਣੇ ਟੱਬਰ ਸਭ ਨੂੰ ਕੁਝ ਵੀ ਦੱਸੇ ਬਿਨਾਂ ਪੌਂਟੇ ਸਾਹਿਬ ਚਲੇ ਗਏ। ਕਿਸੇ ਨੂੰ ਪਤਾ ਨਹੀਂ ਸੀ ਕਿ ਉਹ ਕਿੱਥੇ ਹਨ। ਸਿਰਫ਼ ਕਦੇ ਕਦੇ ਉਹ ਮੇਰੇ ਵਲ ਚਿੱਠੀ ਲਿਖਦੇ ਸਨ, ਉਹ ਭੀ ਸਿਰਫ਼ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ। ਪੌਂਟੇ ਸਾਹਿਬ ਕੁਝ ਦਿਨ ਰਹਿਣ ਪਿੱਛੋਂ ਉਨ੍ਹਾਂ ਮੈਨੂੰ ਲਿਖਿਆ ਕਿ ਮੈਂ ਉਨ੍ਹਾਂ ਦੇ ਸਾਥ ਲਈ ਅਰਜਨ ਸਿੰਘ ਬਰਕਾ ਨੂੰ ਪੌਂਟੇ ਸਾਹਿਬ ਭੇਜ ਦਿਆਂ। ਮੈਂ ਅਰਜਨ ਸਿੰਘ ਨਾਲ ਗੱਲ ਕੀਤੀ, ਉਹ ਝੱਟ ਮੰਨ ਗਿਆ ਅਤੇ ਪੌਂਟੇ ਸਾਹਿਬ ਚਲਾ ਗਿਆ। ਉਥੇ ਦੋਹਾਂ ਮਿੱਤਰਾਂ ਨੇ ਇਕੱਠਿਆਂ ਬੜਾ ਅਨੰਦ ਦਾ ਸਮਾਂ ਬਿਤਾਇਆ। ਜੰਗਲੋ-ਜੰਗਲੀ ਸਫ਼ਰ ਕਰਦਿਆਂ ਪੌਂਟੇ ਸਾਹਿਬ ਤੋਂ ਡੇਹਰਾਦੂਨ ਚਲੇ ਗਏ। ਆਖ਼ਰ ਅਰਜਨ ਸਿੰਘ ਨੇ ਵਾਪਸ ਆਉਣਾ ਹੀ ਸੀ। ਜਦ ਉਹ ਵਾਪਸ ਆਇਆ ਤਾਂ ਮਾਸਟਰ ਜੀ ਹਜ਼ੂਰ ਸਾਹਿਬ ਚਲੇ ਗਏ।

ਇਧਰ ਦੰਗਲ ਵਿਚ ਕੁਝ ਠੰਡ ਪੈ ਗਈ, ਕਿਉਂਕਿ ਤਾੜੀ ਦੋਹਾਂ ਹੱਥਾਂ ਨਾਲ ਵੱਜਦੀ ਹੈ, ਇਕ ਨਾਲ ਤਾਂ ਵੱਜ ਹੀ ਨਹੀਂ ਸਕਦੀ। ਹਜ਼ੂਰ ਸਾਹਿਬ ਵਿਖੇ ਉਨ੍ਹਾਂ ਨੂੰ ਸ: ਸੇਵਾ ਸਿੰਘ ਠੀਕਰੀ ਵਾਲੇ ਦੇ, ਪਟਿਆਲਾ ਜੇਲ੍ਹ ਵਿਚ ਚਲਾਣਾ ਕਰਨ ਦੀ ਖ਼ਬਰ ਮਿਲੀ। ਬੜੀ ਦੁਖ-ਦਾਇਕ ਖ਼ਬਰ ਸੀ। ਇਸ ਕਾਰਨ ਕਰ ਕੇ ਮਹਾਰਾਜਾ ਪਟਿਆਲਾ ਦੇ ਖ਼ਿਲਾਫ਼ ਬੜਾ ਗੁੱਸਾ ਸੀ। ਮਾਸਟਰ ਜੀ ਇਸ ਨੂੰ ਬਰਦਾਸ਼ਤ ਨਾ ਕਰ ਸਕੇ ਅਤੇ ਅੱਠ ਮਹੀਨੇ ਪਿੱਛੋਂ ਵਾਪਸ ਆ ਗਏ।

ਮਾਸਟਰ ਜੀ ਦੇ ਚਲੇ ਜਾਣ ਪਿੱਛੋਂ ਅਕਾਲੀ ਅਖ਼ਬਾਰ ਨਿਰੋਲ ਸਾਡੇ ਪਰਬੰਧ ਵਿਚ ਆ ਗਿਆ ਅਤੇ ਸੋਢੀ ਦਰਬਾਰਾ ਸਿੰਘ ਜੀ ਇਸ ਦੇ ਐਡੀਟਰ ਅਤੇ ਪਰਬੰਧਕ ਬਣ ਗਏ। ਅਕਾਲੀ ਅਖ਼ਬਾਰ ਹੱਥ ਵਿਚ ਆਉਣ ਕਰਕੇ ਗੁਰਸੇਵਕ ਸਭਾ ਦਾ ਰਸੂਖ਼ ਹੋਰ ਭੀ ਵਧ ਗਿਆ।



Digitized by Panjab Digital Library | www.panjabdigilib.org

ਸਾਡੀ ਇੱਛਾ ਪੂਰੀ ਨਹੀਂ ਸੀ ਹੋਈ, ਕਿਉਂਕਿ ਅਸੀਂ ਤਾਂ ਇਹ ਚਾਹੁੰਦੇ ਸਾਂ ਕਿ ਗੁਰਦਵਾਰਿਆਂ ਦੇ ਪਰਬੰਧਕ ਤਾਂ ਨਿਰੋਲ ਅਤੇ ਸੱਚੇ ਗੁਰਸਿੱਖ ਹੋਣੇ ਚਾਹੀਦੇ ਹਨ, ਰਾਜਸੀ ਘੁਲਾਟੀਆਂ ਦੀ ਇਨ੍ਹਾਂ ਵਿਚ ਕੋਈ ਥਾਂ ਨਹੀਂ ਹੋਣੀ ਚਾਹੀਦੀ। ਅਸਾਂ ਇਹ ਤਜਵੀਜ਼ ਪੇਸ਼ ਕੀਤੀ ਕਿ ੧੯੩੫ ਦੀਆਂ ਚੋਣਾਂ ਰਾਜਸੀ ਤਰੀਕੇ ਨਾਲ ਨਹੀਂ ਹੋਣੀਆਂ ਚਾਹੀਦੀਆਂ, ਦੋਹਾਂ ਧੜਿਆਂ ਨੂੰ ਇਕ ਸਾਲਸ ਮੰਨ ਲੈਣਾ ਚਾਹੀਦਾ ਹੈ ਅਤੇ ਜਿਹੜੇ ਉਮੀਦਵਾਰ ਉਹ ਨਾਮਜ਼ਦ ਕਰੇ ਉਹ ਬਿਨਾਂ ਮੁਕਾਬਲਾ ਚੁਣੇ ਜਾਣੇ ਚਾਹੀਦੇ ਹਨ। ਅਸਾਂ ਬਾਬਾ ਵਸਾਖਾ ਸਿੰਘ ਦਾ ਨਾਂ ਬਤੌਰ ਸਾਲਸ ਦੇ ਭੀ ਤਜਵੀਜ਼ ਕਰ ਦਿੱਤਾ। ਮਾਸਟਰ ਤਾਰਾ ਸਿੰਘ ਜੀ ਝੱਟ ਇਸ ਤਜਵੀਜ਼ ਨਾਲ ਸਹਿਮਤ ਹੋ ਗਏ। ਗਿਆਨੀ ਸ਼ੇਰ ਸਿੰਘ ਦੁਚਿੱਤਾ ਜਿਹਾ ਹੋ ਗਿਆ। ਸੰਸਾਰੀਆਂ ਨੂੰ ਇਹ ਯਕੀਨ ਨਹੀਂ ਆਉਂਦਾ ਕਿ ਸੱਚਾ ਸੁਖ ਤਾਂ ਤਿਆਗ ਵਿਚ ਹੈ। ਸੁਖ ਹੀ ਨਹੀਂ, ਜਿੱਤ ਭੀ ਤਿਆਗ ਵਿਚ ਹੀ ਹੈ। ਇਸ ਤਿਆਗ ਨੇ ਮਾਸਟਰ ਤਾਰਾ ਸਿੰਘ ਦੀ ਗੁੱਡੀ ਨੂੰ ਬਹੁਤ ਉੱਚਾ ਚੜ੍ਹਾ ਦਿੱਤਾ। ਗਿਆਨੀ ਸ਼ੇਰ ਸਿੰਘ ਦੀ ਹਾਲਤ ਸੱਪ ਦੇ ਮੂੰਹ ਵਿਚ ਕਿਰਲੀ ਵਾਲੀ ਹੋ ਗਈ। ਫਿਟਕਾਰਾਂ ਪੈਂਦੀਆਂ ਵੇਖ ਕੇ ਘਬਰਾ ਗਿਆ ਅਤੇ ਉਸ ਨੇ ਭੀ ਬਾਬਾ ਵਸਾਖਾ ਸਿੰਘ ਦੀ ਸਾਲਸੀ ਪਰਵਾਨ ਕਰ ਲਈ।

ਬਾਬਾ ਵਸਾਖਾ ਸਿੰਘ ਜੀ ਸਾਧੂ ਆਦਮੀ ਸਨ, ਉਨ੍ਹਾਂ ਇੰਨਾ ਹੀ ਐਲਾਨ ਕਰ ਕੇ ਖਹਿੜਾ ਛੁਡਾਇਆ ਕਿ ਮੈਂ ਬਾਬਾ ਸੋਹਣ ਸਿੰਘ ਭਕਨਾ ਨੂੰ ਅਗਲੀ ਸ਼੍ਰੋਮਣੀ ਕਮੇਟੀ ਦਾ ਲੀਡਰ ਬਣਾਉਂਦਾ ਹਾਂ ਅਤੇ ਉਨ੍ਹਾਂ ਨੂੰ ਅਧਿਕਾਰ ਦੇਂਦਾ ਹਾਂ ਕਿ ਉਹ ਆਪਣੇ ਸਾਥੀ-ਮੈਂਬਰ ਨਾਮਜ਼ਦ ਕਰ ਲੈਣ ਅਤੇ ਸੰਗਤਾਂ ਉਨ੍ਹਾਂ ਦੀਆਂ ਕੀਤੀਆਂ ਨਾਮਜ਼ਦਗੀਆਂ ਤੇ ਫੁੱਲ ਚੜ੍ਹਾਉਣ। ਬਾਬਾ ਸੋਹਣ ਸਿੰਘ ਨੇ ਸਾਡੇ ਪਾਸ ਆਉਣਾ ਸ਼ੁਰੂ ਕੀਤਾ ਕਿ ਇਸ ਕੰਮ ਵਿਚ ਸਹਾਇਤਾ ਕਰੋ। ਸ: ਜਗਜੀਤ ਸਿੰਘ ਤਰਨਤਾਰਨ, ਬਾਬਾ ਵਸਾਖਾ ਸਿੰਘ, ਬਾਬਾ ਸੋਹਣ ਸਿੰਘ ਅਤੇ ਮੇਰੇ ਤਿੰਨਾਂ ਦੇ ਹੀ ਅਜ਼ੀਜ਼ ਸਨ। ਅਸਾਂ ਉਨ੍ਹਾਂ ਦੀ ਸੇਵਾ ਲਾਈ ਕਿ ਸਾਰੇ ਪੰਜਾਬ ਵਿਚ



Digitized by Panjab Digital Library | www.panjabdigilib.org

ਫਿਰਨ, ਹੋਰ ਨੇਕ ਆਦਮੀਆਂ ਦੀ ਮੱਦਦ ਲੈਣ ਅਤੇ ਨਾਮਜ਼ਦ ਕਰਨ ਵਾਲੇ ਆਦਮੀਆਂ ਦੀ ਲਿਸਟ ਬਣਾਉਣ। ਬੜੇ ਦਿਨ ਇਸ ਕੰਮ ਵਿਚ ਲੱਗ ਗਏ। ਪੂਰੀ ਨੇਕ-ਨੀਯਤੀ ਨਾਲ ਯਤਨ ਹੋਏ ਕਿ ਸੇਵਾ-ਭਾਵ ਵਾਲੇ ਸੱਜਣਾਂ ਨੂੰ ਹੀ ਅੱਗੇ ਲਿਆਂਦਾ ਜਾਏ। ਵਾਯੂ-ਮੰਡਲ ਮਾਸਟਰ ਤਾਰਾ ਸਿੰਘ ਦੇ ਹੱਕ ਅਤੇ ਗਿਆਨੀ ਸ਼ੇਰ ਸਿੰਘ ਦੇ ਖ਼ਿਲਾਫ਼ ਸੀ। ਆਖ਼ਰੀ ਫ਼ਰਿਸਤ ਸ: ਬਖਸ਼ੀਸ਼ ਸਿੰਘ, ਸ: ਤੇਜਾ ਸਿੰਘ ਚੂਹੜਕਾਣਾ ਅਤੇ ਸ: ਜਗਜੀਤ ਸਿੰਘ ਨੇ ਤਿਆਰ ਕੀਤੀ। ਭਾਰੀ ਬਹੁ-ਸੰਮਤੀ ਐਸੇ ਮੈਂਬਰਾਂ ਦੀ ਆ ਗਈ ਜਿਨ੍ਹਾਂ ਨੂੰ ਮਾਸਟਰ ਤਾਰਾ ਸਿੰਘ ਤੇ ਭਰੋਸਾ ਸੀ। ਚੋਣਾਂ ਦੇ ਪਿੱਛੋਂ ਸ਼੍ਰੋਮਣੀ ਕਮੇਟੀ ਦੀ ਪਹਿਲੀ ਇਕੱਤ੍ਰਤਾ ਅੰਮ੍ਰਿਤਸਰ ਦਾ ਡੀ. ਸੀ. ਬੁਲਾਉਂਦਾ ਸੀ ਅਤੇ ਉਸ ਦੀ ਹਾਜ਼ਰੀ ਵਿਚ ਹੀ ਕਮੇਟੀ ਦਾ ਪ੍ਰਧਾਨ ਚੁਣਿਆ ਜਾਂਦਾ ਸੀ।ਬਾਬਾ ਵਸਾਖਾਸਿੰਘ ਨੇ ਬਾਬਾ ਸੋਹਣ ਸਿੰਘ ਭਕਨਾ ਨੂੰ ਲੀਡਰ ਬਣਾਇਆ ਹੋਇਆ ਸੀ, ਇਸ ਕਰਕੇ ਸਰਬ-ਸੰਮਤੀ ਨਾਲ ਪਰਧਾਨ ਤਾਂ ਉਨ੍ਹਾਂ ਨੂੰ ਚੁਣਨਾ ਚਾਹੀਦਾ ਸੀ, ਪਰ ਮਾਸਟਰ ਤਾਰਾ ਸਿੰਘ ਦੇ ਧੜੇ ਨੇ ਨੀਤੀ ਵਰਤੀ ਅਤੇ ਚੁੱਪ ਕੀਤੇ ਹੀ ਬਾਬਾ ਸੋਹਣ ਸਿੰਘ ਨੂੰ ਜਾਂ ਸਾਨੂੰ ਦੱਸੇ ਬਿਨਾਂ ਮੈਂਬਰਾਂ ਦੀ ਇਕੱਤਰਤਾ ਸਰਕਾਰੀ ਮੀਟਿੰਗ ਤੋਂ ਇਕ ਦੋ ਦਿਨ ਪਹਿਲਾਂ ਸ੍ਰੀ ਅਕਾਲ ਤਖ਼ਤ ਤੇ ਬੁਲਾ ਲਈ ਅਤੇ ਉਸ ਵਿਚ ਮਾਸਟਰ ਤਾਰਾ ਸਿੰਘ ਨੂੰ ਪਰਧਾਨ ਬਣਾਣ ਦਾ ਫ਼ੈਸਲਾ ਕਰ ਲਿਆ। ਬਾਬਾ ਸੋਹਣ ਸਿੰਘ ਜੀ ਅਤੇ ਅਸੀਂ ਬੜੇ ਹੈਰਾਨ ਹੋਏ; ਪਰ ਅਸੀਂ ਰਾਜਸੀ ਖਿਡਾਰੀ ਤਾਂ ਹੈ ਨਹੀਂ ਸਾਂ ਜੁ ਮੈਂਬਰਾਂ ਨੂੰ ਮਿਲ ਕੇ ਤੋੜਦੇ-ਭੰਨਦੇ ਤੇ ਬਾਬਾ ਸੋਹਣ ਸਿੰਘ ਨੂੰ ਪਰਧਾਨ ਬਣਾਣ ਦੇ ਹੱਕ ਵਿਚ ਪ੍ਰੇਰਦੇ। ਮਾਸਟਰ ਤਾਰਾ ਸਿੰਘ ਜੀ ਪਰਧਾਨ ਬਣ ਗਏ। ਬਾਬਾ ਸੋਹਣ ਸਿੰਘ ਨਾਲ ਅਸੀਂ ਕੋਈ ੨੦ ਕੁ ਮੈਂਬਰ ਰਹਿ ਗਏ। ਬਾਬਾ ਸੋਹਣ ਸਿੰਘ ਦੇ ਜ਼ੋਰ ਦੇਣ ਤੇ ਬਾਵਾ ਹਰਕਿਸ਼ਨ ਸਿੰਘ, ਪ੍ਰੋਫ਼ੈਸਰ ਤੇਜਾ ਸਿੰਘ ਅਤੇ ਮੈਂ ਭੀ ਮੈਂਬਰ ਬਣ ਗਏ ਸਾਂ। ਅਸਾਂ ਵੀਹਾਂ ਬਾਈਆਂ ਵੱਖਰੀ ਮੀਟਿੰਗ ਕੀਤੀ ਅਤੇ ਇਹ ਫ਼ੈਸਲਾ ਕੀਤਾ ਕਿ ਕੋਈ ਐਸੀ ਗੱਲ ਨਹੀਂ। ਸਾਡਾ ਪਰਯੋਜਨ ਕੋਈ ਪਰਧਾਨ



Digitized by Panjab Digital Library | www.panjabdigilib.org

ਬਣਨਾ ਜਾਂ ਤਾਕਤ ਹੱਥ ਵਿਚ ਲੈਣ ਦਾ ਹੈ ਨਹੀਂ ਸੀ। ਅਸੀਂ ਤਾਂ ਕੇਵਲ ਇਹ ਹੀ ਚਾਹੁੰਦੇ ਸਾਂ ਕਿ ਗੁਰਦਵਾਰਿਆਂ ਵਿਚ ਐਸਾ ਵਾਯੂ-ਮੰਡਲ ਕਾਇਮ ਹੋਵੇ ਜਿਸ ਵਿਚੋਂ ਸਿੱਖੀ ਜੀਵਨ ਦੀ ਝਲਕ ਨਜ਼ਰ ਆਵੇ।

ਗਿਆਨੀ ਸ਼ੇਰ ਸਿੰਘ ਦਾ ਧੜਾ ਤਾਂ ਖ਼ਤਮ ਹੋ ਗਿਆ। ਰਾਜਸੀ ਕੰਮਾਂ ਵਿਚ ਉਹ ਅੱਗੇ ਹੀ ਕੋਈ ਹਿੱਸਾ ਨਹੀਂ ਸਨ ਲੈਂਦੇ। ਇਨ੍ਹਾਂ ਚੋਣਾਂ ਵਿਚ ਉਨ੍ਹਾਂ ਦੇ ਬਹੁਤ ਘੱਟ ਮੈਂਬਰ ਆਏ ਅਤੇ ਜਿਹੜੇ ਆਏ ਉਹ ਭੀ ਮਾਸਟਰ ਤਾਰਾ ਸਿੰਘ ਦੇ ਧੜੇ ਵਿਚ ਸ਼ਾਮਲ ਹੋ ਗਏ। ਅਸੀਂ ੨੦—੨੨ ਮੈਂਬਰ ਵੱਖਰੇ ਸਾਂ, ਪਰ ਸਾਡਾ ਮਾਸਟਰ ਤਾਰਾ ਸਿੰਘ ਦੇ ਧੜੇ ਨੂੰ ਜ਼ਰਾ ਭੀ ਭੈ ਨਹੀਂ ਸੀ। ਅਸੀਂ ਇਹ ਵਿਚਾਰ ਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣੇ ਰਹੇ ਕਿ ਅਸੀਂ ਮੀਟਿੰਗਾਂ ਵਿਚ ਹਿੱਸਾ ਲੈ ਕੇ ਕਾਬਜ਼ ਧੜੇ ਨੂੰ ਜ਼ਬਤ ਵਿਚ ਰੱਖਾਂਗੇ ਅਤੇ ਗ਼ਲਤ ਗੱਲਾਂ ਨਹੀਂ ਕਰਨ ਦਿਆਂਗੇ। ਪਰ ਇਕ ਦੋ ਮੀਟਿੰਗਾਂ ਵਿਚ ਹਿੱਸਾ ਲੈ ਕੇ ਅਸੀਂ ਇੰਨੇ ਮਾਯੂਸ ਹੋ ਗਏ ਕਿ ਬਾਬਾ ਸੋਹਣ ਸਿੰਘ ਅਤੇ ਅਸੀਂ ਸਾਰੇ ਸ਼੍ਰੋਮਣੀ ਕਮੇਟੀ ਤੋਂ ਪਤਰਾ ਵਾਚ ਆਏ।

ਅਕਾਲੀ ਅਖ਼ਬਾਰ ਅਜੇ ਸਾਡੇ ਪਾਸ ਸੀ। ਵੈਸੇ ਭੀ ਮਾਸਟਰ ਤਾਰਾ ਸਿੰਘ ਅਤੇ ਉਨ੍ਹਾਂ ਦਾ ਧੜਾ ਸਾਡਾ ਸਤਿਕਾਰ ਹੀ ਕਰਦਾ ਸੀ। ਸਿਰਫ਼ ਇਹੋ ਹੀ ਕਹਿੰਦੇ ਸਨ ਕਿ ਅਸੀਂ ਪਬਲਿਕ ਜੀਵਨ ਵਿਚ ਹਿੱਸਾ ਨਹੀਂ ਲੈ ਸਕਦੇ। ਸਾਡੀਆਂ ਗੱਲਾਂ ਨੂੰ ਉਹ ਹਵਾਈ ਗੱਲਾਂ ਕਹਿੰਦੇ ਸਨ। ਫੇਰ ਭੀ ਜਿਹੜੀ ਤਜਵੀਜ਼ ਅਸੀਂ ਕਰੀਏ ਉਸ ਨੂੰ ਉਹ ਵਿਚਾਰਦੇ ਸਨ ਅਤੇ ਯਥਾ-ਸ਼ਕਤ ਉਸ ਨੂੰ ਅਪਣਾਉਣ ਦਾ ਵੀ ਯਤਨ ਕਰਦੇ ਸਨ।

ਮਾਸਟਰ ਤਾਰਾ ਸਿੰਘ ਦਾ ਧੜਾ ਦਿਨ-ਬਦਿਨ ਤਾਕਤ ਫੜਦਾ ਗਿਆ। ਰਾਜਸੀ ਮੈਦਾਨ ਵਿਚ ਭੀ ਉਹ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ ਅਤੇ ਰਾਜਸੀ ਖ਼ਿਆਲਾਂ ਵਿਚ ਅਸੀਂ ਅਤੇ ਬਾਬੇ ਬਿਲਕੁਲ ਉਨ੍ਹਾਂ ਨਾਲ ਸਾਂ। ਕਾਂਗਰਸ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਚਲਦੀ



Digitized by Panjab Digital Library | www.panjabdigilib.org

ਸੀ ਅਤੇ ਅਸੀਂ ਸਾਰੇ ਅੰਗਰੇਜ਼ਾਂ ਤੋਂ ਆਜ਼ਾਦੀ ਲੈਣ ਦੀ ਜਦੋ-ਜਿਹਦ ਵਿਚ ਕਾਂਗਰਸ ਨਾਲ ਸਾਂ। ਕੈਦ ਹੋਣ ਲੱਗਿਆਂ ਮਾਸਟਰ ਤਾਰਾ ਸਿੰਘ ਅਤੇ ਉਨ੍ਹਾਂ ਦੇ ਅਕਾਲੀ-ਸਾਥੀ ਸਭ ਤੋਂ ਅੱਗੇ ਹੁੰਦੇ ਸਨ।

ਮਾਸਟਰ ਤਾਰਾ ਸਿੰਘ ਦੀ ਪਾਰਟੀ ਦੇ ਸ਼੍ਰੋਮਣੀ ਕਮੇਟੀ ਤੇ ਕਬਜ਼ਾ ਕਰਨ ਦੇ ਬਾਵਜੂਦ ਸਾਡੇ ਅਤੇ ਉਨ੍ਹਾਂ ਵਿਚ ਬਹੁਤੀ ਵਿੱਥ ਨਾ ਪਈ। ਬਾਬੇ, ਖ਼ਾਸ ਕਰ ਕੇ ਬਾਬਾ ਜਵਾਲਾ ਸਿੰਘ ਜ਼ਰੂਰ ਉਨ੍ਹਾਂ ਤੋਂ ਦੂਰ ਹੋ ਗਿਆ। ਮਾਸਟਰ ਤਾਰਾ ਸਿੰਘ ਦੀ ਇਹ ਬੜੀ ਇੱਛਾ ਰਹਿੰਦੀ ਸੀ ਕਿ ਅਸੀਂ ਉਨ੍ਹਾਂ ਨਾਲ ਜੁੜੇ ਰਹੀਏ, ਕਿਉਂਕਿ ਉਨ੍ਹਾਂ ਵਿਚ ਕੋਈ ਬਹੁਤਾ ਪੜ੍ਹਿਆ ਲਿਖਿਆ ਤਾਂ ਹੈ ਨਹੀਂ ਸੀ ਅਤੇ ਵੇਲ-ਕੁਵੇਲੇ ਉਨ੍ਹਾਂ ਨੂੰ ਸਾਡੀ ਲੋੜ ਰਹਿੰਦੀ ਸੀ। ਡਾਕਟਰ ਅੰਬੇਦਕਾਰ ਉਨ੍ਹਾਂ ਦਿਨਾਂ ਵਿਚ ਅਕਾਲੀਆਂ ਨੂੰ ਆ ਕੇ ਬਹੁਤ ਮਿਲਦਾ ਰਹਿੰਦਾ ਸੀ, ਕਿਉਂਕਿ ਉਹ ਆਪਣੀ ਸਾਰੀ ਬਰਾਦਰੀ ਸਮੇਤ ਸਿੱਖ ਬਣਨ ਦਾ ਖ਼ਿਆਲ ਕਰਦਾ ਸੀ। ਇਕ ਵਾਰੀ ਅੰਮ੍ਰਿਤਸਰ ਵਿਚ ਭਾਰੀ ਧਾਰਮਕ ਕਾਨਫ਼ਰੰਸ ਹੋਈ। ਅਸੀਂ ਪ੍ਰੋਫ਼ੈਸਰ ਭੀ ਦਰਸ਼ਕਾਂ ਵਿਚ ਬੈਠੇ ਸਾਂ। ਡਾਕਟਰ ਅੰਬੇਦਕਾਰ ਉਸ ਵਿਚ ਬੋਲਿਆ। ਬੜਾ ਲਾਇਕ ਆਦਮੀ ਸੀ ਅਤੇ ਉਸ ਦੇ ਭਾਸ਼ਨ ਦਾ ਬੜਾ ਪ੍ਰਭਾਵ ਪਿਆ। ਡਾਕਟਰ ਅੰਬੇਦਕਾਰ ਨੇ ਕੁਝ ਅਜਿਹੀਆਂ ਗੱਲਾਂ ਕਹੀਆਂ ਸਨ ਜਿਨ੍ਹਾਂ ਦਾ ਜਵਾਬ ਦੇਣਾ ਜ਼ਰੂਰੀ ਸੀ। ਜਵਾਬ ਕੌਣ ਦਏ ? ਪ੍ਰੋਫ਼ੈਸਰ ਗੰਗਾ ਸਿੰਘ ਜੀ ਉਠੇ। ਚੰਗੇ ਮਾਕੂਲ ਬੋਲੇ, ਪਰ ਉਨ੍ਹਾਂ ਦੀ ਪੰਜਾਬੀ ਨੂੰ ਡਾਕਟਰ ਅੰਬੇਦਕਾਰ ਅਤੇ ਹੋਰ ਬਾਹਰੋਂ ਆਏ ਸੱਜਣ ਕੀ ਸਮਝਣ। ਇਸ ਹਾਲਤ ਵਿਚ ਮਾਸਟਰ ਤਾਰਾ ਸਿੰਘ ਨੇ ਝੱਟ ਇਕ ਵੱਡਾ ਲੀਡਰ ਉਸ ਥਾਂ ਤੇ ਭੇਜਿਆ, ਜਿੱਥੇ ਅਸੀਂ ਬੈਠੇ ਸਾਂ ਅਤੇ ਉਹ ਜ਼ੋਰ ਪਾ ਕੇ ਬਾਵਾ ਹਰਕਿਸ਼ਨ ਸਿੰਘ ਨੂੰ ਮਨਾ ਕੇ ਲੈ ਗਿਆ। ਬਾਵਾ ਹਰਕਿਸ਼ਨ ਸਿੰਘ ਡਾਕਟਰ ਅੰਬੇਦਕਾਰ ਦੇ ਪੱਲੇ ਦੇ ਲਾਇਕ ਆਦਮੀ ਹਨ। ਉਹ ਬੋਲੇ ਅਤੇ ਅਕਾਲੀਆਂ ਦੀ ਪਤਿ ਰਹਿ ਗਈ। ਇਸੇ ਤਰ੍ਹਾਂ ਕਈਆਂ ਮੌਕਿਆਂ ਤੇ ਉਨ੍ਹਾਂ ਨੂੰ ਗੁਰਸੇਵਕ ਸਭਾਈਆਂ ਦੀ ਲੋੜ ਪੈਂਦੀ ਸੀ। ਜਦ ਡਾਕਟਰ ਅੰਬੇਦਕਾਰ



Digitized by Panjab Digital Library | www.panjabdigilib.org

ਨੂੰ ਬੰਬਈ ਵਿਚ ਕਾਲਜ ਖੋਲ੍ਹ ਕੇ ਦੇਣ ਦਾ ਫ਼ੈਸਲਾ ਹੋਇਆ ਤਾਂ ਸਿਵਾਏ ਸਾਡੇ ਹੋਰ ਕੋਈ ਭੀ ਨਹੀਂ ਸੀ ਜਿਹੜਾ ਇਸ ਕੰਮ ਵਿਚ ਅਕਾਲੀਆਂ ਦੀ ਸਹਾਇਤਾ ਕਰਦਾ। ਫੇਰ ਜੋ ਕੁਝ ਅਸੀਂ ਕਹਿੰਦੇ ਸਾਂ ਉਸ ਨੂੰ ਕੋਈ ਨਿੰਦਦਾ ਤਾਂ ਹੈ ਨਹੀਂ ਸੀ। ਇਹੋ ਹੀ ਕਹਿੰਦੇ ਸਨ ਕਿ ਇਨ੍ਹਾਂ ਤੇ ਅਮਲ ਕਰਨਾ ਮੁਸ਼ਕਲ ਹੈ।

ਦੇਸ ਵਿਚ ਜਾਗਰਤਾ ਆਉਣ ਕਰਕੇ ਹਰ ਥਾਂ ਅਤੇ ਹਰ ਫ਼ਿਰਕੇ ਵਿਚ ਆਜ਼ਾਦੀ ਦਾ ਜਜ਼ਬਾ ਅਤੇ ਅੰਗਰੇਜ਼ਾਂ ਦੀ ਮੁਖ਼ਾਲਫ਼ਤ ਵਧ ਰਹੀ ਸੀ। ਚੀਫ਼ ਖ਼ਾਲਸਾ ਦੀਵਾਨ ਦੀ ਚੁੱਪ-ਪਾਲਿਸੀ ਕਾਰਨ ਉਹ ਪਿੱਛੇ ਰਹਿ ਗਿਆ ਸੀ ਅਤੇ ਗਿਆਨੀ ਸ਼ੇਰ ਸਿੰਘ ਦਾ ਧੜਾ ਤਾਂ ਪਹਿਲਾਂ ਹੀ ਖ਼ਤਮ ਹੋ ਚੁਕਾ ਸੀ। ਮਾਸਟਰ ਤਾਰਾ ਸਿੰਘ ਦੇ ਸਾਥੀਆਂ ਅਤੇ ਆਮ ਸਿੱਖਾਂ ਦੀ ਮਾਸਟਰ ਤਾਰਾ ਸਿੰਘ ਉਤੇ ਸ਼ਰਧਾ ਦਿਨ-ਬਦਿਨ ਵਧ ਰਹੀ ਸੀ, ਇਸ ਕਰ ਕੇ ਮਾਸਟਰ ਤਾਰਾ ਸਿੰਘ ਅਗਾਂਹ-ਵਧੂ ਗਰਮ ਧੜੇ ਦਾ ਵਾਹਦ ਲੀਡਰ ਬਣ ਗਿਆ। ਵੈਸੇ ਅਜੇ ਅੰਗਰੇਜ਼ਾਂ ਅਤੇ ਅੰਗਰੇਜ਼-ਪ੍ਰਸਤ ਲੋਕਾਂ ਦਾ ਕਾਫ਼ੀ ਜੱਬਾ ਸੀ।

੧੯੩੫ ਵਿਚ ਅੰਗਰੇਜ਼ਾਂ ਨੇ ਹਿੰਦੁਸਤਾਨ ਨੂੰ ਸੂਬਾਈ ਆਜ਼ਾਦੀ ਦਿੱਤੀ। ਇਸ ਦੇ ਉਪਰੰਤ ਚੋਣਾਂ ਹੋਣੀਆਂ ਸਨ। ਇਹ ਪਹਿਲੀ ਵਾਰ ਸੀ ਜਦ ਪੰਜਾਬ ਸਰਕਾਰ ਦੀ ਤਾਕਤ ਨਿਰੋਲ ਪੰਜਾਬੀਆਂ ਦੇ ਹੱਥ ਆਉਣੀ ਸੀ। ਅੰਗਰੇਜ਼ਾਂ ਦੀ ਕੋਸ਼ਸ਼ ਸੀ ਕਿ ਤਾਕਤ ਉਨ੍ਹਾਂ ਦੇ ਪਿੱਠੂਆਂ ਦੇ ਹੱਥ ਰਵ੍ਹੇ। ਸਰ ਸਿਕੰਦਰ ਹਯਾਤ ਮੁਸਲਮਾਨਾਂ ਦਾ ਲੀਡਰ ਬਣਿਆ, ਚੌਧਰੀ ਛੋਟੂ ਰਾਮ ਹਰਿਆਨੇ ਦੇ ਜਾਟਾਂ ਦਾ ਅਤੇ ਸ: ਸੁੰਦਰ ਸਿੰਘ ਮਜੀਠੀਆ ਸਿੱਖਾਂ ਦਾ। ਇਹ ਤਿੰਨੇ ਇਕੱਠੇ ਹੋ ਗਏ। ਇਨ੍ਹਾਂ ਪਿੱਛੇ ਸਾਰੀ ਅੰਗਰੇਜ਼ ਹਕੂਮਤ ਦੀ ਤਾਕਤ ਸੀ। ਦੂਜੇ ਪਾਸੇ ਕਾਂਗਰਸ ਸੀ, ਜਿਹੜੀ ਅਜੇ ਤਕ ਇਕ ਕਮਜ਼ੋਰ ਜਿਹੀ ਹਿੰਦੂ ਜਮਾਤ ਹੀ ਸੀ। ਮੁਸਲਮਾਨ ਤਾਂ ਕੋਈ ਵਿਰਲਾ ਹੀ ਕਾਂਗਰਸ ਨਾਲ ਸੀ। ਕੁਝ ਮੁਸਲਮ ਲੀਗ ਦੇ ਪਿੱਛੇ ਸਨ ਅਤੇ ਕੁਝ ਸਿਕੰਦਰ ਹਯਾਤ ਦੀ ਯੂਨੀਅਨਿਸਟ ਪਾਰਟੀ ਨਾਲ। ਹਰਿਆਨੇ ਦੇ ਜਾਟਾਂ ਵਿਚ ਭੀ



Digitized by Panjab Digital Library | www.panjabdigilib.org

ਕਾਂਗਰਸ ਦੀ ਪੁਜ਼ੀਸ਼ਨ ਇਹੋ ਜਿਹੀ ਸੀ ਜਿਹੋ ਜਿਹੀ ਮੁਸਲਮਾਨਾਂ ਵਿਚ। ਬਹੁਤਾ ਜ਼ੋਰ ਛੋਟੂ ਰਾਮ ਦੇ ਧੜੇ ਦਾ ਹੀ ਸੀ। ਸਿੱਖਾਂ ਵਿਚ ਅਕਾਲੀਆਂ ਦਾ ਜ਼ੋਰ ਤਾਂ ਸੀ ਅਤੇ ਸਿਖ ਹਰ ਸਿਵਲ-ਨਾ-ਫ਼ੁਰਮਾਨੀ ਵਿਚ ਕਾਂਗਰਸ ਦੀ ਸਹਾਇਤਾ ਕਰਦੇ ਸਨ, ਪਰ ਆਪਣੀ ਵਖਰੀ ਹਸਤੀ ਖ਼ਤਮ ਨਹੀਂ ਸਨ ਕਰਦੇ। ਇਸ ਹਾਲਤ ਵਿਚ ਯਤਨ ਹੋਏ ਅਤੇ ਕਾਂਗਰਸ ਤੇ ਅਕਾਲੀ ਭੀ ਇਕੱਠੇ ਹੋ ਗਏ ਅਤੇ ਇਨ੍ਹਾਂ ਭੀ ਆਪਣੇ ਉਮੀਦਵਾਰ ਸਾਂਝੇ ਖੜੇ ਕੀਤੇ।

੧੯੩੭ ਦੇ ਸ਼ੁਰੂ ਵਿਚ ਚੋਣਾਂ ਹੋਈਆਂ। ਥਾਂ ਥਾਂ ਤੇ ਸਿਖਾਂ ਵਿਚ ਚੀਫ਼ ਖ਼ਾਲਸਾ ਦੀਵਾਨ ਅਤੇ ਅਕਾਲੀਆਂ ਦੇ ਉਮੀਦਵਾਰਾਂ ਵਿਚ ਟੱਕਰ ਸੀ। ਸਰਦਾਰ ਸੁੰਦਰ ਸਿੰਘ ਆਪ ਬਟਾਲੇ ਤੋਂ ਖੜੇ ਹੋਏ। ਉਨ੍ਹਾਂ ਦੇ ਮੁਕਾਬਲੇ ਤੇ ਅਕਾਲੀਆਂ ਨੇ ਜੱਥੇਦਾਰ ਤੇਜਾ ਸਿੰਘ ਅਕਰਪੁਰੀ ਨੂੰ ਖੜਾ ਕੀਤਾ। ਚੋਣਾਂ ਦੀ ਲੜਾਈ ਦਾ ਬਹੁਤਾ ਜ਼ੋਰ ਇਸ ਸੀਟ ਤੇ ਸੀ। ਸਰਦਾਰ ਸੁੰਦਰ ਸਿੰਘ ਦੀ ਜਿੱਤ ਹਾਰ ਨੇ ਸਿੱਖਾਂ ਦੀ ਰਾਜਸੀ ਲੀਡਰੀ ਦਾ ਫ਼ੈਸਲਾ ਕਰਨਾ ਸੀ। ਅਕਾਲੀ-ਕਾਂਗਰਸ ਧੜੇ ਨੇ ਜਾਂ ਯੂਨੀਅਨਿਸਟ ਧੜੇ ਨੇ ਆਪਣਾ ਸਾਰਾ ਤ੍ਰਾਣ ਲਾਉਣ ਵਿਚ ਕੋਈ ਕਸਰ ਨਾ ਛੱਡੀ। ਸਭ ਸਰਕਾਰ ਦੇ ਪਰਵ੍ਰਦਾ ਆਦਮੀ ਭੱਜੇ ਫਿਰਦੇ ਸਨ। ਦੂਜੇ ਪਾਸੇ ਅਕਾਲੀਆਂ ਨੇ ਭੀ ਜਿੰਨਾ ਕੁ ਜ਼ੋਰ ਉਹ ਲਾ ਸਕਦੇ ਸਨ, ਲਾਇਆ। ਮਾਸਟਰ ਸੁਜਾਨ ਸਿੰਘ ਚੋਣਾਂ ਆਦਿਕ ਦੇ ਕੰਮ ਵਿਚ ਅਕਾਲੀਆਂ ਦਾ ਵੱਡਾ ਘੁਲਾਟੀਆ ਸੀ। ਉਸ ਨੂੰ ਇਸ ਚੋਣ ਦਾ ਇਨਚਾਰਜ ਬਣਾਇਆ ਗਿਆ।

ਸਰਦਾਰ ਸੁੰਦਰ ਸਿੰਘ ਮਜੀਠੀਆ ਬੜਾ ਨੇਕ ਆਦਮੀ ਸੀ। ਮੇਰੇ ਦਿਲ ਵਿਚ ਉਨ੍ਹਾਂ ਵਾਸਤੇ ਸਤਿਕਾਰ ਸੀ, ਪਰ ਹਿੰਦੁਸਤਾਨ ਦੀ ਆਜ਼ਾਦੀ ਦਾ ਸਵਾਲ ਸੀ, ਇਸ ਲਈ ਮੈਂ ਭੀ ਖੁਲ੍ਹਮ-ਖੁਲ੍ਹਾ ਅਕਾਲੀਆਂ ਵਲ ਸਾਂ ਅਤੇ ਡਟ ਕੇ ਸਰਦਾਰ ਜੀ ਦੀ ਅਤੇ ਉਨ੍ਹਾਂ ਦੇ ਧੜੇ ਦੇ ਉਮੀਦਵਾਰਾਂ ਦੀ ਮੁਖ਼ਾਲਫ਼ਤ ਕਰਦਾ ਸਾਂ। ਹਰ ਸ਼ਾਮ ਮੈਂ ਖ਼ਾਲਸਾ ਕਾਲਜ ਤੋਂ ਮਿਸ਼ਨਰੀ ਕਾਲਜ ਮਾਸਟਰ ਹੋਰਾਂ ਪਾਸ, ਦਿਨ



Digitized by Panjab Digital Library | www.panjabdigilib.org

ਤੀਆਂ ਵੋਟਾਂ ਆਦਿ ਦੀ ਖ਼ਬਰ ਲੈਣ ਜਾਣਾ । ਇਕ ਸ਼ਾਮ ਜਦ ਮੈਂ ਗਿਆ ਤਾਂ ਮਾਸਟਰ ਜੀ ਨੇ ਕਿਹਾ ਕਿ ਮਾਸਟਰ ਸੁਜਾਨ ਸਿੰਘ ਦੀ ਚਿੱਠੀ ਆਈ ਹੈ ਕਿ ਅਸੀਂ ਹੁਣ ਵੋਟਾਂ ਖ਼ਰੀਦ ਕੇ ਹੀ ਜਿੱਤ ਸਕਦੇ ਹਾਂ, ਹੋਰ ਕੋਈ ਰਾਹ ਨਹੀਂ । ਫੇਰ ਉਨ੍ਹਾਂ ਮੈਨੂੰ ਪੁੱਛਿਆ ਕਿ ਦੱਸ ਤੇਰੀ ਕੀ ਰਾਇ ਹੈ ? ਮੇਰਾ ਰੰਗ ਉੱਡ ਗਿਆ ਅਤੇ ਮੈਂ ਦੋਵੇਂ ਹੱਥ ਅਕਾਸ਼ ਵਲ ਕਰ ਕੇ ਕਿਹਾ ਕਿ ਹਾਰ ਜਾਉ, ਬੇਸ਼ਕ ਹਾਰ ਜਾਉ, ਪਰ ਸਿੱਖੀ ਨੂੰ ਲਾਜ ਨਾ ਲੱਗੇ। ਦੋ ਤਿੰਨ ਦਿਨ ਹੋਰ ਬੀਤ ਗਏ। ਫੇਰ ਖ਼ਬਰ ਆਈ ਕਿ ਅਕਾਲੀ ਹਾਰ ਗਏ ਹਨ ਅਤੇ ਸ: ਸੁੰਦਰ ਸਿੰਘ ਜਿੱਤ ਗਿਆ ਹੈ। ਮੈਂ ਅਤੇ ਦੋ ਹੋਰ ਪ੍ਰੋਫ਼ੈਸਰ ਰਾਤ ਨੂੰ ਅਕਾਲੀਆਂ ਦੀ ਕੋਠੀ ਗਏ, ਤਾਕਿ ਉਨ੍ਹਾਂ ਦੀ ਦਿਲ-ਜਮੀ ਕਰੀਏ। ਉਥੇ ਪਹੁੰਚੇ ਤਾਂ ਪਹਿਲਾਂ ਇਹ ਸੁਣਿਆ ਕਿ ਰਾਵਲਪਿੰਡੀ ਦੀ ਸੀਟ ਭੀ ਹਾਰ ਗਏ ਹਾਂ। ਫੇਰ ਹੋਰ ਸੀਟਾਂ ਦੀ ਖ਼ਬਰ ਭੀ ਮਿਲੀ। ਸਰਦਾਰ ਸੁੰਦਰ ਸਿੰਘ ਨੇ ਅਕਾਲੀਆਂ ਦੀ ਚੰਗੀ ਰਗੜ ਕੇ ਪਿੱਠ ਲਾਈ। ਕੋਠੀ ਦੇ ਕਮਰਿਆਂ ਵਿਚ ਅਕਾਲੀ ਰੋਸ਼ਨੀਆਂ ਬੁਝਾ ਕੇ, ਭੁਖਣ-ਭਾਣੇ ਤੇ ਚੁੱਪ-ਚਾਪ ਲੇਟੇ ਹੋਏ ਸਨ। ਮੈਂ ਮਾਸਟਰ ਤਾਰਾ ਸਿੰਘ ਨੂੰ ਜਾਂ ਜੱਥੇਦਾਰ ਊਧਮ ਸਿੰਘ ਨੂੰ ਐਨਾ ਢੱਠਾ ਹੋਇਆ ਪਹਿਲਾਂ ਕਦੇ ਨਹੀਂ ਸੀ ਵੇਖਿਆ। ਬੜੇ ਹੌਸਲੇ ਦਿੱਤੇ, ਕਿਹਾ ਕਿ ਨਿਸ਼ਕਾਮ ਸੇਵਾ ਕਰਨ ਵਾਲਿਆਂ ਦੀ ਕਦੇ ਹਾਰ ਹੋ ਹੀ ਨਹੀਂ ਸਕਦੀ, ਹਾਰ ਤਾਂ ਜ਼ਾਤੀ ਗ਼ਰਜ਼ਾਂ ਪੂਰੀਆਂ ਕਰਨ ਵਾਲਿਆਂ ਦੀ ਹੀ ਹੁੰਦੀ ਹੈ। ਪ੍ਰਮਾਤਮਾ ਤੇ ਵਿਸ਼ਵਾਸ ਰੱਖ ਕੇ ਦਿਲ ਮਜ਼ਬੂਤ ਰੱਖਣੇ ਚਾਹੀਦੇ ਹਨ। ਕੁਝ ਦਿਨ ਪਿੱਛੋਂ ਮੈਨੂੰ ਇਹ ਸੋਅ ਪਈ ਕਿ ਦਿਲ ਢਾਹੁਣ ਵਾਲੀ ਗੱਲ ਚੋਣਾਂ ਵਿਚ ਹਾਰ ਦੀ ਐਨੀ ਨਹੀਂ ਸੀ ਜਿੰਨੀ ਕਿ ਇਕ ਕੀਤੀ ਬੇਕਾਇਦਗੀ ਦੀ ਸੀ। ਚੋਣਾਂ ਵੇਲੇ ਬਾਕੀ ਤਾਂ ਸਾਰੇ ਅਕਾਲੀ ਵੋਟਾਂ ਇਕੱਠੀਆਂ ਕਰਨ ਵਿਚ ਲੱਗੇ ਹੋਏ ਸਨ, ਪਰ ਮਾਸਟਰ ਤਾਰਾ ਸਿੰਘ ਦੀ ਡਿਊਟੀ ਕੇਵਲ ਫ਼ੰਡ ਇਕੱਠੇ ਕਰਨ ਦੀ ਸੀ। ਮਾਇਆ ਕਿਧਰੋਂ ਨਾ ਕਿਧਰੋਂ ਆਉਂਦੀ ਹੀ ਰਹਿੰਦੀ ਸੀ। ਜਿਸ ਵੇਲੇ ਵੋਟਾਂ ਪੈਣ ਦਾ ਜ਼ੋਰ ਸ਼ੁਰੂ ਹੋਇਆ ਉਦੋਂ ਮਾਇਆ ਦੀ ਮੰਗ ਭੀ ਵਧ ਗਈ ਅਤੇ



Digitized by Panjab Digital Library | www.panjabdigilib.org

ਰੁਪਿਆ ਮੁਕ ਗਿਆ। ਸ: ਭਾਗ ਸਿੰਘ ਜੀ ਗੁਰਦਾਸਪੁਰ ਤੋਂ ਖੜੇ ਹੋਏ ਸਨ। ਉਹ ਪੈਸੇ ਲੈਣ ਆਏ। ਪੈਸੇ ਹੈ ਨਹੀਂ ਸਨ। ਉਹ ਸ਼੍ਰੋਮਣੀ ਗੁਰਦਵਾਰਾ ਕਮੇਟੀ ਦੇ ਫ਼ੰਡ ਵਿਚੋਂ ਪੈਸੇ ਇਸ ਖ਼ਿਆਲ ਤੇ ਲੈ ਗਏ ਕਿ ਰੁਪਏ ਬਾਹਰੋਂ ਆਉਣਗੇ ਤਾਂ ਵਾਪਸ ਦੇ ਦਿਆਂਗੇ। ਸ: ਭਾਗ ਸਿੰਘ ਦੀ ਮਿਸਾਲ ਨੇ ਦੂਜਿਆਂ ਨੂੰ ਭੀ ਹੌਸਲਾ ਦਿੱਤਾ, ਅਤੇ ਸ਼੍ਰੋਮਣੀ ਕਮੇਟੀ ਦੇ ਫ਼ੰਡ ਵਿਚੋਂ ਪੰਝੀ ਤੀਹ ਹਜ਼ਾਰ ਰੁਪਿਆ ਚੋਣਾਂ ਤੇ ਲੱਗ ਗਿਆ। ਇਹ ਕੰਮ ਕਾਨੂੰਨੀ ਤੌਰ ਤੇ ਗ਼ਬਨ ਦੇ ਬਰਾਬਰ ਸੀ। ਭਾਵੇਂ ਕਿਸੇ ਨੇ ਰੁਪਿਆ ਕਿਸੇ ਤਰ੍ਹਾਂ ਲਿਆ ਹੋਵੇ, ਕਾਨੂੰਨੀ ਜ਼ਿਮੇਵਾਰੀ ਤਾਂ ਮਾਸਟਰ ਤਾਰਾ ਸਿੰਘ ਦੀ ਸੀ, ਕਿਉਂਕਿ ਸ਼੍ਰੋਮਣੀ ਕਮੇਟੀ ਦੇ ਪਰਧਾਨ ਉਹ ਸਨ। ਉਧਰ ਚੋਣਾਂ ਵਿਚ ਥਾਂ ਥਾਂ ਤੇ ਹਾਰ, ਇਧਰ ਇਹ ਗ਼ਬਨ ਦਾ ਡਰ। ਰੁਪਿਆ ਝਟ-ਪਟ ਕਿੱਥੋਂ ਆਵੇ। ਉਸ ਰਾਤ ਜੋ ਮਾਸਟਰ ਤਾਰਾ ਸਿੰਘ ਆਦਿ ਬਹੁਤੇ ਘਬਰਾਏ ਹੋਏ ਸਨ ਉਸ ਦੇ ਪਿੱਛੇ ਇਹ ਸਹਿਮ ਸੀ। ਸਰਦਾਰ ਸੁੰਦਰ ਸਿੰਘ ਮਜੀਠੀਏ ਪਾਸ ਭੀ ਇਹ ਖ਼ਬਰ ਪਹੁੰਚੀ। ਲਾਲ ਸਿੰਘ ਜੀ ਜੋ ਸ਼੍ਰੋਮਣੀ ਕਮੇਟੀ ਦੇ ਸਕੱਤਰ ਸਨ, ਉਹ ਸ: ਸੁੰਦਰ ਸਿੰਘ ਨਾਲ ਮਿਲ ਗਏ ਅਤੇ ਸ਼੍ਰੋਮਣੀ ਕਮੇਟੀ ਦੀ ਸਕੱਤਰੀ ਛੱਡ ਕੇ ਉਹ ਖ਼ਾਲਸਾ ਕਾਲਜ ਕੌਂਸਲ ਦੇ ਅੰਡਰ-ਸੈਕਰੇਟਰੀ ਬਣ ਗਏ।

ਰਾਜਸੀ ਖਿਡਾਰੀਆਂ ਦੇ ਦਿਮਾਗ਼ ਭੀ ਬੜੇ ਚਲਦੇ ਹਨ। ਇਹ ਭੀ ਮੇਰੀ ਕਿਸੇ ਤੋਂ ਸੁਣੀ ਹੀ ਗੱਲ ਹੈ ਕਿ ਉਨ੍ਹਾਂ ਇਹ ਰੁਪਿਆ ਆਪਣੀਆਂ ਕਿਤਾਬਾਂ ਵਿਚ ਖ਼ਾਲਸਾ ਕਾਲਜ ਬੰਬਈ ਦੇ ਨਾਂ ਪਾ ਦਿੱਤਾ ਅਤੇ ਮਾਸਟਰ ਸੁਜਾਨ ਸਿੰਘ ਨੂੰ ਸ: ਇੰਦਰ ਸਿੰਘ ਜੀ ਪਾਸ ਜਮਸ਼ੇਦਪੁਰ ਭੇਜਿਆ। ਸ: ਇੰਦਰ ਸਿੰਘ ਜੀ ਨੇ ਸ: ਬਲਦੇਵ ਸਿੰਘ ਦੇ ਕਹਿਣ ਤੇ, ਜਿੰਨਾ ਰੁਪਿਆ ਚਾਹੀਦਾ ਸੀ, ਦਸਤੀ ਦੇ ਦਿੱਤਾ ਅਤੇ ਮਾਸਟਰ ਸੁਜਾਨ ਸਿੰਘ ਜੀ ਜਮਸ਼ੇਦਪੁਰ ਤੋਂ ਸਿੱਧੇ ਬੰਬਈ ਪਹੁੰਚੇ ਅਤੇ ਕਾਲਜ ਦੀਆਂ ਕਿਤਾਬਾਂ ਵਿਚ ਇਹ ਰਕਮ ਕਿਸੇ ਤਰ੍ਹਾਂ ਚੜ੍ਹਾ ਕੇ ਸੁਰਖ਼ਰੂਈ ਹਾਸਲ ਕੀਤੀ।

ਚੋਣਾਂ ਦੇ ਪਿੱਛੋਂ ਸ: ਸੁੰਦਰ ਸਿੰਘ ਜੀ ਝਟ ਵਜ਼ੀਰ ਬਣ ਗਏ।



Digitized by Panjab Digital Library | www.panjabdigilib.org

ਸਰਕਾਰ ਵਿਚ ਭੀ ਉਨ੍ਹਾਂ ਦੀ ਤਾਕਤ ਅਤੇ ਕੌਮ ਭੀ ਉਨ੍ਹਾਂ ਦੇ ਪਿੱਛੇ।

ਹੁਣ ਮੇਰੀ ਵਾਰੀ ਆਈ। ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਸ: ਸੁੰਦਰ ਸਿੰਘ ਜੀ ਪੰਜਾਬ ਸਰਕਾਰ ਅਤੇ ਸਿੱਖ ਰਿਆਸਤਾਂ ਦੀ ਸਹਾਇਤਾ ਨਾਲ ਚਲਾਉਂਦੇ ਸਨ। ਮੈਨੂੰ ਇਕ ਵਾਰੀ ਆਪਣੇ ਪਾਸ ਸੱਦ ਕੇ ਉਨ੍ਹਾਂ ਬੜੇ ਪ੍ਰੇਮ ਨਾਲ ਸਮਝਾਇਆ ਕਿ ਉਨ੍ਹਾਂ ਵਾਸਤੇ ਸਿਵਾਏ ਅੰਗਰੇਜ਼ੀ ਸਰਕਾਰ ਦੀ ਪੂਰੀ ਪੂਰੀ ਸਹਾਇਤਾ ਕਰਨ ਦੇ ਹੋਰ ਕੋਈ ਰਾਹ ਹੀ ਨਹੀਂ। ਪੈਸੇ ਜਾਂ ਸਰਕਾਰ ਦੇਂਦੀ ਸੀ ਜਾਂ ਸਿਖ ਰਿਆਸਤਾਂ, ਅਤੇ ਕਾਲਜ ਦੀ ਪ੍ਰਬੰਧਕ ਕਮੇਟੀ ਵਿਚ ਭੀ ਉਨ੍ਹਾਂ ਦੀ ਬਹੁ-ਗਿਣਤੀ ਸੀ। ਗੱਲ ਤਾਂ ਸਪੱਸ਼ਟ ਸੀ, ਕੋਈ ਐਸੀ ਗੁੰਝਲ ਤਾਂ ਹੈ ਨਹੀਂ ਸੀ ਜਿਹੜੀ ਸਮਝ ਨਾ ਆਵੇ। ਪਰ ਮੇਰੀ ਭੀ ਮਜਬੂਰੀ ਸੀ। ਮੇਰੇ ਦਿਮਾਗ਼ ਤੇ ਮਹਾਤਮਾ ਗਾਂਧੀ ਛਾਇਆ ਹੋਇਆ ਸੀ ਅਤੇ ਮੈਨੂੰ ਇਉਂ ਭਾਸਦਾ ਸੀ ਕਿ ਮਹਾਤਮਾ ਗਾਂਧੀ ਦੇ ਰਾਹ ਤੇ ਚਲਣਾ ਹੀ ਅਸਲੀ ਰਸਤਾ ਹੈ। ਇਹ ਰਾਹ ਛੱਡ ਕੇ ਜੀਊਣਾ ਇਕ ਲਾਨ੍ਹਤ ਜਾਪਦੀ ਸੀ। ਨੌਜਵਾਨਾਂ ਵਿਚ ਕੁਦਰਤ ਨੇ ਬਗ਼ਾਵਤ ਦਾ ਜਜ਼ਬਾ ਭਰਿਆ ਹੋਇਆ ਹੈ। ਹਰ ਇਕ ਨੌਜਵਾਨ ਇਕ ਪੁਰਾਣੇ ਨਿਜ਼ਾਮ ਦੇ ਖ਼ਿਲਾਫ਼ ਬਗ਼ਾਵਤ ਕਰਨ ਨੂੰ ਸਦਾ ਤੱਤਪਰ ਹੁੰਦਾ ਹੈ। ਇਹ ਨਾ ਹੁੰਦਾ ਤਾਂ ਜੀਵਨ-ਵਿਕਾਸ ਹੀ ਕਿਸ ਤਰ੍ਹਾਂ ਹੁੰਦਾ ਅਤੇ ਸ੍ਰਿਸ਼ਟੀ ਦੀ ਸਾਰੀ ਤਰੱਕੀ ਹੀ ਰੁਕ ਜਾਂਦੀ। ਨੌਜਵਾਨਾਂ ਨੂੰ ਕਿਸੇ ਆਗੂ ਦੀ ਲੋੜ ਸੀ, ਸੋ ਮੈਂ ਪੂਰੀ ਕਰ ਦਿੱਤੀ।

ਜਦ ਸਰਦਾਰ ਸੁੰਦਰ ਸਿੰਘ ਜੀ ਖੜੇ ਹੋਏ ਤਾਂ ਪਹਿਲੇ ਦਿਨ ਹੀ ਪ੍ਰਿੰਸੀਪਲ ਨੇ ਮੈਨੂੰ ਆ ਕੇ ਸੁਨੇਹਾ ਦਿੱਤਾ ਕਿ ਸਰਦਾਰ ਜੀ ਕਹਿੰਦੇ ਹਨ, ਸਾਡੀ ਮਦਦ ਕਰ। ਮੈਂ ਸੁਣ ਕੇ ਹੱਕਾ-ਬੱਕਾ ਰਹਿ ਗਿਆ। ਕੀ ਜਵਾਬ ਦਿਆਂ! ਦਿਲ ਨੇ ਹੱਲਾ-ਸ਼ੇਰੀ ਦਿੱਤੀ, ਤਕੜਾ ਹੋ ਤੇ ਧਰਮ ਦਾ ਰਾਹ ਨਾ ਛੱਡ। ਅਕਾਲੀਆਂ ਅਤੇ ਕਾਂਗਰਸੀਆਂ ਨੂੰ ਜੋੜਿਆ। ਨੌਜਵਾਨ ਵਿਦਿਆਰਥੀ ਤਾਂ ਅੱਗੇ ਹੀ ਤਿਆਰ-ਬਰ-ਤਿਆਰ ਸਨ। ਸ: ਸੁੰਦਰ ਸਿੰਘ ਦੇ ਧੜੇ ਦੀ ਮੁਖ਼ਾਲਫ਼ਤ ਸ਼ੁਰੂ ਕੀਤੀ। ਲਕੱਾ ਤਾਂ ਮੇਰੇ ਸੁਭੱਾ ਵਿਚ ਹੈ ਹੀ ਨਹੀਂ ਸੀ। ਸਾਨੂੰ ਸਾਰੇ ਭਰਾਵਾਂ ਨੂੰ ਇਹ ਸੁਭੱਾ



Digitized by Panjab Digital Library | www.panjabdigilib.org

ਵਿਰਸੇ ਵਿਚ ਹੀ ਮਿਲਿਆ ਹੋਇਆ ਸੀ । ਡਟ ਕੇ ਮੁਖ਼ਾਲਫ਼ਤ ਕੀਤੀ। ਸਾਰੀ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਤੇ ਸਾਰਾ ਸਟਾਫ਼ ਸ: ਸੁੰਦਰ ਸਿੰਘ ਵਲ, ਮੈਂ ਤੇ ਵਿਦਿਆਰਥੀ ਅਤੇ ਚਾਰ ਸਟਾਫ਼ ਦੇ ਮੈਂਬਰ ਢਿੱਲੇ ਢਿੱਲੇ ਦੂਜੇ ਪਾਸੇ। ਇਕ ਮਿੱਤਰ ਨੇ ਮੈਨੂੰ ਉਦੋਂ ਆਖਿਆ, "ਸਾਰੀ ਖ਼ੁਦਾਈ ਯਕ-ਤਰਫ਼, ਫ਼ਜ਼ਲੇ ਇਲਾਹੀ ਯਕ-ਤਰਫ਼।" ਇਹ ਗੱਲ ਬਿਲਕੁਲ ਦਰੁਸਤ ਸੀ । ਅਸੀਂ ਹਾਰ ਗਏ, ਸ: ਸੁੰਦਰ ਸਿੰਘ ਜੀ ਜਿੱਤੇ। ਫੇਰ ਸਟਾਫ਼ ਵੱਲੋਂ ਸ: ਸੁੰਦਰ ਸਿੰਘ ਨੂੰ ਵਧਾਈ ਦੇਣ ਵਜੋਂ ਪਾਰਟੀ ਦੇਣ ਦਾ ਫ਼ੈਸਲਾ ਹੋਇਆ । ਸ: ਸੁੰਦਰ ਸਿੰਘ ਮੈਨੂੰ ਕਾਲਜ ਵਿਚੋਂ ਕੱਢਣਾ ਨਹੀਂ ਸਨ ਚਾਹੁੰਦੇ, ਕੇਵਲ ਇਹੀ ਚਾਹੁੰਦੇ ਸਨ ਕਿ ਮੈਂ ਆਪਣਾ ਰਵੱਈਆ ਬਦਲਾਂ । ਪ੍ਰਿੰਸੀਪਲ ਜੋਧ ਸਿੰਘ ਨੇ ਮੈਨੂੰ ਬੜਾ ਸਮਝਾਇਆ ਕਿ ਮੈਂ ਭੀ ਇਸ ਪਾਰਟੀ ਵਿਚ ਸ਼ਾਮਲ ਹੋਵਾਂ ਤਾਕਿ ਇਹ ਖਿੱਚੋਤਾਣ ਖ਼ਤਮ ਹੋ ਜਾਏ । ਮੇਰੇ ਲਈ ਠੱਗੀ ਕਰਨੀ ਮੁਸ਼ਕਲ ਸੀ। ਪਾਰਟੀ ਤਾਂ ਸ: ਸੁੰਦਰ ਸਿੰਘ ਦੀ ਜਿੱਤ ਤੇ ਖ਼ੁਸ਼ੀ ਪਰਗਟ ਕਰਨ ਲਈ ਹੋ ਰਹੀ ਸੀ ਅਤੇ ਮੈਨੂੰ ਤਾਂ ਇਸ ਜਿੱਤ ਕਰ ਕੇ ਗ਼ਮੀ ਸੀ। ਮੈਂ ਕਿਸ ਤਰ੍ਹਾਂ ਸ਼ਾਮਲ ਹੋਵਾਂ । ਪਾਰਟੀ ਹੋ ਗਈ, ਮੈਂ ਇਕੱਲਾ ਹੀ ਵਿੱਚ ਸ਼ਾਮਲ ਨਾ ਹੋਇਆ। ਫੇਰ ਸ: ਸੁੰਦਰ ਸਿੰਘ ਨੇ ਇਹ ਚਾਹਿਆ ਕਿ ਮੈਂ ਆਪ ਬੇਨਤੀ ਕਰ ਕੇ ਉਨ੍ਹਾਂ ਦੇ ਘਰ ਜਾ ਕੇ ਮਿਲਾਂ। ਬੜੇ ਲੋਕਾਂ ਨੇ ਮੈਨੂੰ ਸਮਝਾਇਆ । ਮੇਰੇ ਪਿਆਰੇ ਮਿੱਤਰ ਪ੍ਰਿੰਸੀਪਲ ਸ਼ਿਵਚਰਨ ਸਿੰਘ ਭੀ ਮੈਨੂੰ ਸਮਝਾਣ ਲਈ ਉਚੇਚੇ ਲੁਧਿਆਣੇ ਤੋਂ ਆਏ। ਪਰ ਗੱਲ ਤਾਂ ਸਪੱਸ਼ਟ ਸੀ । ਕਾਲਜ ਦੇ ਪਰਬੰਧਕ ਚਾਹੁੰਦੇ ਸਨ ਕਿ ਮੈਂ ਆਪਣੇ ਰਵੱਈਏ ਨੂੰ ਉਨ੍ਹਾਂ ਅਨੁਸਾਰ ਬਦਲਾਂ, ਜੋ ਮੇਰੇ ਲਈ ਅਸੰਭਵ ਸੀ। ਉਹ ਵੀ ਮਜਬੂਰ ਸਨ ਤੇ ਮੈਂ ਵੀ। ਦੋਹਾਂ ਵਿਚ ਟੱਕਰ ਹੋਣ ਨਾਲ ਕਾਲਜ ਅਤੇ ਕਾਲਜ ਦੇ ਡਿਸਿਪਲਨ ਤੇ ਅਸਰ ਪੈਂਦਾ ਸੀ । ਜਦ ਇਹ ਯਤਨ ਨਿਸਫਲ ਸਾਬਤ ਹੋਏ ਤਾਂ ਕਾਲਜ-ਕਮੇਟੀ ਨੇ ਮਜਬੂਰ ਹੋ ਕੇ ਮੈਨੂੰ ਕਾਲਜੋਂ ਜੁਆਬ ਦੇ ਦਿੱਤਾ। ਪਰ ਗ਼ਲਤੀ ਇਹ ਕੀਤੀ ਕਿ ਚਾਰ ਹੋਰ ਪ੍ਰੋਫ਼ੈਸਰ ਭੀ ਨਾਲ ਹੀ ਕੱਢ ਦਿੱਤੇ। ਪੰਜਾਂ ਪ੍ਰੋਫ਼ੈਸਰਾਂ



Digitized by Panjab Digital Library | www.panjabdigilib.org

ਦੇ ਕਾਲਜੋਂ ਕੱਢੇ ਜਾਣ ਤੇ ਸਾਰੇ ਪੰਜਾਬ ਵਿਚ ਹਾਹਾਕਾਰ ਮਚ ਗਈ। ਅਕਾਲੀ ਸਾਡੇ ਨਾਲ, ਕਾਂਗਰਸ ਸਾਡੇ ਨਾਲ, ਬਾਬੇ ਸਾਡੇ ਨਾਲ ਅਤੇ ਸਭ ਤੋਂ ਵਧ ਕਾਲਜ ਦੇ ਪੁਰਾਣੇ ਅਤੇ ਨਵੇਂ ਸਭ ਵਿਦਿਆਰਥੀ ਸਾਡੇ ਨਾਲ। ਪਰ ਹਮਦਰਦੀ ਕਰਨੀ ਜਾਂ ਗੱਲਾਂ ਕਰਨੀਆਂ ਸੌਖੀਆਂ ਹਨ, ਨਿੱਗਰ ਸਹਾਇਤਾ ਕਰਨੀ ਮੁਸ਼ਕਲ ਗੱਲ ਹੈ। ਸਾਡੀ ਡੱਟ ਕੇ ਮਦਦ ਕੀਤੀ ਤਾਂ ਮਾਸਟਰ ਤਾਰਾ ਸਿੰਘ ਅਤੇ ਉਸ ਦੇ ਸਾਥੀ ਅਕਾਲੀਆਂ ਨੇ ਜਾਂ ਪੁਰਾਣੇ ਮਿੱਤਰਾਂ ਅਤੇ ਪੁਰਾਣੇ ਵਿਦਿਆਰਥੀਆਂ ਨੇ।

ਲਾਹੌਰ ਵਿਚ ਸਿੱਖ ਨੈਸ਼ਨਲ ਕਾਲਜ ਬਣਾਣ ਦਾ ਬੀੜਾ ਅਰੰਭਿਆ। ਪੜ੍ਹੇ ਲਿਖੇ ਆਦਮੀ ਆਮ ਤਾਂ ਭਾਵੇਂ ਕੁਝ ਸਮਝਣ, ਪਰ ਸਿੱਖ ਨੈਸ਼ਨਲ ਕਾਲਜ ਬਣਾਣ ਦੇ ਤਜਰਬੇ ਤੋਂ ਮੈਨੂੰ ਵਿਸ਼ਵਾਸ ਹੋ ਗਿਆ ਹੈ ਕਿ ਸੰਸਾਰ ਵਿਚ ਬਣਾਣ ਅਤੇ ਢਾਹਣ ਵਾਲੀ ਇਕੋ ਸ਼ਕਤੀ ਹੈ। "ਜਿਸ ਦੇ ਹੋਵੈ ਵਲਿ, ਸੁ ਕਦੇ ਨ ਹਾਰਦਾ"। ਪਰ ਕੰਮ ਕਰਨ ਵਾਲਿਆਂ ਨੂੰ ਇਕ ਵਾਰੀ ਸੂਈ ਦੇ ਨੱਕੇ ਵਿਚੋਂ ਕੱਢ ਕੇ ਉਹ ਸ਼ਕਤੀ ਬਹੁੜਦੀ ਹੈ। ਸਿੱਖ ਨੈਸ਼ਨਲ ਕਾਲਜ ਦਾ ਬਣਨਾ ਇਕ ਛੋਟੀ ਜਿਹੀ ਕਰਾਮਾਤ ਸੀ ਅਤੇ ਇਸ ਦੇ ਬਣਨ ਨਾਲ ਮਾਸਟਰ ਤਾਰਾ ਸਿੰਘ ਤੇ ਸਰਦਾਰ ਬਲਦੇਵ ਸਿੰਘ ਦਾ ਸਿਰ ਉੱਚਾ ਹੋਇਆ।



Digitized by Panjab Digital Library | www.panjabdigilib.org

## ੧੧

# ਅਜ਼ਾਦੀ ਦੀ ਲਹਿਰ ਵਿਚ ਸਰਗਰਮੀਆਂ

੧੯੧੪ ਦੀ ਪਹਿਲੀ ਜੰਗ ਵੇਲੇ ਹਰਦਿਆਲ ਅਤੇ ਸੰਤੋਖ ਸਿੰਘ ਨੇ ਰਲ ਕੇ ਅਮਰੀਕਾ ਵਿਚ ਗ਼ਦਰ ਪਾਰਟੀ ਕਾਇਮ ਕੀਤੀ। ਇਸ ਪਾਰਟੀ ਵਿਚ ਬਹੁਤੇ ਸਿੱਖ ਹੀ ਸ਼ਾਮਲ ਸਨ। ਇਸ ਦਾ ਇਕੋ-ਇਕ ਪ੍ਰਯੋਜਨ ਸੀ ਕਿ ਹਿੰਦੁਸਤਾਨ ਵਿਚ ਗ਼ਦਰ ਕਰਾ ਕੇ ਦੇਸ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਾਇਆ ਜਾਏ। ਜੰਗ ਦੇ ਦੌਰਾਨ ਹੀ ਕਾਫ਼ੀ ਸਿੱਖ, ਖ਼ਾਸ ਕਰਕੇ ਬਾਬੇ, ਇਸ ਮੰਤਵ ਦੀ ਪੂਰਤੀ ਲਈ ਇਥੇ ਪਹੁੰਚੇ। ਉਧਰੋਂ ਬਾਬਾ ਗੁਰਦਿੱਤ ਸਿੰਘ ਦਾ ਕਾਮਾਗਾਟਾ ਮਾਰੂ ਜਹਾਜ਼ ਭੀ ਕੈਨੇਡਾ ਤੋਂ ਮਾਯੂਸ ਹੋ ਕੇ ਵਾਪਸ ਆਇਆ। ਅੰਗਰੇਜ਼ਾਂ ਨੇ ਇਨ੍ਹਾਂ ਸਾਰਿਆਂ ਤੇ ਬੜੀ ਸਖ਼ਤੀ ਕੀਤੀ ਅਤੇ ਲਗਪਗ ਸਾਰਿਆਂ ਨੂੰ ਹੀ ਅੰਡੇਮਾਨ ਅਤੇ ਹੋਰ ਜੇਲ੍ਹਾਂ ਵਿਚ ਡੱਕ ਦਿੱਤਾ। ਕਈ ਬਗ਼ਾਵਤ ਦੇ ਮੁਕੱਦਮੇ ਚਲੇ। ਕਰਤਾਰ ਸਿੰਘ ਸਰਾਭਾ ਅਤੇ ਜਗਤ ਸਿੰਘ ਸੁਰਸਿੰਗ ਵਰਗੇ ਸੂਰਮਿਆਂ ਦਾ ਖ਼ੁਸ਼ੀ ਖ਼ੁਸ਼ੀ ਫਾਂਸੀਆਂ ਤੇ ਲਟਕ ਜਾਣਾ ਬਅਰਥ ਤਾਂ ਜਾ ਨਹੀਂ ਸੀ ਸਕਦਾ। ਸਿੱਖਾਂ ਵਿਚ ਕਾਫ਼ੀ ਹਲ-ਚਲ ਸ਼ੁਰੂ ਹੋਈ। ਭਾ: ਸਾ: ਭਾਈ ਰਣਧੀਰ ਸਿੰਘ ਜੀ ਭੀ ਇਸੇ ਸਿਲਸਿਲੇ ਵਿਚ ਗ੍ਰਿਫ਼ਤਾਰ ਹੋਏ ਅਤੇ ਕਿੰਨੇ ਸਾਲ ਜੇਲ੍ਹ ਵਿਚ ਰਹੇ। ਪੁਰਾਣੇ ਸਿੱਖ ਅੰਗਰੇਜ਼ਾਂ ਦੇ ਬੜੇ ਭਗਤ ਸਨ, ਪਰ ਨੌਜਵਾਨਾਂ ਦਾ ਰੁਖ਼ ਬਦਲ ਚੁਕਾ ਸੀ। ਫੇਰ ੧੯੧੯ ਵਿਚ ਮਾਰਸ਼ਲ-ਲਾਅ ਹੋਇਆ, ਜਲ੍ਹਿਆਂ ਵਾਲੇ ਬਾਗ਼ ਵਿਚ ਬੇਤਹਾਸ਼ਾ



Digitized by Panjab Digital Library | www.panjabdigilib.org

ਗੋਲੀ ਚੱਲੀ। ਦੇਸ ਵਿਚ ਕਾਫ਼ੀ ਜਾਗਰਤ ਆਉਣੀ ਸ਼ੁਰੂ ਹੋਈ। ਗੁਰਦਵਾਰਾ ਲਹਿਰ ਨੇ ਅੰਗਰੇਜ਼ਾਂ ਅਤੇ ਸਿੱਖਾਂ ਵਿਚ ਹੋਰ ਭੀ ਪਾੜਾ ਪਾ ਦਿੱਤਾ। ਇਨ੍ਹਾਂ ਸਾਰੀਆਂ ਗੱਲਾਂ ਦਾ ਸਮੁੱਚਾ ਅਸਰ ਇਹ ਹੋਇਆ ਕਿ ਸਿੱਖ, ਖ਼ਾਸ ਕਰਕੇ ਅਕਾਲੀ, ਅਜ਼ਾਦੀ ਦੇ ਪਰਵਾਨੇ ਅਤੇ ਅੰਗਰੇਜ਼ਾਂ ਦੇ ਵਿਰੋਧੀ ਬਣ ਗਏ। ਅਕਾਲੀ ਦਲ ਦੀ ਵਾਗ-ਡੋਰ ਸੀ ਮਾਸਟਰ ਤਾਰਾ ਸਿੰਘ ਅਤੇ ਸ: ਸਰਮੁਖ ਸਿੰਘ ਝਬਾਲ ਵਰਗੇ ਬੇਗ਼ਰਜ਼ ਸੇਵਕਾਂ ਤੇ ਆਜ਼ਾਦੀ ਦੇ ਮਤਵਾਲਿਆਂ ਦੇ ਹੱਥ। ਉਧਰੋਂ ਪੰਜਾਬ ਦੀ ਕਾਂਗਰਸ ਮੁੱਠੀ-ਭਰ ਹਿੰਦੂਆਂ ਦੀ ਕਮਜ਼ੋਰ ਜਿਹੀ ਜਮਾਤ ਸੀ, ਇਸ ਕਰਕੇ ਜਦ ਭੀ ਮਹਾਤਮਾ ਗਾਂਧੀ ਸਿਵਲ-ਨਾ-ਫ਼ੁਰਮਾਨੀ ਦੀ ਲਹਿਰ ਸ਼ੁਰੂ ਕਰਦਾ ਸੀ ਤਾਂ ਕੈਦ ਹੋਣ ਵਾਲਿਆਂ ਵਿਚ ਭਾਰੀ ਬਹੁ-ਗਿਣਤੀ ਅਕਾਲੀਆਂ ਦੀ ਹੀ ਹੁੰਦੀ ਸੀ। ਇਨ੍ਹਾਂ ਕੈਦ ਹੋਣ ਵਾਲਿਆਂ ਵਿਚ ਸਭ ਤੋਂ ਮੋਹਰੀ ਮਾਸਟਰ ਤਾਰਾ ਸਿੰਘ ਹੁੰਦਾ ਸੀ। ੧੯੩੯ ਦੀ ਜੰਗ ਸ਼ੁਰੂ ਹੋਣ ਤਕ ਜਦ ਭੀ ਕੋਈ ਸਿਵਲ-ਨਾ-ਫ਼ੁਰਮਾਨੀ ਸ਼ੁਰੂ ਹੋਈ ਜਾਂ ਕੋਈ ਹੋਰ ਰਾਜਸੀ ਰੌਲਾ-ਗੌਲਾ ਪਿਆ, ਮਾਸਟਰ ਤਾਰਾ ਸਿੰਘ ਪੰਜਾਬ ਵਿਚ ਸਭ ਤੋਂ ਅਗੇ ਹੀ ਹੁੰਦਾ ਸੀ।

ਮਈ ੧੯੨੧ ਵਿਚ ਜਦ ਸ਼੍ਰੋਮਣੀ ਕਮੇਟੀ ਨੇ ਅੰਗਰੇਜ਼ੀ ਸਟਕਾਰ ਨਾਲ ਨਾ-ਮਿਲਵਰਤਣ ਦਾ ਮਤਾ ਪਾਸ ਕੀਤਾ ਤਾਂ ਉਨ੍ਹਾਂ ਸਾਰਾ ਮਹਾਤਮਾ ਗਾਂਧੀ ਵਾਲਾ ਪ੍ਰੋਗਰਾਮ ਅਪਣਾਇਆ। ਅਛੂਤਾਂ ਨੂੰ ਆਪਣੇ ਵਿਚ ਮਿਲਾਉਣਾ, ਸ਼ਰਾਬ ਅਤੇ ਹੋਰ ਨਸ਼ੱਈ ਚੀਜ਼ਾਂ ਦਾ ਬਾਈਕਾਟ, ਬਦੇਸ਼ੀ ਕਪੜੇ ਦਾ ਤਿਆਗ ਅਤੇ ਖੱਦਰ ਦੀ ਧਾਰਨਾ, ਸਵਦੇਸ਼ੀ ਦਾ ਪਰਚਾਰ ਇਹ ਸਾਰੀਆਂ ਗੱਲਾਂ ਐਸੀਆਂ ਸਨ ਜਿਹੜੀਆਂ ਅਕਾਲੀਆਂ ਅਤੇ ਹੋਰ ਸਿਖ ਜਨਤਾ ਦੇ ਦਿਲ ਵਿਚ ਬਿਲਕੁਲ ਘਰ ਕਰ ਗਈਆਂ। ਪ੍ਰਭਾਤ-ਫੇਰੀਆਂ ਵਿਚ ਸਿਖ ਅੱਗੇ; ਜਲਸਿਆਂ-ਜਲੂਸਾਂ ਵਿਚ ਸਿਖ ਮੋਹਰੀ; ਜੇਲ੍ਹਖ਼ਾਨੇ ਸਿੱਖਾਂ ਨਾਲ ਭਰੇ ਹੋਏ। ਇਸ ਦਾ ਨਤੀਜਾ ਇਹ ਨਿਕਲਿਆ ਕਿ ਕਾਂਗਰਸ ਅਤੇ ਅਕਾਲੀਆਂ ਵਿਚ ਕੋਈ ਭੇਦ ਹੀ ਨਾ ਰਿਹਾ। ਜਦ ਕੁੰਜੀਆਂ ਦੇ ਮਾਮਲੇ ਵਿਚ ਸ: ਖੜਕ



Digitized by Panjab Digital Library | www.panjabdigilib.org

ਸਿੰਘ, ਸ: ਮਹਿਤਾਬ ਸਿੰਘ ਅਤੇ ਮਾਸਟਰ ਤਾਰਾ ਸਿੰਘ ਆਦਿ ਲੀਡਰ ਗ੍ਰਿਫ਼ਤਾਰ ਹੋਏ ਤਾਂ ਲਾਲਾ ਲਾਜਪਤ ਰਾਏ ਅਤੇ ਹੋਰ ਕਾਂਗਰਸੀ ਲੀਡਰ ਉਨ੍ਹਾਂ ਨੂੰ ਅੰਮ੍ਰਿਤਸਰ ਜੇਲ੍ਹ ਵਿਚ ਮਿਲਣ ਆਏ। ਗੁਰਦਵਾਰਾ ਲਹਿਰ ਜਾਂ ਕਾਂਗਰਸ ਲਹਿਰ ਦੀ ਗ੍ਰਿਫ਼ਤਾਰੀ ਇੱਕੋ ਹੀ ਸਮਝੀ ਜਾਂਦੀ ਸੀ। ੧੯੨੨ ਦੇ ਅੰਤ ਵਿਚ ਜਦ ਕਾਂਗਰਸ ਦਾ ਸੈਸ਼ਨ ਗਯਾ ਵਿਚ ਹੋਇਆ ਤਾਂ ਅਕਾਲੀਆਂ ਨੇ ਉੱਥੇ ਗੁਰੂ ਕਾ ਲੰਗਰ ਲਾਇਆ ਅਤੇ ਇਸ ਦੀ ਬੜੀ ਸ਼ੋਭਾ ਹੋਈ। ਸੈਸ਼ਨ ਵਿਚ ਭੀ ਮਾਸਟਰ ਤਾਰਾ ਸਿੰਘ ਅਤੇ ਹੋਰ ਅਕਾਲੀ ਲੀਡਰ ਕਾਫ਼ੀ ਗਿਣਤੀ ਵਿਚ ਸ਼ਾਮਲ ਹੋਏ। ਮਹਾਤਮਾ ਗਾਂਧੀ ਉਸ ਵੇਲੇ ਜੇਲ੍ਹ ਵਿਚ ਸਨ ਅਤੇ ਸਵੈਰਾਜੀਆਂ ਅਤੇ ਕਟੜ ਗਾਂਧੀ-ਵਾਦੀਆਂ ਵਿਚ ਉਸ ਸੈਸ਼ਨ ਤੇ ਟੱਕਰ ਹੋਈ। ਸਵੈਰਾਜੀਆਂ ਦੇ ਲੀਡਰ ਸੀ, ਆਰ. ਦਾਸ ਤੇ ਪੰਡਤ ਮੋਤੀ ਲਾਲ ਨਹਿਰੂ ਅਤੇ ਸਿਰੜੀਆਂ ਦੇ ਸ਼੍ਰੀ ਰਾਜ ਗੋਪਾਲ ਅਚਾਰੀਆ। ਅਕਾਲੀਆਂ ਨੇ ਰਾਜ ਗੋਪਾਲ ਅਚਾਰੀਆ ਦੀ ਸਹਾਇਤਾ ਕੀਤੀ। ਮਾਸਟਰ ਤਾਰਾ ਸਿੰਘ ਦੀ ਰਾਜਾ ਜੀ ਨਾਲ ਓਦੋਂ ਮਿੱਤਰਤਾ ਬਣੀ, ਜਿਹੜੀ ਸਾਰੀ ਉਮਰ ਹੀ ਨਿਭੀ।

ਅਕਾਲੀ ਸਾਰੇ ੧੯੨੩ ਅਕਤੂਬਰ ਤੋਂ ਜੇਲ੍ਹ ਵਿਚ ਡੱਕੇ ਹੋਏ ਸਨ। ਸਤੰਬਰ ੧੯੨੬ ਵਿਚ ਮਾਸਟਰ ਤਾਰਾ ਸਿੰਘ ਆਦਿ ਰਿਹਾ ਹੋਏ। ਉਸ ਵੇਲੇ ਨਾ ਕਾਂਗਰਸ ਦਾ ਅਤੇ ਨਾ ਹੀ ਅਕਾਲੀਆਂ ਦਾ ਕੋਈ ਗਰਮਾ-ਗਰਮ ਪ੍ਰੋਗਰਾਮ ਸੀ। ਓਦੋਂ ਗੋਲਮੇਜ਼ ਕਾਨਫ਼ਰੰਸ ਲੰਡਨ ਵਿਚ ਹੋਈ।

ਦਸੰਬਰ ੧੯੨੯ ਵਿਚ ਜਦ ਰਾਵੀ ਦੇ ਕੰਢੇ ਲਾਹੌਰ ਵਿਚ ਕਾਂਗਰਸ ਦਾ ਸੈਸ਼ਨ ਹੋਇਆ ਤਾਂ ਕੜ ਟੁੱਟਿਆ। ਪੰਡਤ ਜਵਾਹਰ ਲਾਲ ਨਹਿਰੂ ਇਸ ਸੈਸ਼ਨ ਦੇ ਪਰਧਾਨ ਸਨ। ਬੜੇ ਜੋਸ਼ੀਲੇ ਨੌਜਵਾਨ ਸਨ। ਮਹਾਤਮਾ ਗਾਂਧੀ ਭੀ ਲਾਰਡ ਇਰਵਨ ਨੂੰ ਮਿਲ ਕੇ ਦਿੱਲੀਓਂ ਖ਼ਾਲੀ ਹੱਥ ਆਏ ਸਨ। ਇਸ ਸੈਸ਼ਨ ਨੇ ਬੜੀ ਦਲੇਰੀ ਅਤੇ ਬੜੇ ਜੋਸ਼ ਨਾਲ ਪੂਰਨ ਸੁਤੰਤਰਤਾ ਦਾ ਮਤਾ ਪਾਸ ਕੀਤਾ। ੩੧ ਦਸੰਬਰ



Digitized by Panjab Digital Library | www.panjabdigilib.org

ਦੀ ਰਾਤ ਨੂੰ ਕਹਿਰ ਦੀ ਠੰਢ ਵੇਲੇ ਪੰਡਤ ਜਵਾਹਰ ਲਾਲ ਨੇ ਰਾਵੀ ਦੇ ਕੰਢੇ ਲੱਖਾਂ ਆਦਮੀਆਂ ਦੇ ਸਾਮ੍ਹਣੇ ਆਜ਼ਾਦ ਹਿੰਦੁਸਤਾਨ ਦਾ ਝੰਡਾ ਝੁਲਾਇਆ। ਲੋਕਾਂ ਦਾ ਜੋਸ਼ ਵੇਖਣ ਵਾਲਾ ਸੀ। ਮਤਾ ਪੇਸ਼ ਕਰਨ ਤੋਂ ਪਹਿਲਾਂ ਮਹਾਤਮਾ ਗਾਂਧੀ ਉਚੇਚੇ ਉਨ੍ਹਾਂ ਦੇ ਅਸਥਾਨ ਤੇ ਜਾ ਕੇ ਸ: ਖੜਕ ਸਿੰਘ, ਮਾਸਟਰ ਤਾਰਾ ਸਿੰਘ ਅਤੇ ਹੋਰ ਅਕਾਲੀ ਲੀਡਰਾਂ ਨੂੰ ਮਿਲੇ ਅਤੇ ਇਹ ਬਚਨ ਦੇ ਕੇ ਕਿ ਆਜ਼ਾਦ ਹਿੰਦੁਸਤਾਨ ਦੀ ਰਾਜ-ਬਣਤਰ ਸਿੱਖਾਂ ਦੀ ਪ੍ਰਵਾਨਗੀ ਨਾਲ ਹੀ ਬਣਾਈ ਜਾਏਗੀ, ਉਨ੍ਹਾਂ ਦੀ ਪੂਰੀ ਮਿਲਵਰਤਣ ਪ੍ਰਾਪਤ ਕੀਤੀ। ਮਾਸਟਰ ਤਾਰਾ ਸਿੰਘ ਜੀ ਇਸੇ ਇਕਰਾਰ ਨੂੰ ਮੁੜ ਮੁੜ ਦੁਹਰਾਂਦੇ ਸਨ, ਪਰ ਪੰਡਤ ਜਵਾਹਰ ਲਾਲ ਬਚਨ ਦਾ ਬੱਲੀ ਨਹੀਂ ਸੀ। ਬਚਨ ਦੀ ਪਾਲਣਾ ਨਾ ਕਰਨ ਵਿਚ ਉਹ ਬਾਕੀ ਰਾਜਸੀ ਲੀਡਰਾਂ ਨਾਲੋਂ ਕੋਈ ਪਿੱਛੇ ਨਹੀਂ ਸੀ।

ਸੁਤੰਤਰਤਾ ਦੇ ਮਤੇ ਦੇ ਨਾਲ ਹੀ ਇਹ ਮਤਾ ਭੀ ਪਾਸ ਹੋਇਆ ਕਿ ੨੬ ਜਨਵਰੀ ਨੂੰ ਅਜ਼ਾਦੀ ਦਿਨ ਮਨਾਇਆ ਜਾਏ ਅਤੇ ਇਕ ਸੁਗੰਧ, ਜਿਸ ਦੇ ਸ਼ਬਦ ਮਤੇ ਵਿਚ ਦਿੱਤੇ ਹੋਏ ਸਨ, ਜਲਸੇ ਕਰ ਕੇ ਸਭ ਲੋਕ ਪੂਰੀ ਜ਼ਿਮੇਵਾਰੀ ਅਤੇ ਸ਼ਰਧਾ ਨਾਲ ਚੁਕਣ। ਸਾਰੇ ਦੇਸ ਵਿਚ ਇਹ ਦਿਨ ਪੂਰੇ ਜੋਸ਼ ਨਾਲ ਮਨਾਇਆ ਗਿਆ। ਮਾਸਟਰ ਤਾਰਾ ਸਿੰਘ ਜੀ ਉਨ੍ਹੀਂ ਦਿਨੀਂ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਰਹਿੰਦੇ ਸਨ। ਉੱਥੇ ਬੜੇ ਉਤਸ਼ਾਹ ਨਾਲ ਇਹ ਦਿਨ ਮਨਾਇਆ ਗਿਆ, ਸਗੋਂ ਉਨ੍ਹਾਂ ਦੇ ਇਕ ਸਾਥੀ ਗੁਰਬਚਨ ਸਿੰਘ ਨੇ ਖ਼ਾਲਸਾ ਕਾਲਜ ਵਿਚ ਧੱਕੋ-ਧੱਕੀ ਆਣ ਝੰਡਾ ਝੁਲਾਇਆ ਅਤੇ ਨੌਜਵਾਨ ਵਿਦਿਆਰਥੀਆਂ ਨੂੰ ਉਭਾਰਿਆ।

ਮਾਰਚ ਦੇ ਮਹੀਨੇ ਮਹਾਤਮਾ ਗਾਂਧੀ ਨੇ ਲੂਣ ਦਾ ਸਤਿਆਗ੍ਰਹਿ ਸ਼ੁਰੂ ਕਰਨ ਲਈ ਡੰਡੀ ਵੱਲ ਨੂੰ ਕੂਚ ਕੀਤਾ। ਦੇਸ ਵਿਚ ਜੋਸ਼ ਠਲ੍ਹਿਆ ਨਹੀਂ ਸੀ ਜਾਂਦਾ। ਗੌਰਮਿੰਟ ਨੇ ਭੀ ਜ਼ੋਰ ਨਾਲ ਗ੍ਰਿਫ਼ਤਾਰੀਆਂ ਸ਼ੁਰੂ ਕੀਤੀਆਂ। ਕਾਂਗਰਸ ਨੂੰ ਖ਼ਿਲਾਫ਼-ਕਾਨੂੰਨ ਜਮਾਤ ਕਰਾਰ ਦਿੱਤਾ ਗਿਆ ਅਤੇ ਹਜ਼ਾਰਾਂ ਆਦਮੀ ਕੁਝ ਦਿਨਾਂ ਵਿਚ ਹੀ ਫੜ ਕੇ ਅੰਦਰ ਦੇ



Digitized by Panjab Digital Library | www.panjabdigilib.org

ਦਿੱਤੇ। ਉਨ੍ਹੀਂ ਦਿਨੀਂ ਗੁਜਰਾਤ ਵਿਚ ਰਾਜਸੀ ਕੈਦੀਆਂ ਲਈ ਇਕ ਵੱਖਰਾ ਜੇਲ੍ਹਖ਼ਾਨਾ ਬਣਾਇਆ ਗਿਆ ਸੀ। ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਥੇ ਲੈ ਗਏ। ਉਥੇ ਹੀ ਡਾਕਟਰ ਅਨਸਾਰੀ ਅਤੇ ਦਿੱਲੀ ਦੇ ਹੋਰ ਲੀਡਰਾਂ ਨੂੰ ਲਿਆਂਦਾ ਗਿਆ। ਉੱਥੇ ਹੀ ਖ਼ਾਨ ਅਬਦੁਲ ਗ਼ੁਫ਼ਾਰ ਖ਼ਾਨ ਅਤੇ ਹੋਰ ਪਠਾਣਾਂ ਨੂੰ ਫੜ ਕੇ ਰੱਖਿਆ ਗਿਆ। ਉੱਥੇ ਬੜੀ ਰੌਣਕ ਅਤੇ ਬੜਾ ਮੌਜ-ਮੇਲਾ ਸੀ। ਜਦ ਮੈਂ ਮਾਸਟਰ ਜੀ ਨੂੰ ਮਿਲਣ ਲਈ ਉੱਥੇ ਗਿਆ ਤਾਂ ਉਹ ਉੱਥੇ ਬਾਹਰ ਨਾਲੋਂ ਜ਼ਿਆਦਾ ਸੁਖੀ ਅਤੇ ਪਰਸੰਨ ਸਨ। ਆਪ ਦੇ ਡਾਕਟਰ ਅਨਸਾਰੀ, ਖ਼ਾਨ ਅਬਦੁਲ ਗ਼ੁਫ਼ਾਰ ਖ਼ਾਨ ਅਤੇ ਹੋਰ ਉੱਘੇ ਲੀਡਰਾਂ ਨਾਲ ਉੱਥੋਂ ਹੀ ਸਬੰਧ ਬਣੇ।

੧੯੩੧ ਦੇ ਸ਼ੁਰੂ ਵਿਚ ਸਭ ਰਿਹਾ ਹੋ ਗਏ। ੧੯੩੨ ਵਿਚ ਫੇਰ ਫੜੋ-ਫੜੀ ਹੋਈ, ਅਤੇ ਇਹ ਪਹਿਲੇ ਨਾਲੋਂ ਭੀ ਜ਼ਿਆਦਾ ਜ਼ੋਰ ਨਾਲ। ਸਰਹੱਦੀ ਸੂਬੇ ਵਿਚ ਬਾਦਸ਼ਾਹ ਖ਼ਾਨ ਅਤੇ ਡਾਕਟਰ ਖ਼ਾਨ ਸਾਹਿਬ ਨੂੰ ਗ੍ਰਿਫ਼ਤਾਰ ਕਰ ਕੇ ਹਰੀਪੁਰ ਜੇਲ੍ਹ ਵਿਚ ਸੁੱਟ ਦਿੱਤਾ। ਲਾਲ ਕੁੜਤੀਏ ਜੱਥੇਬੰਦੀ ਨੂੰ ਖ਼ਿਲਾਫ਼ ਕਾਨੂੰਨ ਕਰ ਦਿੱਤਾ। ਪਿਸ਼ੌਰ ਵਿਚ ਬੜੀਆਂ ਗ੍ਰਿਫ਼ਤਾਰੀਆਂ ਹੋਈਆਂ ਅਤੇ ਗੋਲੀ ਭੀ ਚਲੀ। ਮਾਸਟਰ ਤਾਰਾ ਸਿੰਘ ਨੇ ਕਾਂਗਰਸ ਦੀ ਸਲਾਹ ਨਾਲ ੧੦੧ ਅਕਾਲੀਆਂ ਦਾ ਇਕ ਜੱਥਾ ਤਿਆਰ ਕੀਤਾ ਅਤੇ ਕਾਲੇ ਦਸਤਾਰੇ ਸਜਾ ਕੇ ਇਹ ਜੱਥਾ ਮਾਸਟਰ ਜੀ ਦੀ ਜੱਥੇਦਾਰੀ ਵਿਚ ਜਲ੍ਹਿਆਂ ਵਾਲੇ ਬਾਗ਼ ਤੋਂ ਪਿਸ਼ੌਰ ਨੂੰ ਰਵਾਨਾ ਹੋਇਆ। ਮਾਸਟਰ ਜੀ ਨੂੰ ਲਾਹੌਰ ਹੀ ਗ੍ਰਿਫ਼ਤਾਰ ਕਰ ਲਿਆ ਅਤੇ ਬਾਕੀ ਜੱਥਾ ਜੇਹਲਮ ਜਾ ਕੇ ਗ੍ਰਿਫ਼ਤਾਰ ਹੋਇਆ।

ਇਸ ਤੋਂ ਉਪਰੰਤ ਮਾਸਟਰ ਜੀ ਆਪਣੇ ਪਿੰਡ ਹਰਿਆਲ ਜ਼ਿਲਾ ਰਾਵਲਪਿੰਡੀ ਵਿਚ ਨਜ਼ਰਬੰਦ ਕੀਤੇ ਗਏ। ੧੯੩੩ ਵਿਚ ਸਾਡੇ ਵੱਡੇ ਭਰਾ ਗੰਗਾ ਸਿੰਘ ਜੀ ਬਹੁਤ ਬੀਮਾਰ ਹੋ ਗਏ। ਪਹਿਲਾਂ ਮੈਂ ਉਨ੍ਹਾਂ ਨੂੰ ਅੰਮ੍ਰਿਤਸਰ ਹਸਪਤਾਲ ਵਿਚ ਦਾਖ਼ਲ ਕਰਾਇਆ, ਫੇਰ ਕਰਨਲ ਅਮੀ ਚੰਦ ਦੀ ਸਲਾਹ ਨਾਲ ਮਿਓ ਹਸਪਤਾਲ ਲਾਹੌਰ ਵਿਚ



Digitized by Panjab Digital Library | www.panjabdigilib.org

ਲੈ ਗਏ। ਉਥੇ ਭੀ ਉਨ੍ਹਾਂ ਦੀ ਹਾਲਤ ਦਿਨ-ਬਦਿਨ ਖ਼ਰਾਬ ਹੁੰਦੀ ਗਈ। ਸਾਰਾ ਟੱਬਰ ਇਕੱਠਾ ਹੋ ਗਿਆ। ਮਾਸਟਰ ਜੀ ਉਦੋਂ ਸ਼ਾਹਦਰੇ ਸਨ। ਉਨ੍ਹਾਂ ਦਾ ਲਾਹੌਰ ਅਤੇ ਅੰਮ੍ਰਿਤਸਰ ਦੇ ਜ਼ਿਲਿਆਂ ਵਿਚ ਦਾਖ਼ਲ ਹੋਣਾ ਬੰਦ ਸੀ। ਮੈਂ ਕਦੇ ਕਦੇ ਸ਼ਾਹਦਰੇ ਜਾ ਕੇ ਉਨ੍ਹਾਂ ਨੂੰ ਮਿਲ ਆਉਂਦਾ ਹੁੰਦਾ ਸਾਂ। ਜਦ ਗੰਗਾ ਸਿੰਘ ਜੀ ਦੀ ਹਾਲਤ ਬਿਲਕੁਲ ਨਾ-ਉਮੈਦੀ ਵਾਲੀ ਹੋ ਗਈ ਤਾਂ ਸਾਰਿਆਂ ਦੀ ਇਹ ਇੱਛਾ ਹੋਈ ਕਿ ਤਾਰਾ ਸਿੰਘ ਭੀ ਆ ਕੇ ਉਨ੍ਹਾਂ ਨੂੰ ਮਿਲ ਜਾਏ। ਪਰ ਇਹ ਗੱਲ ਹੋਵੇ ਕਿਸ ਤਰ੍ਹਾਂ? ਮੇਰੇ ਦੋਸਤ-ਮਿੱਤਰ ਅਤੇ ਮਦਦਗਾਰ ਤਾਂ ਕਾਂਗਰਸੀ ਹੀ ਸਨ। ਸੰਤਾਨਮ ਸਾਹਿਬ ਨਾਲ ਗੱਲ ਕੀਤੀ, ਉਨ੍ਹਾਂ ਕਿਹਾ ਕਿ ਜ਼ਮਾਨਤ ਆਦਿਕ ਦੇ ਕੇ ਕੁਝ ਹੋ ਸਕਦਾ ਹੈ; ਅੱਛਾ, ਮੈਂ ਕੋਸ਼ਸ਼ ਕਰਦਾ ਹਾਂ। ਪਰ ਗੰਗਾ ਸਿੰਘ ਜੀ ਤਾਂ ਹੱਥੋਂ ਜਾ ਰਹੇ ਸਨ। ਸਾਡੀ ਵੱਡੀ ਭੈਣ ਨੇ ਆਖਿਆ ਕਿ ਅੱਛਾ ਮੈਂ ਤਾਰਾ ਸਿੰਘ ਪਾਸ ਸ਼ਾਹਦਰੇ ਜਾਂਦੀ ਹਾਂ। ਉਹ ਉਥੇ ਗਏ ਅਤੇ ਵੀਰ ਤਾਰਾ ਸਿੰਘ ਨੂੰ ਮਿਲ ਕੇ ਕਿਹਾ ਕਿ ਗੰਗਾ ਸਿੰਘ ਦੀ ਹਾਲਤ ਚੰਗੀ ਨਹੀਂ। ਭੈਣਾਂ ਦੇ ਦਿਲ ਨਰਮ ਹੁੰਦੇ ਹਨ, ਇਹ ਕਹਿ ਕੇ ਉਹ ਰੋ ਪਏ। ਵੀਰ ਤਾਰਾ ਸਿੰਘ ਝੱਟ ਬੇਤਹਾਸ਼ਾ ਹੀ ਉਨ੍ਹਾਂ ਨਾਲ ਟੁਰ ਪਿਆ ਅਤੇ ਹਸਪਤਾਲ ਵਿਚ ਆ ਕੇ ਉਹ ਦਿਨ ਭੀ ਅਤੇ ਸਾਰੀ ਰਾਤ ਭੀ ਗੰਗਾ ਸਿੰਘ ਜੀ ਦੇ ਸਰਹਾਣੇ ਬੈਠਾ ਰਿਹਾ। ਇਹ ਉਨ੍ਹਾਂ ਦੇ ਸੁਭਾ ਵਿਚ ਸੀ ਕਿ ਜਦ ਭੀ ਕੋਈ ਗੱਲ ਕਰਨੀ ਉਨ੍ਹਾਂ ਨੂੰ ਅਵੱਸ਼ ਨਜ਼ਰ ਆਵੇ ਤਾਂ ਫੇਰ ਉਹ ਸੋਚਾਂ-ਵਿਚਾਰਾਂ ਵਿਚ ਨਹੀਂ ਸਨ ਪੈਂਦੇ, ਨਾ ਹੀ ਕੈਦ, ਸਜ਼ਾ ਜਾਂ ਕਿਸੇ ਹੋਰ ਖ਼ਤਰੇ ਦੀ ਪਰਵਾਹ ਕਰਦੇ ਸਨ।

ਸਾਈਮਨ ਕਮਿਸ਼ਨ ਆਇਆ, ਗੋਲਮੇਜ਼ ਕਾਨਫ਼ਰੰਸਾਂ ਹੋਈਆਂ, ਆਖ਼ਰ ੧੯੩੫ ਵਿਚ ਸੂਬਕ ਅਜ਼ਾਦੀ ਮਿਲੀ। ੧੯੩੭ ਵਿਚ ਚੋਣਾਂ ਹੋਈਆਂ। ਇਕ ਪਾਸੇ ਕਾਂਗਰਸ ਅਤੇ ਅਕਾਲੀ, ਦੂਜੇ ਪਾਸੇ ਸਿਕੰਦਰ ਹਯਾਤ ਤੇ ਛੋਟੂ ਰਾਮ ਦੀ ਯੂਨੀਅਨਿਸਟ ਪਾਰਟੀ ਅਤੇ ਸ: ਸੁੰਦਰ ਸਿੰਘ ਮਜੀਠੀਆ। ਕਾਂਗਰਸ ਅਤੇ ਅਕਾਲੀ ਖ਼ੂਬ ਹਰੇ, ਪਰ ਹਾਰ ਕੇ ਭੀ ਆਪੋ ਵਿਚ ਜੁੜੇ ਰਹੇ।



Digitized by Panjab Digital Library | www.panjabdigilib.org

੧੯੩੯ ਵਿਚ ਦੂਜਾ ਵਿਸ਼ਵ ਯੁੱਧ ਸ਼ੁਰੂ ਹੋਇਆ। ਕਾਂਗਰਸ ਨੇ ਅੰਗਰੇਜ਼ੀ ਸਰਕਾਰ ਨਾਲ ਨਾ-ਮਿਲਵਰਤਣ ਕੀਤੀ ਅਤੇ ਇਹ ਐਲਾਨ ਕੱਢਿਆ ਕਿ ਕੋਈ ਆਦਮੀ ਇਸ ਸਾਮਰਾਜੀ ਜੰਗ ਵਿਚ ਅੰਗਰੇਜ਼ਾਂ ਦੀ ਸਹਾਇਤਾ ਨਾ ਕਰੇ। ਇਸ ਐਲਾਨ ਦਾ ਬਹੁਤਾ ਅਸਰ ਤਾਂ ਸਿੱਖਾਂ ਤੇ ਪੈਣਾ ਸੀ ਕਿਉਂਕਿ ਫ਼ੌਜ ਵਿਚ ਬਹੁਤੇ ਭਰਤੀ ਤਾਂ ਸਿੱਖ ਹੀ ਹੁੰਦੇ ਸਨ। ਇਕ ਸਿਖ ਰਸਾਲੇ ਨੇ ਮਹਾਤਮਾ ਗਾਂਧੀ ਦੇ ਐਲਾਨਾਂ ਅਤੇ ਲਿਖਤਾਂ ਦੇ ਅਸਰ ਹੇਠਾਂ ਆ ਕੇ ਬੰਬਈ ਤੋਂ ਜਹਾਜ਼ ਤੇ ਚੜ੍ਹਨੋਂ ਨਾਂਹ ਕਰ ਦਿੱਤੀ। ਉਨ੍ਹਾਂ ਨੂੰ ਸਜ਼ਾਵਾਂ ਹੋਈਆਂ, ਪਰ ਸਾਰੀਆਂ ਸਿੱਖ ਫ਼ੌਜਾਂ ਵਿਚ ਰੌਲਾ ਪੈ ਗਿਆ। ਅੰਗਰੇਜ਼ਾਂ ਨੂੰ ਕਾਫ਼ੀ ਤਸ਼ਵੀਸ਼ ਹੋਈ। ਇਕ ਕਮਿਸ਼ਨ ਬਣਿਆ, ਜਿਸ ਦੇ ਮੇਜਰ ਮਿੱਤ ਸਿੰਘ ਅਤੇ ਦੋ ਅੰਗਰੇਜ਼ ਮੈਂਬਰ ਸਨ। ਉਨ੍ਹਾਂ ਇਹ ਰੀਪੋਰਟ ਕਰਨੀ ਸੀ ਕਿ ਸਿੱਖਾਂ ਦੀ ਭਰਤੀ ਜਾਰੀ ਰੱਖੀ ਜਾਏ ਜਾਂ ਬੰਦ ਕੀਤੀ ਜਾਏ। ਮੇਜਰ ਮਿੱਤ ਸਿੰਘ ਮਾਸਟਰ ਤਾਰਾ ਸਿੰਘ ਨੂੰ ਮਿਲਿਆ। ਮਾਸਟਰ ਤਾਰਾ ਸਿੰਘ ਨੇ ਫ਼ੌਰਨ ਜੱਥੇਦਾਰ ਊਧਮ ਸਿੰਘ ਨੂੰ ਪਿਸ਼ੌਰ ਸਿੱਖ ਫ਼ੌਜੀਆਂ ਨੂੰ ਸਮਝਾਉਣ ਲਈ ਭੇਜਿਆ।

ਮਾਸਟਰ ਤਾਰਾ ਸਿੰਘ ਉਦੋਂ ਤਕ ਸਿੱਖਾਂ ਦਾ ਵਾਹਿਦ ਲੀਡਰ ਬਣ ਚੁਕਾ ਸੀ। ਮਾਸਟਰ ਤਾਰਾ ਸਿੰਘ ਨੂੰ ਸਿਖਾਂ ਦੇ ਲਾਭਾਂ ਦੇ ਤੁੱਲ ਹੋਰ ਕੁਝ ਪਿਆਰਾ ਨਹੀਂ ਸੀ।

ਸਿਆਣਪ ਵਿਚ ਤਾਂ ਅੰਗਰੇਜ਼ ਮੰਨੇ ਹੀ ਹੋਏ ਹਨ। ਉਨ੍ਹਾਂ ਮੇਜਰ ਸ਼ਾਰਟ ਨੂੰ ਸਿੱਖਾਂ ਨਾਲ ਪ੍ਰੇਮ ਦੇ ਸਬੰਧ ਬਣਾਣ ਲਈ ਲਾਇਆ। ਮੇਜਰ ਸ਼ਾਰਟ ਦਾ ਨਿਰਾ-ਪੁਰਾ ਇਹੋ ਕੰਮ ਸੀ। ਉਹ ਬੜਾ ਸਿਆਣਾ ਅਤੇ ਬੜੇ ਵੱਡੇ ਦਿਲ ਦਾ ਆਦਮੀ ਸੀ। ਗਵਰਨਰ ਦਾ ਚੀਫ਼ ਸੈਕ੍ਰੇਟਰੀ ਮਿਸਟਰ ਮੂਨ ਸੀ। ਉਹ ਭੀ ਬੜਾ ਲਾਇਕ ਸੀ। ਮੈਕਡਾਨਲਡ ਹੋਮ ਸੈਕ੍ਰੇਟਰੀ ਸੀ। ਉਪਰ ਕੇਂਦਰੀ ਗੌਰਮਿੰਟ ਵਿਚ ਮਿਸਟਰ ਉਗਲਵੀ ਫ਼ੌਜ ਦੇ ਮਹਿਕਮੇ ਦਾ ਸੈਕ੍ਰੇਟਰੀ ਸੀ। ਭਰਤੀ ਲਈ ਜਲੰਧਰ ਮੇਜਰ ਕਿਲਰਾਏ ਲੱਗਾ ਹੋਇਆ ਸੀ। ਇਹ ਸਾਰੇ ਮਾਸਟਰ ਤਾਰਾ ਸਿੰਘ ਦੇ ਨੇੜੇ ਹੋਣ ਲੱਗ ਪਏ। ਮੇਜਰ ਸ਼ਾਰਟ ਤਾਂ ਮੇਰਾ ਭੀ ਚੰਗਾ ਦੋਸਤ ਬਣ



Digitized by Panjab Digital Library | www.panjabdigilib.org

ਗਿਆ। ਇਨ੍ਹਾਂ ਸਾਰਿਆਂ ਯਤਨ ਕਰ ਕੇ ਮਾਸਟਰ ਜੀ ਦੇ ਦਿਲ ਵਿਚ ਇਹ ਖ਼ਿਆਲ ਪੱਕਾ ਬਿਠਾ ਦਿੱਤਾ ਕਿ ਜੇ ਸਿਖ, ਫ਼ੌਜ ਵਿਚ ਅਫ਼ਸਰ ਨਾ ਬਣੇ ਤਾਂ ਸਿਪਾਹੀ ਫ਼ੌਜੀ ਸਿਖਾਂ ਦੀ ਕੀ ਪੁਜ਼ੀਸ਼ਨ ਰਹਿ ਜਾਏਗੀ। ਮਾਸਟਰ ਤਾਰਾ ਸਿੰਘ ਨੇ ਸਭ ਖ਼ਿਆਲਾਂ ਦੇ ਸਿੱਖਾਂ ਦੀ ਇਕ ਸਾਂਝੀ ਇਕੱਤ੍ਰਤਾ ਲਾਹੌਰ ਵਿਚ ਬੁਲਾਈ। ਇਸ ਇਕੱਤ੍ਰਤਾ ਵਿਚ ਇਕ ਸਿਖ ਭੀ ਐਸਾ ਨਾ ਨਿੱਤਰਿਆ ਜਿਹੜਾ ਫ਼ੌਜ ਵਿਚ ਭਰਤੀ ਹੋਣ ਦੀ ਮੁਖ਼ਾਲਫ਼ਤ ਕਰਦਾ। ਸਰਬ-ਸੰਮਤੀ ਨਾਲ ਪਾਸ ਹੋਇਆ ਕਿ ਫ਼ੌਜ ਵਿਚ ਭਰਤੀ ਲਈ ਸਰਕਾਰ ਨਾਲ ਪੂਰੀ ਪੂਰੀ ਮਿਲਵਰਤਣ ਕਰਨੀ ਚਾਹੀਦੀ ਹੈ।

ਮਾਸਟਰ ਤਾਰਾ ਸਿੰਘ ਅਤੇ ਉਸ ਦੇ ਸਾਥੀ ਅਕਾਲੀ, ਜਿਹੜੇ ਕਾਂਗਰਸ ਦੀ ਜਿੰਦ-ਜਾਨ ਸਨ, ਕਾਂਗਰਸ ਤੋਂ ਕੁਝ ਨਿਖੜਨੇ ਸ਼ੁਰੂ ਹੋ ਗਏ। ੮ ਅਗਸਤ ੧੯੪੨ ਨੂੰ ਕਾਂਗਰਸ ਨੇ 'ਹਿੰਦੁਸਤਾਨ ਛੋੜ ਜਾਓ' ਦਾ ਮਤਾ ਪਾਸ ਕੀਤਾ। ਉਸ ਪਿਛੋਂ ਸਾਰੇ ਮੁਲਕ ਵਿਚ ਬੜਾ ਹੁਲੜ ਮਚਿਆ। ਪੰਜਾਬ ਵਿਚ ਭੀ ਕਾਫ਼ੀ ਆਦਮੀ ਗ੍ਰਿਫ਼ਤਾਰ ਹੋਏ। ਅਕਾਲੀਆਂ ਵਿਚੋਂ ਭੀ ਪ੍ਰਤਾਪ ਸਿੰਘ ਕੈਰੋਂ, ਦਰਸ਼ਨ ਸਿੰਘ ਫੇਰੂਮਾਨ ਅਤੇ ਕਈ ਹੋਰ ਗ੍ਰਿਫ਼ਤਾਰ ਕੀਤੇ ਗਏ। ਪਰ ਇਹ ਪਹਿਲੀ ਵਾਰ ਸੀ ਜਦ ਮਾ: ਤਾਰਾ ਸਿੰਘ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਨਾ ਕੀਤਾ।

੧੯੩੭ ਦੀਆਂ ਚੋਣਾਂ ਨੇ ਸਿੱਧ ਕਰ ਦਿੱਤਾ ਸੀ ਕਿ ਪੰਜਾਬ ਵਿਚ ਜ਼ੋਰ ਯੂਨੀਅਨਿਸਟ ਪਾਰਟੀ ਦਾ ਹੈ। ਸਿਕੰਦਰ ਹਯਾਤ, ਛੋਟੂ ਰਾਮ, ਸੁੰਦਰ ਸਿੰਘ ਮਜੀਠੀਆ ਅਤੇ ਹੋਰ ਸਾਰੇ ਪੁਰਾਣੇ ਵੱਡੇ ਖ਼ਾਨਦਾਨ ਇਸ ਦੇ ਨਾਲ ਸਨ। ਪੁਰਾਣੇ ਖ਼ਾਨਦਾਨੀ ਹੋਣ ਕਰਕੇ ਇਹ ਸਾਰੇ ਚੰਗੇ ਸਲੀਕੇ ਵਾਲੇ ਆਦਮੀ ਸਨ। ਇਨ੍ਹਾਂ ਦੀ ਪਿੱਠ ਤੇ ਅੰਗਰੇਜ਼ ਸਨ। ਇਸ ਧੜੇ ਦੇ ਮੁਕਾਬਲੇ ਹੋਰ ਕੋਈ ਧੜਾ ਪਾਸਕੂ ਭੀ ਨਹੀਂ ਸੀ। ਚੋਣਾਂ ਵਿਚ ਮੁਸਲਿਮ ਲੀਗ ਦਾ ਇਕੋ ਮੈਂਬਰ ਚੁਣਿਆ ਗਿਆ ਸੀ। ਕਾਂਗਰਸ ਅਤੇ ਅਕਾਲੀਆਂ ਦੇ ਭੀ ਐਵੇਂ ਮੁੱਠੀ ਭਰ ਮੈਂਬਰ ਹੀ ਸਨ। ਅੰਗਰੇਜ਼ ਇਨ੍ਹਾਂ ਖ਼ਾਨਦਾਨੀ ਲੀਡਰਾਂ ਨੂੰ ਕੁਦਰਤੀ



Digitized by Panjab Digital Library | www.panjabdigilib.org

ਆਗੂ ਕਹਿੰਦੇ ਸਨ। ਇਹ ਰੱਜੇ ਹੋਏ ਮੈਂਬਰ ਸਨ। ਕੋਈ ਰੁਪਏ ਦੀ ਭੁੱਖ ਨਹੀਂ ਸੀ। ਵੱਢੀ ਨਾ ਲੈਂਦੇ ਸਨ, ਨਾ ਕਿਸੇ ਨੂੰ ਲੈਣ ਦੇਂਦੇ ਸਨ, ਪਰ "ਕਾਲੁ ਅਹੇਰੀ ਫਿਰੈ ਬਧਿਕ ਜਿਉ, ਕਹਹੁ ਕਵਨ ਬਿਧਿ ਕੀਜੈ" ਮਜੀਠੀਆ ਸਰਦਾਰ ੨ ਅਪ੍ਰੈਲ ੧੯੪੧ ਨੂੰ ਚਲ ਬਸੇ। ਸਿਕੰਦਰ ਦੀ ਮਾਨੋ ਬਾਂਹ ਟੁਟ ਗਈ। ਉਨ੍ਹਾਂ ਦੀ ਥਾਂ ਕਿਸੇ ਸਿਖ ਵਜ਼ੀਰ ਨਾਲ ਤਾਂ ਭਰਨੀ ਹੀ ਸੀ। ਸਰਦਾਰ ਦਸੌਂਧਾ ਸਿੰਘ ਨੂੰ ਵਜ਼ੀਰ ਬਣਾ ਲਿਆ ਗਿਆ। ਲੜਾਈ ਜ਼ੋਰਾਂ ਤੇ ਸੀ। ਜਾਪਾਨ ਭੀ ਵਿਚ ਆਣ ਕੁੱਦਿਆ ਸੀ। ਅੰਗਰੇਜ਼ ਅਕਾਲੀਆਂ ਤੇ ਮੋਹਤ ਸਨ। ਅਕਾਲੀਆਂ ਦੀ ਸਹਾਇਤਾ ਨਾਲ ਭਰਤੀ ਖ਼ੂਬ ਹੁੰਦੀ ਸੀ। ਫਿਰ ਸਿਖ ਲੜਦੇ ਭੀ ਪੂਰੀ ਬਹਾਦਰੀ ਨਾਲ ਸਨ। ਫ਼ੌਜ ਦੇ ਮਹਿਕਮੇ ਨੇ ਕੇਂਦਰੀ ਸਰਕਾਰ ਅਤੇ ਪੰਜਾਬ ਗਵਰਨਰ ਦੇ ਰਾਹੀਂ ਸਿਕੰਦਰ ਹਯਾਤ ਤੇ ਜ਼ੋਰ ਪਾਇਆ ਕਿ ਆਪਣੀ ਵਜ਼ਾਰਤ ਵਿਚ ਇਕ ਅਕਾਲੀ ਜ਼ਰੂਰ ਲਵੇ। ਸਿਕੰਦਰ ਝਿਜਕਦਾ ਸੀ, ਪਰ ਅੰਗਰੇਜ਼ਾਂ ਦੇ ਜ਼ੋਰ ਨੂੰ ਬਹੁਤਾ ਚਿਰ ਝੱਲ ਨਾ ਸਕਿਆ। ਮਲਕ ਮੁਖਬੈਨ ਸਿੰਘ ਬੈਰਿਸਟਰ ਰਾਵਲਪਿੰਡੀ ਵਾਲੇ ਗੁਰਦਵਾਰਾ ਟ੍ਰਿਬਯੂਨਲ ਦੇ ਮੈਂਬਰ ਬਣ ਕੇ ਲਾਹੌਰ ਆ ਗਏ ਸਨ। ਮਲਕ ਸਾਹਿਬ ਦੀ ਮੁਜ਼ੱਫ਼ਰ ਅਤੇ ਸਿਕੰਦਰ ਦੋਹਾਂ ਨਾਲ ਬੜੀ ਡੂੰਘੀ ਮਿੱਤਰਤਾ ਸੀ। ਸਿਕੰਦਰ ਨੇ ਸਾਰੀ ਗੱਲ ਮਲਕ ਸਾਹਿਬ ਨੂੰ ਦੱਸੀ ਅਤੇ ਕਿਹਾ ਕਿ ਮੈਨੂੰ ਕੋਈ ਰਜਿਆ ਹੋਇਆ ਐਸਾ ਸਿਖ ਵਜ਼ੀਰੀ ਲਈ ਲਭ ਦਿਉ ਜਿਸ ਨੂੰ ਅਕਾਲੀਆਂ ਦਾ ਨੁਮਾਇੰਦਾ ਸਮਝਿਆ ਜਾ ਸਕੇ। ਸਰਦਾਰ ਬਲਦੇਵ ਸਿੰਘ ਅਜੇ ਨੌਜਵਾਨ ਹੀ ਸੀ। ਕੌਂਸਲ ਦਾ ਮੈਂਬਰ ਸੀ ਅਤੇ ਸਿਖ ਨੈਸ਼ਨਲ ਕਾਲਜ ਲਈ ਇਕ ਲੱਖ ਰੁਪਿਆ ਦਾਨ ਦੇ ਕੇ ਕਾਲਜ ਦੀ ਮੈਨੇਜਿੰਗ ਕਮੇਟੀ ਦਾ ਪਰਧਾਨ ਬਣ ਚੁਕਾ ਸੀ। ਮਲਕ ਮੁਖਬੈਨ ਸਿੰਘ ਅਤੇ ਸ: ਬਲਦੇਵ ਸਿੰਘ ਦੋਵੇਂ ਹੀ ਚੰਗੇ ਨਿੱਘੇ ਸੁਭਾ ਦੇ ਆਦਮੀ ਸਨ ਅਤੇ ਦੋਹਾਂ ਦੇ ਆਪੋ ਵਿਚ ਅਤੇ ਮਾਸਟਰ ਤਾਰਾ ਸਿੰਘ ਨਾਲ ਅੱਛੇ ਸਬੰਧ ਬਣ ਚੁਕੇ ਸਨ। ਜਦ ਮਲਕ ਜੀ ਨੇ ਸ: ਬਲਦੇਵ ਸਿੰਘ ਦਾ ਨਾਂ ਤਜਵੀਜ਼ ਕੀਤਾ ਤਾਂ ਸਿਕੰਦਰ



Digitized by Panjab Digital Library | www.panjabdigilib.org

ਨੇ ਖ਼ੁਸ਼ੀ ਨਾਲ ਪਰਵਾਨ ਕਰ ਲਿਆ। ਮੁਸ਼ਕਲ ਕੰਮ ਤਾਂ ਅਕਾਲੀਆਂ ਨੂੰ ਮਨਾਣ ਦਾ ਸੀ। ਮਲਕ ਸਾਹਿਬ ਭੀ ਚੰਗੇ ਸਿਆਣੇ ਅਤੇ ਸੰਜੀਦਾ ਆਦਮੀ ਹਨ। ਉਹ ਇਸ ਕੰਮ ਦੇ ਮਗਰ ਲਗ ਪਏ। ਮਾਸਟਰ ਤਾਰਾ ਸਿੰਘ ਨੂੰ ਮਨਾ ਲੈਣ ਲਈ ਤਾਂ ਇਕੋ ਗੱਲ ਹੀ ਕਾਫ਼ੀ ਸੀ ਕਿ ਇਸ ਵਿਚ ਸਿੱਖਾਂ ਦਾ ਭਲਾ ਹੈ। ਕਿੰਨੇ ਦਿਨ ਸਲਾਹ-ਮਸ਼ਵਰੇ ਹੁੰਦੇ ਰਹੇ। ਮਾਸਟਰ ਤਾਰਾ ਸਿੰਘ ਦੇ ਮਹਾਸ਼ਾ ਕ੍ਰਿਸ਼ਨ, ਮਹਾਸ਼ਾ ਖ਼ੁਸ਼ਹਾਲ ਚੰਦ ਅਤੇ ਗੋਸਵਾਮੀ ਗਨੇਸ਼ ਦੱਤ ਨਾਲ ਚੰਗੇ ਮਿੱਤਰਾਂ ਵਾਲੇ ਸਬੰਧ ਸਨ। ਮਹਾਸ਼ਾ ਕ੍ਰਿਸ਼ਨ ਨਾਲ ਤਾਂ ਮੇਰੇ ਸਾਮ੍ਹਣੇ ਵਿਚਾਰ ਹੋਈ। ਦੋਵੇਂ ਤੇਜ਼ ਤਬੀਅਤ ਆਦਮੀ ਸਨ। ਗੱਲਾਂ ਕਰਦੇ ਕਰਦੇ ਉੱਚੀ ਉੱਚੀ ਝਗੜ ਪਏ। ਮਾਸਟਰ ਤਾਰਾ ਸਿੰਘ ਨੂੰ ਇਹ ਤਾਂ ਪੱਕਾ ਨਿਸਚਾ ਸੀ ਕਿ ਮੁਸਲਮਾਨਾਂ ਨਾਲ ਸਾਡਾ ਝਗੜਾ ਹੋਣਾ ਹੈ, ਪਰ ਮੁਸਲਮਾਨਾਂ ਤੋਂ ਭਾਵ ਉਨ੍ਹਾਂ ਦਾ ਮੁਸਲਿਮ ਲੀਗ ਤੋਂ ਸੀ ਅਤੇ ਪੰਜਾਬ ਵਿਚ ਮੁਸਲਿਮ ਲੀਗ ਦੇ ਇਕਤਦਾਰ ਹੋਣ ਵਿਚ ਰੁਕਾਵਟ ਕੇਵਲ ਸਿਕੰਦਰ ਹਯਾਤ ਹੀ ਸੀ। ਇਸ ਲਈ ਅੰਤ ਨੂੰ ਮਾਸਟਰ ਤਾਰਾ ਸਿੰਘ ਜੀ ਮੰਨ ਗਏ ਅਤੇ ਸਰਦਾਰ ਬਲਦੇਵ ਸਿੰਘ ਦਸੰਬਰ ੧੯੪੧ ਵਿਚ ਸ: ਦਸੌਂਧਾ ਸਿੰਘ ਦੀ ਥਾਂ ਵਜ਼ੀਰ ਬਣ ਗਏ। ਇਸ ਨਾਲ ਮਾਸਟਰ ਤਾਰਾ ਸਿੰਘ ਅਤੇ ਅਕਾਲੀਆਂ ਦੀ ਤਾਕਤ ਹੋਰ ਭੀ ਵਧ ਗਈ, ਪਰ ਜਿਹੜੇ ਅਕਾਲੀ ਕੱਟੜ ਕਾਂਗਰਸੀ ਖ਼ਿਆਲਾਂ ਦੇ ਸਨ ਉਨ੍ਹਾਂ ਨੂੰ ਕੁਝ ਮਾਯੂਸੀ ਭੀ ਹੋਈ ਅਤੇ ਅਕਾਲੀਆਂ ਦੀਆਂ ਆਪੋ ਵਿਚ ਤ੍ਰੇੜਾਂ ਪੈਣੀਆਂ ਸ਼ੁਰੂ ਹੋਈਆਂ।

ਜਦ ੧੯੪੨ ਵਿਚ ਸਰ ਸਟੈਫ਼ਰਡ ਕਰਿਪਸ ਮਨੇਵਾਂ ਕਰਾਣ ਲਈ ਹਿੰਦੁਸਤਾਨ ਵਿਚ ਆਇਆ ਅਤੇ ਮਹਾਤਮਾ ਗਾਂਧੀ ਤੇ ਹੋਰ ਕਾਂਗਰਸੀਆਂ ਨੂੰ ਮਿਲਿਆ ਤਾਂ ਮਾਸਟਰ ਤਾਰਾ ਸਿੰਘ ਨੇ ਸਭ ਸਿੱਖਾਂ ਨੂੰ ਇਕੱਠਿਆਂ ਕਰ ਕੇ ਇਕ ਸਾਂਝਾ ਡੈਪੂਟੇਸ਼ਨ ਉਸ ਦੇ ਪਾਸ ਭੇਜਿਆ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਘੱਟ-ਗਿਣਤੀ ਹੋਣ ਕਰਕੇ ਜੋ ਰਿਆਇਤਾਂ ਮੁਸਲਮਾਨਾਂ ਨੂੰ ਮਿਲਣ ਉਹ ਸਿੱਖਾਂ ਨੂੰ ਭੀ ਪੰਜਾਬ ਵਿਚ ਮਿਲਣ। ਜੇ ਮੁਸਲਮਾਨਾਂ ਲਈ ਪਾਕਿਸਤਾਨ ਬਣਾਇਆ ਜਾਏ ਤਾਂ



Digitized by Panjab Digital Library | www.panjabdigilib.org

ਸਿੱਖਾਂ ਨੂੰ ਆਜ਼ਾਦ ਪੰਜਾਬ ਬਣਾ ਕੇ ਦਿੱਤਾ ਜਾਏ ਅਤੇ ਜੇ ਮੁਸਲਮਾਨਾਂ ਨੂੰ ਹਿੰਦੂ ਬਹੁ-ਗਿਣਤੀ ਪ੍ਰਾਂਤਾਂ ਵਿਚ ਗਿਣਤੀ ਤੋਂ ਵਧ ਸੀਟਾਂ ਮਿਲਣ ਤਾਂ ਸਿੱਖਾਂ ਨੂੰ ਭੀ ਉਸੇ ਹਿਸਾਬ ਨਾਲ ਪੰਜਾਬ ਵਿਚ ਜ਼ਿਆਦਾ ਸੀਟਾਂ ਦਿੱਤੀਆਂ ਜਾਣ।

ਕਰਿਪਸ ਤਾਂ ਕਾਂਗਰਸ ਨੂੰ ਮਨਾਣ ਵਿਚ ਕਾਮਯਾਬ ਨਾ ਹੋਇਆ। ਉਸ ਦੇ ਪਿੱਛੋਂ ਹੀ ਬਹੁਤ ਰੌਲੇ ਪਏ ਅਤੇ ਗੌਰਮਿੰਟ ਵਲੋਂ ਭੀ ਬੜੀ ਸਖ਼ਤੀ ਹੋਈ। ੧੯੪੫ ਵਿਚ ਜੰਗ ਤਾਂ ਖ਼ਤਮ ਹੋਈ। ਅੰਗਰੇਜ਼ ਜਿੱਤ ਗਏ, ਪਰ ਹਿੰਦੁਸਤਾਨ ਵਿਚ ਦਿਨੋ-ਦਿਨ ਰੌਲੇ ਵਧਦੇ ਹੀ ਜਾਂਦੇ ਸਨ।

# ੧੨

## ਗੁਰਦੁਆਰਾ ਸ਼ਹੀਦ-ਗੰਜ ਦਾ ਝਗੜਾ

ਹਰ ਇਕ ਮਨੁੱਖ ਆਪਣਾ ਜੀਵਨ ਸੁਖ ਦੀ ਤਲਾਸ਼ ਵਿਚ ਹੀ ਲਾਉਂਦਾ ਹੈ। ਸ਼ਖ਼ਸੀ ਜਾਂ ਸਮਾਜਕ ਜੀਵਨ ਦੀ ਸਿੱਧੀ ਇਸੇ ਵਿਚ ਹੀ ਹੈ। ਪਰ ਸੁਖ ਮਿਲੇ ਕਿਸ ਤਰ੍ਹਾਂ ? ਜਿੰਨਾ ਚਿਰ ਇਨਸਾਨੀ ਸੁਭਾ ਵਿਚ ਪਸ਼ੂ-ਬਿਰਤੀ ਪ੍ਰਬਲ ਹੈ ਉੱਨਾ ਚਿਰ ਸੁਖ ਇਕ ਸੁਪਨਾ ਹੀ ਰਹਿੰਦਾ ਹੈ। ਜਿੰਨੇ ਮਹਾਂ-ਪੁਰਸ਼ ਵਖ ਵਖ ਜੁਗਾਂ ਵਿਚ ਸੰਸਾਰ ਵਿਚ ਆਏ, ਸਭ ਨੇ ਇਹੋ ਹੀ ਦੱਸਿਆ ਕਿ ਸੁਖ ਆਪਾ-ਤਿਆਗ ਵਿਚ ਹੈ, ਬੇਗ਼ਰਜ਼ੀ ਵਿਚ ਹੈ, ਸੇਵਾ ਵਿਚ ਹੈ, ਪ੍ਰੇਮ ਵਿਚ ਹੈ। ਸਭ ਧਰਮਾਂ ਦੀ ਨੀਂਹ ਸਿਰਫ਼ ਸਿਮਰਨ ਤੇ ਸੇਵਾ ਹੈ। ਬਾਹਰਲੇ ਹਾਲਾਤ ਕਰਕੇ ਵਖ



Digitized by Panjab Digital Library | www.panjabdigilib.org

ਵਖ ਧਰਮਾਂ ਦੇ ਚਿੰਨ੍ਹਾਂ, ਰੀਤਾਂ ਤੇ ਰਸਮਾਂ ਵਿਚ ਤਾਂ ਫ਼ਰਕ ਹੈ, ਪਰ ਮੁਢਲੀ ਗੱਲ ਵਿਚ ਕੋਈ ਅੰਤਰ ਨਹੀਂ। ਜਿਸ ਨੂੰ "ਖਾਲਿਕ ਖਲਕ, ਖਲਕ ਮਹਿ ਖਾਲਿਕੁ, ਪੂਰਿ ਰਹਿਓ ਸ੍ਰਬ ਠਾਂਈ" ਨਜ਼ਰ ਆਉਂਦਾ ਹੋਵੇ ਉਸ ਨੂੰ ਦੂਜਾ ਤਾਂ ਕੋਈ ਦਿਸਦਾ ਹੀ ਨਹੀਂ। ਉਹ ਕਿਸੇ ਧੜੇ ਜਾਂ ਕਿਸੇ ਫ਼ਿਰਕੇ ਵਿਚ ਕਿਸ ਤਰ੍ਹਾਂ ਬਝ ਸਕਦਾ ਹੈ। ਗੁਰੂ ਨਾਨਕ ਸਾਹਿਬ ਨੇ ਪਹਿਲੀ ਉਦਾਸੀ ਵੇਲੇ ਸੁਲਤਾਨਪੁਰ ਵਿਚ ਜਦ ਇਹ ਕਹਿਣਾ ਸ਼ੁਰੂ ਕੀਤਾ, 'ਨਾ ਕੋਈ ਹਿੰਦੂ ਨਾ ਮੁਸਲਮਾਨ' ਤਾਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਤੁਸੀਂ ਕੌਣ ਹੋ, ਉਨ੍ਹਾਂ ਜਵਾਬ ਦਿੱਤਾ, "ਨਾ ਹਮ ਹਿੰਦੂ ਨ ਮੁਸਲਮਾਨ। ਅਲਹ ਰਾਮ ਕੇ ਪਿੰਡ ਪਰਾਨ"। ਫੇਰ ਜਦ ਬਗ਼ਦਾਦ ਗਏ ਤਾਂ ਵੀ ਪੁੱਛਿਆ ਗਿਆ ਕਿ ਤੇਰਾ ਮਜ਼੍ਹਬ ਕੀ ਹੈ। ਉਦੋਂ ਭੀ ਉਨ੍ਹਾਂ ਦਾ ਇਹੋ ਜਿਹਾ ਹੀ ਉੱਤਰ ਸੀ। ਦਸਮ ਪਾਤਸ਼ਾਹ, ਜਿਹੜੇ ਸਾਰੀ ਉਮਰ ਮੁਸਲਮਾਨ ਬਾਦਸ਼ਾਹਾਂ ਦੀ ਧੱਕੇਸ਼ਾਹੀ ਦੇ ਖ਼ਿਲਾਫ਼ ਲੜਦੇ ਰਹੇ, ਉਨ੍ਹਾਂ ਇਸ ਸਾਰੇ ਮਸਲੇ ਨੂੰ ਬੜੇ ਸੋਹਣੇ ਸ਼ਬਦਾਂ ਵਿਚ ਸਪੱਸ਼ਟ ਕੀਤਾ ਹੈ:-

ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।
ਦੇਵਤਾ ਅਦੇਵ ਜਛ, ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ,
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ।
ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।

ਸੰਸਾਰ ਇੱਕੋ ਜੋਤ ਦਾ ਹੀ ਪ੍ਰਗਟਾਵਾ ਹੈ। "ਜਾਤਿ ਮਹਿ ਜੋਤਿ, ਜੋਤਿ ਮਹਿ ਜਾਤਾ, ਅਕਲ ਕਲਾ ਭਰਪੂਰਿ ਰਹਿਆ" ਫੇਰ ਇਨਸਾਨ ਇਨਸਾਨ ਵਿਚ ਕਾਹਦਾ ਅੰਤਰ। ਪਰ ਸਵਾਰਥੀ ਅਤੇ



Digitized by Panjab Digital Library | www.panjabdigilib.org

ਪਸ਼ੂ-ਬਿਰਤੀ ਵਾਲੇ ਇਨਸਾਨ ਨੇ ਇਸ ਏਕਤਾ ਅਤੇ ਪ੍ਰੇਮ ਦੇ ਮਾਰਗ ਨੂੰ ਐਸਾ ਮਲੀਨ ਕੀਤਾ ਹੈ ਕਿ ਇਸ ਤੋਂ ਅਕਲ ਵਾਲੇ ਇਨਸਾਨਾਂ ਨੂੰ ਦੁਰਗੰਧੀ ਆਉਂਦੀ ਹੈ। ਗਾਜ਼ੀਆਂ ਦੀਆਂ ਲੜਾਈਆਂ ਵਿਚ ਸੰਸਾਰ ਵਿਚ ਐਨੇ ਆਦਮੀ ਨਹੀਂ ਮਰੇ ਹੋਣਗੇ ਜਿੰਨੇ ਕਿ ਵਿਗੜੇ ਹੋਏ ਧਰਮ ਅਥਵਾ ਫ਼ਿਰਕੂਪੁਣੇ ਅਤੇ ਕਟੜਪੁਣੇ ਨੇ ਮਾਰੇ ਹਨ। ਕਟੜ ਅਤੇ ਫ਼ਿਰਕੂ ਆਦਮੀ ਇਕ ਪਾਗਲ ਹਾਥੀ ਨਾਲੋਂ ਭੀ ਵਧ ਖ਼ੂਨਖ਼ਾਰ ਹੋ ਜਾਂਦਾ ਹੈ। ਇਸ ਬੇਹੂਦਾ ਕਟੜਤਾ ਦੇ ਕ੍ਰਿਸ਼ਮੇ ਅਸਾਂ ੧੯੪੭ ਵਿਚ ਦੇਸ ਦੀ ਵੰਡ ਵੇਲੇ ਵੇਖੇ ਹਨ। ਕਿਸੇ ਫ਼ਿਰਕੇ ਨੇ ਵੀ ਘਟ ਨਹੀਂ ਗੁਜ਼ਾਰੀ।

ਮੁਸਲਮਾਨਾਂ ਦੇ ਰਾਜ ਵਿਚ ਸਿੱਖਾਂ ਤੇ ਜ਼ੁਲਮਾਂ ਦੇ ਢੇਰ ਹੀ ਢਹਿੰਦੇ ਰਹਿੰਦੇ ਸਨ। ਸਿੱਖਾਂ ਦੇ ਸਿਰਾਂ ਦਾ ਮੁਲ ਪੈਂਦਾ ਸੀ। ਜੋ ਆਦਮੀ ਸਿੱਖ ਦਾ ਸਿਰ ਕੱਟ ਕੇ ਲੈ ਆਵੇ ਉਸ ਨੂੰ ਚੋਖੀ ਰਕਮ ਇਨਾਮ ਵਜੋਂ ਮਿਲਦੀ ਸੀ। ਅਸਲ ਗੱਲ ਤਾਂ ਇਹ ਹੈ ਕਿ ਇਨ੍ਹਾਂ ਜ਼ੁਲਮਾਂ ਨੇ ਹੀ ਸਿੱਖ ਕੌਮ ਨੂੰ ਬਣਾਇਆ ਹੈ। ਜਿਹੜੀ ਕੌਮ ਜਬਰ ਤੇ ਦੁੱਖ ਨੂੰ ਹਜ਼ਮ ਕਰ ਲਵੇ, ਉਸ ਦੀ ਸ਼ਕਤੀ ਦੀ ਕੋਈ ਹੱਦ ਨਹੀਂ ਰਹਿੰਦੀ। ਸਿੱਖ ਗਾਉਂਦੇ ਹੁੰਦੇ ਸਨ :–"ਮਨੂੰ ਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ। ਜਿਉਂ ਜਿਉਂ ਮਨੂੰ ਵੱਢਦਾ, ਅਸੀਂ ਦੂਣੇ ਚੌਣੇ ਹੋਏ।" ਸਿੰਘਾਂ ਦਾ ਤਾਂ ਕੀ ਕਹਿਣਾ ਹੈ, ਸਿੰਘਣੀਆਂ ਭੀ ਬੜੀ ਸੂਰਮਤਾਈ ਵਿਖਾਉਂਦੀਆਂ ਰਹੀਆਂ। ਬੜੇ ਬੜੇ ਤਸੀਹੇ ਝਲਦੀਆਂ ਰਹੀਆਂ। ਮਣ ਮਣ ਦਾਣੇ ਚੱਕੀਆਂ ਨਾਲ ਪੀਂਹਦੀਆਂ ਰਹੀਆਂ। ਜ਼ਾਲਮ ਉਨ੍ਹਾਂ ਦੇ ਮਾਸੂਮ ਬੱਚਿਆਂ ਦੇ ਟੁਕੜੇ ਕਰ ਕੇ ਉਨ੍ਹਾਂ ਦੇ ਗਲਾਂ ਵਿਚ ਹਾਰ ਪਾਉਂਦੇ ਸਨ, ਪਰ ਕਦੇ ਭੀ ਕਿਸੇ ਸਿੰਘ ਜਾਂ ਸਿੰਘਣੀ ਨੇ ਆਪਣੀ ਜਾਨ ਬਚਾਣ ਲਈ ਮਾਫ਼ੀ ਨਹੀਂ ਮੰਗੀ। ਸਭ ਨੇ ਸਿੱਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭਾਇਆ।

ਲਾਹੌਰ ਸਟੇਸ਼ਨ ਦੇ ਨੇੜੇ ਲੰਡੇ ਬਜ਼ਾਰ ਵਿਚ ਇਕ ਗੁਰਦੁਆਰਾ ਸ਼ਹੀਦ ਗੰਜ ਸਿੰਘਣੀਆਂ ਹੈ।ਇਹ ਉਹ ਅਸਥਾਨ ਹੈ ਜਿੱਥੇ ਸਿੰਘਣੀਆਂ



Digitized by Panjab Digital Library | www.panjabdigilib.org

ਸ਼ਹੀਦ ਹੋਈਆਂ ਸਨ। ਮੁਸਲਮਾਨਾਂ ਦੇ ਰਾਜ ਵਿਚ ਸਿੱਖਾਂ ਦੇ ਖ਼ਿਲਾਫ਼ ਫ਼ਤਵੇ ਮਸਜਿਦਾਂ ਦੇ ਮੌਲਵੀ ਦੇਂਦੇ ਹੁੰਦੇ ਸਨ। ਇਹ ਗੁਰਦੁਆਰਾ ਪਹਿਲਾਂ ਮਸਜਿਦ ਸੀ। ਇਸੇ ਮਸਜਿਦ ਵਿਚ ਸਿੰਘਣੀਆਂ ਦੇ ਖ਼ਿਲਾਫ਼ ਫ਼ਤਵੇ ਦਿੱਤੇ ਗਏ ਅਤੇ ਫੇਰ ਤਸੀਹੇ ਦੇ ਦੇ ਕੇ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ। ਜਦ ਸਿੱਖਾਂ ਦਾ ਰਾਜ ਆਇਆ ਤਾਂ ਇਹ ਅਸਥਾਨ ਗੁਰਦੁਆਰਾ ਸ਼ਹੀਦ-ਗੰਜ ਬਣ ਗਿਆ, ਪਰ ਇਸ ਦੀ ਬਣਤਰ ਉਹੋ ਹੀ ਮਸਜਿਦ ਵਾਲੀ ਰਹੀ। ਬਾਹਰੋਂ ਲੰਘਦੇ ਆਦਮੀ ਨੂੰ ਉਸ ਦੀਆਂ ਬੁਰਜੀਆਂ ਵੇਖ ਕੇ ਇਉਂ ਹੀ ਭਾਸਦਾ ਸੀ ਕਿ ਇਹ ਮਸਜਿਦ ਹੈ।

੧੯੩੫ ਵਿਚ ਜਦ ਸੂਬਾਈ ਅਜ਼ਾਦੀ ਦਾ ਐਕਟ ਬਣਿਆ ਤਾਂ ਆਮ ਜਨਤਾ ਵਿਚ ਕਾਫ਼ੀ ਜਾਗ੍ਰਤਾ ਵਧ ਰਹੀ ਸੀ, ਪਰ ਸ਼ਖ਼ਸੀ ਜਜ਼ਬੇ ਦੀ ਥਾਂ ਫ਼ਿਰਕੂ ਜਜ਼ਬਾ ਲੈ ਰਿਹਾ ਸੀ। ਮੁਸਲਮਾਨਾਂ ਨੇ ਸ਼ਹੀਦ ਗੰਜ ਦੀਆਂ ਬੁਰਜੀਆਂ ਵੇਖ ਕੇ ਇਹ ਹੱਕ ਜਮਾਣ ਦਾ ਯਤਨ ਕੀਤਾ ਕਿ ਇਹ ਮਸਜਿਦ ਹੈ ਅਤੇ ਮੁਸਲਮਾਨਾਂ ਨੂੰ ਮਿਲਣੀ ਚਾਹੀਦੀ ਹੈ। ਲਾਹੌਰ ਵਿਚ ਮੁਸਲਮਾਨਾਂ ਦਾ ਕਾਫ਼ੀ ਜ਼ੋਰ ਸੀ। 'ਜ਼ਿਮੀਦਾਰ' ਅਖ਼ਬਾਰ ਦੇ ਮਾਲਕ ਮੌਲਾਨਾ ਜ਼ਫ਼ਰ ਅਲੀ ਦੀ ਅਗਵਾਈ ਵਿਚ ਮੁਸਲਮਾਨਾਂ ਨੇ ਚੰਗਾ ਰੌਲਾ ਖੜਾ ਕਰ ਦਿੱਤਾ। ੧੯੩੬ ਵਿਚ ਤਾਂ ਹਰ ਸ਼ਾਮ ਨੂੰ ਮੁਸਲਮਾਨਾਂ ਦਾ ਤਕੜਾ ਜਲੂਸ ਨਾਹਰੇ ਲਾਉਂਦਾ ਸ਼ਹੀਦ-ਗੰਜ ਦੇ ਗੁਰਦੁਆਰੇ ਅੱਗੇ ਆ ਜਾਂਦਾ ਸੀ। ਲਾਹੌਰ ਵਿਚ ਤਾਂ ਬਨੀਏ ਜਿਹੇ ਸਿਖ ਹੀ ਰਹਿੰਦੇ ਸਨ, ਇਸ ਕਰਕੇ ਸ਼੍ਰੋਮਣੀ ਕਮੇਟੀ ਨੂੰ ਹੀ ਇਸ ਪਾਸੇ ਧਿਆਨ ਦੇਣਾ ਪਿਆ। ਮਾਸਟਰ ਤਾਰਾ ਸਿੰਘ ਜੀ ਸ਼੍ਰੋਮਣੀ ਕਮੇਟੀ ਦੇ ਪਰਧਾਨ ਸਨ। ਉਨ੍ਹਾਂ ਕਾਫ਼ੀ ਅਕਾਲੀ ਗੁਰਦੁਆਰੇ ਵਿਚ ਸੇਵਾ ਅਤੇ ਹਿਫ਼ਾਜ਼ਤ ਲਈ ਲਾ ਦਿੱਤੇ। ਨਾਲ ਹੀ ਸ਼੍ਰੋਮਣੀ ਕਮੇਟੀ ਦਾ ਸਬ-ਆਫ਼ਸ ਭਾਟੀ ਗੇਟ ਦੇ ਸਾਮ੍ਹਣੇ ਖੋਲ੍ਹ ਦਿੱਤਾ। ਕਾਫ਼ੀ ਸਮਾਂ ਉਹ ਆਪ ਗੁਰਦੁਆਰਾ ਸ਼ਹੀਦ-ਗੰਜ ਅਤੇ ਦਫ਼ਤਰ ਵਿਚ ਗੁਜ਼ਾਰਦੇ ਸਨ ਅਤੇ ਚੰਗੇ ਦਲੇਰ ਅਤੇ ਜ਼ਿੰਮੇਵਾਰ ਆਦਮੀ ਦੋਹਾਂ ਥਾਵਾਂ ਦੇ ਇਨਚਾਰਜ ਬਣਾ ਦਿੱਤੇ ਸਨ। ਹਰ ਰੋਜ਼ ਸ਼ਾਮ ਨੂੰ ਮੁਸਲਮਾਨਾਂ ਦਾ ਜਲੂਸ ਨਿਕਲੇ



Digitized by Panjab Digital Library | www.panjabdigilib.org

ਅਤੇ ਉਹ ਦਿਨ-ਬਦਿਨ ਵਧਦਾ ਹੀ ਜਾਏ। ਮਾਸਟਰ ਤਾਰਾ ਸਿੰਘ ਤੰਗ ਆ ਗਿਆ। ਇਕ ਦਿਨ ਗੁਰਦੁਆਰੇ ਵਿਚ ਥੜ੍ਹੇ ਉਤੇ ਮਾਸਟਰ ਤਾਰਾ ਸਿੰਘ ਅਤੇ ਕੁਝ ਹੋਰ ਅਕਾਲੀ ਬੈਠੇ ਸਨ ਕਿ ਬੇਹੂਦਾ ਜਹੀਆਂ ਹਰਕਤਾਂ ਕਰਦਾ ਜਲੂਸ ਆ ਗਿਆ। ਮਾਸਟਰ ਤਾਰਾ ਸਿੰਘ ਨੇ ਕਿਰਪਾਨ ਖਿੱਚ ਕੇ ਥੜ੍ਹੇ ਉਪਰੋਂ ਛਾਲ ਮਾਰ ਦਿੱਤੀ। ਪਿੱਛੇ ਪਿੱਛੇ ਹੀ ਪੰਜਾਂ ਸੱਤਾਂ ਅਕਾਲੀਆਂ ਨੇ ਭੀ ਕਿਰਪਾਨਾਂ ਧੂਹ ਕੇ ਛਾਲਾਂ ਮਾਰ ਦਿਤੀਆਂ ਅਤੇ ਨੰਗੀਆਂ ਕਿਰਪਾਨਾਂ ਨਾਲ ਮੁਸਲਮਾਨਾਂ ਤੇ ਹਮਲਾ ਕਰ ਦਿਤਾ। ਜਲੂਸ ਬੇ-ਮੁਹਾਰਾ ਹੋ ਕੇ ਪਿਛਾਹਾਂ ਨੂੰ ਭਜਿਆ। ਇਸ ਤੋਂ ਪਿੱਛੋਂ ਫੇਰ ਕਿਸੇ ਜਲੂਸ ਨੇ ਉੱਥੇ ਆਉਣ ਦਾ ਹੌਸਲਾ ਨਾ ਕੀਤਾ। ਪਰ ਇਸ ਤੋਂ ਪਿਛੋਂ ਮੁਕੱਦਮੇ-ਬਾਜ਼ੀ ਸ਼ੁਰੂ ਹੋ ਗਈ।

ਗੁਰਸੇਵਕ ਸਭਾ ਦਾ ਅਕਾਲੀਆਂ ਤੇ ਤਕੜਾ ਕੁੰਡਾ ਸੀ। ਇਕ ਦਿਨ ਮਾਸਟਰ ਤਾਰਾ ਸਿੰਘ ਸਭਾ ਦੀ ਮੀਟਿੰਗ ਵਿਚ ਆਏ ਅਤੇ ਕਹਿਣ ਲੱਗੇ ਕਿ ਸਿਰਫ਼ ਨੁਕਤਾ-ਚੀਨੀ ਕੌਮ ਦਾ ਕੁਝ ਨਹੀਂ ਸੰਵਾਰ ਸਕਦੀ, ਤੁਸੀਂ ਆਉ, ਮੇਰੇ ਨਾਲ ਰਹੋ, ਸਲਾਹ-ਮਸ਼ਵਰਾ ਦਿਓ, ਫੇਰ ਤਾਂ ਕੋਈ ਗੱਲ ਹੋਈ। ਅਸਾਂ ਸ: ਬਖ਼ਸ਼ੀਸ਼ ਸਿੰਘ ਦੀ ਡਿਊਟੀ ਉਨ੍ਹਾਂ ਨਾਲ ਲਾ ਦਿੱਤੀ। ਸ: ਬਖ਼ਸ਼ੀਸ਼ ਸਿੰਘ ਜੀ ਚੰਗੇ ਸਿਆਣੇ ਕੌਮ ਦਾ ਦਰਦ ਰਖਣ ਵਾਲੇ ਬੇਗ਼ਰਜ਼ ਅਤੇ ਖ਼ਾਮੋਸ਼ ਵਰਕਰ ਹਨ। ਉਹ ਮਾਸਟਰ ਤਾਰਾ ਸਿੰਘ ਦੇ ਸਾਥੀ ਬਣ ਗਏ ਅਤੇ ਇਸ ਸ਼ਹੀਦ-ਗੰਜ ਦੇ ਝਗੜੇ ਤੋਂ ਉਪਰੰਤ ਭੀ ਉਨ੍ਹਾਂ ਦੇ ਅਕਾਲ ਚਲਾਣੇ ਤਕ ਉਨ੍ਹਾਂ ਦੀ ਸੱਜੀ ਬਾਂਹ ਹੀ ਬਣੇ ਰਹੇ। ਸਰਦਾਰ ਬਖ਼ਸ਼ੀਸ਼ ਸਿੰਘ ਜੀ ਗੁਰਸੇਵਕ ਸਭਾ ਦੀ ਮੀਟਿੰਗ ਤੋਂ ਬਾਅਦ ਮਾਸਟਰ ਤਾਰਾ ਸਿੰਘ ਪਾਸ ਲਾਹੌਰ ਦੇ ਸ਼੍ਰੋਮਣੀ ਕਮੇਟੀ ਦੇ ਸਬ-ਆਫ਼ਸ ਵਿਚ ਗਏ। ਇਸ ਪਹਿਲੀ ਵਾਰ ਇਕੱਠਿਆਂ ਰਹਿਣ ਦੀ ਉਹ ਵਾਰਤਾ ਸੁਣਾਉਂਦੇ ਹੁੰਦੇ ਸਨ ਜਿਹੜੀ ਉਨ੍ਹਾਂ ਨੂੰ ਬੜੀ ਦਿਲਚਸਪ ਲੱਗੀ ਅਤੇ ਜਿਨ੍ਹੇ ਉਨ੍ਹਾਂ ਨੂੰ ਪ੍ਰਭਾਵਤ ਕੀਤਾ ਅਤੇ ਮਾਸਟਰ ਤਾਰਾ ਸਿੰਘ ਦੇ ਨਜ਼ਦੀਕ ਲਿਆਂਦਾ।



Digitized by Panjab Digital Library | www.panjabdigilib.org

ਸਵੇਰੇ ਸਵੇਰੇ ਉਹ ਦਫ਼ਤਰ ਵਿਚ ਪਹੁੰਚੇ। ਉਨ੍ਹਾਂ ਨੂੰ ਖ਼ਿਆਲ ਸੀ ਕਿ ਜੋ ਕੁਝ ਨਾਸ਼ਤਾ ਮਾਸਟਰ ਜੀ ਖਾਣਗੇ ਉਹ ਮੈਂ ਭੀ ਨਾਲ ਹੀ ਖਾ ਲਵਾਂਗਾ। ਅੱਠ ਵਜੇ, ਨੌਂ ਵਜੇ, ਦਸ ਵਜੇ ਨਾਸ਼ਤੇ ਦਾ ਸਮਾਂ ਤਾਂ ਗੁਜ਼ਰ ਗਿਆ। ਫੇਰ ਰੋਟੀ ਦੀ ਆਸ ਲੱਗੀ। ਯਾਰ੍ਹਾਂ ਵਜੇ, ਬਾਰ੍ਹਾਂ ਵਜੇ, ਇਕ ਵਜਿਆ, ਰੋਟੀ ਦੀ ਕੋਈ ਗੱਲ-ਬਾਤ ਹੀ ਨਹੀਂ। ਦੋ ਵਜ ਗਏ। ਫੇਰ ਸ: ਬਖ਼ਸ਼ੀਸ਼ ਸਿੰਘ ਜੀ ਕਹਿੰਦੇ ਹਨ, ਮੈਂ ਪੁੱਛਿਆ ਕਿ ਮਾਸਟਰ ਜੀ ਰੋਟੀ ਦਾ ਕੀ ਪਰਬੰਧ ਹੈ। ਇਸ ਤੇ ਮਾਸਟਰ ਜੀ ਜਿਸ ਤਰ੍ਹਾਂ ਕੋਈ ਸੁੱਤਾ ਹੋਇਆ ਜਾਗਦਾ ਹੈ, ਕਹਿਣ ਲਗੇ, "ਰੋਟੀ ਰੋਟੀ, ਰੋਟੀ ਦਾ ਤਾਂ ਕੋਈ ਪਰਬੰਧ ਨਹੀਂ।" ਸ: ਬਖ਼ਸ਼ੀਸ਼ ਸਿੰਘ ਜੀ ਕਹਿੰਦੇ ਹਨ, ਮੈਂ ਪੁੱਛਿਆ, ਕਲ੍ਹ ਤੁਸਾਂ ਰੋਟੀ ਕਿੱਥੇ ਖਾਧੀ ਸੀ। ਸੋਚ ਕੇ ਕਹਿਣ ਲੱਗੇ, "ਕਲ੍ਹ ਐਸ. ਪ੍ਰਤਾਪ ਡੀ. ਸੀ. ਦੇ ਸ਼ਾਮ ਨੂੰ ਗਏ ਸਾਂ, ਉਥੇ ਚਾਹ ਪੀਤੀ ਸੀ। ਨਾਲ ਜੋ ਕੁਝ ਖਾਣ ਨੂੰ ਮਿਲਿਆ ਸੀ ਉਹ ਭੀ ਖਾ ਲਿਆ ਸੀ।" "ਪਰਸੋਂ?" ਕਹਿਣ ਲਗੇ, ਪਰਸੋਂ ਡੇਹਰੇ ਸਾਹਿਬ ਗਏ ਸਾਂ, ਉੱਥੇ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦਾ ਛਕ ਲਿਆ ਸੀ। ਸ: ਬਖ਼ਸ਼ੀਸ਼ ਸਿੰਘ ਜੀ ਕਹਿੰਦੇ ਹਨ ਕਿ ਮੈਂ ਬੜਾ ਪ੍ਰਭਾਵਤ ਹੋਇਆ। ਮੈਂ ਸੋਚਿਆ ਕਿ ਇਹ ਆਦਮੀ ਹੈ ਜਿਸ ਨੇ ਸੇਵਾ ਵਿਚ ਆਪਣਾ ਆਪ ਭੀ ਭੁਲਾਇਆ ਹੋਇਆ ਹੈ। ਇਹ ਗੱਲ ਸਾਨੂੰ ਘਰ ਦਿਆਂ ਨੂੰ ਤਾਂ ਕਦੇ ਅਨੋਖੀ ਨਹੀਂ ਲੱਗੀ, ਪਰ ਬਾਹਰ ਦਿਆਂ ਨੂੰ ਤਾਂ ਇਹ ਵੇਖ ਕੇ ਹੈਰਾਨੀ ਹੋਣੀ ਹੀ ਹੋਈ।

ਸ਼ਹੀਦ-ਗੰਜ ਦਾ ਮੁਕੱਦਮਾ ਪੰਜਾਬ ਹਾਈਕੋਰਟ ਵਿਚ ਸ਼ੁਰੂ ਹੋਇਆ। ਮੁਕੱਦਮੇ ਦੀ ਸੁਣਵਾਈ ਲਈ ਤਿੰਨ ਜੱਜ ਮੁਕੱਰਰ ਹੋਏ: ਜਸਟਿਸ ਭਿੱਡੇ, ਜਸਟਿਸ ਦੀਨ ਮੁਹੰਮਦ ਅਤੇ ਚੀਫ਼ ਜਸਟਿਸ ਯੰਗ। ਮੁਕੱਦਮਾ ਬੜੀ ਦੇਰ ਚਲਦਾ ਰਿਹਾ, ਪਰ ਮੁਜ਼ਾਹਰੇ ਬੰਦ ਹੋਣ ਨਾਲ ਵੈਸੇ ਸ਼ਾਂਤੀ ਹੀ ਵਰਤੀ ਹੋਈ ਸੀ। ਰਾਏ ਬਹਾਦਰ ਬਦਰੀ ਦਾਸ ਨੇ ਸਾਡੇ ਵਲੋਂ ਪੈਰਵੀ ਕੀਤੀ। ਰਾਏ ਬਹਾਦਰ ਨੇ ਆਪਣੇ ਵਲੋਂ ਚੰਗਾ ਤ੍ਰਾਣ ਲਾਇਆ ਅਤੇ ਬਿਲਕੁਲ ਨਿਸ਼ਕਾਮ ਸੇਵਾ ਕੀਤੀ, ਕੋਈ



Digitized by Panjab Digital Library | www.panjabdigilib.org

ਪੈਸਾ-ਧੇਲਾ ਨਹੀਂ ਲਿਆ। ਮੁਕੱਦਮੇ ਦਾ ਸਾਡੇ ਹੱਕ ਵਿਚ ਫ਼ੈਸਲਾ ਹੋਇਆ। ਜਸਟਿਸ ਦੀਨ ਮੁਹੰਮਦ ਤਾਂ ਕਟੜ ਮੁਸਲਮਾਨ ਸੀ, ਉਸ ਨੇ ਤਾਂ ਖਿੱਚ-ਧੂਹ ਕੇ ਫ਼ੈਸਲਾ ਮੁਸਲਮਾਨਾਂ ਦੇ ਹੱਕ ਵਿਚ ਲਿਖਿਆ, ਪਰ ਜਸਟਿਸ ਯੰਗ ਅਤੇ ਜਸਟਿਸ ਭਿੱਡੇ ਦਾ ਬਹੁ-ਸੰਮਤੀ ਫ਼ੈਸਲਾ ਸਾਡੇ ਹੱਕ ਵਿਚ ਹੋਇਆ। ਇਸ ਤਰ੍ਹਾਂ ਸ਼ਹੀਦ-ਗੰਜ ਦਾ ਰੇੜਕਾ ਹਮੇਸ਼ਾ ਲਈ ਖ਼ਤਮ ਹੋਇਆ। ਹੁਣ ਪਾਕਿਸਤਾਨ ਬਣਨ ਦੇ ਬਾਵਜੂਦ ਸ਼ਹੀਦ-ਗੰਜ ਗੁਰਦੁਆਰਾ ਹੀ ਚਲਿਆ ਆਉਂਦਾ ਹੈ।

ਮੁਕੱਦਮਾ ਖ਼ਤਮ ਹੋਣ ਤੇ ਮਾਸਟਰ ਜੀ ਰਾਏ ਬਹਾਦਰ ਬਦਰੀ ਦਾਸ ਦੇ ਘਰ ਉਨ੍ਹਾਂ ਦੀ ਸੇਵਾ ਲਈ ਧੰਨਵਾਦ ਕਰਨ ਲਈ ਗਏ। ਮੈਨੂੰ ਭੀ ਨਾਲ ਲੈ ਗਏ। ਅਸੀਂ ਉਨ੍ਹਾਂ ਦੇ ਘਰ ਪਹੁੰਚੇ ਤਾਂ ਰਾਏ ਬਹਾਦਰ ਰੋਟੀ ਖਾ ਰਹੇ ਸਨ। ਜਦ ਉਹ ਆਏ ਤਾਂ ਅਸੀਂ ਉਨ੍ਹਾਂ ਦੀ ਜ਼ਬਾਨੀ ਇਹ ਸੁਣ ਕੇ ਖ਼ੁਸ਼ ਤੇ ਹੈਰਾਨ ਹੋਏ ਕਿ ਰਾਏ ਬਹਾਦਰ ਸਾਹਿਬ ਪੁਰਾਣੀ ਮਰਯਾਦਾ ਅਨੁਸਾਰ ਚੌਕੇ ਵਿਚ ਬੈਠ ਕੇ ਪ੍ਰਸ਼ਾਦ ਛਕਦੇ ਹਨ ਅਤੇ ਉਨ੍ਹਾਂ ਦੀ ਇਸਤ੍ਰੀ ਆਪ ਰੋਟੀ ਪਕਾ ਕੇ ਉਨ੍ਹਾਂ ਨੂੰ ਖਵਾਂਦੀ ਹੈ। ਇਹ ਪੁਰਾਣੀ ਕਹਾਵਤ ਉਸ ਵੇਲੇ ਸਾਨੂੰ ਬਿਲਕੁਲ ਯੋਗ ਲੱਗੀ ਕਿ ਸਾਦਾ ਜੀਵਨ ਅਤੇ ਉੱਚੇ ਖ਼ਿਆਲ ਇਕੱਠੇ ਹੀ ਚਲਦੇ ਹਨ।



Digitized by Panjab Digital Library | www.panjabdigilib.org

# ੧੩

# ਜੁਗ-ਗਰਦੀ

੧੯੪੨ ਦੇ ਅਗਸਤ ਦੇ ਮਹੀਨੇ ਵਿਚ ਜਦ ਕਾਂਗਰਸ ਨੇ 'ਹਿੰਦੁਸਤਾਨ ਛੋੜ ਜਾਓ' ਦਾ ਮਤਾ ਪਾਸ ਕੀਤਾ ਤਾਂ ਅੰਗਰੇਜ਼ੀ ਸਰਕਾਰ ਨੇ ਭੀ ਦਬਾਉਣ ਵਿਚ ਕੋਈ ਹੱਦ ਨਾ ਛੱਡੀ। ਕਾਂਗਰਸ ਨੂੰ ਗ਼ੈਰ-ਕਾਨੂੰਨੀ ਜਮਾਤ ਕਰਾਰ ਦੇ ਦਿੱਤਾ। ਸਾਰੇ ਚੋਟੀ ਦੇ ਲੀਡਰ ਇੱਕੋ ਦਿਨ ਹੀ ਗ੍ਰਿਫ਼ਤਾਰ ਕਰ ਲਏ। ਸਜ਼ਾਵਾਂ ਅਤੇ ਜੁਰਮਾਨਿਆਂ ਦੀ ਭਰਮਾਰ ਪੈ ਗਈ। ਇਉਂ ਜਾਪਣ ਲੱਗ ਪਿਆ ਜਿਵੇਂ ਲੋਕ ਦੱਬ ਜਾਣਗੇ।

ਇਸ ਹਾਲਤ ਵਿਚ ਸ੍ਰੀ ਜੈਪ੍ਰਕਾਸ਼ ਨਰਾਇਣ ਜੇਲ੍ਹ ਤੋੜ ਕੇ ਬਾਹਰ ਆ ਗਿਆ ਅਤੇ ਸਮਾਜ-ਵਾਦੀਆਂ ਨੇ ਉਸ ਦੀ ਅਗਵਾਈ ਵਿਚ ਸਾੜ-ਫੂਕ ਦੀ ਪਾਲਿਸੀ ਸ਼ੁਰੂ ਕੀਤੀ। ਤਾਰਾਂ ਤੋੜਨੀਆਂ, ਰੇਲਾਂ ਪੁਟਣੀਆਂ, ਗੱਡੀਆਂ ਅਤੇ ਇਮਾਰਤਾਂ ਫੂਕਣੀਆਂ ਇਹ ਸਭ ਕੁਝ ਉਦੋਂ ਹੀ ਸ਼ੁਰੂ ਹੋਇਆ। ਇਸ ਜ਼ਹਿਨੀਅਤ ਦਾ ਫਲ ਅਸੀਂ ਹੁਣ ਭੁਗਤ ਰਹੇ ਹਾਂ। ਇਹ ਲਹਿਰ ਬਿਹਾਰ ਤੋਂ ਸ਼ੁਰੂ ਹੋਈ ਅਤੇ ਸਾਰਿਆਂ ਸੂਬਿਆਂ ਵਿਚ ਫੈਲ ਗਈ। ਪੰਜਾਬ ਵਿਚ ਲੋਕੀਂ ਗ੍ਰਿਫ਼ਤਾਰ ਤਾਂ ਹੋਏ ਪਰ ਗੁਪਤ ਲੀਡਰਾਂ ਦੇ ਪਰਚਾਰ ਦੇ ਬਾਵਜੂਦ ਇੱਥੇ ਸਾੜ-ਫੂਕ ਦਾ ਕੰਮ ਬਿਲਕੁਲ ਹੀ ਨਾ ਹੋਇਆ। ਮੁਸਲਮਾਨ ਤਾਂ ਕਾਂਗਰਸ ਦੇ ਨਾਲ ਹੀ ਨਹੀਂ ਸਨ। ਸਿੱਖਾਂ ਤੋਂ ਆਸ ਕੀਤੀ ਜਾਂਦੀ ਸੀ, ਪਰ ਉਹ ਭੀ



Digitized by Panjab Digital Library | www.panjabdigilib.org

ਨਾ ਹਿੱਲੇ। ਇਕ ਤਾਂ ਸਿੱਖ ਨੇਮ-ਬੱਧ ਕੌਮ ਹੈ। ਇਹ ਇਹੋ ਜਹੇ ਹੋਛੇ ਹਥਿਆਰਾਂ ਤੇ ਘਟ ਆਉਂਦੀ ਹੈ। ਦੂਜੇ ਮਾਸਟਰ ਤਾਰਾ ਸਿੰਘ ਅਤੇ ਉਸ ਦੇ ਸਾਥੀ ਭਰਤੀ ਕਰਾਣ ਦੇ ਕੰਮ ਵਿਚ ਰੁਝੇ ਹੋਏ ਸਨ। ਫ਼ੌਜੀ ਅੰਗਰੇਜ਼ਾਂ ਨਾਲ ਘਿਉ-ਖਿੱਚੜੀ ਹੋ ਰਹੇ ਸਨ ਅਤੇ ਉਨ੍ਹਾਂ ਦਾ ਨੁਮਾਇੰਦਾ ਸ: ਬਲਦੇਵ ਸਿੰਘ ਸਿਕੰਦਰ ਹਯਾਤ ਦੀ ਗੌਰਮਿੰਟ ਵਿਚ ਵਜ਼ੀਰ ਭੀ ਬਣ ਚੁਕਾ ਸੀ। ਪਰ ਸਾਰੇ ਦੇਸ ਵਿਚ ਰਾਜ-ਰੌਲਾ ਪੈ ਗਿਆ ਅਤੇ ਉਸ ਦੇ ਪਿੱਛੋਂ ਹਟਿਆ ਹੀ ਨਹੀਂ। ਇਸ ਦੇ ਪਿੱਛੋਂ ਕਈ ਉਤਰਾ ਚੜ੍ਹਾ ਹੁੰਦੇ ਰਹੇ। ਕਦੇ ਤਾਂ ਕਾਨਫ਼ਰੰਸਾਂ ਸ਼ੁਰੂ ਹੋ ਜਾਣ, ਕਦੇ ਫਿਰ ਰੌਲਾ-ਗੌਲਾ ਤੇ ਗ੍ਰਿਫਤਾਰੀਆਂ।

ਹਿੰਦੁਸਤਾਨੀ ਫ਼ੌਜਾਂ ਦੇ ਬਹੁਤ ਸਾਰੇ ਅਫ਼ਸਰ ਅਤੇ ਸਿਪਾਹੀ ਅਜ਼ਾਦ ਹਿੰਦ ਫ਼ੌਜ ਵਿਚ ਜਾ ਰਲੇ ਅਤੇ ਬਰਮਾ ਵਿਚ ਜਾਪਾਨੀਆਂ ਨਾਲ ਰਲ ਕੇ ਲੜੇ। ਫੇਰ ਇਨ੍ਹਾਂ ਹਿੰਦੁਸਤਾਨ ਤੇ ਹੱਲਾ ਬੋਲ ਦਿੱਤਾ। ਅੰਗਰੇਜ਼ ਭੀ ਕੋਈ ਸੁਖ ਦੀ ਨੀਂਦ ਤਾਂ ਨਹੀਂ ਸਨ ਸੌਂਦੇ। ਸਾਰੇ ਮੁਲਕ ਵਿਚ ਆਉਂਦੇ-ਦਿਨ ਕੋਈ ਨਵਾਂ ਰੌਲਾ। ਇਸੇ ਲਈ ਅੰਗਰੇਜ਼ ਕਾਨਫ਼ਰੰਸਾਂ ਕਰਦੇ ਸਨ, ਪਰ ਚਰਚਲ ਹਿੰਦੁਸਤਾਨ ਛੱਡਣ ਨੂੰ ਬਿਲਕੁਲ ਤਿਆਰ ਨਹੀਂ ਸੀ। ੧੯੪੫ ਵਿਚ ਲੜਾਈ ਖ਼ਤਮ ਹੋਈ। ਪਹਿਲਾਂ ਜਰਮਨੀ ਨੇ ਹਥਿਆਰ ਸੁਟੇ। ਫੇਰ ਅਮਰੀਕਾ ਨੇ ਨਾਗਾਸਾਕੀ ਅਤੇ ਹੀਰੋਸ਼ੀਮਾ ਤੇ ਦੋ ਐਟਮ-ਬੰਬ ਸੁਟੇ, ਜਿਸ ਨਾਲ ਜਾਪਾਨੀਆਂ ਦੀ ਭੀ ਭੈਂ ਬੋਲ ਗਈ।

ਅੰਗਰੇਜ਼ ਜਿੱਤ ਤਾਂ ਗਏ, ਪਰ ਹਿੰਦੁਸਤਾਨ ਦਾ ਟੰਟਾ ਉਨ੍ਹਾਂ ਨੂੰ ਮੁਕਦਾ ਨਹੀਂ ਸੀ ਜਾਪਦਾ। ਜੂਨ ੧੯੪੫ ਵਿਚ ਲਾਰਡ ਵੇਵਲ ਵਾਇਸਰਾਏ ਨੇ ਸ਼ਿਮਲੇ ਵਿਚ ਕੌਮ ਦੇ ਵੱਖੋ ਵਖਰੇ ਪੱਖਾਂ ਦੇ ਲੀਡਰਾਂ ਦੀ ਕਾਨਫ਼ਰੰਸ ਬੁਲਾਈ। ਮਾਸਟਰ ਤਾਰਾ ਸਿੰਘ ਨੂੰ ਭੀ ਸੱਦਾ-ਪੱਤਰ ਆਇਆ। ਮੇਰੇ ਪਾਸ ਉਹ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਚ ਆਏ ਅਤੇ ਪੁੱਛਣ ਲਗੇ ਕਿ ਇਸ ਕਾਨਫ਼ਰੰਸ ਵਿਚ ਕਿਸ ਨੂੰ ਭੇਜਿਆ ਜਾਏ। ਮੈਨੂੰ ਇਨ੍ਹਾਂ ਗੱਲਾਂ ਦੀ ਘਟ ਹੀ ਸਮਝ ਹੈ। ਇਸ ਲਈ



Digitized by Panjab Digital Library | www.panjabdigilib.org

ਉਨ੍ਹਾਂ ਕਿਹਾ ਕਿ ਮੇਰੇ ਖ਼ਿਆਲ ਵਿਚ ਇਸ ਕਾਨਫ਼ਰੰਸ ਵਿਚ ਮੈਨੂੰ ਆਪ ਹੀ ਜਾਣਾ ਚਾਹੀਦਾ ਹੈ। ਉਹ ਆਪ ਗਏ ਅਤੇ ਕਾਂਗਰਸ ਨਾਲ ਉਨ੍ਹਾਂ ਪੂਰੀ ਪੂਰੀ ਮਿਲਵਰਤਣ ਕੀਤੀ। ਮੁਸਲਿਮ-ਲੀਗ ਦੀ ਹੱਠ-ਧਰਮੀ ਕਰਕੇ ਇਹ ਕਾਨਫ਼ਰੰਸ ਫ਼ੇਲ੍ਹ ਹੋ ਗਈ।

ਸਾਰੇ ਦੇਸ ਦੀ ਹਵਾ ਹੀ ਕੁਝ ਹੋਰ ਹੋਈ ਹੋਈ ਸੀ। ਹੌਲੇ ਹੀ ਹੌਲੇ, ਉਹ ਪਹਿਲਾ ਸ਼ਾਂਤੀ ਅਤੇ ਠੁਕ ਦਾ ਜੀਵਨ ਤਾਂ ਖ਼ਤਮ ਹੋ ਚੁਕਾ ਸੀ। ਸਟਰਾਈਕਾਂ ਭੀ ਪਹਿਲਾਂ ਉਦੋਂ ਹੀ ਸ਼ੁਰੂ ਹੋਈਆਂ। ਪਹਿਲੀ ਸਟਰਾਈਕ ਬੰਬਈ ਸਮੁੰਦਰੀ ਫ਼ੌਜ ਵਿਚ ਹੋਈ; ਫ਼ੇਰ ਦੋ ਤਿੰਨ ਥਾਵਾਂ ਤੇ ਹੋਰ ਹੋ ਗਈ। ਅੰਗਰੇਜ਼ਾਂ ਲਈ ਹਕੂਮਤ ਚਲਾਣੀ ਮੁਸ਼ਕਲ ਹੋ ਰਹੀ ਸੀ। ਦੂਜੇ ਪਾਸੇ ਵੱਖੋ ਵੱਖ ਧੜਿਆਂ ਵਿਚ ਮਿਲਵਰਤਨ ਨਹੀਂ ਸੀ ਹੁੰਦੀ। ੧੯੪੫ ਵਿਚ ਆਜ਼ਾਦ-ਹਿੰਦ ਫ਼ੌਜ ਦੇ ਅਫ਼ਸਰ ਵਾਪਸ ਆਏ। ਅੰਗਰੇਜ਼ਾਂ ਨੇ ਜਨਰਲ ਸ਼ਾਹ ਨਿਵਾਜ਼, ਮੇਜਰ ਰਾਮ ਕੁਮਾਰ ਸਹਿਗਲ ਅਤੇ ਕੈਪਟਨ ਗੁਰਬਖ਼ਸ਼ ਸਿੰਘ ਢਿਲੋਂ ਨੂੰ ਲਾਲ ਕਿਲ੍ਹੇ ਵਿਚ ਕੈਦ ਕਰ ਦਿੱਤਾ ਅਤੇ ਉੱਥੇ ਹੀ ਉਨ੍ਹਾਂ ਦੇ ਖ਼ਿਲਾਫ਼ ਫ਼ੌਜੀ ਅਦਾਲਤ ਵਿਚ ਮੁਕੱਦਮਾ ਚਲਾਇਆ। ਜਨਤਾ ਦੇ ਦਿਲਾਂ ਵਿਚ ਆਜ਼ਾਦ-ਹਿੰਦ ਫ਼ੌਜ ਵਾਸਤੇ ਸ਼ਰਧਾ ਅਤੇ ਧੰਨਵਾਦ ਦਾ ਜਜ਼ਬਾ ਸੀ। ਕਾਂਗਰਸ ਨੇ ਇਨ੍ਹਾਂ ਦਾ ਪੱਖ ਲਿਆ। ਪੰਡਤ ਜਵਾਹਰ ਲਾਲ ਭੀ ਪਹਿਲੀ ਵਾਰੀ ਬੈਰਿਸਟਰੀ ਦਾ ਗਾਉਨ ਪਾ ਕੇ ਇਨ੍ਹਾਂ ਫ਼ੌਜੀ ਅਫ਼ਸਰਾਂ ਦੇ ਵਕੀਲ ਬਣੇ। ਕਈ ਮਹੀਨੇ ਹੀ ਇਸ ਮੁਆਮਲੇ ਮੁਤਅਲਕ ਇਤਨਾ ਰੌਲਾ ਪਿਆ ਰਿਹਾ ਜਿਵੇਂ ਮੁਲਕ ਬਗ਼ਾਵਤ ਦੇ ਕੰਢੇ ਤੇ ਖਲੋਤਾ ਹੁੰਦਾ ਹੈ। ਆਖ਼ਰ ਇਨ੍ਹਾਂ ਅਫ਼ਸਰਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ, ਪਰ ਨਾਲ ਹੀ ਵਾਇਸਰਾਏ ਨੇ ਰਹਿਮ ਦੀ ਬਿਨਾ ਤੇ ਰਿਹਾ ਕਰ ਦਿੱਤਾ।

ਲੜਾਈ ਕਰ ਕੇ ਨਵੀਆਂ ਚੋਣਾਂ ਨਹੀਂ ਸਨ ਹੋਈਆਂ। ਹੁਣ ਲੜਾਈ ਖ਼ਤਮ ਹੋਈ ਤਾਂ ੧੯੪੫ ਦੀਆਂ ਸਰਦੀਆਂ ਵਿਚ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਕਾਂਗਰਸ ਅਤੇ ਅਕਾਲੀਆਂ ਦਾ ਸਿੱਧਾ ਟਾਕਰਾ ਹੋਇਆ। ੧੯੩੭ ਵਿਚ ਅਸੀਂ ਸਰਦਾਰ ਸੁੰਦਰ ਸਿੰਘ



Digitized by Panjab Digital Library | www.panjabdigilib.org

ਮਜੀਠੀਏ ਦੇ ਵਿਰੁਧ ਚੋਣਾਂ ਵਿਚ ਹਿੱਸਾ ਲੈਣ ਕਰਕੇ ਖ਼ਾਲਸਾ ਕਾਲਜ ਤੋਂ ਨਿਕਲੇ ਸਾਂ। ਹੁਣ ਫੇਰ ਉਹੋ ਜਿਹੀ ਪੁਜ਼ੀਸ਼ਨ ਹੋ ਗਈ। ਸ: ਬਲਦੇਵ ਸਿੰਘ ਜੀ ਸਿਖ ਨੈਸ਼ਨਲ਼ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ ਅਤੇ ਮਾਸਟਰ ਤਾਰਾ ਸਿੰਘ ਦਾ ਸਾਰਾ ਜ਼ੋਰ ਸੀ। ਇਸ ਕਰਕੇ ਕਾਲਜ ਤਾਂ ਅਕਾਲੀਆਂ ਦਾ ਹੀ ਗਿਣਿਆ ਜਾਂਦਾ ਸੀ, ਪਰ ਅਸੀਂ ਤਾਂ ਪਹਿਲਾਂ ਵਾਂਗੂੰ ਮਹਾਤਮਾ ਗਾਂਧੀ ਅਤੇ ਕਾਂਗਰਸ ਨਾਲ ਬੱਧੇ ਹੋਏ ਸਾਂ। ੧੯੩੭ ਵਾਲੀ ਖੇਡ ਫੇਰ ਦੁਹਰਾਈ ਗਈ। ਕਾਲਜ-ਸਟਾਫ਼ ਦੇ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਥਾਂ ਥਾਂ ਪਹੁੰਚ ਕੇ ਸ: ਬਲਦੇਵ ਸਿੰਘ ਅਤੇ ਬਾਕੀ ਖਲੋਤੇ ਅਕਾਲੀਆਂ ਦੀ ਚੋਣ ਵਿਚ ਖੁਲ੍ਹ-ਮਖੁਲ੍ਹਾ ਵਿਰੋਧਤਾ ਕੀਤੀ। ਅਕਾਲੀ ਕਾਫ਼ੀ ਬਹੁ-ਗਿਣਤੀ ਨਾਲ ਜਿੱਤੇ।

ਸਾਡੀ ਦਿਸ਼ਾ ਫੇਰ ਉਹੀ ੧੯੩੭ ਵਾਲੀ ਹੋ ਗਈ। ਅਕਾਲੀਆਂ ਨੂੰ ਸਾਡੇ ਨਾਲ ਬਹੁਤ ਰੰਜਸ਼ ਸੀ। ਕਾਲਜ ਦੀ ਇਮਾਰਤ ਤੇ ਕੌਮੀ ਝੰਡਾ ਲਹਿਰਾਂਦਾ ਸੀ। ਅਸਾਂ ਇਹੋ ਹੀ ਆਪਣੇ ਕਾਲਜ ਦਾ ਝੰਡਾ ਬਣਾ ਲਿਆ ਸੀ। ਹੁਣ ਅਕਾਲੀਆਂ ਨੇ ਇਹ ਝੰਡਾ ਲਾਹ ਕੇ ਉਸ ਦੀ ਥਾਂ ਤੇ ਅਕਾਲੀ ਝੰਡਾ ਲਾਣ ਦੇ ਯਤਨ ਕੀਤੇ। ਅਸੀਂ ਇਹ ਕਿਸ ਤਰ੍ਹਾਂ ਕਰਨ ਦੇਂਦੇ ਸਾਂ। ਸਟਾਫ਼ ਤੇ ਵਿਦਿਆਰਥੀਆਂ ਦੀ ਬਹੁ-ਗਿਣਤੀ ਨਾਲ ਹੋਣ ਕਰਕੇ ਮੈਂ ਕਿਸੇ ਨੂੰ ਝੰਡੇ ਦੇ ਨੇੜੇ ਭੀ ਨਾ ਜਾਣ ਦਿੱਤਾ। ਕਾਲਜ ਦੀ ਕੌਂਸਲ ਦੀ ਇਕੱਤ੍ਰਤਾ ਬੁਲਾਈ ਗਈ। ਅਕਾਲੀਆਂ ਦੀ ਬਹੁ-ਗਿਣਤੀ ਸੀ, ਪਰ ਕਾਂਗਰਸੀ ਭੀ ਕਾਫ਼ੀ ਮੈਂਬਰ ਸਨ। ਵਿਚਾਰਾਂ ਕੀ ਹੋਣੀਆਂ ਸਨ, ਲੜਾਈ ਹੀ ਹੋਈ ਅਤੇ ਲੜਾਈ ਭੀ ਸਾਡੇ ਦੋਹਾਂ ਭਰਾਵਾਂ ਵਿਚ। ਸਾਰੀ ਉਮਰ ਮੈਂ ਕਦੇ ਮਾਸਟਰ ਜੀ ਦੇ ਸਾਮ੍ਹਣੇ ਬਰਾਬਰੀ ਦਾ ਹੋ ਕੇ ਨਹੀਂ ਸਾਂ ਝਗੜਿਆ, ਪਰ ਹੁਣ ਅਸੂਲ ਦਾ ਸਵਾਲ ਸੀ। ਮੈਂ ਭੀ ਖ਼ੂਬ ਲੜਿਆ। ਸਿੰਘਪੁਰੀਏ ਸਰਦਾਰ ਬਿਸ਼ਨ ਸਿੰਘ ਅਤੇ ਸਰਦਾਰ ਬੇਅੰਤ ਸਿੰਘ ਦੋਹਾਂ ਭਰਾਵਾਂ ਦੇ ਮਿੱਤਰ ਸਨ। ਉਨ੍ਹਾਂ ਮੈਨੂੰ ਚੁਪ ਕਰਾਣ ਦਾ ਯਤਨ ਕੀਤਾ, ਪਰ



Digitized by Panjab Digital Library | www.panjabdigilib.org

ਇਹ ਗੱਲ ਪਰਤੱਖ ਹੋ ਗਈ ਕਿ ਕੌਮੀ ਝੰਡੇ ਤੋਂ ਬਿਨਾਂ ਮੈਂ ਪ੍ਰਿੰਸੀਪਲ ਨਹੀਂ ਬਣਿਆ ਰਵ੍ਹਾਂਗਾ ਅਤੇ ਹੋ ਸਕਦਾ ਹੈ ਕਿ ਇਸ ਤੋਂ ਵਧ ਭੀ ਝਗੜਾ ਚੱਲੇ। ਸਟਾਫ਼ ਦੀ ਭਾਰੀ ਬਹੁ-ਗਿਣਤੀ ਮੇਰੇ ਨਾਲ ਸੀ ਅਤੇ ਵਿਦਿਆਰਥੀ ਤਾਂ ਮਰਨ ਮਾਰਨ ਨੂੰ ਤਿਆਰ ਸਨ। ਸ: ਸੁੰਦਰ ਸਿੰਘ ਮਜੀਠੀਏ ਨੇ ਸਾਨੂੰ ਕਾਲਜੋਂ ਕੱਢਣ ਵਿਚ ਗ਼ਲਤੀ ਕੀਤੀ ਸੀ, ਪਰ ਮਾਸਟਰ ਤਾਰਾ ਸਿੰਘ ਜੀ ਨੇ ਅਜਿਹਾ ਨਾ ਕੀਤਾ।

ਅਕਾਲੀਆਂ ਨੇ ਕਾਲਜ ਨੂੰ ਹਰ ਕਿਸਮ ਦੀ ਸਹਾਇਤਾ ਦੇਣੀ ਬੰਦ ਕਰ ਦਿੱਤੀ ਅਤੇ ਕਾਲਜ ਦੀ ਕਮੇਟੀ ਦੀਆਂ ਮੀਟਿੰਗਾਂ ਵਿਚ ਆਉਣਾ ਭੀ ਬੰਦ ਕਰ ਦਿੱਤਾ, ਪਰ ਕਾਲਜ ਵਿਚੋਂ ਮੈਨੂੰ ਜਾਂ ਕਿਸੇ ਹੋਰ ਨੂੰ ਕੱਢਣ ਦਾ ਹੌਸਲਾ ਨਾ ਕੀਤਾ। ਮਾਸਟਰ ਜੀ, ਗਿਆਨੀ ਕਰਤਾਰ ਸਿੰਘ ਅਤੇ ਸ: ਬਲਦੇਵ ਸਿੰਘ ਮੇਰੇ ਸਖ਼ਤ ਖ਼ਿਲਾਫ਼ ਹੋ ਗਏ। 'ਅਜੀਤ' ਅਤੇ ਹੋਰ ਅਕਾਲੀ ਖ਼ਿਆਲਾਂ ਦੀਆਂ ਅਖ਼ਬਾਰਾਂ ਮੈਨੂੰ ਪੰਥ-ਧ੍ਰੋਹੀ ਅਤੇ ਕੌਮ-ਘਾਤਕ ਲਿਖਦੀਆਂ ਸਨ। ਜਿੱਥੇ ਕਿੱਥੇ ਸਿੱਖ ਇਕੱਠੇ ਹੋਣ ਅਤੇ ਰਾਜਸੀ ਖ਼ਿਆਲਾਂ ਦੀ ਗੱਲ-ਬਾਤ ਹੋਵੇ, ਮੇਰੇ ਨਾਲ ਕਦੇ ਕੋਈ ਇੱਕ ਭੀ ਸਹਿਮਤ ਨਹੀਂ ਸੀ ਹੁੰਦਾ।

ਦੂਜੇ ਪਾਸੇ ਇੰਗਲੈਂਡ ਵਿਚ ਲੇਬਰ ਗੌਰਮਿੰਟ ਬਣ ਗਈ ਸੀ ਅਤੇ ਐਟਲੀ ਵਜ਼ੀਰ ਆਜ਼ਮ ਨੇ ਫ਼ਰਵਰੀ ੧੯੪੬ ਵਿਚ ਐਲਾਨ ਕਰ ਦਿੱਤਾ ਕਿ ਕਿਸੇ ਹਾਲਤ ਵਿਚ ਭੀ ਅਸੀਂ ਹੁਣ ਹਿੰਦੁਸਤਾਨ ਵਿਚ ਰਹਿਣ ਲਈ ਤਿਆਰ ਨਹੀਂ। ਮਾਰਚ ਵਿਚ ਲਾਰਡ ਲਾਰੈਂਸ, ਕ੍ਰਿਪਸ ਅਤੇ ਲਾਰਡ ਅਲੈਗਜ਼ੈਂਡਰ ਦਾ ਕੈਬੀਨਿਟ ਮਿਸ਼ਨ ਹਿੰਦੁਸਤਾਨ ਵਿਚ ਆਇਆ। ਚਾਰ ਮਹੀਨੇ ਉਹ ਸਿਦਕ-ਦਿਲੀ ਨਾਲ ਸਿਰਤੋੜ ਯਤਨ ਕਰਦੇ ਰਹੇ, ਪਰ ਕਾਂਗਰਸ ਅਤੇ ਮੁਸਲਿਮ ਲੀਗ ਦਾ ਆਪੋ ਵਿਚ ਸਮਝੌਤਾ ਨਾ ਹੋ ਸਕਿਆ। ਇਹ ਗੱਲ ਵੀ ਸਪੱਸ਼ਟ ਹੋ ਗਈ ਕਿ ਅੰਗਰੇਜ਼ ਪਾਕਿਸਤਾਨ ਮੰਨਣ ਤੋਂ ਘੱਟ ਮੁਸਲਮਾਨਾਂ ਨੂੰ ਹਰ ਇਕ ਰਿਆਇਤ ਦੇਣ ਨੂੰ ਤਿਆਰ ਹਨ। ਸਿੱਖਾਂ ਦੀ ਪੁਜ਼ੀਸ਼ਨ ਬੜੀ ਖ਼ਰਾਬ ਜਾਪਦੀ ਸੀ। ਮੁਸਲਮਾਨਾਂ ਦੀ ਰਈਅਤ ਬਣ ਕੇ ਪੰਜਾਬ ਵਿਚ



Digitized by Panjab Digital Library | www.panjabdigilib.org

ਰਹਿਣਾ ਸਿੱਖ ਆਪਣੀ ਮੌਤ ਹੀ ਸਮਝਦੇ ਸਨ। ਮਾਸਟਰ ਤਾਰਾ ਸਿੰਘ ਨੇ ਸਿਰ-ਧੜ ਦੀ ਬਾਜ਼ੀ ਲਾਣ ਲਈ ਸਿਖ ਕੌਮ ਨੂੰ ਤਿਆਰ ਕਰਨਾ ਸ਼ੁਰੂ ਕਰ ਦਿੱਤਾ।

ਕੈਬੀਨਿਟ ਮਿਸ਼ਨ ਨਾ-ਕਾਮਯਾਬ ਹੋ ਕੇ ਜੂਨ ਦੇ ਅਖ਼ੀਰ ਵਾਪਸ ਚਲਾ ਗਿਆ। ਜੁਲਾਈ ਵਿਚ ਮੁਸਲਿਮ ਲੀਗ ਨੇ ਡਾਇਰੈਕਟ ਐਕਸ਼ਨ ਦਾ ਮਤਾ ਪਾਸ ਕੀਤਾ। ਅੰਗਰੇਜ਼ ਭੀ ਕੀ ਕਰਨ? ਰਾਜਸੀ ਪਰਬੰਧ ਕਿਸ ਨੂੰ ਸੌਂਪ ਕੇ ਜਾਣ ? ਲਾਰਡ ਵੇਵਲ ਨੇ ੨ ਸਤੰਬਰ ੧੯੪੬ ਨੂੰ ਸਾਰੇ ਹਿੰਦੁਸਤਾਨੀਆਂ ਦੀ, ਜਿਸ ਵਿਚ ਕਾਂਗਰਸੀ, ਮੁਸਲਮਾਨ ਆਦਿ ਸਾਰੇ ਸ਼ਾਮਲ ਹੋਏ, ਐਗਜ਼ੈਕਟਿਵ ਬਣਾਈ। ਲਾਰਡ ਵੇਵਲ ਅਤੇ ਕਮਾਂਡਰ-ਇਨ-ਚੀਫ਼ ਤੋਂ ਬਿਨਾਂ ਉਸ ਵਿਚ ਹੋਰ ਕੋਈ ਅੰਗਰੇਜ਼ ਨਹੀਂ ਸੀ।

ਯੂਨੀਅਨਿਸਟ ਪਾਰਟੀ ਦਾ ਵੱਡਾ ਥੰਮ੍ਹ ਸਰ ਸਿਕੰਦਰ ਹਯਾਤ ੨੬ ਦਸੰਬਰ ੧੯੪੨ ਨੂੰ ਫ਼ੌਤ ਹੋ ਗਿਆ। ਸਰਦਾਰ ਸੁੰਦਰ ਸਿੰਘ ਅਤੇ ਚੌਧਰੀ ਛੋਟੂ ਰਾਮ ਤਾਂ ਪਹਿਲਾਂ ਹੀ ਚਲ ਬਸੇ ਸਨ। ਪਾਰਟੀ ਰੰਡੀ ਹੋ ਗਈ। ਖ਼ਿਜ਼ਰ ਹਯਾਤ ਵੱਡਾ ਵਜ਼ੀਰ ਬਣਿਆ, ਪਰ ਰਸੂਖ਼ ਕਾਫ਼ੀ ਘਟ ਚੁਕਾ ਸੀ। ੧੯੪੬ ਦੀਆਂ ਚੋਣਾਂ ਵਿਚ ਸਾਰਿਆਂ ਨਾਲੋਂ ਵਧ ਸੀਟਾਂ ਮੁਸਲਿਮ ਲੀਗ ਨੇ ਜਿੱਤੀਆਂ, ਪਰ ਯੂਨੀਅਨਿਸਟਾਂ, ਅਕਾਲੀਆਂ ਅਤੇ ਕਾਂਗਰਸ ਨੇ ਰਲ ਕੇ ਆਪਣੀ ਬਹੁ-ਗਿਣਤੀ ਬਣਾ ਲਈ ਅਤੇ ਖ਼ਿਜ਼ਰ ਹਯਾਤ ਨੂੰ ਲੀਡਰ ਬਣਾ ਕੇ ਪੰਜਾਬ ਵਿਚ ਆਪਣੀ ਹਕੂਮਤ ਕਾਇਮ ਕਰ ਲਈ। ਸਰਦਾਰ ਬਲਦੇਵ ਸਿੰਘ ਜੀ ਸਿੱਖ ਵਜ਼ੀਰ ਬਣੇ ਰਹੇ। ਜਦ ਲਾਰਡ ਵੇਵਲ ਨੇ ਸੈਂਟਰ ਵਿਚ ਨਵੀਂ ਹਕੂਮਤ ਸਾਜੀ, ਜਿਸ ਵਿਚ ਪੰਡਤ ਜਵਾਹਰ ਲਾਲ, ਰਾਜਿੰਦਰ ਪ੍ਰਸ਼ਾਦ, ਸਰਦਾਰ ਪਟੇਲ, ਰਾਜ ਗੋਪਾਲ ਅਚਾਰੀਆ ਸਾਰੇ ਸ਼ਾਮਲ ਹੋਏ, ਉਦੋਂ ਸਰਦਾਰ ਬਲਦੇਵ ਸਿੰਘ ਜੀ ਭੀ ਸੈਂਟਰ ਵਿਚ ਚਲੇ ਗਏ ਅਤੇ ਪੰਜਾਬ ਵਿਚ ਉਨ੍ਹਾਂ ਦੀ ਥਾਂ ਸਰਦਾਰ ਸਵਰਨ ਸਿੰਘ ਜੀ ਸਿੱਖ ਵਜ਼ੀਰ ਬਣੇ। ਸੈਂਟਰ ਵਿਚ ਮੁਸਲਿਮ ਲੀਗ ਨੇ ਪਹਿਲਾਂ ਸ਼ਾਮਲ ਹੋਣੋਂ



Digitized by Panjab Digital Library | www.panjabdigilib.org

ਇਨਕਾਰ ਕਰ ਦਿੱਤਾ। ਫੇਰ ਵੇਵਲ ਨਾਲ ਗੱਲਾਂ-ਬਾਤਾਂ ਕਰ-ਕਰਾ ਕੇ ੨੬ ਅਕਤੂਬਰ ਨੂੰ ਉਹ ਭੀ ਐਗਜ਼ੈਕਟਿਵ ਕੌਂਸਲ ਵਿਚ ਸ਼ਾਮਲ ਹੋ ਗਏ। ਅੰਦਰ ਜਾ ਕੇ ਮੁਸਲਿਮ-ਲੀਗ ਨੇ ਕਾਂਗਰਸ ਦਾ ਨੱਕ-ਦਮ ਕਰ ਦਿੱਤਾ। ਉਨ੍ਹਾਂ ਦਾ ਤਾਂ ਇੱਕੋ ਇਕ ਮਨੋਰਥ ਹਿੰਦੂਆਂ ਅਤੇ ਕਾਂਗਰਸ ਨੂੰ ਤੰਗ ਕਰ ਕੇ ਆਪਣਾ ਪਾਕਿਸਤਾਨ ਬਨਾਉਣਾ ਸੀ। ਬੰਗਾਲ ਵਿਚ ਮੁਸਲਮ-ਲੀਗ ਦੀ ਵਜ਼ਾਰਤ ਬਣੀ ਹੋਈ ਸੀ ਅਤੇ ਸੁਹਰਾਵਰਦੀ ਵੱਡਾ ਵਜ਼ੀਰ ਸੀ। ਅਗਸਤ ਦੇ ਮਹੀਨੇ ਕਲਕੱਤੇ ਵਿਚ ਮੁਸਲਮਾਨਾਂ ਨੇ ਹਿੰਦੂਆਂ ਨੂੰ ਮਾਰਨਾ ਕੁਟਣਾ ਸ਼ੁਰੂ ਕਰ ਦਿੱਤਾ। ਮੁਸਲਿਮ-ਲੀਗ ਦੀ ਹੀ ਹਕੂਮਤ ਅਤੇ ਮੁਸਲਿਮ-ਲੀਗ ਹੀ ਰੌਲਾ ਪਵਾਣ ਵਾਲੀ। ਹਕੂਮਤ ਨੇ ਕੋਈ ਫੜੋ-ਫੜੀ ਨਾ ਕੀਤੀ ਅਤੇ ਨਾ ਹੀ ਹਿੰਦੂਆਂ ਨੂੰ ਬਚਾਣ ਦਾ ਯਤਨ ਕੀਤਾ। ਮਰਦਾ ਕੀ ਨਾ ਕਰਦਾ, ਹਿੰਦੂ ਭੀ ਤਕੜੇ ਹੋਏ। ਕਲਕੱਤੇ ਵਿਚ ਰਹਿਣ ਵਾਲੇ ਸਿੱਖਾਂ ਨੇ ਬੜੀ ਦਲੇਰੀ ਦਿਖਾਈ ਅਤੇ ਇਸ ਮਾਰ-ਕੁਟਾਈ ਵਿਚ ਹਿੰਦੂਆਂ ਦੀ ਸਹਾਇਤਾ ਕੀਤੀ। ਜਦ ਪਲੜਾ ਬਰਾਬਰ ਹੋ ਗਿਆ ਅਤੇ ਹਰ ਗਲੀ ਮਹੱਲੇ ਵਿਚ ਹਿੰਦੂਆਂ ਮੁਸਲਮਾਨਾਂ ਦਾ ਜੰਗ ਹੋਣ ਲੱਗਾ ਤਾਂ ਠੰਢ ਵਰਤਾਣ ਲਈ ਮਹਾਤਮਾ ਗਾਂਧੀ ਉਥੇ ਪਹੁੰਚੇ। ਸੁਹਰਾਵਰਦੀ ਸਾਹਿਬ ਨੂੰ ਭੀ ਜਾਗ ਆਈ। ਕਲਕੱਤੇ ਤੋਂ ਅੱਗ ਈਸਟ ਬੰਗਾਲ ਨੂੰ ਪਹੁੰਚੀ ਅਤੇ ਨਵਾਖਲੀ ਅਤੇ ਹੋਰ ਅਸਥਾਨਾਂ ਤੇ ਹਿੰਦੂ ਘਟ-ਗਿਣਤੀ ਉਤੇ ਬਹੁਤ ਅਤਿਆਚਾਰ ਹੋਏ। ਬੰਗਾਲ ਦਾ ਅਸਰ ਬਿਹਾਰ ਤੇ ਹੋਇਆ, ਜਿੱਥੇ ਹਿੰਦੂਆਂ ਦੀ ਬਹੁ-ਗਿਣਤੀ ਸੀ। ਇਹ ਫ਼ਿਰਕੂਪੁਣੇ ਦੀ ਅਗਨੀ ਫੈਲਦੀ ਹੀ ਗਈ ਅਤੇ ਅੰਤ ਨੂੰ ਪੰਜਾਬ ਵਿਚ ਆ ਪਹੁੰਚੀ। ਗੌਰਮਿੰਟ ਤਾਂ ਬਰਾਏ ਨਾਮ ਹੀ ਰਹਿ ਗਈ। ਥਾਂ ਥਾਂ ਤੇ ਗੁੰਡਾ-ਗਰਦੀ, ਥਾਂ ਥਾਂ ਤੇ ਹੁਲੜ। ਛੁਰੇ-ਬਾਜ਼ੀ ਤੇ ਮਾਰ-ਕੁਟਾਈ ਤੋਂ ਬਿਨਾਂ ਸਾਰੀ ਸਾਰੀ ਰਾਤ ਠਾਹ ਠਾਹ ਹੀ ਹੁੰਦੀ ਰਹਿੰਦੀ ਸੀ।

ਪੰਜਾਬ ਵਿਚ ਰਾਜ-ਰੌਲਾ ਪੈਣ ਤੋਂ ਕੁਝ ਚਿਰ ਪਹਿਲਾਂ ਮੁਹੰਮਦ ਅਲੀ ਜਿਨਾਹ ਸਾਹਿਬ ਲਾਹੌਰ ਤਸ਼ਰੀਫ਼ ਲਿਆਏ।



Digitized by Panjab Digital Library | www.panjabdigilib.org

ਸ: ਬਲਦੇਵ ਸਿੰਘ ਜੀ ਅਜੇ ਪੰਜਾਬ ਵਿਚ ਹੀ ਵਜ਼ੀਰ ਸਨ। ਉਨ੍ਹਾਂ ਜਿਨਾਹ ਸਾਹਿਬ ਨੂੰ ਖਾਣੇ ਤੇ ਬੁਲਾਇਆ। ਉਥੇ ਜਿਨਾਹ ਸਾਹਿਬ ਨੇ ਅਕਾਲੀਆਂ ਨੂੰ ਆਪਣੇ ਨਾਲ ਮਿਲਾਣ ਦਾ ਯਤਨ ਕੀਤਾ ਅਤੇ ਇਹ ਪੇਸ਼ਕਸ਼ ਕੀਤੀ ਕਿ ਜੇ ਤੁਸੀਂ ਪਾਕਿਸਤਾਨ ਵਿਚ ਮਿਲਣਾ ਪਰਵਾਨ ਕਰ ਲਵੋ ਤਾਂ ਅਸੀਂ ਤੁਹਾਨੂੰ ਸਿੱਖ-ਅਸਥਾਨ ਬਣਾ ਦਿਆਂਗੇ, ਜਿੱਥੇ ਤੁਹਾਨੂੰ ਪੂਰਨ ਅੰਦਰੂਨੀ ਆਜ਼ਾਦੀ ਹੋਵੇਗੀ, ਕੇਵਲ ਰਖਵਾਲੀ ਲਈ ਫ਼ੌਜ ਅਤੇ ਬਾਹਰਲੇ ਦੇਸਾਂ ਨਾਲ ਸਬੰਧ ਪਾਕਿਸਤਾਨ ਪਾਸ ਰਹਿਣਗੇ। ਅੰਗਰੇਜ਼ ਬੜੇ ਮੁਸਲਿਮ-ਨਿਵਾਜ਼ ਸਨ, ਪਰ ਸਿੱਖਾਂ ਨਾਲ ਭੀ ਇਨਸਾਫ਼ ਕਰਨ ਦੀ ਇੱਛਾ ਪਰਗਟ ਕਰਦੇ ਸਨ। ਮੈਕਡਾਨਲਡ ਸਾਹਿਬ ਅਤੇ ਹੋਰ ਅੰਗਰੇਜ਼ ਭੀ ਅਕਾਲੀਆਂ ਤੇ ਇਹ ਜ਼ੋਰ ਪਾਉਂਦੇ ਰਹਿੰਦੇ ਸਨ ਕਿ ਉਹ ਪਾਕਿਸਤਾਨ ਵਿਚ ਰਲ ਜਾਣ। ਤਕਰੀਬਨ ਸਾਰੇ ਅਕਾਲੀ ਲੀਡਰ ਅੱਡੀਆਂ ਤੋਂ ਉਖੜ ਗਏ, ਪਰ ਮਾਸਟਰ ਤਾਰਾ ਸਿੰਘ ਬਿਲਕੁਲ ਇਸ ਗੱਲ ਤੇ ਦ੍ਰਿੜ੍ਹ ਰਹੇ ਕਿ ਕਿਸੇ ਹਾਲਤ ਵਿਚ ਵੀ ਹਿੰਦੁਸਤਾਨ ਨੂੰ ਛਡ ਕੇ ਪਾਕਿਸਤਾਨ ਵਿਚ ਸ਼ਾਮਲ ਨਹੀਂ ਹੋਵਾਂਗੇ। ਮਾਸਟਰ ਤਾਰਾ ਸਿੰਘ ਭਾਵੇਂ ਪੰਥ ਦੇ ਲਾਭਾਂ ਨੂੰ ਸਭ ਤੋਂ ਉਤਮ ਸਮਝਦੇ ਸਨ ਪਰ ਇਹ ਗੱਲ ਉਨ੍ਹਾਂ ਤੋਂ ਭੁੱਲੀ ਹੋਈ ਨਹੀਂ ਸੀ ਕਿ ਭਾਰਤੀ ਕਲਚਰ ਦੇ ਨਾਤੇ ਸਿੱਖ-ਕਲਚਰ ਤੇ ਹਿੰਦੂ-ਕਲਚਰ ਇਕ ਦੂਜੇ ਦੇ ਨੇੜੇ ਹਨ।

ਮਾਰਚ ਦੇ ਪਹਿਲੇ ਹਫ਼ਤੇ ਰਾਵਲਪਿੰਡੀ ਦੇ ਜ਼ਿਲੇ ਦੇ ਮੁਸਲਮਾਨਾਂ ਨੇ ਹਿੰਦੂਆਂ ਸਿੱਖਾਂ ਨੂੰ ਮਾਰਨਾ ਲੁਟਣਾ ਸ਼ੁਰੂ ਕਰ ਦਿੱਤਾ। ਸਾਡੇ ਮੁਸਲਮਾਨਾਂ ਨਾਲ ਭਰਾਵਾਂ ਵਾਲੇ ਸਬੰਧ ਸਨ। ਸਾਡੇ ਵੱਡੇ ਭਰਾ ਸੰਤ ਸਿੰਘ ਜੀ ਪਿੰਡ ਵਿਚ ਰਹਿੰਦੇ ਸਨ। ਉਨ੍ਹਾਂ ਨੂੰ ਮੁਸਲਮਾਨ ਮਿੱਤਰਾਂ ਨੇ ਆ ਕੇ ਦੱਸਿਆ ਕਿ ਗੋਲੜੇ ਦੇ ਪੀਰ ਨੇ ਮੁਸਲਮਾਨ ਆਗੂਆਂ ਨੂੰ ਸਦ ਕੇ ਹਦਾਇਤ ਕੀਤੀ ਹੈ ਕਿ ਕਾਫ਼ਰਾਂ ਨੂੰ ਮਾਰ-ਕੁਟ ਕੇ ਇੱਥੋਂ ਖਦੇੜ ਦਿਓ। ਉਨ੍ਹਾਂ ਮਿੱਤਰਾਂ ਨੇ ਭਰਾ ਜੀ ਤੇ ਜ਼ੋਰ ਪਾਇਆ ਕਿ ਤੁਸੀਂ ਇਥੋਂ ਚਲੇ ਜਾਓ, ਅਤੇ ਉਹ ਨਾਲ ਆ ਕੇ ਉਨ੍ਹਾਂ ਨੂੰ



Digitized by Panjab Digital Library | www.panjabdigilib.org

ਗੁਜਰਖਾਨ ਪਹੁੰਚਾ ਗਏ । ਉਹ ਤਾਂ ਬੱਚ ਗਏ, ਪਰ ਕਿੰਨੇ ਸਾਰੇ ਸਾਡੀ ਬਰਾਦਰੀ ਦੇ ਅਤੇ ਸਾਡੇ ਪਿੰਡ ਦੇ ਆਦਮੀ ਉਥੇ ਮਾਰੇ ਗਏ। ਲੁਟ-ਖਸੁੱਟ ਤਾਂ ਇਤਨੀ ਹੋਈ ਕਿ ਮਕਾਨਾਂ ਦੇ ਛੱਤ ਤਾਂ ਕਿਧਰੇ ਰਹੇ, ਇੱਟਾਂ ਭੀ ਪੁੱਟ ਕੇ ਲੈ ਗਏ। ਰਾਵਲਪਿੰਡੀ ਜ਼ਿਲੇ ਦੇ ਪਿੰਡਾਂ ਵਿਚ ਰਹਿਣ ਵਾਲੇ ਹਿੰਦੂ-ਸਿੱਖਾਂ ਤੇ ਉੱਨੇ ਹੀ ਅੱਤਿਆਚਾਰ ਹੋਏ ਜਿੰਨੇ ਕਿ ਨਵਾਖਲੀ ਅਤੇ ਈਸਟ-ਬੰਗਾਲ ਵਿਚ। ਪੁਲੀਸ ਨੇ ਰਾਜ-ਪਰਬੰਧ ਕਾਇਮ ਰੱਖਣਾ ਸੀ। ਉਨ੍ਹਾਂ ਦੀ ਹਾਲਤ ਇਹ ਹੋ ਗਈ ਕਿ ਮੁਸਲਮਾਨ ਪੁਲੀਸ ਮੁਸਲਮਾਨਾਂ ਵਲ ਅਤੇ ਹਿੰਦੂ ਪੁਲੀਸ ਹਿੰਦੂਆਂ ਵਲ। ਕੋਈ ਮਹੀਨਾ ਕੁ ਰੌਲਾ ਪਿਆ ਹੋਵੇਗਾ । ਫੇਰ ਅੰਗਰੇਜ਼ਾਂ ਨੇ ਜ਼ੋਰ ਪਾ ਕੇ ਮਾਰ-ਕੁਟਾਈ ਅਤੇ ਲੁਟ-ਖਸੁੱਟ ਉਤੇ ਰਾਵਲਪਿੰਡੀ ਜ਼ਿਲੇ ਦੇ ਪਿੰਡਾਂ ਵਿਚ ਕਾਬੂ ਪਾ ਲਿਆ।

ਰਾਵਲਪਿੰਡੀ ਤੋਂ ਤਾਂ ਅੱਗ ਭੜਕੀ ਹੀ ਸੀ। ਝੱਟ ਹੀ ਇਹ ਸਾਰੇ ਪੰਜਾਬ ਵਿਚ ਫੈਲ ਗਈ। ਲਾਹੌਰ ਵਿਚ ਭੀ ਮੁਸਲਿਮ ਲੀਗੀਆਂ ਨੇ ਉਧੜਧੁਮੀ ਮਚਾ ਦਿੱਤੀ। ਹਰ ਸ਼ਾਮ ਨੂੰ ਗਾਮੇ ਮਹਾਜੇ ਸਭ ਇਕੱਠੇ ਹੋ ਜਾਣ ਅਤੇ ਮਾਲ ਰੋਡ ਤੇ ਬਾਕੀ ਸੜਕਾਂ ਤੇ ਇਸ ਤਰ੍ਹਾਂ ਦਾ ਜਲੂਸ ਨਿਕਲੇ ਜਿਸ ਤਰ੍ਹਾਂ ਤਾਜ਼ੀਆਂ ਦਾ ਨਿਕਲਦਾ ਹੁੰਦਾ ਸੀ। ਯੂਨੀਅਨਿਸਟ ਪਾਰਟੀ ਦੇ ਮੁਸਲਮਾਨ ਮੈਂਬਰ ਭੈ-ਭੀਤ ਹੋ ਗਏ। ਦਿਨ-ਬਦਿਨ ਹਾਲਾਤ ਖ਼ਰਾਬ ਹੁੰਦੇ ਜਾਂਦੇ ਸਨ। ਪੰਜਾਬ ਕੌਂਸਲ ਵਿਚ ਸਭ ਨਾਲੋਂ ਵੱਡੀ ਪਾਰਟੀ ਮੁਸਲਿਮ ਲੀਗ ਸੀ, ਫੇਰ ਬਾਹਰ ਉਨ੍ਹਾਂ ਦਾ ਬਹੁਤ ਜ਼ੋਰ ਮਲੂਮ ਹੁੰਦਾ ਸੀ। ਗਵਰਨਰ ਜੈਂਕਨਜ਼ ਦਾ ਖ਼ਿਆਲ ਸੀ ਕਿ ਮੁਸਲਿਮ ਲੀਗ ਕਿਸੇ ਤਰ੍ਹਾਂ ਗੌਰਮਿੰਟ ਵਿਚ ਆ ਜਾਵੇ। ਲੀਗ ਨਾਲ ਹੋਰ ਤਾਂ ਕੋਈ ਰਲਣ ਨੂੰ ਤਿਆਰ ਨਹੀਂ ਸੀ, ਯੂਨੀਅਨਿਸਟ ਮੁਸਲਮਾਨ ਜ਼ਰੂਰ ਢਿੱਲੇ ਪਏ ਹੋਏ ਸਨ । ਇਕ ਜਲੂਸ ਨੇ ਸੈਕਰੀਟੇਰੀਅਟ ਤੇ ਜਾ ਕੇ ਮੁਸਲਿਮ ਲੀਗ ਦਾ ਝੰਡਾ ਲਾ ਦਿੱਤਾ । ਮਾਸਟਰ ਤਾਰਾ ਸਿੰਘ ਨੂੰ ਜਦ ਪਤਾ ਲੱਗਾ ਤਾਂ ਉਹ ਜੱਥੇਦਾਰ ਊਧਮ ਸਿੰਘ ਅਤੇ ਕੁਝ ਹੋਰ ਅਕਾਲੀਆਂ ਨੂੰ ਨਾਲ ਲੈ ਕੇ ਉਥੇ ਜਾ ਪਹੁੰਚਿਆ ਅਤੇ ਨੰਗੀ ਤਲਵਾਰ



Digitized by Panjab Digital Library | www.panjabdigilib.org

ਹੱਥ ਵਿਚ ਲੈ ਕੇ ਦਫ਼ਤਰ ਦੀ ਇਮਾਰਤ ਤੇ ਚੜ੍ਹ ਗਿਆ ਅਤੇ ਮੁਸਲਿਮ ਲੀਗ ਦਾ ਝੰਡਾ ਲਾਹ ਕੇ ਪਾੜ ਕੇ ਔਹ ਸੁੱਟਿਆ। ਬਹੁਤਾ ਰੌਲਾ ਪਾਣ ਵਾਲੇ ਆਦਮੀ ਅੰਦਰੋਂ ਬੁਜ਼ਦਿਲ ਹੀ ਹੁੰਦੇ ਹਨ। ਝੰਡਾ ਪਾੜਨ ਦੇ ਬਾਵਜੂਦ ਕਿਸੇ ਲੀਗੀ ਦੀ ਜੁਰੱਤ ਨਾ ਪਈ ਕਿ ਮਾਸਟਰ ਤਾਰਾ ਸਿੰਘ ਵਲ ਅੱਖ ਚੁਕ ਕੇ ਵੇਖ ਸਕੇ।

ਖਿੱਚੋਤਾਣ ਵਧ ਰਹੀ ਸੀ, ਪਰ ਹਿੰਦੂਆਂ ਸਿੱਖਾਂ ਨੂੰ ਮਾਸਟਰ ਤਾਰਾ ਸਿੰਘ ਦਾ ਹੌਸਲਾ ਅਤੇ ਮੁਸਲਮਾਨਾਂ ਨੂੰ ਕਾਫ਼ੀ ਭੈ ਸੀ। ਸਾਂਝੀ ਗੌਰਮਿੰਟ ਨੇ ਅਸਤੀਫ਼ਾ ਦੇ ਦਿੱਤਾ ਅਤੇ ਉਸ ਦੀ ਥਾਂ ਤੇ ਗਵਰਨਰ ਦਾ ਰਾਜ ਕਾਇਮ ਹੋ ਗਿਆ। ਜੇ ਮਾਸਟਰ ਤਾਰਾ ਸਿੰਘ ਦਲੇਰੀ ਕਰ ਕੇ ਮੁਸਲਿਮ ਲੀਗ ਦਾ ਝੰਡਾ ਨਾ ਪਾੜਦਾ ਤਾਂ ਸ਼ਾਇਦ ਮੁਸਲਿਮ ਲੀਗ ਗੌਰਮਿੰਟ ਬਣਾਉਂਦੀ ਅਤੇ ਹਿੰਦੂਆਂ ਸਿਖਾਂ ਦੀ ਹੋਰ ਭੀ ਵਧ ਤਬਾਹੀ ਹੁੰਦੀ।

ਅਪ੍ਰੈਲ ਦੇ ਮਹੀਨੇ ਵਿਚ ਭੀ ਮਾਰ-ਕੁਟਾਈ, ਜਲੂਸ, ਅੱਗਾਂ ਲਗਣੀਆਂ, ਰਾਤ ਨੂੰ ਧਮਾਕੇ ਹੋਣੇ ਜਾਰੀ ਰਹੇ। ਮਈ ਦੇ ਮਹੀਨੇ ਵਿਚ ਮੁਸਲਿਮ ਲੀਗੀਆਂ ਨੇ ਬਾਕਾਇਦਾ ਜੱਥੇਬੰਦੀ ਦੇ ਰਾਹੀਂ ਰਾਹ ਜਾਂਦੇ ਯਾਤਰੂਆਂ, ਖ਼ਾਸ ਕਰਕੇ ਸਿੱਖਾਂ ਦੇ ਪੇਟ ਵਿਚ ਛੁਰੇ ਘੋਪਣੇ ਸ਼ੁਰੂ ਕਰ ਦਿੱਤੇ। ਸਿਖ ਨੈਸ਼ਨਲ ਕਾਲਜ ਸ਼ਹਿਰੋਂ ਬਾਹਰ ਮੈਕਲੈਗਨ ਕਾਲਜ ਦੇ ਲਾਗੇ ਬਣਿਆ ਹੋਇਆ ਸੀ। ਕਾਲਜ ਦੀ ਸਟਾਫ਼-ਮੀਟਿੰਗ ਮੇਰੇ ਘਰ ਹੋ ਰਹੀ ਸੀ ਕਿ ਇਕ ਨੌਜਵਾਨ ਸਿੱਖ ਘਬਰਾਇਆ ਹੋਇਆ ਵਾਹੋ-ਦਾਹੀ ਅੰਦਰ ਆ ਗਿਆ। ਕਹਿਣ ਲੱਗਾ ਕਿ ਕਾਲਜ ਦੇ ਲਾਗੇ ਇਕ ਸਿਖ ਛੁਰੇ ਨਾਲ ਜ਼ਖ਼ਮੀ ਹੋਇਆ ਫ਼ਲਾਣੀ ਸੜਕ ਤੇ ਤੜਫ਼ ਰਿਹਾ ਹੈ ਅਤੇ ਦੂਜਾ ਫ਼ਲਾਣੀ ਥਾਂ ਤੇ, ਕੋਈ ਉਨ੍ਹਾਂ ਦੇ ਨੇੜੇ ਭੀ ਨਹੀਂ ਜਾਂਦਾ। ਮੈਂ, ਪ੍ਰੋ: ਕਿਸ਼ਨ ਸਿੰਘ ਅਤੇ ਪ੍ਰੋ: ਰਾਮ ਸਿੰਘ ਝੱਟ ਉਠ ਕੇ ਉਧਰ ਗਏ। ਅੱਗੇ ਪੁਲੀਸ ਪਹੁੰਚ ਚੁਕੀ ਸੀ ਅਤੇ ਦੋਹਾਂ ਟਰੱਕਾਂ ਤੇ ਸਿੱਖ ਜ਼ਖ਼ਮੀਆਂ ਨੂੰ ਪਾਇਆ ਹੋਇਆ ਸੀ। ਪੁਲੀਸ ਸਾਰੀ ਮੁਸਲਮਾਨ ਸੀ, ਅਫ਼ਸਰ ਦੋ ਅੰਗਰੇਜ਼ ਸਨ। ਸਿਖ ਜ਼ਖ਼ਮੀ ਅਜੇ ਜੀਊਂਦੇ ਸਨ,



Digitized by Panjab Digital Library | www.panjabdigilib.org

ਪਰ ਸਾਨੂੰ ਪੁਲੀਸ ਅਫ਼ਸਰ ਉਨ੍ਹਾਂ ਦੇ ਲਾਗੇ ਨਹੀਂ ਸਨ ਜਾਣ ਦੇਂਦੇ। ਸਾਡੀ ਖ਼ਾਹਸ਼ ਸੀ ਕਿ ਉਨ੍ਹਾਂ ਨੂੰ ਝਟ-ਪਟ ਹਸਪਤਾਲ ਪਹੁੰਚਾਇਆ ਜਾਏ। ਪੁਲੀਸ ਸਹਿਜੇ ਸਹਿਜੇ ਆਪਣੀ ਤਫ਼ਤੀਸ਼ ਕਰ ਰਹੀ ਸੀ। ਬੜਾ ਬੇਰਹਿਮੀ ਦਾ ਮਾਹੌਲ ਛਾਇਆ ਹੋਇਆ ਸੀ। ਬੜਾ ਕ੍ਰੋਧ ਆਇਆ, ਵਾਲ ਲੂੰ-ਕੰਡੇ ਖੜੇ ਹੋ ਗਏ, ਪਰ ਬੇਬਸ ਸਾਂ। ਇਨਸਾਨ ਦੇ ਅੰਦਰ ਨੇਕੀ ਅਤੇ ਬਦੀ ਦੋਵੇਂ ਭਰਪੂਰ ਹਨ। ਜਿਹੋ ਜਿਹਾ ਮਾਹੌਲ ਹੋਵੇ ਉਹੋ ਜਿਹਾ ਪ੍ਰਗਟਾਵਾ ਹੁੰਦਾ ਹੈ। ਮਨੁੱਖੀ ਨਾਲ ਇਹ ਜ਼ਾਲਮਾਨਾ ਵਰਤਾਰਾ ਦਰਿੰਦਿਆਂ ਤੋਂ ਕੋਈ ਘੱਟ ਨਹੀਂ ਸੀ। ਤਫ਼ਤੀਸ਼ ਖ਼ਤਮ ਕਰ ਕੇ ਜਦ ਪੁਲੀਸ ਉਨ੍ਹਾਂ ਨੂੰ ਹਸਪਤਾਲ ਲੈ ਗਈ ਤਾਂ ਉਹ ਦੋਵੇਂ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਮਰ ਚੁਕੇ ਸਨ। ਇਨ੍ਹਾਂ ਹਾਲਾਤ ਵਿਚ ਕੋਈ ਵਿਰਲਾ ਹੀ ਐਸਾ ਆਦਮੀ ਹੁੰਦਾ ਹੈ ਜਿਹੜਾ ਆਪਣੇ ਰੂਹਾਨੀ ਸੰਤੁਲਣ ਨੂੰ ਕਾਇਮ ਰਖ ਸਕੇ। ਇਨਸਾਨ ਦੀ ਪ੍ਰੀਖਿਆ ਭੀ ਇਹੋ ਜਿਹੇ ਮੌਕਿਆਂ ਤੇ ਹੀ ਹੁੰਦੀ ਹੈ।

ਮਾਸਟਰ ਤਾਰਾ ਸਿੰਘ ਨੂੰ ੧੯੪੬ ਵਿਚ ਇਹ ਗਿਆਨ ਹੋ ਚੁਕਾ ਸੀ ਕਿ ਪਾਕਿਸਤਾਨ ਬਣ ਕੇ ਹੀ ਰਹੇਗਾ ਅਤੇ ਮੁਸਲਮਾਨਾਂ ਨੇ ਹਿੰਦੂਆਂ-ਸਿੱਖਾਂ ਤੇ ਅਤਿਆਚਾਰ ਕਰਨੇ ਹਨ। ਜਿਹੜੇ ਸਿੱਖ-ਹਿੰਦੂ ਲਾਹੌਰ ਤੋਂ ਪਰੇ ਵਸਦੇ ਸਨ ਉਨ੍ਹਾਂ ਨੂੰ ਉਹ ੧੯੪੬ ਤੋਂ ਹੀ ਕਹਿੰਦੇ ਸਨ ਕਿ ਤੁਸੀਂ ਵੇਲੇ ਸਿਰ ਹੀ ਘਰ-ਘਾਟ ਛਡ ਕੇ ਇਧਰ ਹਿੰਦੁਸਤਾਨ ਵਿਚ ਆ ਜਾਓ। ਪਰ ਪੁਸ਼ਤਾਂ ਤੋਂ ਇਕ ਥਾਂ ਵਸਦੇ ਅਤੇ ਆਪਣਾ ਕੰਮ-ਕਾਜ ਚਲਾਉਂਦੇ ਲੋਕ ਕਿਸ ਤਰ੍ਹਾਂ ਆਪਣਾ ਘਰ-ਘਾਟ ਤਿਆਗ ਕੇ ਨਸ ਆਉਣ। ਸ੍ਰੀ ਮੁਲਖਰਾਜ ਸਰਾਫ਼ ਐਡੀਟਰ 'ਰਣਬੀਰ' ਜੰਮੂ ਦਸਦੇ ਹਨ ਕਿ ਮਾਸਟਰ ਜੀ ੧੯੪੬ ਵਿਚ ਜੰਮੂ ਗਏ ਅਤੇ ਮੈਨੂੰ ਕਹਿਣ ਲੱਗੇ ਕਿ ਆਪਣੇ ਰਾਜੇ ਅਤੇ ਚੀਫ਼ ਮਨਿਸਟਰ ਨੂੰ ਕਹਿ ਦਿਉ ਕਿ ਜੇ ਰਿਆਸਤ ਬਚਾ ਕੇ ਰਖਣਾ ਚਾਹੁੰਦੇ ਹੋ ਤਾਂ ਪਠਾਨਕੋਟ-ਜੰਮੂ ਦੀ ਸੜਕ ਪੱਕੀ ਬਣਾ ਦਿਓ। ਜੇ ਪੁੱਲਾਂ ਵਾਸਤੇ ਲੋਹੇ ਦੀ ਲੋੜ ਹੋਵੇ ਤਾਂ ਮੈਂ ਜਮਸ਼ੇਦਪੁਰ ਜਾ ਕੇ ਤੁਹਾਨੂੰ ਸ: ਇੰਦਰ ਸਿੰਘ



Digitized by Panjab Digital Library | www.panjabdigilib.org

ਪਾਸੋਂ ਲੋਹਾ ਲੈ ਦਿਆਂਗਾ। ਸਾਰੇ ਲੋਕ ਉਨ੍ਹਾਂ ਦੀਆਂ ਗੱਲਾਂ ਨੂੰ ਐਵੇਂ ਸ਼ੇਖ਼-ਚਿਲੀ ਵਾਲੀਆਂ ਗੱਲਾਂ ਹੀ ਸਮਝਦੇ ਸਨ।

੧੯੪੭ ਵਿਚ ਜਦ ਛੁਰੇ-ਬਾਜ਼ੀ ਜ਼ੋਰਾਂ ਤੇ ਸ਼ੁਰੂ ਹੋਈ ਤਾਂ ਲੱਖਾਂ ਦੀ ਗਿਣਤੀ ਵਿਚ ਹਿੰਦੂ-ਸਿੱਖਾਂ ਨੇ ਅੰਮ੍ਰਿਤਸਰ ਵਲ ਭਜਣਾ ਸ਼ੁਰੂ ਕੀਤਾ। ਮਾਸਟਰ ਤਾਰਾ ਸਿੰਘ ਇਸ ਬੁਰਿਆਈ ਦਾ ਟਾਕਰਾ ਕਰਨ ਦੀਆਂ ਤਿਆਰੀਆਂ ਪਹਿਲਾਂ ਹੀ ਕਰ ਰਿਹਾ ਸੀ। ਜਿਸ ਤਰ੍ਹਾਂ ਮੁਸਲਮ-ਲੀਗੀਏ ਹਿੰਦੂਆਂ ਸਿੱਖਾਂ ਨੂੰ ਮਾਰਦੇ ਸਨ ਉਸੇ ਤਰ੍ਹਾਂ ਸਿਖ ਅਤੇ ਫੇਰ ਸੰਗੀ ਹਿੰਦੂ ਭੀ ਮੁਸਲਮਾਨਾਂ ਨੂੰ ਮਾਰਨ ਲਗ ਪਏ। ਜਿਸ ਤਰ੍ਹਾਂ ਸਿੱਖਾਂ ਹਿੰਦੂਆਂ ਦੀਆਂ ਵਹੀਰਾਂ ਉੱਤਰ ਵਲੋਂ ਹੇਠਾਂ ਨੂੰ ਆ ਰਹੀਆਂ ਸਨ ਉਸੇ ਤਰ੍ਹਾਂ ਮੁਸਲਮਾਨਾਂ ਦੀਆਂ ਵਹੀਰਾਂ ਉਲਟੇ ਪਾਸੇ ਵਗਣੀਆਂ ਸ਼ੁਰੂ ਹੋਈਆਂ। ਸਾਰੇ ਪੰਜਾਬ ਵਿਚ ਹਨੇਰ ਹੀ ਆ ਗਿਆ। ਅਕਾਲੀਆਂ ਨੇ ਜੱਲੋ ਅਤੇ ਧਰਮਸਾਲਾ ਤੋਂ ਅੰਗਰੇਜ਼ ਅਫ਼ਸਰਾਂ ਰਾਹੀਂ ਸਰਕਾਰੀ ਹਥਿਆਰ ਖ਼ਰੀਦੇ। ਜੱਥੇਦਾਰ ਊਧਮ ਸਿੰਘ ਅਤੇ ਸਰਦਾਰ ਬਖ਼ਸ਼ੀਸ਼ ਸਿੰਘ ਮਾਸਟਰ ਤਾਰਾ ਸਿੰਘ ਦੇ ਦੋ ਵੱਡੇ ਲੈਫ਼ਟੀਨੈਂਟ ਸਨ। ਮੈਂ ਲੁਧਿਆਣੇ ਸਾਂ ਜਦ ਸ: ਬਖ਼ਸ਼ੀਸ਼ ਸਿੰਘ ਜੀ ਇਕ ਸਟੇਸ਼ਨ ਵੈਗਨ ਲੈ ਕੇ ਮੇਰੇ ਪਾਸ ਆਏ। ਸੀਟਾਂ ਦੇ ਹੇਠਾਂ ਉਨ੍ਹਾਂ ਹਥਿਆਰ ਲੁਕਾਏ ਹੋਏ ਸਨ। ਮੈਨੂੰ ਕਹਿਣ ਲਗੇ, ਅੰਮ੍ਰਿਤਸਰ ਚਲ ਕੇ ਸਾਡੇ ਮੁੰਡਿਆਂ ਨੂੰ ਬੰਬ ਬਣਾਣੇ ਸਿਖਾਓ, ਪਰ ਮੇਰਾ ਰਾਹ ਤਾਂ ਬਿਲਕੁਲ ਉਲਟਾ ਸੀ।

ਸਾਰੇ ਦੇਸ ਵਿਚ ਕੋਈ ਰਾਜ-ਪਰਬੰਧ ਨਾ ਰਿਹਾ। ਹਿੰਦੂ-ਮੁਸਲਮਾਨ ਫ਼ਸਾਦ ਕਹਿਰਾਂ ਤਕ ਪੁਜ ਚੁਕੇ ਸਨ ਅਤੇ ਫ਼ੌਜ ਨੂੰ ਭੀ ਫ਼ਿਰਕੂਪੁਣੇ ਦੀ ਅਗਨੀ ਸਾੜ ਰਹੀ ਸੀ। ਇੰਗਲੈਂਡ ਵਿਚ ਲੇਬਰ ਗੌਰਮਿੰਟ ਸੀ। ਜਦ ਉਨ੍ਹਾਂ ਵੇਖਿਆ ਕਿ ਲਾਰਡ ਵੇਵਲ ਕਾਮਯਾਬ ਨਹੀਂ ਹੋਇਆ ਤਾਂ ਉਨ੍ਹਾਂ ਉਸ ਨੂੰ ਵਾਪਸ ਬੁਲਾ ਲਿਆ ਅਤੇ ਲਾਰਡ ਮਊਂਟਬੇਟਨ ਨੂੰ ਉਸ ਦੀ ਥਾਂ ਤੇ ਭੇਜ ਦਿੱਤਾ। ਲਾਰਡ ਮਊਂਟਬੇਟਨ ਮਾਰਚ ਵਿਚ ਇਥੇ ਆਇਆ ਅਤੇ ਉਸ ਨੇ ਮੁਆਮਲੇ ਨੂੰ ਨਜਿੱਠਣ ਲਈ ਬੜੇ ਯਤਨ ਕੀਤੇ, ਪਰ ਮੁਸਲਿਮ-ਲੀਗ ਤਾਂ ਆਪਣਾ



Digitized by Panjab Digital Library | www.panjabdigilib.org

ਪਾਕਿਸਤਾਨ ਬਣਾਣ ਤੇ ਤੁਲੀ ਹੋਈ ਸੀ। ਆਖ਼ਰ ਤਿੰਨ ਜੂਨ ਨੂੰ ਲੇਬਰ ਗੌਰਮਿੰਟ ਨੇ ਆਖ਼ਰੀ ਐਲਾਨ ਕਢਿਆ।

੯ ਦਸੰਬਰ ੧੯੪੬ ਨੂੰ ਦੇਸ ਦੀ ਨਵੀਂ ਰਾਜ-ਬਣਤਰ ਬਣਾਣ ਲਈ ਕਨਸਟੀਚਿਊਟ ਅਸੈਂਬਲੀ ਦਾ ਸਮਾਗਮ ਸ਼ੁਰੂ ਹੋਇਆ ਸੀ, ਪਰ ਮੁਸਲਿਮ ਲੀਗੀ ਇਸ ਵਿਚ ਸ਼ਾਮਲ ਨਹੀਂ ਸਨ ਹੋਏ। ਹੁਣ ਅੰਗਰੇਜ਼ੀ ਸਰਕਾਰ ਨੇ ਇਹ ਐਲਾਨ ਕੀਤਾ ਕਿ ਜਿਹੜੇ ਸੂਬੇ ਇਸ ਵਿਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਉਹ ਆਪਣੀ ਵਖਰੀ ਕਨਸਟੀਚੀਊਟ ਅਸੈਂਬਲੀ ਬਣਾ ਲੈਣ। ਇਸ ਐਲਾਨ ਦਾ ਭਾਵ ਹਿੰਦੁਸਤਾਨ ਦੇ ਦੋ ਭਾਗ ਅਥਵਾ ਭਾਰਤ ਅਤੇ ਪਾਕਿਸਤਾਨ ਬਣਨੇ ਸਨ। ਕਾਂਗਰਸ ਨੇ ਅੱਕ ਕੇ ਇਸ ਐਲਾਨ ਨੂੰ ੧੫ ਜੂਨ ੧੯੪੭ ਨੂੰ ਪਰਵਾਨ ਕਰ ਲਿਆ। ਲੀਗ ਦੀ ਤਾਂ ਜਿੱਤ ਹੀ ਸੀ, ਉਸ ਨੇ ਤਾਂ ਪਰਵਾਨ ਕਰਨਾ ਹੀ ਸੀ।

ਅੰਗਰੇਜ਼ੀ ਸਰਕਾਰ ਨੇ ਛੇਤੀ ਛੇਤੀ ਹਿੰਦੁਸਤਾਨ-ਆਜ਼ਾਦੀ-ਬਿਲ ਜੁਲਾਈ ਵਿਚ ਪਾਸ ਕਰ ਦਿੱਤਾ, ਪਰ ਇਧਰ ਫ਼ਿਰਕੂਪੁਣੇ ਦੀ ਜਵਾਲਾ ਪੂਰੇ ਜੋਬਨ ਵਿਚ ਭੜਕ ਰਹੀ ਸੀ। ਫ਼ੌਜ ਵੰਡੀ ਗਈ, ਪੁਲੀਸ ਵੰਡੀ ਗਈ, ਪੈਸੇ ਵੰਡੇ ਗਏ। ਵੰਡ ਪੱਕੀ ਅਤੇ ਪੂਰੀ ਹੋ ਗਈ, ਪਰ ਲੋਕੀਂ ਕਿਸ ਤਰ੍ਹਾਂ ਝਟ-ਪਟ ਵੰਡੇ ਜਾਣ। ਮੁਸਲਮਾਨਾਂ ਦੀਆਂ ਵਹੀਰਾਂ ਹਿੰਦੁਸਤਾਨ ਵਿਚੋਂ ਪਾਕਿਸਤਾਨ ਨੂੰ ਜਾ ਰਹੀਆਂ ਸਨ ਅਤੇ ਹਿੰਦੂਆਂ ਸਿੱਖਾਂ ਦੀਆਂ ਪਾਕਿਸਤਾਨ ਵਿਚੋਂ ਹਿੰਦੁਸਤਾਨ ਨੂੰ ਆ ਰਹੀਆਂ ਸਨ। ਫ਼ੌਜ ਦੀ ਸਹਾਇਤਾ ਨਾਲ ਇਹ ਸਭ ਕੁਝ ਹੋ ਰਿਹਾ ਸੀ, ਫੇਰ ਭੀ ਵੱਢਾ-ਟੁਕੀ, ਖ਼ੂਨ-ਖ਼ਰਾਬਾ ਜਾਰੀ ਸੀ। ਜੋ ਕੁਝ ਮੁਸਲਮਾਨ ਉਧਰ ਕਰਦੇ ਸਨ ਉਸ ਦਾ ਬਦਲਾ ਇਧਰ ਲਿਆ ਜਾਂਦਾ ਸੀ। ਦੋਹਾਂ ਪਾਸਿਆਂ ਤੋਂ ਗੱਡੀਆਂ ਦੀਆਂ ਗੱਡੀਆਂ ਵਢ-ਟੁਕ ਕੇ ਤੋਰੀਆਂ ਜਾਂਦੀਆਂ ਸਨ ਅਤੇ ਰਖਵਾਲੀ ਕਰਨ ਵਾਲੀਆਂ ਫ਼ੌਜਾਂ ਵੀ ਕਈ ਵੇਰ ਇਸ ਜਨੂੰਨ ਵਿਚ ਹਿੱਸਾ ਪਾ ਰਹੀਆਂ ਸਨ।

ਜੁਲਾਈ ਵਿਚ ਹਿੰਦੁਸਤਾਨ ਆਜ਼ਾਦੀ-ਬਿੱਲ ਪਾਸ ਕਰਦਿਆਂ ਹੀ ਅੰਗਰੇਜ਼ਾਂ ਨੇ ਹੱਦਾਂ ਕਾਇਮ ਕਰਨ ਲਈ ਕਮਿਸ਼ਨ ਬਣਾ ਦਿੱਤਾ।



Digitized by Panjab Digital Library | www.panjabdigilib.org

ਇਸ ਦਾ ਪ੍ਰਧਾਨ ਰੈਡਕਲਿਫ਼ ਅੰਗਰੇਜ਼ ਸੀ। ਪੰਜਾਬ ਲਈ ਜੋ ਕਮਿਸ਼ਨ ਬਣਿਆ ਉਸ ਦੇ ਮੈਂਬਰ ਜਸਟਿਸ ਮਹਾਜਨ, ਜਸਟਿਸ ਤੇਜਾ ਸਿੰਘ ਅਤੇ ਜਸਟਿਸ ਦੀਨ ਮੁਹੰਮਦ ਸਨ। ਇਨ੍ਹਾਂ ਦੀ ਆਪੋ ਵਿਚ ਸੰਮਤੀ ਕੀ ਹੋਣੀ ਸੀ, ਸਾਲਸੀ ਫ਼ੈਸਲਾ ਰੈਡਕਲਿਫ਼ ਨੇ ਹੀ ਦਿੱਤਾ।

ਮਾਸਟਰ ਤਾਰਾ ਸਿੰਘ ਆਪਣੀ ਬਹਾਦਰੀ ਅਤੇ ਦਲੇਰੀ ਦਾ ਸਦਕਾ ਪੰਜਾਬ ਦੇ ਹਿੰਦੂਆਂ-ਸਿੱਖਾਂ ਸਾਰਿਆਂ ਦਾ ਸਾਂਝਾ ਲੀਡਰ ਬਣ ਚੁਕਾ ਸੀ। ਫੇਰ ਮਹਾਤਮਾ ਗਾਂਧੀ ਨੇ ਆਪਣੀ ਅਖ਼ਬਾਰ ਵਿਚ ਇਹ ਲਿਖ ਕੇ ਬੰਗਾਲ ਦਾ ਲੀਡਰ ਸ਼ਿਆਮ ਪ੍ਰਸ਼ਾਦ ਮੁਕਰਜੀ ਅਤੇ ਪੰਜਾਬ ਦਾ ਲੀਡਰ ਮਾਸਟਰ ਤਾਰਾ ਸਿੰਘ ਹੈ, ਪੱਕੀ ਮੁਹਰ ਲਾ ਦਿੱਤੀ। ਪੰਜਾਬ ਦੇ ਹਿੰਦੂਆਂ-ਸਿੱਖਾਂ ਦੀ ਜੋ ਸਾਂਝੀ ਕਮੇਟੀ ਬਣੀ, ਉਸ ਦਾ ਪ੍ਰਧਾਨ ਭੀ ਸਰਬ-ਸੰਮਤੀ ਨਾਲ ਮਾਸਟਰ ਤਾਰਾ ਸਿੰਘ ਨੂੰ ਬਣਾਇਆ ਗਿਆ। ਜੋ ਔਕੜ ਜਾਂ ਤਕਲੀਫ ਆਵੇ, ਉਸ ਦਾ ਮੁਕਾਬਲਾ ਮਾਸਟਰ ਤਾਰਾ ਸਿੰਘ ਹੀ ਕਰਦਾ ਸੀ।

੧੫ ਅਗਸਤ ਹਿੰਦੁਸਤਾਨ ਨੂੰ ਆਜ਼ਾਦੀ ਮਿਲਣ ਦੀ ਆਖ਼ਰੀ ਤਰੀਕ ਸੀ। ਉਸੇ ਦਿਨ ਹੀ ਰੈਡਕਲਿਫ਼ ਦਾ ਸਾਲਸੀ ਫ਼ੈਸਲਾ ਦਿਤਾ ਗਿਆ। ਫੇਰ ਮਾਰ ਧਾੜ ਹੋਰ ਭੀ ਜ਼ੋਰਾਂ ਨਾਲ ਸ਼ੁਰੂ ਹੋਈ। ੧੯੪੭ ਦੇ ਅਖ਼ੀਰ ਤਕ ਲੋਕਾਂ ਦਾ ਕਾਫ਼ਲੇ ਬੰਨ੍ਹ ਬੰਨ੍ਹ ਕੇ ਆਉਣਾ ਜਾਰੀ ਰਿਹਾ।

ਬਿਪਤਾ ਵੇਲੇ ਭੇਡਾਂ ਭੀ ਸਿਰ ਜੋੜ ਲੈਂਦੀਆਂ ਹਨ। ਹਿੰਦੂਆਂ ਤੇ ਸਿੱਖਾਂ ਦੇ, ਕਾਂਗਰਸੀਆਂ ਤੇ ਗ਼ੈਰ-ਕਾਂਗਰਸੀਆਂ ਦੇ ਸਭ ਭੇਦ ਅਤੇ ਸਭ ਇਖ਼ਤਲਾਫ਼ ਖ਼ਤਮ ਹੋ ਗਏ। ਡਾਕਟਰ ਗੋਪੀ ਚੰਦ ਭਾਰਗੋ, ਜਿਹੜੇ ਕਾਂਗਰਸ ਦੇ ਲੀਡਰ ਸਨ ਅਤੇ ਨਵੇਂ ਅੱਧੇ ਪੰਜਾਬ ਦੇ ਚੀਫ਼ ਮਨਿਸਟਰ ਬਣੇ, ਮਾਸਟਰ ਤਾਰਾ ਸਿੰਘ ਨਾਲ ਸਲਾਹ ਕੀਤੇ ਬਿਨਾਂ ਇੱਕ ਕਦਮ ਭੀ ਨਹੀਂ ਸਨ ਚੁਕਦੇ। ੧੯੪੭ ਦੇ ਅੰਤ ਤਕ ਜਦ ਭੀ ਕਿਸੇ ਵਜ਼ੀਰ ਨੇ ਅੰਮ੍ਰਿਤਸਰ ਆਉਣਾ ਤਾਂ ਮਾਸਟਰ ਤਾਰਾ ਸਿੰਘ ਨੂੰ ਉਸ ਦੇ ਘਰ ਜਾ ਕੇ ਜ਼ਰੂਰ ਮਿਲਣਾ।



Digitized by Panjab Digital Library | www.panjabdigilib.org

ਪਹਿਲੀ ਵਜ਼ੀਰ-ਮੰਡਲੀ ਵਿਚ ਹਿੰਦੂ ਅਤੇ ਸਿਖ ਗਿਣਤੀ ਵਿਚ ਇੱਕੋ ਜਹੇ ਲਏ ਗਏ ਅਤੇ ਇਕ ਵਜ਼ੀਰ ਅਛੂਤਾਂ ਦਾ ਲਿਆ ਗਿਆ। ਆਪੋ ਵਿਚ ਬੜਾ ਪ੍ਰੇਮ, ਬੜੀ ਮਿਲਵਰਤਣ। ਸਿੱਖਾਂ ਵੱਲੋਂ ਸਰਦਾਰ ਸਵਰਨ ਸਿੰਘ, ਸਰਦਾਰ ਪ੍ਰਤਾਪ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਸ: ਈਸ਼ਰ ਸਿੰਘ ਮਝੈਲ ਵਜ਼ੀਰ ਬਣੇ। ਅਕਤੂਬਰ ਦੇ ਅਖ਼ੀਰ ਮੈਂ ਯੂਨੀਵਰਸਿਟੀ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਸ਼ਿਮਲੇ ਗਿਆ ਤਾਂ ਆਪਣੇ ਮਿੱਤਰਾਂ ਨੂੰ ਵਜ਼ੀਰੀ ਦੀਆਂ ਕੁਰਸੀਆਂ ਤੇ ਬੈਠੇ ਵੇਖਣ ਲਈ ਸੈਕਰੇਟੇਰੀਅਟ ਵਿਚ ਗਿਆ। ਗੱਲਾਂ-ਬਾਤਾਂ ਕੀਤੀਆਂ। ਮੇਰੇ ਖ਼ਿਆਲਾਂ ਵਿਚ ਤਾਂ ਕੋਈ ਤਬਦੀਲੀ ਨਹੀਂ ਸੀ। ਇਧਰ ਕਾਂਗਰਸੀਆਂ ਅਤੇ ਅਕਾਲੀਆਂ ਦਾ ਮਜ਼ਬੂਤ ਜੁੱਟ ਬਣਿਆ ਹੋਇਆ ਸੀ। ਜਸਟਿਸ ਤੇਜਾ ਸਿੰਘ ਜੀ ਉਨ੍ਹਾਂ ਦਿਨਾਂ ਵਿਚ ਹਾਈਕੋਰਟ ਦੇ ਜਜ ਭੀ ਸਨ ਅਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਭੀ ਬਣੇ ਸਨ। ਉਨ੍ਹਾਂ ਨਾਲ ਮੈਂ ਗੱਲਬਾਤ ਕੀਤੀ ਤਾਂ ਉਨ੍ਹਾਂ ਬੜੇ ਸਪੱਸ਼ਟ ਸ਼ਬਦਾਂ ਵਿਚ ਮੈਨੂੰ ਕਿਹਾ ਕਿ ਤੇਰੇ ਖ਼ਿਆਲਾਂ ਦੇ ਆਦਮੀ ਦੀ ਹੁਣ ਸਿੱਖਾਂ ਵਿਚ ਕੋਈ ਥਾਂ ਨਹੀਂ।

ਸੱਚ-ਮੁੱਚ ਮੇਰੀ ਸਿੱਖਾਂ ਵਿਚ ਕੋਈ ਥਾਂ ਨਹੀਂ ਸੀ। ਕਾਦੀਆਂ ਕਾਲਜ ਤੇ ਜਾ ਕੇ ਮੈਂ ਕਬਜ਼ਾ ਕੀਤਾ। ਮੈਂ ਤਾਂ ਨੈਸ਼ਨਲ ਕਾਲਜ ਹੀ ਬਣਾਉਣਾ ਸੀ, ਪਰ ਮਾਸਟਰ ਜੀ ਨੇ ਸਪੱਸ਼ਟ ਸ਼ਬਦਾਂ ਵਿਚ ਮੈਨੂੰ ਕਹਿ ਦਿਤਾ ਕਿ ਹੁਣ ਤਾਂ ਇਹ ਨਿਰੋਲ ਸਿੱਖ ਕਾਲਜ ਹੀ ਬਣੇਗਾ। ਮੈਂ ਚੁੱਪ ਕੀਤੇ ਉਥੋਂ ਪਤਰਾ ਵਾਚਿਆ।

ਲਾਹੌਰ ਵਿਚ ਮੈਂ ਪ੍ਰਿੰਸੀਪਲੀ ਕਰਦਿਆਂ ਯੂਨੀਵਰਸਿਟੀ ਦੀਆਂ ਵੱਡੀਆਂ ਜਮਾਤਾਂ ਨੂੰ ਕੈਮਿਸਟਰੀ ਭੀ ਪੜ੍ਹਾਉਂਦਾ ਹੁੰਦਾ ਸਾਂ। ਇੱਥੇ ਆ ਕੇ ਸਿੰਡੀਕੇਟ ਨੇ ਮੈਨੂੰ ਯੂਨੀਵਰਸਿਟੀ ਦੇ ਕੈਮਿਸਟਰੀ ਡੀਪਾਰਟਮੈਂਟ ਦਾ ਹੈੱਡ ਬਣਾ ਦਿੱਤਾ। ਯੂਨੀਵਰਸਿਟੀ ਵਿਚ ਭੀ ਮੇਰੇ ਦਿਨ ਬੜੇ ਔਖੇ ਗੁਜ਼ਰੇ। ਉਥੇ ਭੀ ਪੰਜਾਬ ਸਰਕਾਰ ਵਾਂਗੂੰ ਦੋ ਧੜੇ ਸਨ, ਇਕ ਹਿੰਦੂ ਧੜਾ ਅਤੇ ਇਕ ਸਿੱਖ ਧੜਾ। ਮੈਂ ਕਿਸੇ ਧੜੇ ਵਿਚ



Digitized by Panjab Digital Library | www.panjabdigilib.org

ਭਿਜਦਾ ਨਹੀਂ ਸਾਂ, ਇਸ ਲਈ ਮੇਰੀ ਹਾਲਤ ਚਮਗਿੱਦੜ ਵਾਲੀ ਹੀ ਸੀ। ਨਾਲ ਹੀ ਯੂਨੀਵਰਸਿਟੀ ਵਿਚ ਰਚਨਾਤਮਕ ਕੰਮ ਕਰਨਾ ਅਸੰਭਵ ਹੀ ਮਲੂਮ ਹੁੰਦਾ ਸੀ। ਉਧਰ ਗਿਆਨੀ ਕਰਤਾਰ ਸਿੰਘ ਜੀ ਵਿਦਿਅਕ ਵਜ਼ੀਰ ਸਨ। ਉਨ੍ਹਾਂ ਦੇ ਅਤੇ ਮੇਰੇ ਖ਼ਿਆਲਾਂ ਵਿਚ ਬੜਾ ਅੰਤਰਾ ਸੀ। ਉਹ ਭੀ ਨਹੀਂ ਸਨ ਚਾਹੁੰਦੇ ਕਿ ਮੈਂ ਪੰਜਾਬ ਵਿਚ ਬੈਠਾ ਆਪਣੇ ਵਖਰੇ ਖ਼ਿਆਲ ਰਖੀਂ ਜਾਵਾਂ। ਉਨ੍ਹਾਂ ਦੀ ਆਗਿਆ ਨਾਲ ਯੂਨੀਵਰਸਿਟੀ ਨੇ ਮੈਨੂੰ ੧੯੫੦ ਵਿਚ ਕੈਂਪ ਕਾਲਜ ਦਾ ਪ੍ਰਿੰਸੀਪਲ ਬਣਾ ਕੇ ਦਿੱਲੀ ਭੇਜ ਦਿੱਤਾ।

ਮਾਸਟਰ ਤਾਰਾ ਸਿੰਘ ਉਨ੍ਹਾਂ ਦਿਨਾਂ ਵਿਚ ਸਿੱਖਾਂ ਦਾ ਬੇਤਾਜ ਬਾਦਸ਼ਾਹ ਸੀ। ਜੋ ਭੀ ਸਿਆਹੀ ਸਫ਼ੈਦੀ ਉਹ ਕਰੇ, ਉਹ ਹੀ ਹੁੰਦੀ ਸੀ। ਕਿਸੇ ਨੇ ਵਜ਼ੀਰ ਬਣਨਾ ਹੋਵੇ, ਮੈਂਬਰ ਬਣਨਾ ਹੋਵੇ, ਨੌਕਰੀ ਲੈਣੀ ਹੋਵੇ, ਤਰੱਕੀ ਲੈਣੀ ਹੋਵੇ। ਕੋਈ ਭੀ ਸਿੱਖਾਂ ਦੀ ਗੱਲ ਮਾਸਟਰ ਤਾਰਾ ਸਿੰਘ ਦੀ ਆਗਿਆ ਬਿਨਾਂ ਨਹੀਂ ਸੀ ਹੋ ਸਕਦੀ। ਅਗਲੀਆਂ ਚੋਣਾਂ ਤਕ ਇਹੋ ਹੀ ਹਾਲਤ ਰਹੀ।



Digitized by Panjab Digital Library | www.panjabdigilib.org

# ੧੪

# ਸਵਰਾਜ ਤੇ ਮਾਸਟਰ ਤਾਰਾ ਸਿੰਘ

ਸਰਦਾਰ ਅਮਰ ਸਿੰਘ ਚਾਵਲਾ ਮਾਸਟਰ ਤਾਰਾ ਸਿੰਘ ਜੀ ਨਾਲ ਕਾਲਜ ਵਿਚ ਪੜ੍ਹਦੇ ਹੁੰਦੇ ਸਨ । ਉਦੋਂ ਦੀ ਮੇਰੀ ਭੀ ਉਨ੍ਹਾਂ ਨਾਲ ਕੁਝ ਵਾਕਫ਼ੀ ਹੋ ਗਈ ਸੀ। ਫੇਰ ਉਨ੍ਹਾਂ ਵਕਾਲਤ ਪਾਸ ਕੀਤੀ ਅਤੇ ਬੜਾ ਚਿਰ ਪੰਜਾਬ ਵਿਚ ਪਬਲਿਕ ਪ੍ਰਾਸੀਕਿਊਟਰ ਬਣੇ ਰਹੇ। ਜਦ ਮੈਂ ੧੯੫੦ ਵਿਚ ਕੈਂਪ ਕਾਲਜ ਦਾ ਪ੍ਰਿੰਸੀਪਲ ਬਣ ਕੇ ਦਿੱਲੀ ਆਇਆ ਤਾਂ ਮੈਂ ਆਪਣੀ ਰਿਹਾਇਸ਼ ਪਟੇਲ ਨਗਰ ਵਿਚ ਰੱਖੀ। ਸਰਦਾਰ ਅਮਰ ਸਿੰਘ ਜੀ ਭੀ ਪਟੇਲ ਨਗਰ ਵਿਚ ਹੀ ਰਹਿੰਦੇ ਹੁੰਦੇ ਸਨ । ਜਦ ਭੀ ਉਨ੍ਹਾਂ ਨਾਲ ਮੇਰਾ ਮੇਲ ਹੋਣਾ, ਉਨ੍ਹਾਂ ਹਾਸੇ ਨਾਲ ਮੈਨੂੰ ਟਿਚਕਰ ਕਰ ਕੇ ਆਖਣਾ : "ਸਵਾਹ ਰਾਜ ਆ ਗਿਆ ਹੈ ?" ਮੈਨੂੰ ਇਹ ਗੱਲ ਬੁਰੀ ਲੱਗਣੀ, ਪਰ ਉਹ ਇਹ ਗੱਲ ਆਖਣੋਂ ਹਟਦੇ ਨਹੀਂ ਸਨ। ਸਹਿਜੇ ਸਹਿਜੇ ਮੈਂ ਭੀ ਸੋਚਣਾ ਸ਼ੁਰੂ ਕੀਤਾ ਕਿ ਇਹ ਰਾਜ ਸਵਰਾਜ ਹੈ ਜਾਂ 'ਸਵਾਹ ਰਾਜ' ।

ਕਿਸੇ ਕੌਮ ਦੀ ਵੱਡੀ ਤੋਂ ਵੱਡੀ ਦੌਲਤ ਉਸ ਦਾ ਕੌਮੀ ਆਚਰਨ ਹੈ। ਜਿਸ ਕੌਮ ਦਾ ਆਚਰਨ ਉੱਚਾ ਹੈ ਉਸ ਦੀਆਂ ਹਰ ਖੇਤਰ ਵਿਚ ਨੌਂ ਨਿਧੀਆਂ ਬਾਰ੍ਹਾਂ ਸਿਧੀਆਂ ਹੀ ਹਨ । ਕੋਈ ਕੌਮ ਦੂਜੀ ਤੇ ਕਾਮਯਾਬੀ ਨਾਲ ਰਾਜ ਨਹੀਂ ਕਰ ਸਕਦੀ ਜਿੰਨਾ ਚਿਰ ਉਸ ਦਾ ਕੌਮੀ ਆਚਰਨ ਉੱਚਾ ਨਾ ਹੋਵੇ। ਅੰਗਰੇਜ਼ ਕੌਮ ਦਾ ਆਚਰਨ ਬਹੁਤ



Digitized by Panjab Digital Library | www.panjabdigilib.org

ਉੱਚਾ ਹੈ। ਇਸੇ ਉੱਚਤਾ ਸਦਕਾ ਹੀ ਇਸ ਛੋਟੀ ਜਿਹੀ ਕੌਮ ਨੇ ਦੁਨੀਆ ਦੇ ਐਡੇ ਵੱਡੇ ਹਿੱਸੇ ਤੇ ਐਨਾ ਚਿਰ ਰਾਜ ਕੀਤਾ। ਸੰਸਾਰ ਦੇ ਸਾਰੇ ਮਹਾਂ ਪੁਰਸ਼ਾਂ ਨੇ ਉੱਚੇ ਆਚਰਨ ਤੇ ਜ਼ੋਰ ਦਿੱਤਾ ਹੈ ਤੇ ਅਜੋਕੇ ਯੁਗ ਵਿਚ ਮਹਾਤਮਾ ਗਾਂਧੀ ਵੀ ਉੱਚਾ ਆਚਰਨ ਬਣਾਣ ਤੇ ਜ਼ੋਰ ਦੇਂਦਾ ਸੀ।

ਤਾਕਤ ਹੱਥ ਆਉਂਦਿਆਂ ਹੀ ਕਾਂਗਰਸ ਦਾ ਰੂਪ ਹੀ ਬਦਲ ਗਿਆ। ਤਾਕਤ-ਪ੍ਰਸਤ, ਮਾਇਆ-ਪ੍ਰਸਤ ਅਤੇ ਕਈ ਆਚਰਨ-ਹੀਨ ਬੰਦੇ ਕਾਂਗਰਸ ਦਾ ਬੁਰਕਾ ਪਾ ਕੇ ਭਰਤੀ ਹੋ ਗਏ। ਜਿਹੜੇ ਪੁਰਾਣੇ ਮੰਨੇ-ਪ੍ਰਮੰਨੇ ਲੀਡਰ ਸਨ, ਉਨ੍ਹਾਂ ਨੂੰ ਤਾਕਤ ਦੇ ਮਧ ਨੇ ਹੰਕਾਰੀ ਅਤੇ ਖ਼ੁਸ਼ਾਮਦ-ਪਸੰਦ ਬਣਾ ਦਿੱਤਾ। "ਤੁਲਸੀ, ਐਸਾ ਕੋ ਜਨਮਿਓਂ ਜਗ ਮਾਹਿੰ। ਪ੍ਰਭਤਾ ਪਾਇ ਜਾਸ ਮਦ ਨਾਹਿ।" ਮਹਾਤਮਾ ਗਾਂਧੀ ਭੀ ਇਨ੍ਹਾਂ ਦੇ ਹੱਥੋਂ ਰੋਂਦਾ ਹੀ ਮੋਇਆ। ਜਿਸ ਦਿਨ ਉਨ੍ਹਾਂ ਨੂੰ ਗੋਲੀ ਲਗੀ ਉਸ ਦਿਨ ਭੀ ਬਿਰਲਾ ਹਾਊਸ ਵਿਚ ਬੈਠੇ ਮਹਾਤਮਾ ਜੀ ਅਰਦਾਸ ਕਰਦੇ ਸਨ ਕਿ "ਹੇ ਪ੍ਰਮਾਤਮਾ, ਮੁਝੇ ਅਬ ਯਹਾਂ ਸੇ ਉਠਾ ਲੇ, ਮੇਰੀ ਤੋ ਕੋਈ ਸੁਨਤਾ ਹੀ ਨਹੀਂ।" ਜ਼ਾਹਰਨ ਤਾਂ ਦੇਸ ਲਈ ਸਭ ਕੁਝ ਹੋ ਰਿਹਾ ਸੀ, ਪਰ ਵਿਚੋਂ ਸਭ ਕੁਝ ਖੋਖਲਾ ਸੀ। ਹਰ ਕੋਈ ਆਪਣੀਆਂ ਗ਼ਰਜ਼ਾਂ ਪੂਰੀਆਂ ਕਰਨ ਵਿਚ ਜੁੱਟਿਆ ਹੋਇਆ ਸੀ।

ਇੱਕ ਵਾਰੀ ਉਨ੍ਹੀਂ ਦਿਨੀਂ ਮੈਂ ਯੂਨੀਵਰਸਿਟੀ ਦੇ ਕਿਸੇ ਕੰਮ ਤੇ ਫ਼ਾਜ਼ਲਕਾ ਗਿਆ। ਉਥੇ ਮੈਨੂੰ ਉਥੋਂ ਦੇ ਸਬ-ਡਵੀਯਨਲ ਅਫ਼ਸਰ ਨਾਲ ਗੱਲ-ਬਾਤ ਕਰਨ ਦਾ ਅਵਸਰ ਮਿਲਿਆ। ਉਹ ਅਫ਼ਸੋਸ ਨਾਲ ਮੈਨੂੰ ਕਹਿਣ ਲੱਗਾ ਕਿ ਇਹ ਠਾਠਾ-ਬਾਗਾ ਕਿੰਨਾ ਚਿਰ ਚਲੇਗਾ। ਹੁਣ ਮੈਨੂੰ ਉਪਰੋਂ ਪੁੱਛ ਆਈ ਹੈ ਕਿ ਰੂੜੀ ਇਕੱਠੀ ਕਰਨ ਲਈ ਗੜ੍ਹੇ ਜੋ ਖੋਦਣੇ ਸਨ ਉਹ ਕਿੰਨੇ ਖੋਦੇ ਜਾ ਚੁਕੇ ਹਨ। ਕੋਈ ਗੜ੍ਹਾ ਕਿਸੇ ਥਾਂ ਖੋਦਿਆ ਨਹੀਂ ਗਿਆ, ਪਰ ਕਿੰਨਿਆਂ ਸਾਲਾਂ ਤੋਂ ਫ਼ਾਈਲ਼ਾਂ ਪੂਰੀਆਂ ਹੋ ਰਹੀਆਂ ਹਨ, ਮੈਂ ਕਿੱਥੇ ਕੂੜਾਂ ਨੂੰ ਛਡ ਕੇ ਆਪਣੇ ਗਲ ਪਾ ਲਵਾਂ। ਮੈਂ ਇਸ ਚਿੱਠੀ ਦੀਆਂ ਨਕਲ਼ਾਂ ਕਰਵਾ ਕੇ



Digitized by Panjab Digital Library | www.panjabdigilib.org

ਤਸੀਲਦਾਰਾਂ ਨੂੰ ਭੇਜ ਦਿੱਤੀਆਂ । ਉਨ੍ਹਾਂ ਪਟਵਾਰੀਆਂ ਤੋਂ ਅੰਕੜੇ ਇਕੱਠੇ ਕਰਾਏ । ਮੈਂ ਉਨ੍ਹਾਂ ਦੇ ਅੰਕੜੇ ਇਕੱਠੇ ਕਰ ਕੇ ਸਾਰੀ ਇਤਲਾਹ ਉਪਰ ਭੇਜ ਦਿੱਤੀ। ਹੇਠਾਂ ਤੋਂ ਉਪਰ ਤਕ ਸਭ ਨੂੰ ਪਤਾ ਹੈ ਕਿ ਕਿਸੇ ਥਾਂ ਤੇ ਕੋਈ ਗੜ੍ਹੇ ਨਹੀ ਖੋਦੇ ਜਾ ਰਹੇ, ਪਰ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਇਆ ਜਾ ਰਿਹਾ ਹੈ । ਇਸੇ ਤਰ੍ਹਾਂ ਹਰ ਥਾਂ ਕਾਰਗੁਜ਼ਾਰੀ ਪੂਰੀ ਕੀਤੀ ਜਾ ਰਹੀ ਹੈ । ਕਿਸੇ ਨੂੰ ਕੋਈ ਦਰਦ ਨਹੀਂ ਸੀ। ਹਰ ਕੋਈ ਠਾਠਾ-ਬਾਗਾ ਕਰੀ ਜਾਂਦਾ ਸੀ ਅਤੇ ਆਪਣੀਆਂ ਗ਼ਰਜ਼ਾਂ ਪੂਰੀਆਂ ਕਰਨ ਵਿਚ ਲੱਗਾ ਹੋਇਆ ਸੀ । "ਸੌ ਮਤ੍ਰੇਈ ਤੇ ਇਕ ਮਾਂ" ਵਾਲੀ ਗੱਲ ਹੈ। ਮਾਂ ਨੂੰ ਦਰਦ ਹੁੰਦਾ ਹੈ, ਪਰ ਸੌ ਮਤ੍ਰੇਈਆਂ ਭੀ ਮਾਂ ਦੀ ਥਾਂ ਨਹੀਂ ਲੈ ਸਕਦੀਆਂ । ਫੇਰ ਕੌਮ ਦੀਆਂ ਰਵਾਇਤਾਂ, ਕੌਮ ਦਾ ਸੁਭੱਾ ਹੀ ਅਜੀਬ ਬਣ ਗਿਆ ਹੈ। ਗੁਰਦੁਆਰਿਆਂ, ਮੰਦਰਾਂ ਵਿਚ ਛੈਣੇ ਤੇ ਟੱਲ ਖੜਕਦੇ ਰਹਿੰਦੇ ਹਨ । ਹਰ ਥਾਂ ਨੇਕੀ ਅਤੇ ਪ੍ਰੇਮ ਦੇ ਨਾਹਰੇ ਲਗਦੇ ਰਹਿੰਦੇ ਹਨ, ਪਰ ਇੱਥੇ ਹੀ ਬੱਸ । ਵਿਹਾਰ ਵਿਚ ਝੂਠ, ਬੇਈਮਾਨੀ, ਠੱਗੀ ਉਸੇ ਤਰ੍ਹਾਂ ਚਲੀ ਜਾਂਦੀ ਹੈ।

ਰਾਜ ਯੋਗੀ ਜੀ ਨੇ ਇਕ ਦਿਨ ਆਪਣੇ ਭਾਸ਼ਨ ਵਿਚ ਬੜੀ ਹਾਸੇ ਵਾਲੀ ਗੱਲ ਸੁਣਾਈ। ਕਹਿਣ ਲਗੇ, ਇੱਕ ਰੂਸੀ ਭਾਰਤ ਵਿਚ ਆ ਕੇ ਛੇ ਮਹੀਨੇ ਦੇ ਕਰੀਬ ਰਿਹਾ। ਜਦ ਉਹ ਵਾਪਸ ਜਾਣ ਲੱਗਾ ਤਾਂ ਇਕ ਹਿੰਦੁਸਤਾਨੀ ਮਿੱਤਰ ਨੇ ਉਸ ਨੂੰ ਪੁੱਛਿਆ ਕਿ ਤੁਸੀਂ ਇੱਥੇ ਇੰਨਾ ਚਿਰ ਰਹੇ ਹੋ, ਹੁਣ ਤਾਂ ਤੁਹਾਨੂੰ ਪਰਮਾਤਮਾ ਦੀ ਹਸਤੀ ਤੇ ਪੂਰਨ ਯਕੀਨ ਹੋ ਗਿਆ ਹੋਵੇਗਾ। ਰੂਸੀ ਨੇ ਮੁਸਕਰਾ ਕੇ ਜਵਾਬ ਦਿੱਤਾ ਕਿ ਹਾਂ ਬਿਲਕੁਲ ਪੂਰਾ ਯਕੀਨ, ਜਿਸ ਦੇਸ ਵਿਚ ਕੋਈ ਅਫਸਰ ਭੀ ਈਮਾਨਦਾਰ ਨਾ ਹੋਵੇ, ਅਤੇ ਕੋਈ ਕਲਰਕ ਭੀ ਕੰਮ ਕਰ ਕੇ ਖ਼ੁਸ਼ ਨਾ ਹੋਵੇ ਜੇ ਉਸ ਦੇਸ ਦਾ ਰਾਜ-ਪਰਬੰਧ ਚਲ ਰਿਹਾ ਹੈ ਤਾਂ ਸਿਵਾਏ ਪਰਮਾਤਮਾ ਦੇ ਹੋਰ ਕੌਣ ਚਲਾ ਰਿਹਾ ਹੈ ?

ਇਸ ਦੇਸ ਵਿਚ ਕਰੋੜਾਂ ਐਸੇ ਆਦਮੀ ਹਨ ਜਿਨ੍ਹਾਂ ਨੂੰ ਦਿਨ ਵਿਚ ਇਕ ਵੇਲੇ ਭੀ ਢਿੱਡ ਭਰ ਕੇ ਰੋਟੀ ਨਹੀਂ ਨਸੀਬ ਹੁੰਦੀ, ਪਰ ਸਾਡੇ



Digitized by Panjab Digital Library | www.panjabdigilib.org

ਲੀਡਰ ਮਹੱਲਾਂ ਵਿਚ ਬੈਠੇ ਸਭ ਕਿਸਮ ਦੀਆਂ ਐਸ਼ਾਂ ਮਾਣਦੇ ਹਨ। ਪੁੱਤਰ ਧੀਆਂ ਉਨ੍ਹਾਂ ਦੇ ਬਦੇਸ਼ਾਂ ਵਿਚ ਵਿਦਿਆ ਪ੍ਰਾਪਤ ਕਰਦੇ ਹਨ। ਅਜ ਸ਼ੁਕਲਾ ਸਾਹਿਬ ਸੁਰਗਬਾਸ ਹੋਏ, ਤਿੰਨ ਕਰੋੜ ਰੁਪਿਆ ਪਿਛੇ ਛੱਡ ਗਏ। ਕੋਈ ਭੀ ਕਾਂਗਰਸੀ ਮਰੇ, ਲੱਖਾਂ ਰੁਪਏ ਉਹਦੇ ਨਿਕਲਣੇ ਤਾਂ ਕੋਈ ਗੱਲ ਨਹੀਂ। ਜਿਥੇ ਲੀਡਰ ਆਮ ਜਨਤਾ ਦੇ ਪੱਧਰ ਤੇ ਜੀਵਨ ਬਤੀਤ ਨਹੀਂ ਕਰਨਾ ਚਾਹੁੰਦੇ ਉਥੇ ਦੇਸ-ਪਿਆਰ ਤਾਂ ਐਵੇਂ ਧੋਖੇ ਦੀ ਟੱਟੀ ਹੀ ਹੈ।

ਇਸ ਦੇਸ ਨੇ ਜਿਹੜੇ ਵਿਰਲੇ ਸੱਚੇ ਲੀਡਰ ਪੈਦਾ ਕੀਤੇ ਉਨ੍ਹਾਂ ਵਿਚੋਂ ਇਕ ਮਾਸਟਰ ਤਾਰਾ ਸਿੰਘ ਜੀ ਸਨ। ਮਾਸਟਰ ਜੀ ਆਮ ਜਨਤਾ ਦੇ ਪਧਰ ਤੇ ਹੀ ਜੀਵਨ ਗੁਜ਼ਾਰਦੇ ਸਨ। ਸਾਦਾ ਖ਼ੁਰਾਕ, ਸਾਦਾ ਲਿਬਾਸ, ਸਾਦਾ ਸੁਭਾ, ਹਰ ਕਿਸੇ ਨੂੰ ਬਰਾਬਰ ਦਾ ਹੋ ਕੇ ਮਿਲਣਾ। ਕੋਈ ਮਾਇਆ ਨਹੀਂ ਜੋੜੀ, ਕੋਈ ਪੁੱਤਰ ਭਤੀਜੇ ਨਹੀਂ ਨੌਕਰ ਕਰਾਏ। ਸਾਰੀ ਸਿਖ ਕੌਮ ਹੀ ਉਸ ਦਾ ਪਰਵਾਰ ਸੀ।

ਤਾਕਤ ਦੀ ਕੁਰਸੀ ਤੇ ਬੈਠਦਿਆਂ ਹੀ ਪੰਡਤ ਨਹਿਰੂ ਅਤੇ ਸਰਦਾਰ ਪਟੇਲ ਨੇ ਮੁਗ਼ਲ ਬਾਦਸ਼ਾਹਾਂ ਦੇ ਲੜਕਿਆਂ ਵਾਂਗੂੰ ਆਪੋ ਵਿਚ ਖਹਿਬੜਨਾ ਸ਼ੁਰੂ ਕਰ ਦਿੱਤਾ। ਸਰਦਾਰ ਪਟੇਲ ਦੇ ਪੰਡਤ ਨਹਿਰੂ ਬਾਬਤ ਦੋ ਫ਼ਿਕਰੇ ਉਨ੍ਹੀਂ ਦਿਨੀਂ ਖ਼ੂਬ ਗਸ਼ਤ ਲਾਉਂਦੇ ਹੁੰਦੇ ਸਨ। ਪਹਿਲਾ ਇਹ ਕਿ ਪੰਡਤ ਨਹਿਰੂ ੯੫ ਫ਼ੀ ਸਦੀ ਅੰਗਰੇਜ਼ ਅਤੇ ੫ ਫ਼ੀ ਸਦੀ ਮੁਸਲਮਾਨ ਹੈ। ਦੂਜਾ ਇਹ ਕਿ ਹਿੰਦੁਸਤਾਨ ਵਿਚ ਇਕੋ ਹੀ ਨੈਸ਼ਨਲਿਸਟ ਮੁਸਲਮਾਨ ਹੈ ਤੇ ਉਹ ਪੰਡਤ ਨਹਿਰੂ ਹੈ। ਮਹਾਤਮਾ ਗਾਂਧੀ ਦੇ ਜੀਊਂਦਿਆਂ ਤਾਂ ਇਹ ਆਪੋ ਵਿਚ ਲੜ ਨਹੀਂ ਸਨ ਸਕਦੇ। ਮਹਾਤਮਾ ਜੀ ਦੇ ਸ਼ਹੀਦ ਹੋਣ ਪਿੱਛੋਂ ਡਾਕਟਰ ਰਾਜਿੰਦਰ ਪ੍ਰਸ਼ਾਦ ਨੇ ਠਲ੍ਹ ਪਾਈ ਰੱਖੀ। ਹਿੰਦੂ ਤਕਰੀਬਨ ਸਾਰੇ ਹੀ ਮਹਾਤਮਾ ਜੀ ਦੇ ਪਿੱਛੋਂ ਪਟੇਲ ਨਾਲ ਹੋ ਗਏ, ਪਰ ਪਟੇਲ ਜਵਾਹਰ ਲਾਲ ਨੂੰ ਹਟਾ ਕੇ ਰਾਜਿੰਦਰ ਪ੍ਰਸ਼ਾਦ ਨੂੰ ਵੱਡਾ ਵਜ਼ੀਰ ਬਣਾਉਣਾ ਚਾਹੁੰਦਾ ਸੀ। ਰਾਜਿੰਦਰ ਪ੍ਰਸ਼ਾਦ ਇਸ ਫੁਟ ਪਾਣ ਦੇ ਵਿਰੁੱਧ ਅੜਿਆ ਰਿਹਾ। ਪਟੇਲ ਫ਼ਿਰਕੂ



Digitized by Panjab Digital Library | www.panjabdigilib.org

ਜ਼ਹਿਨੀਅਤ ਦਾ ਆਦਮੀ ਸੀ ਅਤੇ ਮੁਲਕ ਨੂੰ ਹਿੰਦੂ ਰਾਸ਼ਟਰ ਹੀ ਬਣਾਣਾ ਚਾਹੁੰਦਾ ਸੀ। ਉਹ ਮੁਸਲਮਾਨਾਂ, ਸਿੱਖਾਂ, ਸਭ ਦੇ ਖ਼ਿਲਾਫ਼ ਹੀ ਰਹਿੰਦਾ ਸੀ। ਬੜਾ ਜ਼ਬਰਦਸਤ ਆਦਮੀ ਸੀ ਅਤੇ ਉਸ ਦੀ ਬੜੀ ਦਹਿਸ਼ਤ ਸੀ।

ਪੰਜਾਬ ਦੇ ਹਿੰਦੂਆਂ ਨੇ 'ਹਿੰਦੂ, ਹਿੰਦੀ, ਹਿੰਦੁਸਤਾਨ' ਦਾ ਨਾਹਰਾ ਬਲੰਦ ਕੀਤਾ। ਸਿੱਖ ਲਗ ਪਗ ਸਾਰੇ ਹੀ ਪੰਜਾਬ ਦੀ ਬੋਲੀ ਪੰਜਾਬੀ ਹੀ ਚਾਹੁੰਦੇ ਸਨ। ਸੱਚਰ-ਗਿਆਨੀ ਫ਼ਾਰਮੂਲਾ ਬਣਿਆ, ਪਰ ਹਿੰਦੂ ਉਸ ਨੂੰ ਮੰਨਦੇ ਨਹੀਂ ਸਨ। ਕਾਂਗਰਸ ਅਤੇ ਅਕਾਲੀਆਂ ਦੇ ਜੁੱਟ ਵਿਚ ਤ੍ਰੇੜਾਂ ਪੈਣੀਆਂ ਸ਼ੁਰੂ ਹੋਈਆਂ।

ਸਰਦਾਰ ਪਟੇਲ ਨੇ ਉਪਰੋਂ ਇਹ ਫ਼ੈਸਲਾ ਕਰ ਦਿੱਤਾ ਕਿ ਚੋਣ ਵਿਚ ਜੋ ਰਿਆਇਤਾਂ ਅਛੂਤਾਂ ਨੂੰ ਦਿੱਤੀਆਂ ਗਈਆਂ ਹਨ ਉਹ ਕੇਵਲ ਹਿੰਦੂ ਅਛੂਤਾਂ ਨੂੰ ਹੀ ਮਿਲਣਗੀਆਂ, ਸਿੱਖ ਅਛੂਤਾਂ ਨੂੰ ਨਹੀਂ ਮਿਲ ਸਕਦੀਆਂ। ਨਵੀਆਂ ਚੋਣਾਂ ਨੇੜੇ ਆ ਰਹੀਆਂ ਸਨ। ਚੋਣਾਂ ਨਵੀਂ ਰਾਜ-ਬਣਤਰ ਦੇ ਆਧਾਰ ਤੇ ਸਾਂਝੀਆਂ ਹੋਣੀਆਂ ਸਨ। ਸਿੱਖਾਂ ਲਈ ਵੱਖਰੀਆਂ ਚੋਣਾਂ ਦਾ ਸਿਲਸਿਲਾ ਖ਼ਤਮ ਹੋ ਚੁਕਾ ਸੀ।

ਸੈਂਟਰ ਵਿਚ ਹਿੰਦੂਆਂ ਦਾ ਜ਼ੋਰ, ਪੰਜਾਬ ਵਿਚ ਵੱਡਾ ਵਜ਼ੀਰ ਹਿੰਦੂ, ਵੱਡੇ ਸਰਕਾਰੀ ਹਾਕਮ ਬਹੁਤ ਸਾਰੇ ਹਿੰਦੂ, ਯੂਨੀਵਰਸਿਟੀ ਵਿਚ ਹਿੰਦੂਆਂ ਦਾ ਜ਼ੋਰ, ਅਖ਼ਬਾਰਾਂ ਸਾਰੀਆਂ ਹੀ ਹਿੰਦੂਆਂ ਦੇ ਹੱਥ। ਸ੍ਰੀ ਰਾਮ ਲਾਲ ਜੀ ਪੰਜਾਬ ਦੀ ਹਾਈਕੋਰਟ ਦੇ ਚੀਫ਼ ਜਸਟਿਸ ਸਨ। ਉਨ੍ਹਾਂ ਨੇ ਕੁਝ ਸਾਥੀ ਜੱਜਾਂ ਦੇ ਸਾਹਮਣੇ ਹਾਸੇ ਨਾਲ ਆਖਿਆ ਕਿ ਹੁਣ ਨਾਈਆਂ ਦਾ ਪੇਸ਼ਾ ਬੜਾ ਤਰੱਕੀ ਕਰੇਗਾ। ਇਹ ਆਮ ਹਿੰਦੂਆਂ ਦੀ ਜ਼ਹਿਨੀਅਤ ਸੀ ਕਿ ਸਿੱਖਾਂ ਨੂੰ ਤਾਂ ਅੰਗਰੇਜ਼ਾਂ ਨੇ ਤੁਲ ਦੇ ਕੇ ਖੜਾ ਕੀਤਾ ਹੋਇਆ ਸੀ, ਹੁਣ ਇਹ ਆਪੇ ਖ਼ਤਮ ਹੋ ਜਾਣਗੇ। ਕਿੰਨੇ ਸਾਰੇ ਵੱਡੇ ਸਿੱਖ ਫ਼ੌਜੀ ਅਫ਼ਸਰਾਂ ਨੇ ਆਪਣੇ ਕੇਸ ਕਤਲ ਕਰਾ ਦਿੱਤੇ। ਹੋਰਨਾਂ ਨੇ ਆਪਣੇ ਬੱਚਿਆਂ ਦੇ ਸਿਰ ਮੁਨਾਣੇ ਸ਼ੁਰੂ ਕਰ ਦਿੱਤੇ। ਫ਼ੌਜੀ ਭਰਤੀ ਬਾਣੀਆਂ, ਗੁਜਰਾਤੀਆਂ ਅਤੇ ਮਦਰਾਸੀਆਂ ਲਈ ਖੁਲ੍ਹ ਗਈ।



Digitized by Panjab Digital Library | www.panjabdigilib.org

ਮਾਸਟਰ ਤਾਰਾ ਸਿੰਘ ਦੇ ਨਾਲ ਜੋ ਅਕਾਲੀ ਗੰਢੇ ਹੋਏ ਸਨ, ਉਹ ਨਾ ਤਾਂ ਮਾਸਟਰ ਜੀ ਦੇ ਪੁਜਾਰੀ ਸਨ ਅਤੇ ਨਾ ਹੀ ਉਹ ਮਾਸਟਰ ਤਾਰਾ ਸਿੰਘ ਵਾਂਗੂੰ ਸਿੱਖੀ ਦੇ ਆਸ਼ਕ ਸਨ। ਉਹ ਤਾਂ ਤਾਕਤ ਦੇ ਪੁਜਾਰੀ ਸਨ। ਇਉਂ ਜਾਪਦਾ ਸੀ ਕਿ ਤਾਕਤ ਕਾਂਗਰਸ ਪਾਸ ਚਲੀ ਗਈ ਹੈ। ਅਕਾਲੀ ਪਾਟ ਗਏ। ਬਹੁਤ ਸਾਰੇ ਵੱਖਰਾ ਧੜਾ ਬਣਾ ਕੇ ਕਾਂਗਰਸ ਨਾਲ ਜਾ ਰਲੇ।

ਸੈਂਟਰ ਵਿਚ ਅਤੇ ਪੰਜਾਬ ਵਿਚ ਹਰ ਥਾਂ ਸਿੱਖ-ਮੁਲਾਜ਼ਮਾਂ ਨਾਲ ਬਰਾਬਰੀ ਦਾ ਸਲੂਕ ਨਹੀਂ ਸੀ ਹੋ ਰਿਹਾ।

ਮਾਸਟਰ ਤਾਰਾ ਸਿੰਘ ਵਿਚ ਇਹ ਗੁਣ ਸੀ ਕਿ ਉਹ ਬਿਪਤਾ ਅਤੇ ਲੜਾਈ ਵੇਲੇ ਚਮਕਦਾ ਸੀ। ਸਾਰਾ ਜੱਥੇਦਾਰ-ਗਰੁੱਪ ਉਸ ਨਾਲੋਂ ਟੁਟ ਕੇ ਕਾਂਗਰਸ ਨਾਲ ਜਾ ਰਲਿਆ ਸੀ। ਗਿਆਨੀ ਕਰਤਾਰ ਸਿੰਘ ਜ਼ਰੂਰ ਨਾਲ ਰਿਹਾ। ਬਾਕੀ ਤਿੰਨ ਹੋਰ ਮਿੱਤਰ ਸਨ ਜਿਨ੍ਹਾਂ ਮਰਨ ਤਕ ਮਾਸਟਰ ਜੀ ਨੂੰ ਨਹੀਂ ਛੱਡਿਆ। ਉਹ ਸਨ ਸ: ਬਖ਼ਸ਼ੀਸ਼ ਸਿੰਘ, ਸ: ਬਲਦੇਵ ਸਿੰਘ ਅਤੇ ਮਲਕ ਮੁਖਬੈਨ ਸਿੰਘ। ਹੋਰ ਕਈ ਨੌਜਵਾਨ ਨਵੇਂ ਆਣ ਰਲੇ, ਪਰ ਤਕਰੀਬਨ ਸਾਰੇ ਹੀ ਖ਼ੁਦਗ਼ਰਜ਼ੀ ਦੇ ਭਾਵ ਨਾਲ ਹੀ ਅੱਗੇ ਆਏ। ਇਹੋ ਜਿਹੀ ਕਮਜ਼ੋਰ ਪੁਜ਼ੀਸ਼ਨ ਵਿਚ ਜੇ ਕੋਈ ਹੋਰ ਹੁੰਦਾ ਤਾਂ ਸ਼ਾਇਦ ਡੋਲ ਜਾਂਦਾ, ਪਰ ਮਾਸਟਰ ਤਾਰਾ ਸਿੰਘ ਦੇ ਘਬਰਾਹਟ ਨੇੜੇ ਨਾ ਆਈ।

ਸਰਦਾਰ ਪਟੇਲ ਨੇ ਸਿੱਖਾਂ ਦੇ ਖ਼ਿਲਾਫ਼ ਪਹਿਲਾ ਧੱਕਾ ਇਹ ਕੀਤਾ ਕਿ ਸਿੱਖਾਂ ਵਾਸਤੇ ਦਿੱਲੀ ਵਿਚ ਵੱਡੀ ਕਿਰਪਾਨ ਹੱਥ ਵਿਚ ਲੈ ਕੇ ਤੁਰਨ ਫਿਰਨ ਦੀ ਮਨਾਹੀ ਕਰ ਦਿੱਤੀ। ਇਸ ਸਬੰਧ ਵਿਚ ਕੁਝ ਸਿਖ ਗ੍ਰਿਫ਼ਤਾਰ ਵੀ ਕੀਤੇ ਗਏ। ਕਿਰਪਾਨ ਸਿੱਖਾਂ ਦਾ ਧਾਰਮਕ ਚਿੰਨ੍ਹ ਹੈ। ਇਥੋਂ ਤਕ ਕਿ ਅੰਗਰੇਜ਼ਾਂ ਨੇ ਵੀ ਇਸ ਨੂੰ ਹਥਿਆਰਾਂ ਦੇ ਕਾਨੂੰਨ ਤੋਂ ਮੁਕਤ ਕੀਤਾ ਹੋਇਆ ਸੀ। ਪਰ ਕੌਮੀ ਸਰਕਾਰ ਨੇ, ਜਿਸ ਦੀ ਪ੍ਰਾਪਤੀ ਲਈ ਸਿੱਖਾਂ ਨੇ ਐਨੀਆਂ ਕੁਰਬਾਨੀਆਂ ਕੀਤੀਆਂ ਸਨ, ਹੋਂਦ ਵਿਚ ਆਂਦਿਆਂ ਹੀ ਕਿਰਪਾਨ ਤੇ ਪਾਬੰਦੀ ਲਾ ਦਿੱਤੀ।



Digitized by Panjab Digital Library | www.panjabdigilib.org

ਪਟੇਲ ਨੂੰ ਆਪਣੇ ਰੁਹਬ ਦਾ ਮਾਣ ਸੀ। ਸਿੱਖ ਭਾਵੇਂ ਚੁਪ ਸਨ, ਪਰ ਉਨ੍ਹਾਂ ਦੇ ਦਿਲਾਂ ਵਿਚ ਕਿਰਪਾਨ ਲਈ ਡੂੰਘਾ ਜਜ਼ਬਾ ਸੀ। ਇਸ ਮਾਮਲੇ ਉਤੇ ਮਾਸਟਰ ਤਾਰਾ ਸਿੰਘ ਝਟ ਡਟ ਗਿਆ । ਪਾਰਲੀਮੈਂਟ ਦੇ ਸਿੱਖ ਮੈਂਬਰਾਂ ਨੂੰ ਅਕਾਲੀ ਦਲ ਵਲੋਂ ਆਦੇਸ਼ ਮਿਲਿਆ ਕਿ ਉਹ ਵੱਡੀ ਕਿਰਪਾਨ ਹੱਥ ਵਿਚ ਲੈ ਕੇ ਪਾਰਲੀਮੈਂਟ ਦੇ ਸੈਸ਼ਨ ਵਿਚ ਜਾਇਆ ਕਰਨ। ਸਰਕਾਰ ਆਪਣੀ ਕਮਜ਼ੋਰ ਪੁਜ਼ੀਸ਼ਨ ਨੂੰ ਭਾਂਪ ਗਈ ਅਤੇ ਬਹੁਤ ਛੇਤੀ ਹੀ ਕਿਰਪਾਨ-ਧਾਰੀ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਬੰਦ ਹੋ ਗਈਆਂ।

ਕਿਰਪਾਨ ਦਾ ਮਾਮਲਾ ਤਾਂ ਖ਼ਤਮ ਹੋਇਆ, ਪਰ ਇਸ ਦੇ ਦੋ ਤਿੰਨ ਅਸਰ ਪਏ: ਪਹਿਲਾ ਇਹ ਕਿ ਸਿੱਖਾਂ ਵਿਚ ਕੁਝ ਜਾਨ ਪਈ ਅਤੇ ਮਾਸਟਰ ਤਾਰਾ ਸਿੰਘ ਤੇ ਭਰੋਸਾ ਹੋਰ ਭੀ ਵਧ ਗਿਆ। ਦੂਜਾ ਇਹ ਕਿ ਸਰਦਾਰ ਪਟੇਲ ਅਤੇ ਮਾਸਟਰ ਤਾਰਾ ਸਿੰਘ ਦਾ ਆਪੋ ਵਿਚ ਵਿਰੋਧ ਵਧ ਗਿਆ ਅਤੇ ਤੀਜਾ ਇਹ ਕਿ ਮਾਸਟਰ ਤਾਰਾ ਸਿੰਘ ਦੇ ਦਿਲ ਨੇ ਚੋਭ ਖਾਧੀ ਤੇ ਉਸ ਦੇ ਖ਼ਿਆਲਾਂ ਵਿਚ ਬੜਾ ਭਾਰੀ ਪਲਟਾ ਆਇਆ। ਪਹਿਲਾਂ ਭੀ ਉਨ੍ਹਾਂ ਨੂੰ ਕਦੇ ਕਦੇ ਸਿੱਖ ਰਾਜ ਦੇ ਸੁਪਨੇ ਆਉਂਦੇ ਹੁੰਦੇ ਸਨ, ਪਰ ਇਸ ਦੇ ਪਿਛੋਂ ਤਾਂ ਉਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਕਿ ਰਾਜਸੀ ਤਾਕਤ ਬਿਨਾਂ ਸਿੱਖ ਜ਼ਿੰਦਾ ਨਹੀਂ ਰਹਿ ਸਕਦੇ। ਅਤੇ ਇਹ ਵਿਸ਼ਵਾਸ ਮਰਨ ਤਕ ਉਨ੍ਹਾਂ ਦੇ ਮਨ ਵਿਚੋਂ ਨਿਕਲਿਆ ਨਹੀਂ। ਉਨ੍ਹਾਂ ਨੇ ਇਹ ਨਾਹਰਾ ਸ਼ੁਰੂ ਕਰ ਦਿੱਤਾ। ਲਿਖਣਾ ਭੀ ਅਤੇ ਬੋਲਣਾ ਭੀ ਬਿਲਕੁਲ ਨਿਧੜਕ ਹੋ ਕੇ। ਪਹਿਲੀ ਮੰਗ ਪੰਜਾਬੀ ਸੂਬੇ ਦੀ ਕੀਤੀ, ਜਿਸ ਦੀ ਬੋਲੀ ਪੰਜਾਬੀ ਹੋਵੇ। ਪੰਜਾਬੀ ਭੀ ਉਸੇ ਤਰ੍ਹਾਂ ਜਿਸ ਤਰ੍ਹਾਂ ਬੰਗਾਲ ਦੀ ਬੰਗਾਲੀ ਹੈ, ਅਤੇ ਇਸ ਸੂਬੇ ਵਿਚ ਸਿੱਖਾਂ ਦੀ ਬਹੁ-ਗਿਣਤੀ ਹੋਵੇ, ਕਿਉਂਕਿ ਸਿੱਖਾਂ ਦੀ ਬਹੁ-ਗਿਣਤੀ ਬਿਨਾਂ ਪੰਜਾਬੀ ਸੁਰੱਖਿਅਤ ਨਹੀਂ ਹੋ ਸਕਦੀ। ਦੂਜੀ ਮੰਗ ਇਹ ਸ਼ੁਰੂ ਕੀਤੀ ਕਿ ਸਿੱਖ-ਅਛੂਤਾਂ ਨੂੰ ਭੀ ਚੋਣ ਵਿਚ ਉਹ ਰਿਆਇਤਾਂ ਪ੍ਰਾਪਤ ਹੋਣ ਜਿਹੜੀਆਂ ਹਿੰਦੂ-ਅਛੂਤਾਂ ਨੂੰ ਮਿਲੀਆਂ ਹੋਈਆਂ ਹਨ। ਤੀਜੀ ਇਹ ਕਿ ਸਰਕਾਰੀ



Digitized by Panjab Digital Library | www.panjabdigilib.org

ਨੌਕਰੀ ਵਿਚ ਸਿੱਖਾਂ ਨਾਲ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ। ਚੌਥੀ ਇਹ ਕਿ ਪੰਜਾਬ ਸਰਕਾਰ ਗੁਰਦੁਆਰਿਆਂ ਦੇ ਮਾਮਲੇ ਵਿਚ ਕਿਸੇ ਕਿਸਮ ਦਾ ਸਿੱਧਾ ਜਾਂ ਵਿੰਗਾ ਦਖ਼ਲ ਨਾ ਦਏ।

ਦੇਸ ਦੀ ਵੰਡ ਵੇਲੇ ਪੰਡਤ ਨਹਿਰੂ ਅਤੇ ਸਰਦਾਰ ਪਟੇਲ ਅਕਾਲੀਆਂ ਦੇ ਬੜੇ ਮਿੱਤਰ ਅਤੇ ਦਰਦੀ ਬਣੇ ਹੋਏ ਸਨ। ਜਿਸ ਵੇਲੇ ਤਾਕਤ ਹੱਥ ਆਈ ਤਾਂ ਦੋਹਾਂ ਦੀਆਂ ਅੱਖਾਂ ਫਿਰ ਗਈਆਂ। ਸਰਦਾਰ ਪਟੇਲ ਤਾਂ ਦਿਲੋਂ ਹਿੰਦੂ-ਰਾਸ਼ਟਰ ਹੀ ਬਣਾਨਾ ਚਾਹੁੰਦਾ ਸੀ, ਪੰਡਤ ਨਹਿਰੂ ਬਿਲਕੁਲ ਧਰਮ ਨਿਰਪੇਖਸ਼ ਸੀ, ਪਰ ਉਸ ਦੇ ਦਿਲ ਵਿਚ ਇਕ ਗੰਢ ਬਝ ਗਈ ਸੀ। ਸਿੱਖ ਲੜਨ-ਭਿੜਨ ਵਿਚ ਖ਼ੂਬ ਤਕੜੇ ਹਨ ਅਤੇ ਜਿਸ ਗੱਲ ਤੇ ਡਟ ਜਾਣ ਉਸ ਨੂੰ ਛਡਦੇ ਭੀ ਨਹੀਂ। ਮਾਸਟਰ ਤਾਰਾ ਸਿੰਘ ਦਾ ਖ਼ਿਆਲ ਸੀ ਕਿ ਵੰਡ ਤੋਂ ਕੁਝ ਚਿਰ ਪਿੱਛੋਂ ਬਖ਼ਸ਼ੀ ਟੇਕ ਚੰਦ ਅਤੇ ਜਸਟਿਸ ਮਹਾਜਨ ਪੰਡਤ ਨਹਿਰੂ ਨੂੰ ਮਿਲੇ। ਦੋਵੇਂ ਬੜੇ ਲਾਇਕ ਆਦਮੀ ਸਨ। ਉਨ੍ਹਾਂ ਪੰਡਤ ਨਹਿਰੂ ਦੇ ਮਨ ਵਿਚ ਇਹ ਖ਼ਿਆਲ ਦ੍ਰਿੜ੍ਹ ਕਰਾ ਦਿਤਾ ਕਿ ਸਿੱਖਾਂ ਤੇ ਪੂਰਾ ਇਤਬਾਰ ਨਹੀਂ ਕੀਤਾ ਜਾ ਸਕਦਾ ਅਤੇ ਸਰਹੱਦ ਤੇ ਇਨ੍ਹਾਂ ਦਾ ਪੰਜਾਬੀ ਸੂਬਾ ਬਣ ਜਾਣਾ ਦੇਸ ਲਈ ਹਮੇਸ਼ਾ ਇਕ ਖ਼ਤਰਾ ਬਣਿਆ ਰਹੇਗਾ। ਇਸੇ ਲਈ ਜਿੰਨਾ ਚਿਰ ਪੰਡਤ ਨਹਿਰੂ ਜੀਉਂਦਾ ਰਿਹਾ ਉੱਨਾ ਚਿਰ ਪੰਜਾਬੀ ਸੂਬੇ ਦਾ ਨਾਂ ਸੁਣ ਕੇ ਉਸ ਨੂੰ ਚਿੜ ਚੜ੍ਹ ਜਾਂਦੀ ਸੀ। ਸੱਚਰ ਸਾਹਿਬ ਨੂੰ ਚੀਫ਼ ਮਨਿਸਟਰੀ ਤੋਂ ਹਟਾ ਕੇ ਪ੍ਰਤਾਪ ਸਿੰਘ ਕੈਰੋਂ ਨੂੰ ਚੀਫ਼ ਮਨਿਸਟਰ ਬਣਾਉਣਾ, ਫੇਰ ਉਸ ਦੀਆਂ ਗ਼ਲਤੀਆਂ ਅਤੇ ਊਣਤਾਈਆਂ ਤੇ ਪੜਦਾ ਪਾਉਣਾ ਇਹ ਸਭ ਕੁਝ ਪੰਡਤ ਨਹਿਰੂ ਇਸ ਲਈ ਕਰਦਾ ਸੀ ਕਿ ਸਿੱਖ ਨਾਲ ਸਿੱਖ ਹੀ ਲੜ ਸਕਦਾ ਹੈ ਅਤੇ ਇਸ ਤੋਂ ਬਿਨਾਂ ਮਾਸਟਰ ਤਾਰਾ ਸਿੰਘ ਦੀ ਪੰਜਾਬੀ ਸੂਬੇ ਦੀ ਮੰਗ ਨੂੰ ਠੁਕਰਾਈ ਜਾਣਾ ਅਸੰਭਵ ਜਿਹੀ ਗੱਲ ਹੋਵੇਗੀ।

ਪਟੇਲ ਦੇ ਜੀਊਂਦਿਆਂ ਕੁਝ ਚਿਰ ਲਈ ਐਸਾ ਵਾਯੂ-ਮੰਡਲ ਬਣ ਗਿਆ ਜਿਸ ਵਿਚ ਸਿੱਖ ਆਪਣੇ ਆਪ ਨੂੰ ਬਹੁਤ ਦੁਖੀ ਮਹਿਸੂਸ



Digitized by Panjab Digital Library | www.panjabdigilib.org

ਕਤਦੇ ਸਨ ਅਤੇ ਸਰਕਾਰੀ ਨੌਕਰ-ਸਿੱਖ ਤਾਂ ਸੌ ਫ਼ੀ ਸਦੀ ਮਾਸਟਰ ਤਾਰਾ ਸਿੰਘ ਦੇ ਹਮਾਇਤੀ ਬਣ ਗਏ। ਮਾਸਟਰ ਤਾਰਾ ਸਿੰਘ ਨੂੰ ਦਬਾਣ ਅਤੇ ਖ਼ਤਮ ਕਰਨ ਦੇ ਯਤਨ ਸ਼ੁਰੂ ਹੋਏ। ਜੋ ਕੁਝ ਅੰਗਰੇਜ਼ ਕਾਂਗਰਸ ਨਾਲ ਕਰਦੇ ਸਨ ਉਹੋ ਕੁਝ ਕਾਂਗਰਸ ਨੇ ਹਕੂਮਤ ਹੱਥ ਵਿਚ ਲੈ ਕੇ ਮਾਸਟਰ ਤਾਰਾ ਸਿੰਘ ਨਾਲ ਕਰਨਾ ਸ਼ੁਰੂ ਕੀਤਾ। ਹੋਰ ਮਾਸਟਰ ਜੀ ਦਾ ਉਹ ਕੀ ਵਿਗਾੜ ਸਕਦੇ ਸਨ, ਕੋਈ ਜ਼ਮੀਨ ਜਾਇਦਾਦ ਤਾਂ ਹੈ ਨਹੀਂ ਸੀ ਜਿਹੜੀ ਜ਼ਬਤ ਕਰ ਲੈਂਦੇ, ਕੋਈ ਪੁੱਤਰ ਸਰਕਾਰੀ ਨੌਕਰ ਹੈ ਨਹੀਂ ਸਨ ਜਿਨ੍ਹਾਂ ਨੂੰ ਹਟਾ ਦੇਂਦੇ, ਕੈਦ ਹੀ ਕੈਦ ਕਰ ਸਕਦੇ ਸਨ ਅਤੇ ਜੇਲ੍ਹ ਵਿਚ ਮਾਸਟਰ ਤਾਰਾ ਸਿੰਘ ਬਾਹਰ ਨਾਲੋਂ ਕੋਈ ਘਟ ਸੁਖੀ ਨਹੀਂ ਸੀ ਰਹਿੰਦਾ। ਫੇਰ ਕੁਦਰਤ ਦਾ ਕਾਨੂੰਨ ਹੈ ਕਿ ਜੋ ਆਦਮੀ ਆਪਣੇ ਆਦਰਸ਼ ਤੇ ਡਟਿਆ ਰਹਿੰਦਾ ਹੈ ਅਤੇ ਕੈਦਾਂ ਕਟਣ ਨੂੰ ਤਿਆਰ ਰਹਿੰਦਾ ਹੈ ਉਸ ਲਈ ਜਨਤਾ ਦੀ ਹਮਦਰਦੀ ਵਧਦੀ ਜਾਂਦੀ ਹੈ। ਇਹ ਤਾਂ ਸਭ ਨੂੰ ਵਿਸ਼ਵਾਸ ਹੀ ਸੀ ਕਿ ਮਾਸਟਰ ਤਾਰਾ ਸਿੰਘ ਆਪਣੇ ਵਲੋਂ ਸਿੱਖਾਂ ਅਤੇ ਸਿੱਖ ਹੱਕਾਂ ਲਈ ਹੀ ਲੜਦਾ ਹੈ। ਪਟੇਲ ਤਾਂ ਕੈਦ ਕਰਦਾ ਕਰਦਾ ਹੀ ਚਲ ਵਸਿਆ। ਫੇਰ ਨਹਿਰੂ ਦੀ ਵਾਰੀ ਆਈ, ਉਹ ਵੀ ਕੈਦ ਕਰ ਕਰ ਕੇ ਹੁੱਟ ਗਿਆ।

੧੯੪੮ ਵਿਚ ਹੀ ਅਕਾਲੀਆਂ ਦੇ ਦੋ ਧੜੇ ਬਣ ਗਏ ਸਨ। ਬਹੁ-ਸੰਮਤੀ ਕਾਂਗਰਸੀ ਧੜੇ ਦੀ ਸੀ। ਮਾਸਟਰ ਤਾਰਾ ਸਿੰਘ ਆਪਣੇ ਖ਼ਿਆਲਾਂ ਅਤੇ ਆਪਣੀ ਜ਼ਿਦ ਤੇ ਦ੍ਰਿੜ੍ਹ ਸੀ ਅਤੇ ਆਮ ਸਿੱਖ ਜਨਤਾ ਉਸ ਦੇ ਪਿਛੇ ਸੀ। ਕੌਂਸਲ ਦੇ ਸਾਰੇ ਅਕਾਲੀ ਮੈਂਬਰ ਕਾਂਗਰਸ ਵਿਚ ਸ਼ਾਮਲ ਹੋ ਗਏ।

ਮਾਸਟਰ ਤਾਰਾ ਸਿੰਘ ਨੇ ਪਹਿਲੀ ਅਕਾਲੀ ਕਾਨਫ਼ਰੰਸ ੨੬ ਜੂਨ ੧੯੪੮ ਨੂੰ ਪਟਿਆਲੇ ਵਿਚ ਕੀਤੀ। ਆਪਣੇ ਪ੍ਰਧਾਨਗੀ ਐਡਰੈਸ ਵਿਚ ਉਹ ਕਹਿੰਦੇ ਹਨ, "ਬੇਸ਼ਕ ਪੰਚੈਤੀ ਰਾਜ ਸਾਂਝਾ ਰਾਜ ਕਿਹਾ ਜਾ ਰਿਹਾ ਹੈ, ਪਰ ਇੱਥੇ ਫ਼ਿਰਕਾਦਾਰਾਨਾ ਜਜ਼ਬਾਤ ਇਤਨੇ ਡੂੰਘੇ ਹਨ ਕਿ ਇਹ ਭੀ ਇੱਕ ਧੋਖੇ ਦੀ ਟੱਟੀ ਹੀ ਸਾਬਤ



Digitized by Panjab Digital Library | www.panjabdigilib.org

ਹੋਵੇਗੀ। ਇਸ ਵੇਲੇ ਪੰਜਾਬੀ ਬੋਲੀ ਬੋਲਣ ਵਾਲਿਆਂ ਦਾ ਇਕ ਸੂਬਾ ਬਣਨ ਦੀ ਵਿਰੋਧਤਾ ਭੀ ਇਸੇ ਕਰਕੇ ਹੋ ਰਹੀ ਹੈ ਕਿਉਂਕਿ ਸਿੱਖਾਂ ਦੀ ਪੁਜ਼ੀਸ਼ਨ ਹੁਣ ਨਾਲੋਂ ਬਿਹਤਰ ਹੋ ਜਾਂਦੀ ਹੈ। ਹੋਰ ਥਾਂ ਇਸ ਅਸੂਲ ਉਤੇ ਚਲਣ ਦੀ ਵਿਰੋਧਤਾ ਨਹੀਂ ਹੋ ਰਹੀ। ਇੱਥੇ ਕੇਵਲ ਹਿੰਦੂ ਫ਼ਿਰਕੂਪੁਣੇ ਦੇ ਅਸਰ ਹੇਠਾਂ ਹੀ ਵਿਰੋਧਤਾ ਹੋ ਰਹੀ ਹੈ।"

ਉਸੇ ਐਡਰੈਸ ਵਿਚ ਫੇਰ ਕਹਿੰਦੇ ਹਨ, "ਅਜੇ ਸਿੱਖਾਂ ਨੇ ਪੂਰੀ ਤਰ੍ਹਾਂ ਅਨਭਵ ਨਹੀਂ ਕੀਤਾ ਕਿ ਕਾਂਗਰਸ ਵਿਚ ਹੁਣ ਸ਼ਾਮਲ ਹੋਣ ਦਾ ਭਾਵ ਆਪਣੀ ਹਸਤੀ ਗਵਾ ਕੇ ਬਹੁ-ਸੰਮਤੀ ਵਿਚ ਸ਼ਾਮਲ ਹੋਣਾ ਹੈ। ਅਗੇ ਤਾਂ ਜੋ ਸਿਖ ਕਾਂਗਰਸ ਵਿਚ ਸ਼ਾਮਲ ਹੁੰਦਾ ਸੀ ਉਸ ਲਈ ਜ਼ਰੂਰੀ ਨਹੀਂ ਸੀ ਕਿ ਉਹ ਆਪਣੀ ਪੰਥਕ ਹਸਤੀ ਤੋਂ ਇਨਕਾਰ ਕਰੇ। ਇਕ ਸਜਣ ਕਾਂਗਰਸ ਦਾ ਮੈਂਬਰ ਭੀ ਬਣ ਸਕਦਾ ਸੀ ਅਤੇ ਨਾਲ਼ ਉਹ ਸ਼੍ਰੋਮਣੀ ਅਕਾਲੀ ਦਲ ਅਥਵਾ ਕਿਸੇ ਹੋਰ ਪੰਥਕ ਪੁਲੀਟੀਕਲ ਜਮਾਤ ਦਾ ਮੈਂਬਰ ਭੀ। ਹੁਣ ਹਾਲਤ ਬਦਲ ਗਈ ਹੈ। ਕਾਂਗਰਸ ਨੇ ਫ਼ੈਸਲਾ ਕਰ ਦਿਤਾ ਹੈ ਕਿ ਕਾਂਗਰਸ ਦਾ ਕੋਈ ਮੈਂਬਰ ਕਿਸੇ ਹੋਰ ਪੁਲੀਟੀਕਲ ਜਮਾਤ (ਸ਼੍ਰੋਮਣੀ ਅਕਾਲੀ ਦਲ ਆਦਿਕ) ਵਿਚ ਸ਼ਾਮਲ ਨਹੀਂ ਹੋ ਸਕਦਾ। ਕਾਂਗਰਸ ਦੇ ਫ਼ੈਸਲੇ ਅਨੁਸਾਰ ਪੰਜਾਬ ਅਸੈਂਬਲੀ ਦੇ ਸਿਖ ਮੈਂਬਰ ਭੀ ਆਪਣੀ ਕੋਈ ਪਾਰਟੀ ਨਹੀਂ ਬਣਾ ਸਕਦੇ ਅਤੇ ਨਾ ਹੀ ਕਿਸੇ ਪੁਲੀਟੀਕਲ ਲੋੜ ਲਈ ਆਪਣੀ ਅਡਰੀ ਮੀਟਿੰਗ ਹੀ ਕਰ ਸਕਦੇ ਹਨ। ਇਸ ਵੇਲੇ ਗੁਰਮੁਖੀ ਨੂੰ ਪਿਛੇ ਪਾ ਕੇ ਹਿੰਦੀ ਨੂੰ ਅਗਾਂਹ ਵਧਾਉਣ ਦਾ ਜਤਨ ਹੋ ਰਿਹਾ ਹੈ। ਸਿਖ ਮੈਂਬਰ ਇਕੱਠੇ ਹੋ ਕੇ ਇਸ ਉਤੇ ਭੀ ਵਿਚਾਰ ਨਹੀਂ ਕਰ ਸਕਦੇ। ਅੱਜ ਸਰਕਾਰੀ ਨੌਕਰੀਆਂ ਵਿਚ ਜੋ ਧੱਕਾ ਸਿਖ ਮੁਲਾਜ਼ਮਾਂ ਨਾਲ ਹੋ ਰਿਹਾ ਹੈ ਉਸ ਸਬੰਧੀ ਅਸੈਂਬਲੀ ਵਿਚ ਕੋਈ ਸਵਾਲ ਪੁੱਛਣ ਵਾਲਾ ਸਿਖ ਮੈਂਬਰ ਭੀ ਨਹੀਂ ਲੱਭਦਾ, ਕਿਉਂਕਿ ਸਭ ਨੇ ਕਾਂਗਰਸ ਦਾ ਟਿਕਟ ਭਰ ਦਿੱਤਾ ਹੈ।"

ਇਸ ਲੰਬੇ ਐਡਰੈਸ ਵਿਚ ਅਗੇ ਜਾ ਕੇ ਕਹਿੰਦੇ ਹਨ, "ਮੈਂ



Digitized by Panjab Digital Library | www.panjabdigilib.org

ਸਿਖ ਹਿੰਦੂ ਏਕਤਾ ਦਾ ਸਖ਼ਤ ਹਾਮੀ ਹਾਂ...........ਪਰ ਸਿੱਖਾਂ ਦੀ ਆਜ਼ਾਦ ਹਸਤੀ ਕਾਇਮ ਰਖਣੀ ਜ਼ਰੂਰੀ ਹੈ। ਜੋ ਸਿਖ ਪੰਥ ਦੇ ਹੱਕ ਵਿਚ ਹੈ ਉਹ ਮੇਰਾ ਦੋਸਤ ਹੈ, ਜੋ ਸਿਖ ਪੰਥ ਦਾ ਵਿਰੋਧੀ ਹੈ ਉਹ ਮੇਰਾ ਵਿਰੋਧੀ ਹੈ। ਇਸ ਵੇਲੇ ਮੈਂ ਕਾਂਗਰਸ ਦੇ ਹੱਕ ਵਿਚ ਨਹੀਂ ਕਿਉਂਕਿ ਕਾਂਗਰਸ ਸਿਖ ਪੰਥ ਦਾ ਸ਼ੀਰਾਜ਼ਾ ਬਖੇਰ ਕੇ ਉਸ ਨੂੰ ਹਿੰਦੂ ਬਹੁ-ਸੰਮਤੀ ਦੇ ਸਾਮ੍ਹਣੇ ਬੇਹਾਲ ਕਰ ਕੇ ਸੁਟਣਾ ਚਾਹੁੰਦੀ ਹੈ।"

ਹਿੰਦੂਆਂ ਨੂੰ ਅਪੀਲ ਕਰਦੇ ਕਹਿੰਦੇ ਹਨ, "ਖ਼ਾਲਸਾ ਪੰਥ ਤਾਂ ਧਰਮ ਦੀ ਰਖਿਆ ਲਈ ਵਾਲੰਟੀਅਰ ਫ਼ੌਜ ਹੈ। ਹਿੰਦੂ ਭਰਾਵੋ, ਇਸ ਨੂੰ ਕਮਜ਼ੋਰ ਕਰਨਾ, ਜਾਂ ਬੇਇੱਜ਼ਤ ਕਰਨਾ, ਜਾਂ ਮੁਕਾਣ ਦਾ ਯਤਨ ਕਰਨਾ ਤੁਹਾਡੇ ਲਈ ਆਪਣੀ ਮੌਤ ਆਪ ਸਹੇੜਨਾ ਹੈ। ਤੁਹਾਡੀ ਜ਼ਿੰਦਗੀ ਤੁਹਾਡੀ ਰਖਿਆ-ਦਲ ਦੀ ਮਜ਼ਬੂਤੀ ਤੇ ਤਾਕਤ ਵਿਚ ਹੈ। ਕਾਂਗਰਸ ਦੀ ਫੋਕੀ ਕੌਮ-ਪ੍ਰਸਤੀ ਜਾਂ ਗ਼ਲਤ ਫ਼ਿਰਕਾਦਾਰੀ ਦੇ ਝਾਂਸੇ ਵਿਚ ਫਸ ਕੇ ਆਪਣੀ ਵਾਲੰਟੀਅਰ-ਫ਼ੌਜ ਨੂੰ ਮੁਕਾਣ ਦੇ ਸਾਧਨ ਨਾ ਬਣੋ। ਜਦ ਮੌਤ ਅਤੇ ਜ਼ਿੰਦਗੀ ਦਾ ਸਵਾਲ ਆਵੇ ਤਾਂ ਤੁਹਾਡਾ ਸਾਡਾ ਮਰਨ-ਜੀਵਨ ਸਾਂਝਾ ਹੈ। ਇਸ ਸਮੇਂ ਉਹੋ ਜਿਹਾ ਸਵਾਲ ਹੈ।"

ਮਾਸਟਰ ਤਾਰਾ ਸਿੰਘ ਚੰਗਾ ਘੁਲਾਟੀਆ ਸੀ। ਜਿੰਨਾ ਜ਼ੋਰ ਸਰਦਾਰ ਪਟੇਲ ਅਕਾਲੀ ਦਲ ਨੂੰ ਖ਼ਤਮ ਕਰਨ ਲਈ ਲਾਉਂਦਾ ਸੀ ਉਸ ਨਾਲੋਂ ਬਹੁਤਾ ਜ਼ਿਆਦਾ ਜ਼ੋਰ ਮਾਸਟਰ ਤਾਰਾ ਸਿੰਘ ਇਸ ਨੂੰ ਕਾਇਮ ਰਖਣ ਅਤੇ ਇਸ ਨੂੰ ਵਧੇਰੇ ਤਾਕਤਵਰ ਬਣਾਣ ਲਈ ਲਾਉਂਦਾ ਸੀ। ਪਟੇਲ ਪਾਸ ਸਰਕਾਰੀ ਤਾਕਤ ਸੀ। ਸਿੱਖਾਂ ਦੀ ਬਹੁ-ਗਿਣਤੀ ਨੂੰ ਭੀ ਉਸ ਨੇ ਆਪਣੇ ਨਾਲ ਰਲਾ ਲਿਆ ਸੀ, ਪਰ ਮਾਸਟਰ ਤਾਰਾ ਸਿੰਘ ਦੱਬਣ ਵਾਲਾ ਆਦਮੀ ਨਹੀਂ ਸੀ।

ਕਾਂਗਰਸੀਆਂ ਨੇ ਸ਼੍ਰੋਮਣੀ ਕਮੇਟੀ ਤੇ ਭੀ ਕਬਜ਼ਾ ਕਰ ਲਿਆ। ਮਾਸਟਰ ਤਾਰਾ ਸਿੰਘ ਫਿਰ ਵੀ ਡੋਲਿਆ ਨਹੀਂ ਅਤੇ ਉਹ ਆਪਣੀ ਧੁਨ ਵਿਚ ਪੱਕਾ ਰਿਹਾ।

੧੯੪੯ ਦੇ ਫ਼ਰਵਰੀ ਮਹੀਨੇ ਦਿੱਲੀ ਵਿਚ ਅਕਾਲੀ ਕਾਨਫ਼ਰੰਸ



Digitized by Panjab Digital Library | www.panjabdigilib.org

ਕਰਨ ਦਾ ਫ਼ੈਸਲਾ ਹੋਇਆ । ਪ੍ਰਧਾਨਗੀ ਮਾਸਟਰ ਤਾਰਾ ਸਿੰਘ ਨੇ ਹੀ ਕਰਨੀ ਸੀ। ਹੋਰ ਕਿਸੇ ਨੂੰ ਪਟੇਲ ਦੇ ਸਾਮ੍ਹਣੇ ਗਰਜ ਮਾਰਨ ਦੀ ਜੁਰਅਤ ਹੀ ਕਦ ਸੀ। ਜਦ ਮਾਸਟਰ ਤਾਰਾ ਸਿੰਘ ਅੰਮ੍ਰਿਤਸਰ ਤੋਂ ਇਸ ਕਾਨਫ਼ਰੰਸ ਲਈ ਦਿੱਲੀ ਜਾ ਰਹੇ ਸਨ ਤਾਂ ੨੧ ਫ਼ਰਵਰੀ ਨੂੰ ਸਰਦਾਰ ਪਟੇਲ ਨੇ ਉਨ੍ਹਾਂ ਨੂੰ ਨਰੇਲੇ ਗ੍ਰਿਫ਼ਤਾਰ ਕਰ ਲਿਆ ਅਤੇ ੧੮੧੮ ਦੇ ਕਾਨੂੰਨ ਅਧੀਨ ਸ਼ਾਹੀ ਕੈਦੀ ਬਣਾ ਕੇ ਅਲਮੋੜਾ ਜੇਲ੍ਹ ਵਿਚ ਕੈਦ ਕਰ ਦਿੱਤਾ। ਸਿੱਖ ਜਨਤਾ ਮਾਸਟਰ ਤਾਰਾ ਸਿੰਘ ਦੇ ਪਿੱਛੇ ਸੀ। ਇਸ ਸਮੇਂ ਅੰਮ੍ਰਿਤਸਰ ਵਿਚ ਦੋਵੇਂ ਵੇਲੇ ਸਵੇਰੇ ਸ੍ਰੀ ਅਕਾਲ ਤਖ਼ਤ ਦੇ ਦੀਵਾਨ ਦੇ ਪਿੱਛੋਂ ਅਤੇ ਸ਼ਾਮ ਨੂੰ ਮੰਜੀ ਸਾਹਿਬ ਦੇ ਦੀਵਾਨ ਦੇ ਪਿੱਛੋਂ ਮਾਸਟਰ ਤਾਰਾ ਸਿੰਘ ਦੀ ਚੰਗੀ ਸਿਹਤ ਅਤੇ ਲੰਬੀ ਜ਼ਿੰਦਗੀ ਲਈ ਅਰਦਾਸੇ ਹੋਣ ਲਗ ਪਏ। ਦੇਸ ਦੀ ਹਕੂਮਤ ਕਾਂਗਰਸੀਆਂ ਦੇ ਹੱਥ ਵਿਚ, ਦਰਬਾਰ ਸਾਹਿਬ ਦਾ ਪਰਬੰਧ ਕਾਂਗਰਸੀਆਂ ਦੇ ਹੱਥ, ਪਰ ਅਰਦਾਸੇ ਹੋਣ ਉਨ੍ਹਾਂ ਦੇ ਵਿਰੋਧੀ ਮਾਸਟਰ ਤਾਰਾ ਸਿੰਘ ਲਈ। ਇਹ ਕਾਂਗਰਸੀਆਂ ਲਈ ਬਰਦਾਸ਼ਤ ਕਰਨਾ ਕਠਨ ਸੀ। ਲੋਕੀ ਮੁੜਦੇ ਨਹੀਂ ਸਨ। ਆਖ਼ਰ ਦਰਬਾਰ ਸਾਹਿਬ ਦੇ ਪਰਬੰਧਕਾਂ ਨੇ ਕਾਫ਼ੀ ਤਗੜੇ ਗੁੰਡੇ ਬਾਹਰੋਂ ਮੰਗਵਾਏ ਅਤੇ ਉਨ੍ਹਾਂ ਪਾਸੋਂ ਦੀਵਾਨ ਵਿਚ ਵਿਘਨ ਪਵਾਣ ਦਾ ਯਤਨ ਕੀਤਾ ਗਿਆ। ਆਪੋ ਵਿਚ ਲੜਾਈ ਹੋਈ, ਪੁਲੀਸ ਆਈ ਤੇ ਡਿਸਟ੍ਰਿਕਟ ਮੈਜਿਸਟ੍ਰੇਟ ਆਇਆ। ਪਰ ਸਰਕਾਰੀ ਅਫ਼ਸਰਾਂ ਵੱਲੋਂ ਤਰਫ਼ਦਾਰੀ ਤਾਂ ਕਾਂਗਰਸੀ ਪਰਬੰਧਕਾਂ ਦੀ ਹੀ ਹੋਣੀ ਸੀ। ਲਾਠੀ-ਚਾਰਜ ਹੋਏ, ਅੱਥਰੂ-ਗੈਸ ਛੱਡੀ ਗਈ, ਇਕ ਗੋਲੀ ਭੀ ਚਲੀ। ਸਿੱਖਾਂ ਵਿਚ ਬੜਾ ਜੋਸ਼ ਫੈਲ ਗਿਆ। ਮਾਸਟਰ ਜੀ ਦੇ ਧੜੇ ਨੇ ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਅਤੇ ਸਰਦਾਰ ਭਾਗ ਸਿੰਘ ਐਡਵੋਕੇਟ ਦੀ ਕਮੇਟੀ ਬਣਾਈ, ਜੋ ਸਾਰੇ ਮਾਮਲੇ ਦੀ ਖੋਜ ਕਰ ਕੇ ਰੀਪੋਰਟ ਸੰਗਤਾਂ ਅੱਗੇ ਪੇਸ਼ ਕਰੇ। ਇਹ ਰੌਲਾ ਪਿਆ ਸੀ ੨ ਮਾਰਚ ਨੂੰ ਅਤੇ ਤਫ਼ਤੀਸ਼ ਕਰਨ ਦੇ ਪਿੱਛੋਂ ਰੀਪੋਰਟ ਲਿਖੀ ਗਈ ੮ ਮਾਰਚ ਨੂੰ। ਇਸ ਰੀਪੋਰਟ ਨੇ ਇਹ ਸਾਬਤ ਕਰ ਦਿੱਤਾ ਕਿ ਸ੍ਰੀ ਦਰਬਾਰ



Digitized by Panjab Digital Library | www.panjabdigilib.org

ਸਾਹਿਬ ਵਰਗੇ ਪਵਿੱਤਰ ਅਸਥਾਨ ਦੀ ਬੇਅਦਬੀ ਹੋਈ ਹੈ, ਇਹ ਕੀਤੀ ਹੈ ਪੁਲੀਸ ਨੇ ਅਤੇ ਕਰਵਾਈ ਹੈ ਪਰਬੰਧਕਾਂ ਨੇ। ਇਸ ਰੀਪੋਰਟ ਨੇ ਸਿੱਖਾਂ ਦੇ ਜੋਸ਼ ਨੂੰ ਹੋਰ ਭੀ ਉਭਾਰਿਆ। ਸਰਦਾਰ ਪਟੇਲ ਦੇ ਭੀ ਕੰਨ ਖੜੇ ਹੋ ਗਏ। ਉਸ ਨੇ ਬਾਵਾ ਹਰਕਿਸ਼ਨ ਸਿੰਘ ਅਤੇ ਸਰਦਾਰ ਭਾਗ ਸਿੰਘ ਨੂੰ ਬੇਨਤੀ ਕਰ ਭੇਜੀ ਕਿ ਉਹ ਉਸ ਨੂੰ ਦਿੱਲੀ ਆ ਕੇ ਮਿਲਣ ਅਤੇ ਸਾਰੇ ਮਾਮਲੇ ਦੀ ਵੀਚਾਰ ਕਰਨ। ਸਰਦਾਰ ਪਟੇਲ ਉਨ੍ਹਾਂ ਦੀ ਰਾਹੀਂ ਮਾਸਟਰ ਤਾਰਾ ਸਿੰਘ ਨਾਲ ਸੁਲ੍ਹਾ ਕਰਨਾ ਚਾਹੁੰਦਾ ਸੀ, ਪਰ ਇਨ੍ਹਾਂ ਦੋਹਾਂ ਵਿਚ ਸੁਲ੍ਹਾ ਕੀ ਹੋਣੀ ਸੀ। ਇਕ ਤਾਂ ਸਾਰੇ ਭਾਰਤ ਵਿਚ ਹਿੰਦੂ ਰਾਜ ਕਾਇਮ ਕਰਨਾ ਚਾਹੁੰਦਾ ਸੀ ਅਤੇ ਦੂਜਾ ਸਿੱਖਾਂ ਲਈ ਮਾਣ ਵਾਲੀ ਥਾਂ ਪ੍ਰਾਪਤ ਕਰਨ ਦਾ ਚਾਹਵਾਨ ਸੀ। ਫੇਰ ਦੋਵੇਂ ਦ੍ਰਿੜ੍ਹ-ਵਿਸ਼ਵਾਸੀ ਅਤੇ ਸਖ਼ਤ-ਤਬੀਅਤ ਸਨ।

ਦਿੱਲੀ ਵਿਚ ਅਕਾਲੀ ਕਾਨਫ਼ਰੰਸ ਤਾਂ ਪਟੇਲ ਨੇ ਨਾ ਕਰਨ ਦਿਤੀ, ਪਰ ਮਾਸਟਰ ਤਾਰਾ ਸਿੰਘ ਦਾ ਪ੍ਰਧਾਨਗੀ ਐਡਰੈਸ ਛਪਵਾ ਕੇ ਸੰਗਤਾਂ ਵਿਚ ਵੰਡਿਆ ਗਿਆ। ਬੜਾ ਲੰਮਾ ਐਡਰੈਸ ਸੀ ਅਤੇ ਨਾਲ ਹੀ ਉਹ ਬੜਾ ਸਖ਼ਤ ਤੇ ਖਰਾ ਵੀ ਸੀ। ਉਸ ਐਡਰੈਸ ਦੇ ਕੁਝ ਕੁ ਹਿੱਸੇ ਸੰਖੇਪ ਤੌਰ ਤੇ ਹੇਠਾਂ ਅੰਕਤ ਕੀਤੇ ਜਾਂਦੇ ਹਨ:-

੧. ਐ ਸਿੰਘੋ, ਮੈਂ ਤੁਹਾਡੀ ਮਦਦ ਦੀ ਤੇ ਕਲਗ਼ੀਆਂ ਵਾਲੇ ਦੀ ਮਿਹਰ ਦੀ ਆਸ ਉਤੇ ਸਭ ਵਿਰੋਧੀ ਸ਼ਕਤੀਆਂ ਨੂੰ ਤੁੱਛ ਜਾਣਦਾ ਹਾਂ। ਉਸ ਕਲਗ਼ੀਆਂ ਵਾਲੇ ਦਾ ਨਾਮ ਲੈ ਕੇ ਨਿਤਰੋ ਤੇ ਵੇਖੋ ਫਿਰ ਕਿਸ ਤਰ੍ਹਾਂ ਸਭ ਲੰਡੀ-ਬੁੱਚੀ ਸ਼ੁਰ ਹੋ ਜਾਂਦੀ ਹੈ।
੨. ਪੁਲੀਟੀਕਲ ਤਾਕਤ ਨਹੀਂ ਰਹਿ ਸਕਦੀ ਸਿੱਖੀ ਸ਼ਰਧਾ ਬਿਨਾਂ, ਅਤੇ ਸਿੱਖੀ ਸ਼ਰਧਾ ਭੀ ਪੁਲੀਟੀਕਲ ਤਾਕਤ ਦੀ ਥੁੜ ਕਰਕੇ ਕੁਮਲਾ ਸਕਦੀ ਹੈ ਤੇ ਮੁਕ ਸਕਦੀ ਹੈ।
੩. ਬੁੱਧ ਧਰਮ ਇਥੋਂ ਮੁਕ ਗਿਆ ਜਦ ਬੋਧੀ ਮੈਦਾਨ ਵਿਚ ਹਾਰ ਗਏ। ਜਿਹੜਾ ਦੇਸ ਮੁਸਲਮਾਨਾਂ ਨੇ ਫ਼ਤਹ ਕੀਤਾ ਸਭ ਮੁਸਲਮਾਨ ਹੋ ਗਏ ਅਤੇ ਜਿਹੜਾ ਈਸਾਈਆਂ ਨੇ ਫ਼ਤਹ ਕੀਤਾ ਸਭ ਈਸਾਈ



Digitized by Panjab Digital Library | www.panjabdigilib.org

ਹੋ ਗਏ। ਇੰਗਲਿਸਤਾਨ ਵਿਚ ਪ੍ਰੋਟੈਸਟੈਂਟਾਂ ਅਤੇ ਰੋਮਨ ਕੈਥਲਿਕਾਂ ਵਿਚ ਜੰਗ ਹੁੰਦੇ ਰਹੇ। ਜਦ ਰੋਮਨ ਕੈਥਲਿਕ ਢਹਿ ਗਏ ਤਾਂ ਉਥੇ ਕਰੀਬਨ ਮੁਕ ਹੀ ਗਏ। ਕੋਈ ਇਕ ਦੇਸ ਭੀ ਦਸੋ ਜਿਥੇ ਦੋ ਮੁਕਾਬਲੇ ਤੇ ਮਜ਼ਹਬ ਹੋਣ ਤੇ ਇਕ ਕੌਮ ਬਣੀ ਹੋਵੇ।

੪. ਮੁਸਲਮਾਨਾਂ ਦਾ ਖ਼ਤਰਾ ਘਟਿਆ ਦੇਖ ਕੇ ਹਿੰਦੂ ਪਾਲਿਟੀਸ਼ਨਾਂ ਨੇ ਸਿੱਖਾਂ ਦਾ ਕੰਡਾ ਕੱਢ ਦੇਣ ਦਾ ਇਰਾਦਾ ਕੀਤਾ ਹੈ। ਸ੍ਰੀ ਪਰਸ਼ੋਤਮ ਦਾਸ ਜੀ ਟੰਡਨ ਨੇ ਜੈਪੁਰ ਦੇ ਕਾਂਗਰਸ ਸੈਸ਼ਨ ਵਿਚ ਆਪਣੇ ਲੈਕਚਰ ਵਿਚ ਕਿਹਾ ਹੈ ਕਿ 'ਹਿੰਦੂਵੈਤ ਦਾ ਪ੍ਰਚਾਰ ਕੌਮੀਅਤ ਦਾ ਪ੍ਰਚਾਰ ਹੈ, ਕਿਉਂਕਿ ਇਸ ਦੀ ਕਾਮਯਾਬੀ ਨਾਲ ਇਕ ਕੌਮ ਬਣ ਜਾਏਗੀ।' ਇਹ ਹੈ ਨਿਸ਼ਾਨਾ ਇਨ੍ਹਾਂ (ਸੈਕੂਲਰ ਸਟੇਟ) ਬੇਮਜ਼ਹਬੀ ਕੌਮ ਦੇ ਪ੍ਰਚਾਰਕਾਂ ਦਾ।

੫. ਪੰਥ ਤਾਂ ਹੈ ਧਰਮ ਉਤੇ ਖੜੀ ਪੁਲੀਟੀਕਲ ਜਮਾਤ ਦਾ ਨਾਮ।

੬. ਸਾਡੇ ਭੁਲੜ ਭਰਾਵਾਂ ਦੀ ਅਮਲੀ ਤੌਰ ਤੇ ਇਹ ਪੁਜ਼ੀਸ਼ਨ ਨਹੀਂ ਕਿ ਕਾਂਗਰਸ ਵਿਚ ਚਲੋ (ਇਹ ਤਾਂ ਆਰਜ਼ੀ ਗੱਲ ਹੀ ਹੈ), ਸਗੋਂ ਅਮਲੀ ਤੌਰ ਤੇ ਪੁਜ਼ੀਸ਼ਨ ਇਹ ਹੈ ਕਿ ਪੰਥ ਨੂੰ ਖੇਰੂੰ ਖੇਰੂੰ ਕਰ ਦਿਓ। ਮੁਕਦੀ ਗੱਲ ਇਹ ਹੈ ਕਿ ਸਿੱਖਾਂ ਦੀ ਆਜ਼ਾਦ ਪੁਲੀਟੀਕਲ ਹਸਤੀ ਕਾਇਮ ਰਖਣਾ ਖ਼ਾਲਸਾ ਪੰਥ ਅਤੇ ਸਿੱਖ ਧਰਮ ਲਈ ਬਹੁਤ ਜ਼ਰੂਰੀ ਹੈ। ਜੇ ਸਿੱਖ ਗ਼ੈਰ-ਸਿੱਖਾਂ ਦੇ ਅਧੀਨ ਹੋਣਾ ਮੰਨ ਗਏ ਤਾਂ ਇਹ ਜਜ਼ਬ ਹੋ ਜਾਣਗੇ। 'ਯਥਾ ਰਾਜਾ ਤਥਾ ਪਰਜਾ' ਗ਼ੈਰ ਸਿੱਖ ਰਾਜ ਤੇ ਖ਼ਾਸ ਕਰਕੇ ਹਿੰਦੂ ਰਾਜ ਵਿਚ ਸਿਖ ਸਵੈਮਾਣ ਕਾਇਮ ਨ ਰਖ ਸਕਣ ਕਰਕੇ ਜਜ਼ਬ ਹੋ ਜਾਣਗੇ।

੭. ਪੰਥ ਵਿਚ ਮੌਜੂਦਾ ਖ਼ਤਰੇ ਇਹ ਹਨ :– (੧) ਸਭ ਤੋਂ ਪਹਿਲਾ ਖ਼ਤਰਾ ਹੈ ਸਾਡੇ ਵਿਚੋਂ ਕਈ ਆਗੂਆਂ ਦਾ ਦਿਲ ਹਾਰ ਜਾਣਾ ਅਤੇ ਇਹ ਕਹਿਣਾ ਸ਼ੁਰੂ ਕਰ ਦੇਣਾ ਕਿ ਹੁਣ ਪੰਥ ਕਾਂਗਰਸ ਦੇ ਆਸਰੇ ਬਿਨਾਂ ਜੀ ਨਹੀਂ ਸਕਦਾ। (੨) ਅੰਗਰੇਜ਼ ਵੇਲੇ ਸਿਖ ਆਪਣੇ ਗੁਣਾਂ ਕਰਕੇ ਆਪਣਾ ਮਾਣ ਕਾਇਮ ਰਖ ਸਕੇ ਸਨ



Digitized by Panjab Digital Library | www.panjabdigilib.org

ਕਿਉਂਕਿ ਸਾਡੇ ਵਿਰੁੱਧ ਵਿਤਕਰਾ ਕੋਈ ਨਹੀਂ ਸੀ। ਹੁਣ ਤਾਂ ਸਪਸ਼ਟ ਤੌਰ ਤੇ ਵਿਤਕਰਾ ਹੋ ਰਿਹਾ ਹੈ ਅਤੇ ਜੇ ਅਸੀਂ ਸੁੱਤੇ ਰਹੇ ਤਾਂ ਅਣਖ-ਹੀਣ ਹੋ ਕੇ ਖ਼ਤਮ ਹੋ ਜਾਵਾਂਗੇ। (੩) ਸਿੱਖ ਮੁਲਾਜ਼ਮਾਂ ਨਾਲ ਵਿਤਕਰਾ ਹੋ ਰਿਹਾ ਹੈ ਤੇ ਜੋ ਸਿੱਖ ਬਾਹਰ ਸਰਕਾਰੀ ਨੌਕਰੀਆਂ ਵਿਚ ਘੱਲੇ ਗਏ ਹਨ ਉਹ ਸਭ ਪੰਥ ਦੀ ਵਿਰੋਧਤਾ ਕਰਨ ਵਾਲੇ ਹੀ ਘੱਲੇ ਗਏ ਹਨ। ਇਸ ਤੋਂ ਕਾਂਗਰਸੀ ਜ਼ਹਿਨੀਅਤ ਦਾ ਪਤਾ ਲਗ ਸਕਦਾ ਹੈ। (੪) ਇਸ ਸਰਕਾਰ ਨੇ ਸਿੱਖਾਂ ਵਿਚੋਂ ਪਿੱਛੇ ਰਹੀਆਂ ਸ਼੍ਰੇਣੀਆਂ ਨਾਲ ਅਛੂਤਾਂ ਤੋਂ ਵਿਤਕਰੇ ਵਾਲਾ ਜੋ ਰਵੱਈਆ ਧਾਰਨ ਕੀਤਾ ਹੈ ਉਸ ਦਾ ਸਾਫ਼ ਮੰਤਵ ਇਹ ਹੈ ਕਿ ਅਜਿਹੇ ਸਿੱਖਾਂ ਨੂੰ ਅਛੂਤਾਂ ਵਿਚ ਜਜ਼ਬ ਕਰ ਲਿਆ ਜਾਵੇ। ਇਕ ਜ਼ਿਮੇਵਾਰ ਕਾਂਗਰਸੀ ਲੀਡਰ ਨੇ ਅਜਿਹੇ ਲਫ਼ਜ਼ ਮੂੰਹੋਂ ਕੱਢੇ ਭੀ ਹਨ।

੮. ਮੇਰੀ ਅਸਲ ਮੰਗ ਇਹ ਹੈ ਕਿ ਸਿੱਖ-ਆਜ਼ਾਦ ਪੁਲੀਟੀਕਲ ਹਸਤੀ ਕਾਇਮ ਰਹੇ ਤੇ ਸਿੱਖ ਅਣਖ ਕਾਇਮ ਰਹੇ। ਇਸ ਲਈ ਸਭ ਮੰਗਾਂ ਦੀ ਮਾਂ, ਸਭ ਮੰਗਾਂ ਦਾ ਆਸਰਾ ਸਾਡੀ ਆਪਣੀ ਤਾਕਤ ਕਾਇਮ ਰਖਣਾ ਹੈ। ਆਪਣੀ ਪੁਲੀਟੀਕਲ ਤਾਕਤ ਕਾਇਮ ਰਖਣਾ ਸਭ ਮੰਗਾਂ ਤੇ ਸਭ ਅਸੂਲਾਂ ਦੀ ਜੜ੍ਹ ਹੈ, ਇਹ ਮੰਗ, ਇਹ ਅਸੂਲ ਬਦਲ ਨਹੀਂ ਸਕਦਾ। ਬਾਕੀ ਤਾਂ ਸਭ ਸਮੇਂ ਨਾਲ ਹਾਲਾਤ ਮੁਤਾਬਕ ਬਦਲਦੇ ਰਹਿਣਗੇ, ਸਭ ਮੰਗਾਂ ਬਦਲ ਸਕਦੀਆਂ ਹਨ ਅਤੇ ਬਦਲਦੀਆਂ ਰਹਿਣਗੀਆਂ, ਪਰ ਮੁਢਲਾ ਅਸੂਲ ਕਿ ਪੰਥ ਦੀ ਆਜ਼ਾਦ ਹਸਤੀ ਕਾਇਮ ਰਹੇਗੀ, ਕਿਸੇ ਹਾਲਤ ਵਿਚ ਭੀ ਬਦਲ ਨਹੀਂ ਸਕਦਾ।

੯. ਕਾਂਗਰਸ ਵਿਚ ਗਏ ਆਪਣੇ ਪੁਰਾਣੇ ਸਾਥੀਆਂ ਨੂੰ ਸੰਬੋਧਨ ਕਰ ਕੇ ਕਹਿੰਦੇ ਹਨ ਕਿ ਤੁਸਾਂ ਆਪਣੀ ਜ਼ਾਤੀ ਪੁਜ਼ੀਸ਼ਨ ਬਚਾਣ ਦਾ ਉਪਰਾਲਾ ਕੀਤਾ ਹੈ। ਤੁਸੀਂ ਪੰਥ ਦੀ ਅਮਾਨਤ ਵਿਚ ਖ਼ਿਆਨਤ ਕਰ ਰਹੇ ਹੋ। ਇਹ ਲੀਡਰੀ, ਇਹ ਮੈਂਬਰੀ, ਇਹ ਜੱਥੇਦਾਰੀ,



Digitized by Panjab Digital Library | www.panjabdigilib.org

ਇਹ ਪੁਜ਼ੀਸ਼ਨ ਪੰਥ ਦੀ ਬਖ਼ਸ਼ੀ ਹੋਈ ਹੈ। ਕੀ ਪੰਥ ਦਾ ਭਲਾ ਇਸੇ ਵਿਚ ਹੈ ਕਿ ਪੰਥ ਨੂੰ ਖੇਰੂੰ ਖੇਰੂੰ ਕਰ ਕੇ ਨਿਢਾਲ ਕਰ, ਵੈਰੀਆਂ ਜਾਂ ਵਿਰੋਧੀਆਂ ਦੇ ਕਦਮਾਂ ਵਿਚ ਸੁਟ ਦਿੱਤਾ ਜਾਵੇ? ਪਰ ਜੇ ਤੁਸਾਂ ਪੰਥ ਨਾਲੋਂ ਆਖ਼ਰੀ ਸਬੰਧ ਤੋੜ ਹੀ ਲਿਆ ਹੈ ਤਾਂ ਤੁਸੀਂ ਨਹੀਂ ਰਹੋਗੇ ਅਤੇ ਪੰਥ ਰਹੇਗਾ।

੧੦. ਇੱਕੋ ਪੰਥ ਹੀ ਚੰਗਾ ਹੈ। ਜੋ ਪੰਥ ਦਾ ਦੁਸ਼ਮਨ ਹੈ ਉਹ ਮੇਰਾ ਦੁਸ਼ਮਨ ਹੈ। ਜੋ ਪੰਥ ਦਾ ਸਜਣ ਹੈ ਉਹ ਮੇਰਾ ਸਜਣ ਹੈ।

੧੧. ਇਸ ਵੇਲੇ (ਕਾਂਗਰਸ ਨਾਲ) ਸਾਡਾ ਵਿਰੋਧ ਕੇਵਲ ਇਸੇ ਕਰਕੇ ਹੈ ਕਿ ਉਸ ਨੇ ਸਾਡੀ ਪੁਲੀਟੀਕਲ ਆਜ਼ਾਦੀ ਤੇ ਸਾਡੀ ਹਸਤੀ ਉਤੇ ਹਮਲਾ ਕੀਤਾ ਹੋਇਆ ਹੈ। ਜੇ ਉਹ ਇਹ ਛਡ ਦੇਵੇ ਤਾਂ ਸਾਡਾ ਮੇਲ ਹੀ ਮੇਲ ਹੈ, ਤੇ ਜੇ ਉਹ ਇਹ ਨਾ ਛਡੇ ਤਾਂ ਸਾਡੀ ਲੜਾਈ ਹੀ ਲੜਾਈ ਹੈ।

੧੨. ਜੋ ਪੰਥ ਦਾ ਦਾਸ ਹੈ ਮੈਂ ਉਸ ਦਾ ਦਾਸ, ਤੇ ਜੋ ਪੰਥ ਦਾ ਦੁਸ਼ਮਨ ਹੈ ਮੈਂ ਉਸ ਦਾ ਦੁਸ਼ਮਨ ਹਾਂ।

੧੩. ਬਚੋ ਭਰਾਵੋ ਇਸ ਆਤਮ-ਘਾਤ ਤੋਂ, ਬਚੋ ਇਸ ਪੰਥ-ਘਾਤ ਤੋਂ, ਬਚੋ ਇਸ ਗੁਰੂ-ਮਾਰੀ ਪਾਲਿਸੀ ਤੋਂ। ਖ਼ਾਲਸਾ ਪੰਥ ਗੁਰੂ ਹੈ।

੧੪. ਜੋ ਕਾਂਗਰਸ ਨੂੰ ਵਰਤੇ ਪੰਥ ਲਈ, ਉਹ ਭਾਵੇਂ ਚੰਗਾ ਕੰਮ ਤਾਂ ਨਹੀਂ ਕਰ ਰਿਹਾ ਪਰ ਉਸ ਨੂੰ ਮੈਂ ਝੱਲ ਸਕਦਾ ਹਾਂ; ਜੋ ਪੰਥ ਨੂੰ ਵਰਤੇ ਕਾਂਗਰਸ ਲਈ, ਉਹ ਮੇਰਾ ਵੈਰੀ ਹੈ ਅਤੇ ਜੋ ਕਾਂਗਰਸ ਤੇ ਪੰਥ ਦੋਹਾਂ ਨੂੰ ਵਰਤੇ ਆਪਣੇ ਮਤਲਬ ਲਈ, ਉਹ ਘ੍ਰਿਣਾ-ਯੋਗ ਨੀਚ ਹੈ।

੧੫. ਪਟਿਆਲੇ ਵਿਚ ਸਿੱਖ ਰਿਆਸਤਾਂ ਦੀ ਨਵੀਂ ਬਣੀ ਹਕੂਮਤ ਬਾਰੇ ਕਹਿੰਦੇ ਹਨ :—ਚੰਗੀ ਆਜ਼ਾਦੀ ਆਈ ਕਿ ਸਾਡੀਆਂ ਸਿੱਖ ਰਿਆਸਤਾਂ ਦਾ ਮਹਾਰਾਜਾ ਹੀ ਸਭ ਕੁਝ ਬਣ ਗਿਆ ਹੈ ਸਰਦਾਰ ਪਟੇਲ; ਤੇ ਉਸ ਨੇ ਸਾਰੀ ਵਜ਼ਾਰਤ ਨਾਮਜ਼ਦ ਕਰ ਦਿੱਤੀ। ਇਹ



Digitized by Panjab Digital Library | www.panjabdigilib.org

ਜ਼ਾਹਰਾ ਧੱਕਾ ਹੈ। ਸਰਦਾਰ ਪਟੇਲ ਨੂੰ ਇਹ ਡਿਕਟੇਟਰੀ ਹੱਕ ਨਹੀਂ ਸਨ ਕਿ ਉਹ ਆਪਣੇ ਏਜੰਟਾਂ ਰਾਹੀਂ ਸਿੱਖਾਂ ਦੀ ਬਹੁ-ਸੰਮਤੀ ਵਾਲੀ ਇਸ ਯੂਨੀਅਨ ਉਤੇ ਕਬਜ਼ਾ ਕਰ ਲਵੇ। ਅੰਗਰੇਜ਼ ਨੇ ਤਾਂ ਇਸ ਤਰ੍ਹਾਂ ਕਦੀ ਨਹੀਂ ਸੀ ਕੀਤਾ। ਆਪਣੀ ਫ਼ੌਜ ਦੇ ਜ਼ੋਰ ਨਾਲ ਹੀ ਪਟੇਲ ਇਹ ਕੁਝ ਕਰ ਰਿਹਾ ਹੈ। ਇਹ ਵਜ਼ਾਰਤ ਪਟੇਲ ਦੀ ਹੈ, ਪਟਿਆਲੇ ਦੀ ਨਹੀਂ, ਸਿੱਖਾਂ ਦੀ ਨਹੀਂ ਹੈ। ਮੈਨੂੰ ਇਸ ਗੱਲ ਨਾਲ ਕੁਝ ਨਹੀਂ ਹੈ ਕਿ ਕੌਣ ਵਜ਼ੀਰ ਬਣੇ ਤੇ ਕੌਣ ਨਾ ਬਣੇ। ਇਹ ਸਾਡੇ ਵਜ਼ੀਰ ਤਾਂ ਪਟੇਲ ਦੇ ਕੇਵਲ ਹੱਥ-ਠੋਕੇ ਹੀ ਹਨ। ਇਹ ਪੰਥ ਦੇ ਨਹੀਂ ਹਨ ਕਿਉਂਕਿ ਪੰਥ ਨੇ ਇਨ੍ਹਾਂ ਨੂੰ ਬਣਾਇਆ ਨਹੀਂ ਤੇ ਨਾ ਇਨ੍ਹਾਂ ਨੂੰ ਹਟਾ ਸਕਦਾ ਹੈ। ਇਹ ਤਾਂ ਇਉਂ ਸਮਝੋ "ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ"। ਜੋ ਸਿਖ ਨਜ਼ਰ ਆਉਣ ਵਾਲੇ ਵਜ਼ੀਰ ਭੀ ਹਨ, ਉਹ ਪਟੇਲ ਹੀ ਹਨ, ਉਹ ਪਟੇਲ ਹੀ ਸਮਝੋ, ਜੋ ਅਸਲ ਤਾਰ ਹਿਲਾਉਣ ਦੀ ਤਾਕਤ ਰੱਖਣ ਵਾਲਾ ਹੈ। ਸਾਡੇ ਨਵੇਂ ਬਣੇ ਵਜ਼ੀਰ ਕੇਸਾਂ ਵਾਲੇ ਪਟੇਲ ਹੀ ਸਮਝੋ। ਇਹ ਹੈ ਖ਼ਤਰਾ ਪਿਆ ਪੰਥ ਨੂੰ ਤੇ ਸਿੱਖੀ ਨੂੰ। ਅਜ ਅਸੀਂ ਪਟੇਲ ਦੇ ਅਧੀਨ ਹੋ ਗਏ ਹਾਂ। ਤੁਹਾਡੇ ਆਖ਼ਰੀ ਕਿਲ੍ਹੇ ਉਤੇ ਪੰਥ ਦੇ ਵੈਰੀਆਂ ਨੇ, ਪੰਥ ਦੇ ਗ਼ਦਾਰਾਂ ਰਾਹੀਂ ਕਬਜ਼ਾ ਕਰ ਲਿਆ ਹੈ।

੧੬. ਮੈਂ ਕਿਸੇ ਨੂੰ ਆਪਣਾ ਨਹੀਂ ਸਮਝਦਾ ਹਾਂ, ਮੈਂ ਜਾਣਦਾ ਹਾਂ ਕਿ ਜੋ ਮੇਰਾ ਹੈ ਉਹ ਮੇਰਾ ਨਹੀਂ ਹੈ, ਤੇ ਜੋ ਪੰਥ ਦਾ ਹੈ ਉਹ ਮੇਰਾ ਹੈ।

੧੭. ਸੁਣੋ ਕਾਂਗਰਸੀ ਹਿੰਦੂ ਭਰਾਵੋ! ਤੁਸੀਂ ਛਡੋ ਖ਼ਾਲਸਾ ਪੰਥ ਨੂੰ ਖ਼ਤਮ ਕਰਨ ਦਾ ਯਤਨ। ਨਾ ਚੜ੍ਹੋ ਆਰੀਆ ਸਮਾਜ ਦੇ ਹੱਥ। ਇਹ ਟੇਡੀ ਜਿਹੀ ਖੀਰ ਹੈ। ਖ਼ਾਲਸਾ ਪੰਥ ਢਹਿ ਨਹੀਂ ਸਕੇਗਾ ਤੇ ਬਦਮਜ਼ਗੀ ਤੁਸੀਂ ਵਾਧੂ ਨਾ ਖਿਲਾਰੋ। ਸਾਡਾ ਹਿੰਦੂਆਂ ਨਾਲ ਡੂੰਘਾ ਮੇਲ ਹੈ। ਮੁਗ਼ਲ ਸਾਨੂੰ ਮਾਰ ਨਾ ਸਕੇ ਤੇ ਤੁਸੀਂ ਨਹੀਂ ਮਾਰ



Digitized by Panjab Digital Library | www.panjabdigilib.org

ਸਕੋਗੇ। ਟਪਲਾ ਨਾ ਖਾਓ ਤੇ ਐਵੇਂ ਝਗੜਾ ਨਾ ਪਾਓ। ਜੋ ਜਜ਼ਬਾ ਇਸ ਵੇਲੇ ਪੰਥ-ਰੱਖਿਆ ਦਾ ਉਠ ਖਲੋਤਾ ਹੈ ਉਹ ਕਿਸੇ ਤੋਂ ਦਬ ਨਹੀਂ ਸਕਦਾ। ਵਾਧੂ ਝਗੜਾ ਨਾ ਖੜਾ ਕਰੋ, ਪਟੇਲ ਸਾਹਿਬ!

੧੮. ਸੁਣੋ ਓਏ, ਆਕੜ ਖ਼ਾਂ ਭਬਕੀਆਂ ਮਾਰਨ ਵਾਲੇ ਆਗੂਓ! ਤੁਹਾਡੇ ਵਰਗੇ ਕਈ ਹੋ ਗੁਜ਼ਰੇ ਹਨ, ਖ਼ਾਲਸਾ ਪੰਥ ਨੂੰ ਮਾਰਨ ਵਾਲੇ। ਕਿਧਰ ਗਿਆ 'ਨੌਰੰਗਾ ਤੁਰਕੜਾ ਜਿਨ ਖਿਚਿਉ ਅਹੰਕਾਰਾ', ਕਿਧਰ ਗਿਆ 'ਲੱਖੂ ਪਟੱਖੂ' ਸਾਡਾ ਖੁਰਾ-ਖੋਜ ਮਿਟਾਣ ਵਾਲਾ, ਕਿਧਰ ਗਿਆ 'ਕਾਬਲੀ ਕੁੱਤਾ' ਖ਼ਾਲਸੇ ਦੀ ਟੰਗੀਂ ਪੈਣ ਵਾਲਾ। ਸਭ ਦਾ ਖੁਰਾ-ਖੋਜ ਮਿਟ ਗਿਆ। ਸਭ ਨਰਕੀਂ ਜਾਇ ਪਏ। ਖ਼ਾਲਸਾ ਪੰਥ ਅਗੇ ਨਾਲੋਂ ਵਧੇਰੇ ਹੀ ਚੜ੍ਹਦੀ ਕਲਾ ਵਿਚ ਨਿਕਲਦਾ ਰਿਹਾ। ਹੁਣ ਭੀ ਇਉਂ ਹੀ ਹੋਵੇਗਾ। ਤੁਸੀਂ ਕਿਸ ਨੂੰ ਦੇਂਦੇ ਹੋ ਧਮਕੀਆਂ, ਉਸ ਕਲਗ਼ੀਆਂ ਵਾਲੇ ਦੇ ਸਿੱਖ ਨੂੰ, ਜਿਸ ਨੇ ਸਭ ਟੱਬਰ-ਟੋਰ, ਸਭ ਘਰ-ਘਾਟ ਕੁਰਬਾਨ ਕਰਨ ਮਗਰੋਂ ਭੀ ਜ਼ਫ਼ਰਨਾਮਾ ਲਿਖਿਆ ਸੀ, ਨਾ ਕਿ ਮੁਆਫ਼ੀਨਾਮਾ। ਲਾ ਲਓ ਜ਼ੋਰ। ਕੀ ਧਮਕੀਆਂ ਦੇਂਦੇ ਹੋ? ਕਟ ਦਿਉ ਮੇਰਾ ਅੰਗ ਅੰਗ, ਸੁੱਟੋ ਮੈਨੂੰ ਅੱਗ ਵਿਚ, ਕੱਢੋ ਹਿੰਦੁਸਤਾਨ ਵਿਚੋਂ ਤੇ ਗਾਲ ਦੇਵੋ ਬਰਫ਼ ਵਿਚ। ਹੋਰ ਕਰੋ ਜ਼ੁਲਮ ਜੋ ਤੁਹਾਨੂੰ ਸੁਝਦਾ ਜੇ। ਜਿੱਤ ਹੋਵੇਗੀ ਭਾਵੇਂ ਜੀਉਂਦਿਆਂ ਹੋਵੇ ਤੇ ਭਾਵੇਂ ਸ਼ਹੀਦ ਹੋਣ ਮਗਰੋਂ। ਬੱਸ ਉਸ ਕਲਗ਼ੀਆਂ ਵਾਲੇ ਪਿਤਾ ਦੀ ਕਿਰਪਾ ਦੀ ਆਸ ਉਤੇ ਮੈਂ ਤੁਹਾਨੂੰ ਲੱਖ ਚੈਲੰਜ ਕਰਦਾ ਹਾਂ। ਕਸਰ ਨਾ ਕਰਨੀ। ਮੈਂ ਜਿੱਤਾਂਗਾ ਜ਼ਰੂਰ, ਤੇ ਗੁਰੂ ਖ਼ਾਲਸੇ ਦੇ ਵੈਰੀਆਂ ਦੀ ਆਕੜ ਤੋੜ ਕੇ ਜਿੱਤਾਂਗਾ।

ਗ੍ਰਿਫ਼ਤਾਰੀ ਨੇ ਮਾਸਟਰ ਤਾਰਾ ਸਿੰਘ ਨੂੰ ਸਿੱਖਾਂ ਵਿਚ ਹੋਰ ਭੀ ਜ਼ਿਆਦਾ ਹਰ-ਮਨ-ਪਿਆਰਾ ਬਣਾ ਦਿੱਤਾ। ਗੌਰਮਿੰਟ ਉਨ੍ਹਾਂ ਨੂੰ



Digitized by Panjab Digital Library | www.panjabdigilib.org

ਕਿੰਨਾ ਚਿਰ ਅੰਦਰ ਡੱਕ ਕੇ ਰੱਖ ਸਕਦੀ ਸੀ। ਕੁਝ ਮਹੀਨਿਆਂ ਪਿਛੋਂ ਹੀ ਰਿਹਾਂ ਕਰ ਦਿੱਤਾ। ਅੰਮ੍ਰਿਤਸਰ ਪਹੁੰਚਦਿਆਂ ਹੀ ਮਾਸਟਰ ਤਾਰਾ ਸਿੰਘ ਨੇ ਚੋਣਵੇਂ ਸਿੱਖਾਂ ਦੀ ਇਕੱਤ੍ਰਤਾ ਕਰਨ ਦਾ ਫ਼ੈਸਲਾ ਕੀਤਾ, ਤਾਕਿ ਅਗਾਂਹ ਦਾ ਪ੍ਰੋਗਰਾਮ ਬਣਾਇਆ ਜਾਵੇ। ਮੈਂ ਜਦ ਅੰਮ੍ਰਿਤਸਰ ਉਨ੍ਹਾਂ ਨੂੰ ਮਿਲਣ ਗਿਆ ਤਾਂ ਕਿਹਾ ਕਿ ਕੁਝ ਦਿਨ ਤਾਂ ਆਰਾਮ ਕਰ ਲਓ। ਪਰ ਆਰਾਮ ਕਰਨ ਦੀ ਗੱਲ ਉਨ੍ਹਾਂ ਨੂੰ ਬਿਲਕੁਲ ਭਾਉਂਦੀ ਨਹੀਂ ਸੀ।

ਕੌਮ ਦੀ ਕਿਸਮਤ ਬਦਲਣ ਲਈ ਇੰਨੀ ਜ਼ਿਆਦਾ ਤਾਂਘ ਰਖਦੇ ਸਨਕਿ ਉਹ ਜੋਤਸ਼ੀਆਂ ਤੇ ਵੀ ਬੜਾ ਭਰੋਸਾ ਕਰਦੇ ਸਨ। ਮੈਨੂੰ ਕਹਿਣ ਲੱਗੇ, ਚਲੋ ਚਲ ਕੇ ਗਗਲ ਵਿਦਿਆ ਚੰਦ ਜੋਤਸ਼ੀ ਨੂੰ ਮਿਲ ਆਈਏ। ਮੈਂ ਤਿਆਰ ਨਹੀਂ ਸਾਂ। ਉਨ੍ਹਾਂ ਬਹੁਤ ਹੀ ਜ਼ੋਰ ਲਾਇਆ। ਆਖ਼ਰ ਮੈਂ ਤੇ ਪ੍ਰੋਫ਼ੈਸਰ ਰਾਮ ਸਿੰਘ ਜੀ ਉਨ੍ਹਾਂ ਨਾਲ ਧਰਮਸਾਲਾ ਦੇ ਕੋਲ ਗਗਲ ਜੋਤਸ਼ੀ ਪਾਸ ਗਏ। ਇੱਕ ਸੰਸਕ੍ਰਿਤ ਦੇ ਗ੍ਰੰਥ ਵਿਚੋਂ ਜੋਤਸ਼ੀ ਕੁਝ ਪੜ੍ਹਦਾ ਸੀ ਅਤੇ ਫੇਰ ਪੰਜਾਬੀ ਵਿਚ ਉਸ ਦਾ ਭਾਵ ਸਾਨੂੰ ਸਮਝਾਉਂਦਾ ਸੀ। ਤਿੰਨ ਚਾਰ ਘੰਟੇ ਅਸੀਂ ਉਸ ਦੇ ਪਾਸ ਰਹੇ। ਮੈਨੂੰ ਤਾਂ ਇਹ ਸਾਰਾ ਠਾਠਾ-ਬਾਗਾ ਹੀ ਲੱਗਾ, ਪਰ ਉਹ ਇਨ੍ਹਾਂ ਗੱਲਾਂ ਤੇ ਯਕੀਨ ਕਰਦੇ ਸਨ। ਇੱਕ ਹੋਰ ਜੋਤਸ਼ੀ ਹੁਸ਼ਿਆਰਪੁਰ ਦੇ ਕੋਲ ਕਿਤੇ ਰਹਿੰਦਾ ਸੀ। ਉਸ ਦੇ ਪਾਸ ਭੀ ਜਾਂਦੇ ਹੁੰਦੇ ਸਨ ਅਤੇ ਲਾਹੌਰ ਵਾਲਾ ਹਵੇਲੀ ਰਾਮ ਤਾਂ ਸਰਦਾਰ ਬਲਦੇਵ ਸਿੰਘ ਦੀ ਕੋਠੀ ਨਵੀਂ ਦਿੱਲੀ ਵਿਚ ਹੀ ਰਹਿੰਦਾ ਸੀ।

ਪੰਥ ਦੀ ਆਜ਼ਾਦ ਪੁਲੀਟੀਕਲ ਹਸਤੀ ਲਈ ਉਨ੍ਹਾਂ ਦੇ ਦਿਲ ਵਿਚ ਬੜੀ ਤੜਪ ਸੀ। ਹਰ ਵੇਲੇ ਉਨ੍ਹਾਂ ਦੇ ਅੰਦਰ ਭਾਂਬੜ ਹੀ ਬਲਦੇ ਰਹਿੰਦੇ ਸਨ ਅਤੇ ਜਦ ਭੀ ਉਹ ਕਲਮ ਚੁਕਦੇ ਸਨ ਜਾਂ ਜ਼ਬਾਨ ਖੋਲ੍ਹਦੇ ਸਨ ਤਾਂ ਅੰਦਰੋਂ ਅੱਗ ਦੀਆਂ ਚੰਗਿਆੜੀਆਂ ਹੀ ਨਿਕਲਦੀਆਂ ਸਨ। ਉਨ੍ਹੀਂ ਦਿਨੀਂ ਯੂ. ਪੀ. ਦੇ ਸਿੱਖਾਂ ਦੀ ਇੱਕ ਕਾਨਫ਼ਰੰਸ ਆਗਰੇ ਵਿੱਚ ਹੋਈ। ਉਸ ਵਿਚ ਬੋਲਦਿਆਂ ਉਨ੍ਹਾਂ ਸਰਦਾਰ ਪਟੇਲ ਨੂੰ



Digitized by Panjab Digital Library | www.panjabdigilib.org

ਵੰਗਾਰ ਕੇ ਕਿਹਾ, "ਮੇਰੀ ਗਰਦਨ ਟੁਟ ਤਾਂ ਸਕਦੀ ਹੈ, ਪਰ ਝੁਕ ਨਹੀਂ ਸਕਦੀ।" "ਮੈਂ ਜਿੰਨੀਆਂ ਮੁਸੀਬਤਾਂ ਆਉਣਗੀਆਂ, ਖਿੜੇ-ਮੱਥੇ ਝੱਲਾਂਗਾ ਪਰ ਪੰਥ ਦੇ ਕੇਸਰੀ ਨਿਸ਼ਾਨ ਨੂੰ ਨੀਵਾਂ ਨਹੀਂ ਹੋਣ ਦਿਆਂਗਾ।"

ਸਿਵਾਏ ਪੰਜਾਬੀ ਸੂਬੇ ਦੇ ਸਵਾਲ ਦੇ ਨਾ ਕੁਝ ਹੋਰ ਉਹ ਸੋਚਦੇ ਸਨ ਅਤੇ ਨਾ ਹੀ ਕੋਈ ਹੋਰ ਗੱਲ ਸੁਣਦੇ ਸਨ ਅਤੇ ਨਾ ਹੀ ਘੜੀ ਪਲ ਨਿਚੱਲੇ ਹੋ ਕੇ ਬੈਠਦੇ ਸਨ। ਗੌਰਮਿੰਟ ਵਾਸਤੇ ਭੀ ਸਿਵਾਏ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੇ ਹੋਰ ਕੋਈ ਰਾਹ ਨਹੀਂ ਸੀ। ਜੇ ਦਫ਼ਾ ੧੪੪ ਲਗੇ ਤਾਂ ਤੋੜ ਦੇਣੀ। ਜੇ ਅਖ਼ਬਾਰ ਦੀ ਜ਼ਮਾਨਤ ਜ਼ਬਤ ਹੋਵੇ ਤਾਂ ਹੋਰ ਦਾਖ਼ਲ ਕਰਵਾ ਦੇਣੀ। ਸਿੱਖਾਂ ਵਿਚ ਤਕੜਾ ਜੋਸ਼ ਪੈਦਾ ਕਰਨ ਅਤੇ ਕਾਇਮ ਰੱਖਣ ਵਿਚ ਉਹ ਕਾਮਯਾਬ ਹੋਏ। ਇਨ੍ਹਾਂ ਵਰ੍ਹਿਆਂ ਵਿਚ ਉਹ ਕੈਦ ਭੀ ਬੜੀ ਵਾਰੀ ਹੋਏ। ਅਲਮੋੜੇ ਦੇ ਪਿਛੋਂ ਉਹ ਬਨਾਰਸ ਜੇਲ੍ਹ ਵਿਚ ਰਹੇ, ਫੇਰ ਸੀਤਾਪੁਰ ਜੇਲ੍ਹ ਵਿਚ, ਫੇਰ ਕਰਨਾਲ ਜੇਲ੍ਹ ਵਿਚ। ਜੇਲ੍ਹਾਂ ਵਿਚ ਰਹਿਣ ਕਰਕੇ ਉਨ੍ਹਾਂ ਦੀ ਸਿਹਤ ਤੇ ਖ਼ਰਾਬ ਅਸਰ ਪੈ ਰਿਹਾ ਸੀ, ਪਰ ਇਸੇ ਕਰਕੇ ਨੌਜਵਾਨ ਸਿਖ ਭੀ ਉਨ੍ਹਾਂ ਦੇ ਮੁਰੀਦ ਬਣ ਰਹੇ ਸਨ। ਇਕ ਵਾਰੀ ਜੇਲ੍ਹ ਵਿਚ ਉਨ੍ਹਾਂ ਨੂੰ ਮਰੋੜ ਲਗ ਪਏ, ਐਨੇ ਜ਼ਿਆਦਾ ਕਿ ਟੱਟੀ ਜਾਣਾ ਭੀ ਮੁਸ਼ਕਲ ਹੋ ਗਿਆ। ਮੈਂ ਉੱਥੇ ਪਹੁੰਚਿਆ ਅਤੇ ਹੌਸਲਾ ਕਰ ਕੇ ਮੈਂ ਇਕ ਚਿੱਠੀ ਪੰਡਤ ਨਹਿਰੂ ਨੂੰ ਲਿਖੀ। ਨਾਲ ਹੀ ਕੁਝ ਸਿਖ ਨੌਜਵਾਨਾਂ ਨੇ ਪੰਡਤ ਨਹਿਰੂ ਦੀ ਕੋਠੀ ਦੇ ਸਾਮ੍ਹਣੇ ਭੁੱਖ-ਹੜਤਾਲ ਕਰ ਦਿੱਤੀ। ਇਹੋ ਜਿਹੇ ਵੇਲੇ ਗੌਰਮਿੰਟ ਉਨ੍ਹਾਂ ਨੂੰ ਰਿਹਾ ਤਾਂ ਝੱਟ ਕਰ ਦੇਂਦੀ ਸੀ, ਪਰ ਬਾਹਰ ਆ ਕੇ ਫੇਰ ਉਹੀ ਕਾਨਫ਼ਰੰਸਾਂ, ਲਿਖਤਾਂ ਅਤੇ ਲੈਕਚਰਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਸੀ।

ਸਰਦਾਰ ਪਟੇਲ ੧੫ ਦਸੰਬਰ ੧੯੫੦ ਨੂੰ ਸੁਰਗਬਾਸ ਹੋ ਗਏ। ਇਉਂ ਜਾਪਦਾ ਸੀ ਕਿ ਸ਼ਾਇਦ ਹੁਣ ਸੰਕਟ ਖ਼ਤਮ ਹੋ ਜਾਏ, ਪਰ ਜੋ ਕੁਝ ਮਾਸਟਰ ਤਾਰਾ ਸਿੰਘ ਚਾਹੁੰਦਾ ਸੀ ਉਹ ਹਿੰਦੂਆਂ ਨੂੰ



Digitized by Panjab Digital Library | www.panjabdigilib.org

ਬਿਲਕੁਲ ਪਰਵਾਨ ਨਹੀਂ ਸੀ। ਪੰਡਤ ਨਹਿਰੂ ਨੇ ਇਕ ਸਿਆਣਪ ਕੀਤੀ ਕਿ ਮਾਸਟਰ ਤਾਰਾ ਸਿੰਘ ਨਾਲ ਆਪ ਸਿੱਧੇ ਲੜਨ ਦੀ ਥਾਂ ਉਸ ਨੇ ਮਾਸਟਰ ਤਾਰਾ ਸਿੰਘ ਦੇ ਹੀ ਇਕ ਲੈਫਟੀਨੈਂਟ ਸ: ਪ੍ਰਤਾਪ ਸਿੰਘ ਕੈਰੋਂ ਨੂੰ ਉਨ੍ਹਾਂ ਨਾਲ ਘੋਲ ਕਰਨ ਲਈ ਨੀਯਤ ਕਰ ਦਿੱਤਾ। ਸਰਦਾਰ ਪ੍ਰਤਾਪ ਸਿੰਘ ਭੀ ਮਾਸਟਰ ਤਾਰਾ ਸਿੰਘ ਵਾਂਗੂੰ ਚੰਗਾ ਘੁਲਾਟੀਆ ਸੀ ਅਤੇ ਸੱਚਾ ਤ ਤਕੜਾ ਸਾਥੀ, ਪਰ ਕਟੜ ਤੇ ਪੱਥਰ-ਦਿਲ ਵਿਰੋਧੀ ਸੀ। ਉਧਰ ਸਰਦਾਰ ਪਟੇਲ ਦੀ ਥਾਂ ਘਰੇਲੂ ਮੰਤਰੀ ਪੰਡਤ ਕੈਲਾਸ਼ ਨਾਥ ਕਾਟਜੂ ਮੁਕੱਰਰ ਹੋਏ। ਮਾਸਟਰ ਤਾਰਾ ਸਿੰਘ ਦੇ, ਕੁਝ ਕੁ ਹਿੰਦੂ ਲੀਡਰਾਂ, ਖ਼ਾਸ ਕਰਕੇ ਸਾਵਰਕਰ ਨਾਲ ਬਹੁਤ ਗੂੜ੍ਹੇ ਸਬੰਧ ਸਨ ਅਤੇ ਉਹ ਹਿੰਦੂ ਸਭਾ ਦੇ ਸਾਲਾਨਾ ਸਮਾਗਮਾਂ ਵਿਚ ਸ਼ਾਮਲ ਹੁੰਦੇ ਸਨ। ਜਦ ਹਿੰਦੂ ਸਭਾ ਦਾ ਸਮਾਗਮ ਇੰਦੌਰ ਵਿਚ ਹੋਇਆ ਤਾਂ ਭੀ ਉਸ ਵਿਚ ਸ਼ਾਮਲ ਹੋਏ। ਹਿੰਦੂ ਸਭਾ ਵਾਲੇ, ਸਿੱਖਾਂ ਨੂੰ ਹਿੰਦੂ ਹੀ ਸਮਝਦੇ ਅਤੇ ਕਹਿੰਦੇ ਸਨ। ਇਸ ਲਈ ਮਾਸਟਰ ਤਾਰਾ ਸਿੰਘ ਨੇ ਉਸ ਸਮਾਗਮ ਵਿਚ ਇਹ ਸਵਾਲ ਖੜਾ ਕੀਤਾ ਕਿ ਜੇ ਸਿਖ ਹਿੰਦੂ ਹਨ ਤਾਂ ਜੋ ਰਿਆਇਤਾਂ ਹਿੰਦੂ ਅਛੂਤਾਂ ਨੂੰ ਦਿੱਤੀਆਂ ਗਈਆਂ ਹਨ ਉਹ ਸਿੱਖ ਅਛੂਤਾਂ ਨੂੰ ਕਿਉਂ ਨਹੀਂ ਮਿਲੀਆਂ। ਇਸ ਤੇ ਉਸ ਸਮਾਗਮ ਵਿਚ ਸਰਬ-ਸੰਮਤੀ ਨਾਲ ਮਤਾ ਪਾਸ ਹੋਇਆ ਕਿ ਜੋ ਰਿਆਇਤਾਂ ਹਿੰਦੂ-ਅਛੂਤਾਂ ਨੂੰ ਦਿੱਤੀਆਂ ਗਈਆਂ ਹਨ ਉਹ ਸਿੱਖ-ਅਛੂਤਾਂ ਨੂੰ ਭੀ ਮਿਲਣ ਅਤੇ ਨਾਲ ਹੀ ਇਕ ਡੈਪੂਟੇਸ਼ਨ ਮੁਕੱਰਰ ਹੋਇਆ ਜੋ ਗੌਰਮਿੰਟ ਨੂੰ ਮਿਲ ਕੇ ਇਸ ਊਣਤਾਈ ਨੂੰ ਦੂਰ ਕਰਾਏ। ਮਾਸਟਰ ਤਾਰਾ ਸਿੰਘ ਜਿਸ ਗੱਲ ਦੇ ਮਗਰ ਲਗਦਾ ਸੀ ਫੇਰ ਉਸ ਨੂੰ ਪੂਰਾ ਕਰਾਏ ਬਿਨਾਂ ਸਾਹ ਨਹੀਂ ਸੀ ਲੈਂਦਾ। ਡੈਪੂਟੇਸ਼ਨ ਘਰੇਲੂ ਮੰਤਰੀ ਨੂੰ ਮਿਲਣ ਵਾਸਤੇ ਦਿੱਲੀ ਆਇਆ। ਮਾਸਟਰ ਤਾਰਾ ਸਿੰਘ ਭੀ ਇੱਥੇ ਪਹੁੰਚਿਆ ਹੋਇਆ ਸੀ, ਪਰ ਪੰਜਾਬ ਦੇ ਆਰੀਆ ਸਮਾਜੀਆਂ ਨੇ ਡੈਪੂਟੇਸ਼ਨ ਵਾਲਿਆਂ ਨੂੰ ਮਿਲ ਕੇ ਐਨੀ ਵਿਰੋਧਤਾ ਕੀਤੀ ਕਿ ਉਹ ਠੰਢੇ ਪੈ ਗਏ।



Digitized by Panjab Digital Library | www.panjabdigilib.org

ਇਨ੍ਹਾਂ ਦਿਨਾਂ ਵਿਚ ਹੀ ਮਾਸਟਰ ਤਾਰਾ ਸਿੰਘ ਨੇ ਇਕ ਬੜੇ ਭਰੇ ਜਲਸੇ ਵਿਚ ਇਕ ਹਾਸੇ ਵਾਲੀ ਗੱਲ ਕੀਤੀ। ਹਿੰਦੂਆਂ ਨੂੰ ਸੰਬੋਧਨ ਕਰ ਕੇ ਉਹ ਕਹਿਣ ਲਗੇ ਕਿ ਜ਼ਰਾ ਆਪਣੀ ਸ਼ਕਲ ਭੀ ਸ਼ੀਸ਼ੇ ਵਿਚ ਵੇਖੋ ਤੇ ਮੇਰੀ ਭੀ, ਅਤੇ ਤੁਸੀਂ ਹੀ ਫ਼ੈਸਲਾ ਕਰੋ ਕਿ ਪੁਰਾਣੇ ਹਿੰਦੂ ਰਿਸ਼ੀਆਂ ਨਾਲ ਤੁਹਾਡੀ ਸ਼ਕਲ ਰਲਦੀ ਹੈ ਜਾਂ ਮੇਰੀ।

ਇਸ ਦੇ ਪਿੱਛੋਂ ਅਕਤੂਬਰ ੧੯੫੨ ਵਿਚ ਮਾਸਟਰ ਜੀ ਇਕ ਸ਼ਹੀਦੀ ਜੱਥਾ ਅੰਮ੍ਰਿਤਸਰ ਤੋਂ ਲੈ ਕੇ ਦਿੱਲੀ ਨੂੰ ਤੁਰੇ। ਇਸ ਦਾ ਮਨੋਰਥ ਕੇਵਲ ਅਛੂਤ ਜਾਤਾਂ ਦੇ ਸਿਖਾਂ ਨਾਲ ਹੋਈ ਬੇਇਨਸਾਫ਼ੀ ਨੂੰ ਦੂਰ ਕਰਾਣਾ ਸੀ। ਉਨ੍ਹਾਂ ਦੇ ਦਿੱਲੀ ਪਹੁੰਚਣ ਤੋਂ ਪਹਿਲਾਂ ਹੀ ਡਾਕਟਰ ਕਾਟਜੂ ਨੇ ਮਾਸਟਰ ਜੀ ਦੀ ਮੰਗ ਮੰਨ ਕੇ ਐਲਾਨ ਕਰ ਦਿੱਤਾ। ਇਸ ਤਰ੍ਹਾਂ ਇਹ ਮਾਮਲਾ ਹੋਰ ਖਿੱਚੋਤਾਣ ਹੋਣ ਦੇ ਬਿਨਾਂ ਹੀ ਖ਼ਤਮ ਹੋ ਗਿਆ।

ਇਕ ਮਾਮਲਾ ਮੁਕਦਾ ਸੀ ਅਤੇ ਦੂਜਾ ਹੋਰ ਖੜਾ ਹੋ ਜਾਂਦਾ ਸੀ। ਗੱਲ ਖ਼ਤਮ ਤੇ ਤਾਂ ਹੋਵੇ ਜੇ, ਜਾਂ ਪੰਜਾਬੀ ਸੂਬਾ ਬਣੇ ਜਾਂ ਮਾਸਟਰ ਤਾਰਾ ਸਿੰਘ ਇਸ ਮੰਗ ਨੂੰ ਤਿਆਗੇ। ਪਰ ਇਹ ਮਾਸਟਰ ਤਾਰਾ ਸਿੰਘ ਲਈ ਮੁਮਕਿਨ ਨਹੀਂ ਸੀ। ਪੰਜਾਬੀ ਸੂਬੇ ਦੀ ਮੰਗ ਨਾ ਮੰਨਣ ਲਈ ਉਹ ਪੰਡਤ ਨਹਿਰੂ ਤੇ ਹੀ ਦੋਸ਼ ਦੇਂਦੇ ਰਹਿੰਦੇ ਸਨ ਅਤੇ ਸ: ਪ੍ਰਤਾਪ ਸਿੰਘ ਮਾਸਟਰ ਤਾਰਾ ਸਿੰਘ ਨੂੰ ਭੰਡਦਾ ਰਹਿੰਦਾ ਸੀ। ਮੈਨੂੰ ਇਹ ਗੱਲ ਬੜੀ ਬੁਰੀ ਲੱਗੀ। ਸ: ਪ੍ਰਤਾਪ ਸਿੰਘ ਜਦ ਅਮ੍ਰੀਕਾ ਤੋਂ ਵਾਪਸ ਆ ਕੇ ਪਬਲਿਕ ਕੰਮ ਕਰਨਾ ਚਾਹੁੰਦਾ ਸੀ ਤਾਂ ਮੈਂ ਹੀ ਉਸ ਨੂੰ ਮਾਸਟਰ ਤਾਰਾ ਸਿੰਘ ਨਾਲ ਮਿਲਾਇਆ ਸੀ। ਅਜੇ ਭੀ ਸ: ਪ੍ਰਤਾਪ ਸਿੰਘ ਨਾਲ ਮੇਰਾ ਚੰਗਾ ਮੇਲ-ਜੋਲ ਅਤੇ ਖ਼ਿਆਲਾਂ ਦੀ ਸਾਂਝ ਸੀ। ਮੈਂ ਸ: ਪ੍ਰਤਾਪ ਸਿੰਘ ਨੂੰ ਕਿਹਾ ਕਿ ਉਸ ਦਾ ਮਾਸਟਰ ਤਾਰਾ ਸਿੰਘ ਨੂੰ ਇਸ ਤਰ੍ਹਾਂ ਭੰਡਣਾ ਮੈਨੂੰ ਬਹੁਤ ਮਾੜਾ ਲਗਦਾ ਹੈ। ਫੇਰ ਸਹਿਜੇ ਸਹਿਜੇ ਮੈਂ ਉਨ੍ਹਾਂ ਨੂੰ ਨੇੜੇ ਲਿਆਂਦਾ ਅਤੇ ਦੋਹਾਂ ਨੂੰ ਇਕੱਠਿਆਂ ਘਰ ਰੋਟੀ ਤੇ ਬੁਲਾ ਕੇ ਉਨ੍ਹਾਂ ਦੀ ਸੁਲ੍ਹਾ ਕਰਾ



Digitized by Panjab Digital Library | www.panjabdigilib.org

ਦਿੱਤੀ। ਦੋਵੇਂ ਖਰੇ ਆਦਮੀ ਸਨ। ਦੋਹਾਂ ਨੇ ਮਨਾਂ ਵਿਚੋਂ ਮੈਲ ਹਟਾ ਦਿੱਤੀ, ਪਰ ਇਹ ਮਿਲਾਪ ਥੋੜ੍ਹਾ ਚਿਰ ਹੀ ਰਿਹਾ, ਕਿਉਂਕਿ ਮਿਲਾਪ ਤਾਂ ਹੀ ਹੋ ਸਕਦਾ ਸੀ ਜੇ ਮਾਸਟਰ ਤਾਰਾ ਸਿੰਘ ਅਤੇ ਨਹਿਰੂ ਵਿਚ ਖਿੱਚੋਤਾਣ ਹਟੇ ਤਾਂ। ਸ: ਪ੍ਰਤਾਪ ਸਿੰਘ ਤਾਂ ਹੀ ਚੀਫ਼ ਮਨਿਸਟਰ ਰਹਿ ਸਕਦਾ ਸੀ ਜੇ ਉਹ ਸੋਲ੍ਹਾਂ ਆਨੇ ਪੰਡਤ ਨਹਿਰੂ ਦਾ ਹੱਥ-ਠੋਕਾ ਬਣੇ ਤਾਂ। ਦੂਜੇ ਪਾਸੇ ਪੰਡਤ ਨਹਿਰੂ ਆਪਣੀ ਸਹੂਲਤ ਲਈ ਡਾਕਟਰ ਕਾਟਜੂ ਨੂੰ ਹਟਾ ਕੇ ਪੰਡਤ ਗੋਵਿੰਦ ਵਲਭ ਪੰਤ ਨੂੰ ਗ੍ਰਹਿ-ਮੰਤਰੀ ਬਣਾ ਕੇ ਕੇਂਦਰ ਵਿਚ ਲੈ ਆਇਆ। ਪੰਡਤ ਪੰਤ ਤਕੜਾ ਆਦਮੀ ਸੀ, ਪਰ ਪਾਲਿਸੀ ਤਾਂ ਪੰਡਤ ਨਹਿਰੂ ਦੀ ਹੀ ਚਲਦੀ ਸੀ। ਹੁਣ ਪੰਡਤ ਪੰਤ ਨਾਲ ਟਾਕਰਾ ਸ਼ੁਰੂ ਹੋਇਆ ਅਤੇ ਮਾਸਟਰ ਤਾਰਾ ਸਿੰਘ ਨੇ ਇਹ ਨਾਹਰਾ ਸ਼ੁਰੂ ਕੀਤਾ ਕਿ ਜਾਂ ਪੰਤ ਰਹੇਗਾ ਜਾਂ ਪੰਥ। ਇਸ ਤਰ੍ਹਾਂ ਖਿੱਚੋਤਾਣ, ਕਾਨੂੰਨ ਦੀ ਉਲੰਘਣਾ ਅਤੇ ਮਾਸਟਰ ਤਾਰਾ ਸਿੰਘ ਦਾ ਕੈਦ ਹੋਣ ਦਾ ਸਿਲਸਿਲਾ ਜਾਰੀ ਰਿਹਾ।



Digitized by Panjab Digital Library | www.panjabdigilib.org

# ੧੫

# ਪੰਡਤ ਨਹਿਰੂ ਨਾਲ ਆਰਜ਼ੀ ਸੁਲ੍ਹਾ ਤੇ ਪੰਜਾਬੀ ਸੂਬਾ

੧੯੫੫ ਵਿਚ ਜਦ ਮਾਸਟਰ ਜੀ ਕੈਦ ਹੋਏ ਤਾਂ ਪਹਿਲਾਂ ਉਨ੍ਹਾਂ ਨੂੰ ਰੁਹਤਕ ਜੇਲ੍ਹ ਵਿਚ ਰੱਖਿਆ ਗਿਆ। ਉਥੋਂ ਤਬਦੀਲ ਕਰ ਕੇ ਗੁੜਗਾਉਂ ਲਿਆਂਦਾ ਗਿਆ। ਮੇਰੇ ਲਈ ਦਿੱਲੀ ਤੋਂ ਰੁਹਤਕ ਜਾਂ ਗੁੜਗਾਉਂ ਜਾਣਾ ਬੜਾ ਸੌਖਾ ਸੀ, ਇਸ ਲਈ ਮੈਂ ਕਾਫ਼ੀ ਛੇਤੀ ਛੇਤੀ ਉਨ੍ਹਾਂ ਨੂੰ ਮਿਲਣ ਜਾਂਦਾ ਹੁੰਦਾ ਸਾਂ। ਚੰਗੀਆਂ ਉੱਚੀਆਂ ਪੁਸਤਕਾਂ ਪੜ੍ਹਨ ਦਾ ਅਵਸਰ ਤਾਂ ਉਨ੍ਹਾਂ ਨੂੰ ਜੇਲ੍ਹ ਵਿਚ ਹੀ ਮਿਲਦਾ ਸੀ। ਉਨ੍ਹਾਂ ਦੀਆਂ ਸੁਭਾਵਕ ਰੁਚੀਆਂ ਡੂੰਘੀਆਂ ਅਧਿਆਤਮਕ ਸਨ, ਇਸ ਕਰਕੇ ਜੇਲ੍ਹ ਦਾ ਵਾਯੂ-ਮੰਡਲ ਅਤੇ ਪੁਸਤਕਾਂ ਦੀ ਘੋਖ, ਉਨ੍ਹਾਂ ਦੀ ਦਿਲ ਵਿਚ ਵਸਦੀ ਕੋਮਲਤਾ ਨੂੰ ਸੱਤਾ ਤੇ ਲੈ ਆਉਂਦੇ ਸਨ। ਜੇਲ੍ਹ ਵਿਚ ਉਨ੍ਹਾਂ ਨੂੰ 'ਏ' ਕਲਾਸ ਮਿਲਦੀ ਹੁੰਦੀ ਸੀ, ਪਰ ਉਹ ਦੂਜੇ ਰਾਜਸੀ ਕੈਦੀਆਂ ਨਾਲ ਰਲ ਕੇ ਸਾਂਝੀ ਰਸਦ ਲੈ ਕੇ ਇਕੱਠੇ ਹੀ ਰੋਟੀ ਪਕਾਂਦੇ ਖਾਂਦੇ ਸਨ। ਗੁੜਗਾਉਂ ਜੇਲ੍ਹ ਵਿਚ ਤਾਂ ਉਹ ਬਹੁਤ ਪ੍ਰਸੰਨ ਸਨ। ਸਾਥੀਆਂ ਦੀ ਚੰਗੀ ਸੰਗਤ ਸੀ ਅਤੇ ਜੇਲ੍ਹ ਦੇ ਹਾਕਮ ਭੀ ਯਥਾ-ਸ਼ਕਤ ਉਨ੍ਹਾਂ ਨੂੰ ਪ੍ਰਸੰਨ ਰੱਖਣ ਦਾ ਯਤਨ ਕਰਦੇ ਸਨ।

ਕੈਂਪ ਕਾਲਜ ਵਿਚ ਜਦ ਮੈਂ ਪ੍ਰਿੰਸੀਪਲ ਸਾਂ ਤਾਂ ਉਸ ਵਿਚ ਤਿੰਨ ਹਜ਼ਾਰ ਨਾਲੋਂ ਭੀ ਜ਼ਿਆਦਾ ਵਿਦਿਆਰਥੀ ਪੜ੍ਹਦੇ ਸਨ।



Digitized by Panjab Digital Library | www.panjabdigilib.org

ਕਾਲਜ਼ ਹੈ ਭੀ ਉਨ੍ਹਾਂ ਲਈ ਸੀ ਜਿਹੜੇ ਕਿਸੇ ਥਾਂ ਮੁਲਾਜ਼ਮਤ ਕਰਦੇ ਹੋਣ, ਇਸ ਕਰਕੇ ਦੋ ਹਜ਼ਾਰ ਦੇ ਕਰੀਬ ਤਾਂ ਸੈਂਟਰਲ ਸੈਕਰੇਟੇਰੀਅਟ ਦੇ ਕਰਮਚਾਰੀ ਹੀ ਹੁੰਦੇ ਸਨ। ਪੜ੍ਹਾਈ ਤੋਂ ਬਿਨਾਂ ਇਨ੍ਹਾਂ ਸਿਆਣੇ ਵਿਦਿਆਰਥੀਆਂ ਨੂੰ ਬਾਹਰੋਂ ਚੰਗੇ ਲਾਇਕ ਅਤੇ ਤਜਰਬੇਕਾਰ ਸੱਜਣਾਂ ਨੂੰ ਬੁਲਾ ਕੇ ਲੈਕਚਰ ਦਿਵਾਣ ਦਾ ਬੜਾ ਸ਼ੌਕ ਹੁੰਦਾ ਸੀ। ਚੌਧਰੀ ਰਾਮ ਨਰਾਇਣ ਉਨ੍ਹੀਂ ਦਿਨੀਂ ਭਾਰਤ ਸੇਵਕ ਸਮਾਜ ਦੇ ਸੈਕ੍ਰੇਟਰੀ ਹੁੰਦੇ ਸਨ। ਚੰਗੇ ਸਿਆਣੇ ਅਤੇ ਤਜਰਬੇਕਾਰ ਸਜਣ ਸਨ। ਉਹ ਭੀ ਕਾਲਜ ਵਿਚ ਲੈਕਚਰ ਦੇਣ ਲਈ ਆਏ। ਇਕ ਪ੍ਰੋਫ਼ੈਸਰ ਨੇ ਉਨ੍ਹਾਂ ਦੀ ਮੇਰੇ ਨਾਲ ਜਾਣ-ਪਛਾਣ ਕਰਾਈ। ਉਹ ਮਹਾਤਮਾ ਗਾਂਧੀ ਨਾਲ ਰਹਿ ਚੁਕੇ ਸਨ ਅਤੇ ਪੱਕੇ ਗਾਂਧੀ-ਭਗਤ ਸਨ। ਖ਼ਿਆਲਾਂ ਦੀ ਸਾਂਝ ਕਰਕੇ ਮੇਰਾ ਉਨ੍ਹਾਂ ਨਾਲ ਚੰਗਾ ਮੇਲ ਹੋ ਗਿਆ। ਉਹ ਪੰਡਤ ਨਹਿਰੂ ਦੇ ਘਰ ਭੀ ਹਰ ਰੋਜ਼ ਜਾਂਦੇ ਹੁੰਦੇ ਸਨ ਅਤੇ ਪੰਡਤ ਜੀ ਨਾਲ ਉਨ੍ਹਾਂ ਦਾ ਖੁਲ੍ਹਾ ਮੇਲ-ਜੋਲ ਸੀ। ਚੌਧਰੀ ਸਾਹਿਬ ਤੇ ਮੈਂ ਆਪੋ ਵਿਚ ਬਹੁਤ ਮਿਲਣ ਲਗ ਪਏ। ਪੰਡਤ ਨਹਿਰੂ ਅਤੇ ਮਾਸਟਰ ਤਾਰਾ ਸਿੰਘ ਬਾਬਤ ਭੀ ਆਪੋ ਵਿਚ ਗੱਲ-ਬਾਤ ਹੋਣ ਲਗ ਪਈ। ਆਖ਼ਰ ਅਸਾਂ ਇਹ ਸੋਚਿਆ ਕਿ ਦੋ ਉੱਚੇ ਆਦਮੀ ਐਵੇਂ ਆਪੋ ਵਿਚ ਲੜ ਰਹੇ ਹਨ; ਇਨ੍ਹਾਂ ਦੀ ਕਿਸੇ ਤਰ੍ਹਾਂ ਸੁਲ੍ਹਾ ਕਰਾਈਏ। ਕੁਝ ਦਿਨ ਵਿਚਾਰਾਂ ਕਰ ਕੇ ਅਸਾਂ ਇਹ ਪੱਕਾ ਮਨ ਬਣਾ ਲਿਆ ਕਿ ਇਨ੍ਹਾਂ ਨੂੰ ਕਿਸੇ ਤਰ੍ਹਾਂ ਨੇੜੇ ਲਿਆਂਦਾ ਜਾਏ।

ਜੁਲਾਈ ੧੯੫੫ ਵਿਚ ਮੈਂ ਉਨ੍ਹਾਂ ਨੂੰ ਮਿਲਣ ਗਿਆ। ਗੁੜਗਾਉਂ ਜਾ ਕੇ ਪਤਾ ਲੱਗਾ ਕਿ ਉਨ੍ਹਾਂ ਦੀ ਰਿਹਾਈ ਦਾ ਹੁਕਮ ਆ ਚੁਕਾ ਹੈ ਅਤੇ ਕੁਝ ਘੰਟਿਆਂ ਵਿਚ ਹੀ ਉਨ੍ਹਾਂ ਰਿਹਾ ਹੋ ਜਾਣਾ ਹੈ। ਉਨ੍ਹਾਂ ਨੂੰ ਮਿਲ ਕੇ ਉਨ੍ਹਾਂ ਲਈ ਇਕ ਹਕੀਮ ਪਾਸੋਂ ਛਪਾਕੀ ਦੀ ਦਵਾਈ ਲੈਣ ਚਲਾ ਗਿਆ। ਵਾਪਸ ਆਇਆ ਤਾਂ ਸ: ਹੁਕਮ ਸਿੰਘ ਅਤੇ ਕੁਝ ਹੋਰ ਦਿੱਲੀ ਦੇ ਅਕਾਲੀ ਨੇਤਾ ਕਾਰ ਲੈ ਕੇ ਉਥੇ ਪਹੁੰਚੇ ਹੋਏ ਸਨ ਅਤੇ ਮਾਸਟਰ ਜੀ ਭੀ ਜੇਲ੍ਹ ਤੋਂ ਰਿਹਾ ਹੋ ਕੇ ਬਾਹਰ ਆ ਚੁਕੇ ਸਨ,



Digitized by Panjab Digital Library | www.panjabdigilib.org

ਅਸੀਂ ਸਾਰੇ ਇਕੱਠੇ ਦਿੱਲੀ ਨੂੰ ਟੁਰੇ ਅਤੇ ਸ: ਹੁਕਮ ਸਿੰਘ ਦੀ ਕੋਠੀ ਪਹੁੰਚੇ। ਉਥੇ ਹੋਰ ਭੀ ਅਕਾਲੀ ਆਏ ਬੈਠੇ ਸਨ। ਉਨ੍ਹਾਂ ਦੀ ਆਪਸ ਵਿਚ ਗੋਸ਼ਟੀ ਸ਼ੁਰੂ ਹੋਈ। ਮੈਂ ਉਨ੍ਹਾਂ ਨਾਲ ਭਿਜ ਨਹੀਂ ਸਾਂ ਸਕਦਾ, ਕਿਉਂਕਿ ਮੇਰੇ ਵਿਚਾਰ ਉਨ੍ਹਾਂ ਨਾਲ ਨਹੀਂ ਸਨ ਰਲਦੇ। ਮੈਂ ਆਪਣੇ ਘਰ ਜਾਣ ਲਈ ਉਠਿਆ। ਪਰ ਮਾਸਟਰ ਜੀ ਨੂੰ ਕਿਹਾ ਕਿ ਤੁਸੀਂ ਮੇਰੇ ਘਰ ਜ਼ਰੂਰ ਆਉਣਾ ਕਿਉਂਕਿ ਮੈਂ ਇਕ ਆਪਣੇ ਮਿੱਤਰ ਨਾਲ ਤੁਹਾਨੂੰ ਮਿਲਾਣਾ ਚਾਹੁੰਦਾ ਹਾਂ।

ਦੂਜੇ ਦਿਨ ਮਾਸਟਰ ਜੀ ਮੇਰੇ ਘਰ ਪਹੁੰਚੇ। ਉਸੇ ਵੇਲੇ ਮੈਂ ਚੌਧਰੀ ਰਾਮ ਨਰਾਇਣ ਨੂੰ ਬੁਲਾ ਭੇਜਿਆ ਅਤੇ ਉਨ੍ਹਾਂ ਦੀ ਆਪੋ ਵਿਚ ਜਾਣ-ਪਛਾਣ ਕਰਾਈ। ਚੌਧਰੀ ਸਾਹਿਬ ਚੰਗੇ ਸਿਆਣੇ ਆਦਮੀ ਹਨ। ਥੋੜੇ ਚਿਰ ਵਿਚ ਹੀ ਦੋਹਾਂ ਦੀ ਆਪਸ ਵਿਚ ਚੰਗੀ ਨਿੱਘੀ ਗੱਲ-ਬਾਤ ਹੋਣ ਲੱਗ ਪਈ ਅਤੇ ਦੋ ਘੰਟੇ ਦੇ ਕਰੀਬ ਹੁੰਦੀ ਰਹੀ। ਦੂਜੇ ਦਿਨ ਚੌਧਰੀ ਸਾਹਿਬ ਪੰਡਤ ਨਹਿਰੂ ਨੂੰ ਮਿਲੇ ਅਤੇ ਫੇਰ ਅਗਲੇ ਦਿਨ ਮਾਸਟਰ ਜੀ ਨੂੰ ਨਾਲ ਲੈ ਗਏ। ਪੰਡਤ ਨਹਿਰੂ ਨੇ ਮਾਸਟਰ ਜੀ ਦਾ ਬੜੇ ਪ੍ਰੇਮ ਅਤੇ ਸਤਿਕਾਰ ਨਾਲ ਸਵਾਗਤ ਕੀਤਾ। ਬੜੇ ਅੱਛੇ ਤਅੱਲਕਾਤ ਹੋ ਗਏ। ਪੰਡਤ ਨਹਿਰੂ ਨੇ ਫੇਰ ਉਨ੍ਹਾਂ ਨੂੰ ਸਰਕਾਰੀ ਤੌਰ ਤੇ ਬਾਕਾਇਦਾ ਲਿਖਤੀ ਸੱਦਾ ਭੇਜਿਆ ਕਿ ਤੁਸੀਂ ਸਾਥੀਆਂ ਨੂੰ ਨਾਲ ਲੈ ਕੇ ਆਉ ਤਾਕਿ ਸਿੱਖਾਂ ਦੀਆਂ ਮੰਗਾਂ ਉਤੇ ਪਰਸਪਰ ਵਿਚਾਰ ਕਰਕੇ, ਇਸ ਮੁਆਮਲੇ ਨੂੰ ਪ੍ਰੇਮ ਸਹਿਤ ਮੁਕਾ ਲਈਏ। ਮਾਸਟਰ ਜੀ ਨੇ ਖ਼ੁਸ਼ੀ ਨਾਲ ਸੱਦੇ ਨੂੰ ਪਰਵਾਨ ਕਰ ਲਿਆ ਅਤੇ ਹਰ ਖ਼ਿਆਲ ਦੇ ਸਿੱਖਾਂ ਦਾ ਇਕ ਸਾਂਝਾ ਡੈਲੀਗੇਸ਼ਨ ਦਿੱਲੀ ਲਿਆ ਕੇ ਅੱਛੇ ਵਾਯੂ-ਮੰਡਲ ਵਿਚ ਗੱਲ-ਬਾਤ ਸ਼ੁਰੂ ਕਰ ਦਿੱਤੀ। ਖ਼ਿਆਲਾਂ ਵਿਚ ਵਿਖੇਵਾਂ ਬਹੁਤ ਜ਼ਿਆਦਾ ਸੀ, ਪਰ ਅਸਲ ਗੱਲ ਵਿਖੇਵਿਆਂ ਦੀ ਨਹੀਂ ਹੁੰਦੀ, ਸਪਿਰਿਟ ਦੀ ਹੁੰਦੀ ਹੈ, ਭਾਵਨਾ ਦੀ ਹੁੰਦੀ ਹੈ। ਚੌਧਰੀ ਰਾਮ ਨਰਾਇਣ ਅਤੇ ਮੌਲਾਨਾ ਆਜ਼ਾਦ ਦੇ ਯਤਨਾਂ ਦਾ ਸਦਕਾ ਆਪੋ ਵਿਚ ਸਮਝੌਤਾ ਹੋ ਗਿਆ ਅਤੇ ਆਪੋ ਵਿਚ ਐਨੇ ਨੇੜੇ ਆ ਗਏ ਕਿ ਮੌਲਾਨਾ ਨੇ ਕਿਹਾ ਕਿ



Digitized by Panjab Digital Library | www.panjabdigilib.org

ਮਾਸਟਰ ਤਾਰਾ ਸਿੰਘ ਨੂੰ ਸਰਬ-ਹਿੰਦ ਕਾਂਗਰਸ ਦਾ ਪਰਧਾਨ ਬਣਾਣਾ ਚਾਹੀਦਾ ਹੈ।

ਪੰਡਤ ਨਹਿਰੂ ਕੁਝ ਚਿਰ ਪਹਿਲਾਂ ਫ਼ਤਹਗੜ੍ਹ ਸਾਹਿਬ ਗੁਰਦਵਾਰੇ ਵਿਚ ਗਿਆ ਸੀ। ਉਥੇ ਪਟਿਆਲਾ-ਗੁਰਦਵਾਰਾ-ਬੋਰਡ ਦਾ ਪਰਬੰਧ ਸੀ ਅਤੇ ਪੰਡਤ ਨਹਿਰੂ ਨੂੰ ਗੁਰਦਵਾਰੇ ਦੇ ਅੰਦਰ ਮਾਣ-ਵਡਿਆਈ ਦੇਣ ਦਾ ਪ੍ਰੋਗਰਾਮ ਸੀ। ਮਾਸਟਰ ਤਾਰਾ ਸਿੰਘ ਖ਼ੁਦ ਉਥੇ ਪਹੁੰਚ ਗਿਆ ਅਤੇ ਸਿਖ-ਸੰਗਤਾਂ ਦੀ ਸਹਾਇਤਾ ਨਾਲ ਅਜਿਹਾ ਮੁਜ਼ਾਹਰਾ ਕੀਤਾ ਕਿ ਨਹਿਰੂ ਸਾਹਿਬ ਬੇਇਜ਼ਤੀ ਕਰਾ ਕੇ ਉਥੋਂ ਦੌੜੇ। ਪਰ ਹੁਣ ਮਾਸਟਰ ਜੀ ਨੇ ਪੰਡਤ ਨਹਿਰੂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਿਰੋਪਾ ਦਿੱਤਾ ਅਤੇ ਮਾਣ ਵਡਿਆਈ ਦਿੱਤੀ।

ਸਮਝੌਤਾ ਇਹ ਹੋਇਆ ਕਿ ਪੰਜਾਬ ਨੂੰ ਦੋਹਾਂ ਖੇਤਰਾਂ ਵਿਚ ਵੰਡਿਆ ਜਾਏ, ਇਕ ਪੰਜਾਬੀ ਖੇਤਰ ਅਤੇ ਇਕ ਹਿੰਦੀ ਖੇਤਰ। ਹੱਦਾਂ ਦਾ ਭੀ ਫ਼ੈਸਲਾ ਹੋ ਗਿਆ। ਸਾਰੇ ਪੰਜਾਬ ਦੀ ਇਕ ਅਸੈਂਬਲੀ, ਇੱਕ ਗਵਰਨਰ ਅਤੇ ਅਸੈਂਬਲੀ ਦਾ ਇਕੋ ਪ੍ਰਧਾਨ ਅਥਵਾ ਸਪੀਕਰ ਹੋਵੇ। ਕੁਝ ਸਾਂਝੇ ਮਾਮਲੇ ਇਸ ਅਸੈਂਬਲੀ ਵਿਚ ਫ਼ੈਸਲਾ ਹੋਇਆ ਕਰਨ। ਕੁਝ ਮਾਮਲਿਆਂ ਦਾ ਫ਼ੈਸਲਾ ਵਖਰੇ ਵਖਰੇ ਖੇਤਰ ਆਪ ਕਰਿਆ ਕਰਨ। ਇਸ ਲਈ ਪੰਜਾਬੀ ਖੇਤਰ ਦੇ ਅਸੈਂਬਲੀ ਦਾ ਮੈਂਬਰਾਂ ਦਾ ਵਖਰਾ ਇਜਲਾਸ ਹੋਇਆ ਕਰੇ ਅਤੇ ਦੂਜਿਆਂ ਦਾ ਵਖਰਾ ਪ੍ਰਧਾਨ ਅਤੇ ਉਸ ਦਾ ਵਖਰਾ ਦਫ਼ਤਰ ਹੋਵੇ। ਹਿੰਦੀ ਦੇ ਖੇਤਰ ਦੇ ਮੈਂਬਰ ਭੀ ਆਪਣੇ ਮਾਮਲਿਆਂ ਨੂੰ ਉਸੇ ਤਰ੍ਹਾਂ ਆਪ ਹੀ ਨਜਿੱਠਿਆ ਕਰਨ।

ਆਪੋ ਵਿਚ ਬੜੇ ਪ੍ਰੇਮ-ਪੂਰਬਕ ਸਬੰਧ ਬਣ ਚੁਕੇ ਸਨ ਇਸ ਲਈ ਕੋਈ ਖ਼ਾਸ ਅੜਿੱਚਣ ਨਾ ਪਈ। ਜਿੱਥੇ ਪਰਸਪਰ ਚੰਗੀ ਭਾਵਨਾ ਹੋਵੇ ਉਥੇ ਅੜਿੱਚਣਾਂ ਠਹਿਰ ਨਹੀਂ ਸਕਦੀਆਂ। ਇਹ ਵੀ ਫ਼ੈਸਲਾ ਹੋਇਆ ਕਿ ਆਉਂਦੀਆਂ ਚੋਣਾਂ ਵਿਚ ਸਾਰੇ ਮੈਂਬਰ ਕਾਂਗਰਸ ਟਿਕਟ ਤੇ ਖੜੇ ਕੀਤੇ ਜਾਣ। ਸਿਖ ਮੈਂਬਰਾਂ ਦੇ ਨਾਂਵਾਂ ਦੀ ਫ਼ਹਿਰਿਸਤ ਮਾਸਟਰ ਤਾਰਾ ਸਿੰਘ ਦਏ ਅਤੇ ਸਰਬ-ਹਿੰਦ ਕਾਂਗਰਸ ਦਾ ਪਾਰਲੀਮੈਂਟਰੀ



Digitized by Panjab Digital Library | www.panjabdigilib.org

ਬੋਰਡ ਉਨ੍ਹਾਂ ਮੈਂਬਰਾਂ ਨੂੰ ਕਾਂਗਰਸ ਦੇ ਟਿਕਟ ਪ੍ਰਦਾਨ ਕਰੇ। ਪੰਜਾਬ ਵਿਚ ਕੁਝ ਚਿਰ ਲਈ ਬੜਾ ਸੁਹਾਵਣਾ ਵਾਯੂ-ਮੰਡਲ ਪੈਦਾ ਹੋ ਗਿਆ।

ਅਖਾਣ ਹੈ, ਸੌ ਫ਼ਕੀਰ ਇਕ ਗੋਦੜੀ ਵਿਚ ਸਮਾ ਸਕਦੇ ਹਨ ਪਰ ਦੋ ਬਾਦਸ਼ਾਹ ਸੌ ਵਲਾਇਤਾਂ ਵਿਚ ਭੀ ਨਹੀਂ ਸਮਾ ਸਕਦੇ। ਤਾਕਤ ਦੀ ਭੁੱਖ ਮਿਟ ਨਹੀਂ ਸਕਦੀ। ਖਾਰੇ ਪਾਣੀ ਦੇ ਪੀਣ ਵਾਂਗੂੰ ਜਿਉਂ ਜਿਉਂ ਇਸ ਨੂੰ ਪੀਵੀਏ ਇਸ ਦੀ ਤ੍ਰਿਸ਼ਨਾ ਵਧਦੀ ਹੀ ਜਾਂਦੀ ਹੈ। ਚੋਣਾਂ ਦਾ ਵੇਲਾ ਆਇਆ। ਕਾਂਗਰਸ ਨੇ ਸਿੱਖਾਂ ਵਿਚੋਂ ਆਪਣੀ ਮਰਜ਼ੀ ਦੇ ਉਮੈਦਵਾਰ ਚੁਣ ਲਏ। ਪਰ ਮਾਸਟਰ ਜੀ ਹੋਏ ਸਮਝੌਤੇ ਮੂਜਬ ਆਪਣੀ ਮਰਜ਼ੀ ਨਾਲ ਸਾਰੇ ਸਿਖ ਮੈਂਬਰ ਚੁਣਨਾ ਚਾਹੁੰਦੇ ਸਨ। ਇਥੋਂ ਫੇਰ ਮਤ-ਭੇਦ ਹੋ ਗਏ, ਫੁਟ ਪੈ ਗਈ ਅਤੇ ਅੱਗੇ ਨਾਲੋਂ ਖਿੱਚੋਤਾਣ ਹੋਰ ਭੀ ਵਧ ਗਈ। ਪੰਜਾਬੀ ਖੇਤਰ ਬਣਾਣ ਵਾਲੀ ਗੱਲ ਉਥੇ ਹੀ ਠੱਪੀ ਗਈ! ਸਾਰਾ ਬਣਿਆ ਬਣਾਇਆ ਫ਼ਾਰਮੂਲਾ ਫ਼ਾਈਲਾਂ ਵਿਚ ਹੀ ਗੁੰਮ ਹੋ ਗਿਆ। ਪੰਜਾਬੀ ਜ਼ਬਾਨ ਦਾ ਮਾਮਲਾ ਭੀ ਨਾਲ ਹੀ ਠੱਪਿਆ ਗਿਆ।

੨੧ ਫ਼ਰਵਰੀ ੧੯੫੬ ਨੂੰ ਕਾਂਗਰਸ ਦਾ ਸਾਲਾਨਾ ਸਮਾਗਮ ਖ਼ਾਲਸਾ ਕਾਲਜ ਦੇ ਬਿਲਕੁਲ ਲਾਗੇ ਹੋਇਆ। ਉਸ ਦੇ ਨੇੜੇ ਹੀ ਅਤੇ ਉਨ੍ਹਾਂ ਦਿਨਾਂ ਵਿਚ ਹੀ ਸ਼੍ਰੋਮਣੀ ਅਕਾਲੀ ਦਲ ਵਲੋਂ ਸਾਲਾਨਾ ਅਕਾਲੀ ਕਾਨਫ੍ਰੰਸ ਰੱਖ ਦਿਤੀ ਗਈ, ਜਿਸ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਜੀ ਸਨ। ਦੋਵੇਂ ਥਾਵਾਂ ਮੈਂ ਆਪਣੀ ਅੱਖੀਂ ਵੇਖੀਆਂ। ਕਾਂਗਰਸ ਦੇ ਪੰਡਾਲ ਆਦਿ ਦਾ ਅਮੀਰਾਨਾ ਠਾਠ-ਬਾਠ ਅਤੇ ਅਕਾਲੀਆਂ ਦਾ ਗ਼ਰੀਬਾਨਾ ਕੰਮ ਮੇਰੇ ਮਨ ਤੇ ਅਜੇ ਤਾਈਂ ਉਕਰਿਆ ਹੋਇਆ ਹੈ। ਮਾਸਟਰ ਤਾਰਾ ਸਿੰਘ ਦਾ ਅਤੇ ਕਾਂਗਰਸ ਦੇ ਪ੍ਰਧਾਨ ਦੋਹਾਂ ਦੇ ਜਲੂਸ ਨਿਕਲੇ। ਅਕਾਲੀਆਂ ਦਾ ਜਲੂਸ ਕਾਂਗਰਸ ਦੇ ਜਲੂਸ ਨਾਲੋਂ ਕਈ ਗੁਣਾ ਵੱਡਾ ਸੀ। ਉਸ ਵਿਚ ਜਾਨ ਸੀ, ਉਤਸ਼ਾਹ ਸੀ ਅਤੇ ਉਸ ਦੀ ਕਮਾਲ ਦੀ ਸ਼ਾਨ ਨਜ਼ਰ ਆਉਂਦੀ ਸੀ। ਕਾਂਗਰਸ ਦੇ ਪ੍ਰਧਾਨ ਦਾ ਜਲੂਸ ਉਸ ਦੇ ਮੁਕਾਬਲੇ ਵਿਚ ਬਿਲਕੁਲ ਬੇ-ਰੌਣਕਾ ਅਤੇ ਬੇਸਵਾਦਾ



Digitized by Panjab Digital Library | www.panjabdigilib.org

ਪ੍ਰਤੀਤ ਹੁੰਦਾ ਸੀ। ਜਿਹੜੇ ਦੂਜੇ ਦੇਸਾਂ ਦੇ ਪੱਤਰ-ਪ੍ਰੇਰਕ ਉਥੇ ਆਏ ਹੋਏ ਸਨ, ਉਨ੍ਹਾਂ ਉਤੇ ਇਸ ਫ਼ਰਕ ਦਾ ਬੜਾ ਡੂੰਘਾ ਪ੍ਰਭਾਵ ਪਿਆ।

੧੯੫੭ ਵਿਚ ਚੋਣਾਂ ਹੋਈਆਂ। ਅਕਾਲੀਆਂ ਦੇ ਕਾਫ਼ੀ ਮੈਂਬਰ ਚੁਣੇ ਗਏ। ਮਾਸਟਰ ਤਾਰਾ ਸਿੰਘ ਪਾਸੋਂ ਤਾਂ ਲੀਡਰੀ ਦੇ ਭੁੱਖਿਆਂ ਨੂੰ ਮੈਂਬਰੀ ਹੀ ਪ੍ਰਾਪਤ ਹੋ ਸਕਦੀ ਸੀ, ਪਰ ਵਜ਼ੀਰੀਆਂ ਤਾਂ ਨਹਿਰੂ ਦੇ ਹੱਥ ਵਿਚ ਹੀ ਸਨ। ਪੰਜਾਬ ਵਿਚ ਸਰਕਾਰ ਤਾਂ ਕਾਂਗਰਸ ਦੀ ਹੀ ਬਣ ਸਕਦੀ ਸੀ। ਗਿਆਨੀ ਕਰਤਾਰ ਸਿੰਘ ਭੀ ਮਾਸਟਰ ਤਾਰਾ ਸਿੰਘ ਨੂੰ ਛਡ ਕੇ ਕਾਂਗਰਸ ਵਿਚ ਜਾ ਸ਼ਾਮਲ ਹੋਇਆ ਅਤੇ ਵਜ਼ੀਰ ਬਣ ਗਿਆ। ਖਿਚੋ-ਤਾਣ ਵਧਦੀ ਗਈ। ਮਾਸਟਰ ਤਾਰਾ ਸਿੰਘ ਆਪਣੀ ਪੰਜਾਬੀ ਸੂਬੇ ਦੀ ਮੰਗ ਉਤੇ ਡਟਿਆ ਹੋਇਆ ਸੀ। ਪੁਰਾਣੇ ਸਾਥੀ ਮਾਸਟਰ ਜੀ ਨੂੰ ਛਡੀ ਜਾਂਦੇ ਸਨ ਅਤੇ ਨਵੇਂ, ਜਿਨ੍ਹਾਂ ਅਜੇ ਮੈਂਬਰੀ ਤੋਂ ਹੀ ਲੀਡਰੀ ਅਰੰਭ ਕਰਨੀ ਹੁੰਦੀ ਸੀ, ਉਸ ਦੇ ਨਾਲ ਸ਼ਾਮਲ ਹੁੰਦੇ ਜਾਂਦੇ ਸਨ।

੧੯੫੮ ਵਿਚ ਕਾਂਗਰਸੀ ਸਿੱਖ ਲੀਡਰਾਂ ਨੇ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਉਤੇ ਸਰਕਾਰੀ ਅਸਰ-ਰਸੂਖ਼ ਨਾਲ ਕਬਜ਼ਾ ਕਰ ਲਿਆ। ਮਾਸਟਰ ਜੀ ਨੇ ਗੌਰਮਿੰਟ ਵਲੋਂ ਗੁਰਦਵਾਰਾ-ਪ੍ਰਬੰਧ ਵਿਚ ਦਖ਼ਲ ਦੇਣ ਵਿਰੁੱਧ ਫੇਰ ਐਜੀਟੇਸ਼ਨ ਸ਼ੁਰੂ ਕੀਤੀ। ਇਕ ਜੱਥਾ ਲੈ ਕੇ ਉਹ ਅੰਮ੍ਰਿਤਸਰ ਤੋਂ ਦਿੱਲੀ ਨੂੰ ਰਵਾਨਾ ਹੋ ਪਏ ਅਤੇ ਦਿੱਲੀ ਦੇ ਸਿੱਖਾਂ ਨੇ ਇਕ ਧਰਮ-ਰਖਿਅਕ ਜਲੂਸ ਕਢਿਆ। ਇਸ ਜਲੂਸ ਨੂੰ ਵੇਖ ਕੇ ਦੁਨੀਆ ਚਕਿਰਤ ਹੋ ਗਈ। ਇਸੇ ਤਰ੍ਹਾਂ ਦਾ ਇਕ ਜਲੂਸ ਕੁਝ ਮਹੀਨੇ ਪਹਿਲਾਂ ਦਰਬਾਰ ਸਾਹਿਬ ਦੇ ਸਰੋਵਰ ਵਿਚ ਸਿਗਰਟ ਸੁਟੇ ਜਾਣ ਵਿਰੁੱਧ ਦਿੱਲੀ ਵਿਚ ਨਿਕਲਿਆ ਸੀ। ੧੯੫੬ ਵਾਲੇ ਜਲੂਸ ਅਤੇ ਇਨ੍ਹਾਂ ਦੋਹਾਂ ਜਲੂਸਾਂ ਦਾ ਅੰਗਰੇਜ਼ੀ ਪੱਤਰ-ਪ੍ਰੇਰਕਾਂ ਤੇ ਐਨਾ ਅਸਰ ਪਿਆ ਕਿ ਉਨ੍ਹਾਂ ਮਾਸਟਰ ਤਾਰਾ ਸਿੰਘ ਨੂੰ "ਜਲੂਸਾਂ ਦੇ ਬਾਦਸ਼ਾਹ" ਦਾ ਖ਼ਿਤਾਬ ਦਿੱਤਾ।

ਪੰਡਤ ਨਹਿਰੂ ਨੇ ਮਾਸਟਰ ਤਾਰਾ ਸਿੰਘ ਦੀ ਮੰਗ ਮੰਨ ਲਈ



Digitized by Panjab Digital Library | www.panjabdigilib.org

ਅਤੇ ਰੌਲਾ ਠੰਢਾ ਕਰ ਦਿੱਤਾ। ਪਰ ਉਹ ਕਿਸੇ ਢੰਗ ਨਾਲ ਮਾਸਟਰ ਤਾਰਾ ਸਿੰਘ ਦੇ ਰਸੂਖ਼ ਨੂੰ ਸਿੱਖਾਂ ਵਿਚੋਂ ਖ਼ਤਮ ਕਰਨਾ ਚਾਹੁੰਦਾ ਸੀ ਅਤੇ ਇਸੇ ਧੁਨ ਵਿਚ ਹਰ ਵੇਲੇ ਲਗਾ ਰਹਿੰਦਾ ਸੀ।

ਗਿਆਨੀ ਕਰਤਾਰ ਸਿੰਘ ਨੂੰ ਆਪਣੇ ਆਪ ਤੇ ਬੜਾ ਮਾਣ ਸੀ ਅਤੇ ਅਕਾਲੀਆਂ ਵਿਚ ਕਾਫ਼ੀ ਆਦਮੀ ਉਸ ਦੇ ਨਾਲ ਭੀ ਸਨ। ਪੰਡਤ ਨਹਿਰੂ ਅਤੇ ਪੰਡਤ ਪੰਤ ਨਾਲ ਡੂੰਘੀਆਂ ਵਿਚਾਰਾਂ ਹੋਣ ਲਗ ਪਈਆਂ। ਕਾਫ਼ੀ ਸੋਚ ਵਿਚਾਰ ਦੇ ਪਿਛੋਂ ਕਾਂਗਰਸੀਆਂ ਨੇ ਇਹ ਮਤਾ ਪਕਾਇਆ ਕਿ ੧੯੬੦ ਦੇ ਸ਼ੁਰੂ ਵਿਚ ਹੋ ਰਹੀਆਂ ਗੁਰਦਵਾਰਾ-ਚੋਣਾਂ ਵਿਚ ਮਾਸਟਰ ਜੀ ਨੂੰ ਲੱਕ-ਤੋੜਵੀਂ ਹਾਰ ਦੇ ਕੇ ਖ਼ਤਮ ਕਰ ਦਿੱਤਾ ਜਾਵੇ। ਗਿਆਨੀ ਕਰਤਾਰ ਸਿੰਘ ਨੇ ਵਜ਼ੀਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਚੋਣਾਂ ਉਤੇ ਸਿਰ-ਧੜ ਦੀ ਬਾਜ਼ੀ ਲਾ ਦਿੱਤੀ। ਉਹ ਸਾਰੇ ਪੰਜਾਬ ਵਿਚ ਭਜਿਆ ਫਿਰਦਾ ਸੀ। ਕੇਂਦਰ ਦੀ ਗੌਰਮਿੰਟ, ਪੰਜਾਬ ਦੀ ਗੌਰਮਿੰਟ, ਜੱਥੇਦਾਰ ਗਰੁੱਪ ਅਤੇ ਹੁਣ ਗਿਆਨੀ ਕਰਤਾਰ ਸਿੰਘ ਪਾਰਟੀ ਸਭ, ਬੱਬਰ ਸ਼ੇਰ ਨੂੰ ਮਾਰਨ ਲਈ ਇਕੱਠੇ ਹੋ ਗਏ। ਮਾਸਟਰ ਤਾਰਾ ਸਿੰਘ ਇਹੋ ਜਿਹੇ ਘਮਸਾਣ ਵੇਲੇ ਘਬਰਾਉਣ ਦੀ ਥਾਂ ਸਗੋਂ ਚਮਕਦਾ ਸੀ। ਮੈਂ ਉਨ੍ਹੀਂ ਦਿਨੀਂ ਫ਼ਤਹਗੜ੍ਹ ਸਾਂ। ਮਾਸਟਰ ਜੀ ਮੋਗਿੰਡੇ ਵਿਚ ਦੀਵਾਨ ਕਰ ਕੇ ਵਾਪਸ ਆ ਰਹੇ ਸਨ। ਅਜੇ ਬੱਸੀ ਤੋਂ ਦੂਰ ਹੀ ਸਨ ਕਿ ਉਨ੍ਹਾਂ ਸ: ਬਖ਼ਸ਼ੀਸ਼ ਸਿੰਘ ਨੂੰ ਕਾਰ ਦੇ ਕੇ ਮੈਨੂੰ ਲਿਆਉਣ ਲਈ ਫ਼ਤਹਗੜ੍ਹ ਭੇਜ ਦਿੱਤਾ। ਨਾਲ ਉਨ੍ਹਾਂ ਦੇ ਸ: ਬਖ਼ਸ਼ੀਸ਼ ਸਿੰਘ ਅਤੇ ਸ: ਕੇਹਰ ਸਿੰਘ ਬੈਰਾਗੀ ਹੀ ਸਨ। ਮੈਂ ਉਥੇ ਪਹੁੰਚਿਆ ਅਤੇ ਵੇਖਿਆ ਕਿ ਦੂਰ ਪੱਰੇ ਇਕ ਖੇਤ ਵਿਚ ਉਹ ਕਮੋਡ ਤੇ ਬੈਠੇ ਹਨ ਅਤੇ ਨਾਲ ਹੀ ਕੁਝ ਲਿਖ ਵੀ ਰਹੇ ਹਨ। ਮੈਂ ਹੱਸ ਪਿਆ। ਟੱਟੀ ਹੋ ਕੇ ਜਦ ਕਾਰ ਦੇ ਕੋਲ ਸੜਕ ਤੇ ਪਹੁੰਚੇ ਤਾਂ ਮੈਂ ਪੁੱਛਿਆ ਕਿ ਇਹ ਤੁਹਾਡੀਆਂ ਲੜਾਈਆਂ ਕਦੇ ਮੁਕਣਗੀਆਂ ਭੀ? ਸਾਰੇ ਹੱਸ ਪਏ ਅਤੇ ਸ: ਬਖ਼ਸ਼ੀਸ਼ ਸਿੰਘ ਨੇ ਜਵਾਬ ਦਿੱਤਾ ਕਿ ਜਿੰਨਾ ਚਿਰ ਇਹ ਜੀਊਂਦੇ ਹਨ, ਲੜਾਈਆਂ ਨਹੀਂ ਮੁਕਣੀਆਂ। ਬੜੀਆਂ ਚੜ੍ਹਦੀਆਂ ਕੱਲਾਂ ਵਿਚ ਸਨ ਅਤੇ ਕਹਿੰਦੇ



Digitized by Panjab Digital Library | www.panjabdigilib.org

ਸਨ ਕਿ ਗਿਆਨੀ ਕਰਤਾਰ ਸਿੰਘ ਦਾ ਅਹੰਕਾਰ ਤੋੜ ਦਿਆਂਗੇ। ਜਨਵਰੀ ਵਿਚ ਚੋਣਾਂ ਹੋਈਆਂ। ਕਾਂਗਰਸੀਆਂ ਨੂੰ ਬੜੀ ਭਾਰੀ ਹਾਰ ਹੋਈ। ੧੩੬ ਸੀਟਾਂ ਮਾਸਟਰ ਤਾਰਾ ਸਿੰਘ ਨੇ ਜਿੱਤੀਆਂ ਅਤੇ ਚਾਰ ਸੀਟਾਂ ਦੂਜਿਆਂ ਨੇ। ਐਡੀ ਜਿੱਤ ਮਾਸਟਰ ਤਾਰਾ ਸਿੰਘ ਨੂੰ ਅੱਗੇ ਕਦੇ ਨਹੀਂ ਸੀ ਹੋਈ ਅਤੇ ਗਿਆਨੀ ਕਰਤਾਰ ਸਿੰਘ ਨੂੰ ਲੱਕ-ਤੋੜਵੀਂ ਹਾਰ ਹੋਈ। ਪਾਜ ਖੁਲ੍ਹ ਗਿਆ ਅਤੇ ਸਭ ਨੂੰ ਯਕੀਨ ਹੋ ਗਿਆ ਕਿ ਸਿੱਖ ਮਾਸਟਰ ਤਾਰਾ ਸਿੰਘ ਦੇ ਪਿੱਛੇ ਹਨ। ਮਾਸਟਰ ਤਾਰਾ ਸਿੰਘ ਅੱਗੇ ਨਾਲੋਂ ਜ਼ਿਆਦਾ ਪੰਜਾਬੀ ਸੂਬੇ ਦੀ ਮੰਗ ਉਤੇ ਤੁਲਿਆ ਹੋਇਆ ਸੀ ਅਤੇ ਗੌਰਮਿੰਟ ਨਾਲ ਟੱਕਰ ਲੈਣ ਲਈ ਉਹ ਤੱਤਪਰ ਸੀ।

ਚੋਣਾਂ ਦੇ ਪਿੱਛੋਂ ਆਪ ਪੰਜਾ ਸਾਹਿਬ ਗੁਰਦਵਾਰੇ ਦੀ ਯਾਤਰਾ ਲਈ ਪਾਕਿਸਤਾਨ ਗਏ। ਆਪਣੇ ਪੁਰਾਣੇ ਪਿੰਡ ਹਰਿਆਲ ਜਾਣ ਦਾ ਭੀ ਖ਼ਿਆਲ ਸੀ। ਮੈਨੂੰ ਨਾਲ ਲੈਣ ਲਈ ਭੀ ਮੁੰਡਿਆਂ ਨੂੰ ਫ਼ਤਹਗੜ੍ਹ ਸਾਹਿਬ ਭੇਜਿਆ, ਪਰ ਸਰੀਰ ਕੁਝ ਢਿੱਲਾ ਹੋਣ ਕਰਕੇ ਮੈਂ ਨਾ ਗਿਆ। ਪਾਕਿਸਤਾਨੀਆਂ ਨੇ ਚੰਗੇ ਆਦਰ-ਭਾਉ ਨਾਲ ਉਨ੍ਹਾਂ ਨੂੰ ਜੀ-ਆਇਆਂ ਕਿਹਾ, ਅਤੇ ਪੁਲੀਸ ਉਨ੍ਹਾਂ ਨੂੰ ਨਾਲ ਹਰਿਆਲ ਲੈ ਗਈ। ਪੁਰਾਣੇ ਮਿੱਤਰ-ਸਾਥੀ ਮੁਸਲਮਾਨ ਉਨ੍ਹਾਂ ਨੂੰ ਮਿਲੇ ਅਤੇ ਤਿੱਲੇ ਵਾਲੀਆਂ ਜੁੱਤੀਆਂ ਦੇ ਜੋੜੇ ਉਨ੍ਹਾਂ ਨੂੰ ਸੁਗਾਤ ਵਜੋਂ ਭੇਟਾ ਕੀਤੇ। ਸਾਡੇ ਘਰ ਤਾਂ ਢਹਿ ਕੇ ਖੋਲੇ ਬਣੇ ਹੋਏ ਸਨ, ਪਰ ਸਾਡੇ ਪੁਰਾਣੇ ਘਰ ਦੇ ਖੋਲੇ ਅੱਗੇ ਇਕ ਸਿਲ੍ਹਾ ਲੱਗੀ ਹੋਈ ਸੀ, ਜਿਸ ਉਤੇ ਲਿਖਿਆ ਸੀ ਕਿ ਮਾਸਟਰ ਤਾਰਾ ਸਿੰਘ ਨੇ ਇਥੇ ਜਨਮ ਲਿਆ ਸੀ।

ਵਾਪਸ ਆ ਕੇ ਉਨ੍ਹਾਂ ਮਈ ੧੯੬੦ ਵਿਚ ਅੰਮ੍ਰਿਤਸਰ ਵਿਚ ਪੰਜਾਬੀ ਸੂਬਾ ਕਾਨਫ਼ਰੰਸ ਕੀਤੀ। ਡਾਕਟਰ ਸੈਫ਼ਉਦਦੀਨ ਕਿਚਲੂ ਨੂੰ ਉਸ ਦਾ ਪ੍ਰਧਾਨ ਬਣਾਇਆ। ਡਾਕਟਰ ਸੁੰਦਰ ਲਾਲ ਜੀ ਪੁਰਾਣ ਪਰਸਿੱਧ ਗਾਂਧੀ-ਭਗਤ ਭੀ ਇਸ ਵਿਚ ਸ਼ਾਮਲ ਹੋਏ। ਪੰਜਾਬੀ ਸੂਬੇ ਦੀ ਮੰਗ ਨੇ ਹੋਰ ਭੀ ਜ਼ੋਰ ਪਕੜ ਲਿਆ। ਅੰਮ੍ਰਿਤਸਰ ਤੋਂ ਇਕ ਜੱਥਾ ਚੰਡੀਗੜ੍ਹ ਨੂੰ ਤੋਰਿਆ, ਜਿਹੜਾ ਪਿੰਡ ਪਿੰਡ ਪੰਜਾਬੀ ਸੂਬੇ ਦਾ ਪ੍ਰਚਾਰ



Digitized by Panjab Digital Library | www.panjabdigilib.org

ਕਰਦਾ ਜਾਏ। ਪਿੰਡ ਪਿੰਡ ਵਿਚ ਇਸ ਜੱਥੇ ਦਾ ਬੜੇ ਉਤਸ਼ਾਹ ਨਾਲ ਸੁਆਗਤ ਹੋਇਆ। ਸਾਰਾ ਵਾਯੂ-ਮੰਡਲ ਹੀ ਐਸਾ ਬਣ ਗਿਆ ਜਿਵੇਂ ਮਾਸਟਰ ਤਾਰਾ ਸਿੰਘ ਜੀ ਸਭ ਸਿੱਖਾਂ ਦਾ ਵਾਹਿਦ ਆਗੂ ਹੈ। ਅੱਗੇ ਪੰਡਤ ਨਹਿਰੂ ਅਤੇ ਉਸ ਦਾ 'ਪਹਿਲਵਾਨ' ਪ੍ਰਤਾਪ ਸਿੰਘ ਕੈਰੋਂ ਭੀ ਕੋਈ ਅਵੇਸਲੇ ਨਹੀਂ ਸਨ ਬੈਠੇ। ਸਿਰਕੱਢ ਅਕਾਲੀਆਂ ਦੀਆਂ ਫ਼ਹਿਸਤਾਂ ਬਣੀਆਂ ਹੋਈਆਂ ਸਨ। ਮਈ ਦੇ ਮਹੀਨੇ ਸ਼੍ਰੋਮਣੀ ਅਕਾਲੀ ਦਲ ਨੂੰ ਕਾਨੂੰਨ ਵਿਰੁੱਧ ਜਮਾਤ ਕਰਾਰ ਦੇ ਕੇ ਇੱਕੋ ਰਾਤ ਮਾਸਟਰ ਤਾਰਾ ਸਿੰਘ ਨੂੰ, ਉਨ੍ਹਾਂ ਦੇ ਦੋਹਾਂ ਲੜਕਿਆਂ ਨੂੰ ਅਤੇ ਸਾਰੇ ਪੰਜਾਬ ਵਿਚ ਸੈਂਕੜੇ ਅਕਾਲੀ ਵਰਕਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਐਨਾ ਧੱਕਾ ਤੇ ਜਬਰ ਕੀਤਾ ਕਿ ਲੋਕਾਂ ਨੂੰ ੧੯੧੯ ਦੇ ਮਾਰਸ਼ਲ-ਲਾਅ ਦੇ ਦਿਨ ਯਾਦ ਕਰਾ ਦਿੱਤੇ। ਅੱਠਾਂ ਮਹੀਨਿਆਂ ਦੇ ਅੰਦਰ ੫੭੨੧੯ (57219) ਅਕਾਲੀ ਕੈਦ ਹੋਏ। ਮੈਂ ਇਨ੍ਹਾਂ ਦਿਨਾਂ ਵਿਚ ਪੂਨੇ ਗਿਆ ਹੋਇਆ ਸਾਂ। ਉਥੋਂ ਵਾਪਸ ਆ ਕੇ ਮੈਂ ਕੁਦਰਤੀ ਤੌਰ ਤੇ ਮਾਸਟਰ ਜੀ ਨੂੰ, ਆਪਣਿਆਂ ਭਤੀਜਿਆਂ ਅਤੇ ਹੋਰ ਸੰਬੰਧੀਆਂ ਨੂੰ ਮਿਲਣ ਲਈ ਜੇਲ੍ਹਾਂ ਵਿਚ ਜਾਣਾ ਸੀ। ਮੈਂ ਗੁਰਦਾਸਪੁਰ ਜੇਲ੍ਹ ਵਿਚ ਗਿਆ, ਧਰਮਸਾਲਾ ਗਿਆ, ਫੇਰ ਸੰਗਰੂਰ ਗਿਆ। ਜੋ ਕੁਝ ਮੈਂ ਵੇਖਿਆ ਅਤੇ ਸੁਣਿਆ ਉਸ ਦੇ ਨਾਲ ਮੇਰੇ ਲੂੰ-ਕੰਡੇ ਖੜੇ ਹੋ ਗਏ। ਉਦੋਂ ਤਕ ਖ਼ਿਆਲਾਂ ਕਰ ਕੇ ਮੈਂ ਨਹਿਰੂ ਅਤੇ ਪ੍ਰਤਾਪ ਸਿੰਘ ਨਾਲ ਸਾਂ, ਇਹ ਪਹਿਲੀ ਵਾਰ ਸੀ ਜਦੋਂ ਇਸ ਧੱਕੇ-ਜ਼ੋਰੀ ਨੇ ਮੈਨੂੰ ਪੰਡਤ ਨਹਿਰੂ, ਸ: ਪ੍ਰਤਾਪ ਸਿੰਘ ਅਤੇ ਕਾਂਗਰਸ ਦੇ ਖ਼ਿਲਾਫ਼ ਕੀਤਾ। ਮੈਨੂੰ ਕਦੇ ਚਿੱਤ-ਚੇਤੇ ਭੀ ਨਹੀਂ ਸੀ ਆਇਆ ਕਿ ਪੰਡਤ ਨਹਿਰੂ ਸਿੱਖਾਂ ਨੂੰ ਦਬਾਣ ਲਈ ਓਡਵਾਇਰ ਦੇ ਤਰੀਕੇ ਵਰਤੇਗਾ। ਸ: ਪ੍ਰਤਾਪ ਸਿੰਘ ਹੈ ਤਾਂ ਨਹਿਰੂ ਦੀ ਕਠ-ਪੁਤਲੀ ਹੀ ਸੀ, ਪਰ ਉਸ ਵਿਚ ਆਪਣੇ ਬੜੇ ਬਜਰ ਗੁਣ ਤੇ ਔਗੁਣ ਸਨ। ਬੜਾ ਜ਼ਬਰਦਸਤ ਅਤੇ ਕਠੋਰ-ਚਿਤ ਆਦਮੀ ਸੀ। ਜਿਸ ਦੇ ਨਾਲ ਹੋ ਜਾਏ ਸੋਲ੍ਹਾਂ ਆਨੇ ਪੱਕਾ ਉਸ ਦੇ ਨਾਲ ਹੀ ਰਹਿੰਦਾ ਸੀ, ਅਤੇ ਕਿਸੇ ਕੰਮ ਨੂੰ ਹੱਥ ਪਾਏ ਉਸ ਦੇ ਕਰਨ ਵਿਚ



Digitized by Panjab Digital Library | www.panjabdigilib.org

ਕੋਈ ਚੰਗਾ-ਮੰਦਾ ਵਸੀਲਾ ਵਰਤਣੋਂ ਨਹੀਂ ਸੀ ਰਹਿੰਦਾ। ਨਹਿਰੂ ਅਤੇ ਪ੍ਰਤਾਪ ਸਿੰਘ ਨੇ ਇਕ ਵਾਰੀ ਤਾਂ ਅਕਾਲੀਆਂ ਦੀ ਪਿੱਠ ਤੋੜਨ ਦਾ ਬੀੜਾ ਚੁਕਿਆ ਹੋਇਆ ਸੀ ਅਤੇ ਕੋਈ ਜਬਰ ਨਹੀਂ ਸੀ ਜਿਹੜਾ ਉਨ੍ਹਾਂ ਨਾ ਕੀਤਾ ਹੋਵੇ। ਕੋਈ ਜਜ ਪ੍ਰਤਾਪ ਸਿੰਘ ਦੀ ਮਰਜ਼ੀ ਦੇ ਖ਼ਿਲਾਫ਼ ਫ਼ੈਸਲਾ ਨਹੀਂ ਸੀ ਦੇ ਸਕਦਾ, ਕੋਈ ਵਕੀਲ ਕਿਸੇ ਮੁਲਜ਼ਮ ਲਈ ਪੇਸ਼ ਹੋਵੇ ਤਾਂ ਦੂਜੇ ਦਿਨ ਗ੍ਰਿਫ਼ਤਾਰ, ਕੋਈ ਗਵਾਹੀ ਮੁਲਜ਼ਮ ਦੇ ਹੱਕ ਵਿਚ ਦੇਵੇ ਤਾ ਜੇਲ੍ਹ ਵਿਚ। ਐਨੀ ਦਹਿਸ਼ਤ ਫੈਲਾਈ ਕਿ ਲੋਕਾਂ ਵਿਚ ਹਾਹਾਕਾਰ ਮਚ ਗਈ। ਇਸ ਧੱਕੇ-ਜ਼ੋਰੀ ਨੇ ਸਾਰੀ ਸਿੱਖ ਕੌਮ ਨੂੰ ਜਗਾ ਦਿੱਤਾ ਅਤੇ ਗੁਰੂ ਕੇ ਬਾਗ਼ ਦੇ ਮੋਰਚੇ ਵਾਲੀ ਝਾਕੀ ਫੇਰ ਥੋੜੇ ਚਿਰ ਲਈ ਅੱਖਾਂ ਅੱਗੋਂ ਲੰਘ ਗਈ। ਨਰਮ-ਗਰਮ ਸਭ ਸਿਖ ਆਪਣੇ ਵਿਤ ਅਨੁਸਾਰ ਅਕਾਲੀਆਂ ਦੀ ਸਹਾਇਤਾ ਕਰਨ ਲਗ ਪਏ। ਪੜ੍ਹੇ ਲਿਖੇ ਸਿਖ, ਸਰਕਾਰੀ ਨੌਕਰ, ਕਾਲਜਾਂ ਦੇ ਪ੍ਰੋਫ਼ੈਸਰ, ਸਕੂਲਾਂ ਦੇ ਉਸਤਾਦ ਸਭ ਅਕਾਲੀਆਂ ਦੇ ਹੱਕ ਵਿਚ ਅਤੇ ਨਹਿਰੂ ਦੇ ਖ਼ਿਲਾਫ਼ ਹੋ ਗਏ। ਅਸਾਂ ਚਵ੍ਹਾਂ ਸਿਖ ਪ੍ਰਿੰਸੀਪਲਾਂ—ਬਾਵਾ ਹਰਕਿਸ਼ਨ ਸਿੰਘ, ਡਾਕਟਰ ਹਰਬੰਤ ਸਿੰਘ, ਮਲਕ ਅਮਰ ਸਿੰਘ ਅਤੇ ਮੈਂ— ਨੇ ਰਲ ਕੇ ਇਕ ਸਖ਼ਤ ਨਿੰਦਨੀਯ ਬਿਆਨ ਗੌਰਮਿੰਟ ਦੇ ਜਬਰ ਦੇ ਖ਼ਿਲਾਫ਼ ਕੱਢਿਆ। ਪ੍ਰਤਾਪ ਸਿੰਘ ਸਾਡੇ ਖ਼ਿਲਾਫ਼ ਕਚੀਚੀਆਂ ਲੈਂਦਾ ਸੀ। ਡਾਕਟਰ ਹਰਬੰਤ ਸਿੰਘ ਨੂੰ ਤਾਂ ਉਸ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਪ੍ਰਿੰਸੀਪਲੀ ਤੋਂ ਹਟਵਾ ਭੀ ਦਿੱਤਾ। ਮੇਰੇ ਨਾਲ ਕਿੰਨਿਆਂ ਸਾਲਾਂ ਤੋਂ ਪ੍ਰਤਾਪ ਸਿੰਘ ਦੇ ਬੜੇ ਪ੍ਰੇਮ ਪੂਰਬਕ ਤੁਅੱਲਕਾਤ ਸਨ, ਪਰ ਜੇ ਮੈਂ ਉਸ ਦੀ ਮਾਰ ਤੋਂ ਬਾਹਰ ਨਾ ਹੁੰਦਾ ਤਾਂ ਮੈਨੂੰ ਭੀ ਉਸ ਨੇ ਜੇਲ੍ਹ ਵਿਚ ਸੁਟ ਦੇਣਾ ਸੀ।

ਹਰ ਸਿੱਖ ਆਪਣੇ ਤਰੀਕੇ ਨਾਲ ਯਤਨ ਕਰਦਾ ਸੀ ਕਿ ਇਹ ਸੰਕਟ ਕਿਵੇਂ ਟਲੇ। ਸ: ਸਰੂਪ ਸਿੰਘ ਐਡਵੋਕੇਟ ਚੰਡੀਗੜ੍ਹ, ਜਿਹੜੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਜਨਮ-ਦਾਤਾ ਗਿਣੇ ਜਾਂਦੇ ਹਨ, ਉਹ ਚੰਡੀਗੜ੍ਹ ਵਿਚ ਸ: ਪ੍ਰਤਾਪ ਸਿੰਘ ਨੂੰ ਮਿਲੇ ਅਤੇ ਫੇਰ ਦਿੱਲੀ ਆ ਕੇ



Digitized by Panjab Digital Library | www.panjabdigilib.org

ਪੰਡਤ ਨਹਿਰੂ ਨੂੰ ਮਿਲੇ। ਉਸ ਤੋਂ ਬਾਅਦ ਮੈਨੂੰ ਮਿਲੇ ਤੇ ਕਹਿਣ ਲੱਗੇ ਕਿ ਇਨ੍ਹਾਂ ਸ਼ਰਤਾਂ ਤੇ ਆਪੋ ਵਿਚ ਸਮਝੌਤਾ ਹੋ ਸਕਦਾ ਹੈ। ਯਤਨ ਕਰੋ ਜੇ ਕੁਝ ਬਣ ਜਾਏ ਤਾਂ। ਮੈਂ ਮਾਸਟਰ ਜੀ ਨੂੰ ਮਿਲਣ ਲਈ ਧਰਮਸਾਲਾ ਜੇਲ੍ਹ ਵਿਚ ਗਿਆ। ਰਾਹ ਵਿਚ ਮੈਂ ਅੰਮ੍ਰਿਤਸਰ ਉਤਰਿਆ ਅਤੇ ਸੰਤ ਫ਼ਤਹ ਸਿੰਘ ਜੀ ਨੂੰ, ਜਿਸ ਨੂੰ ਮਾਸਟਰ ਜੀ ਆਪਣੀ ਥਾਂ ਤੇ ਡਿਕਟੇਟਰ ਬਣਾ ਗਏ ਸਨ, ਮਿਲਿਆ। ਸੰਤ ਜੀ ਨੇ ਮੈਨੂੰ ਆਖਿਆ ਕਿ ਉਨ੍ਹਾਂ ਦੀ ਇੱਛਾ ਹੈ ਕਿ ਇਸ ਮਾਮਲੇ ਤੇ ਭੁੱਖ-ਹੜਤਾਲ ਕਰਨ, ਪਰ ਜੇ ਮਾਸਟਰ ਜੀ ਇਸ ਗੱਲ ਦੀ ਆਗਿਆ ਦੇਣ ਤਾਂ; ਬਾਕੀ ਸਮਝੌਤੇ ਦੀਆਂ ਸ਼ਰਤਾਂ ਮੰਨਣੀਆਂ ਜਾਂ ਨਾ ਮੰਨਣੀਆਂ ਮਾਸਟਰ ਜੀ ਦੇ ਅਖ਼ਤਿਆਰ ਹਨ। ਮੈਂ ਮਾਸਟਰ ਜੀ ਨੂੰ ਮਿਲਿਆ, ਉਹ ਭੁੱਖ-ਹੜਤਾਲ ਦੇ ਹੱਕ ਵਿਚ ਤਾਂ ਨਹੀਂ ਸਨ, ਪਰ ਉਨ੍ਹਾਂ ਸੰਤ ਜੀ ਨੂੰ ਰੋਕਣਾ ਠੀਕ ਨਾ ਸਮਝਿਆ। ਬਾਕੀ ਕਿਸੇ ਤਰ੍ਹਾਂ ਵੀ ਨਿਵ ਕੇ ਜਾਂ ਪੰਜਾਬੀ ਸੂਬੇ ਦੀ ਮੰਗ ਨੂੰ ਤਿਆਗ ਕੇ ਉਹ ਸਮਝੌਤਾ ਕਰਨ ਨੂੰ ਤਿਆਰ ਨਹੀਂ ਸਨ।

ਜਿਸ ਆਜ਼ਾਦੀ ਦੀ ਲਹਿਰ ਲਈ ਮਹਾਤਮਾ ਗਾਂਧੀ ਦਾ ਚੇਲਾ ਬਣ ਕੇ ਮੈਂ ਆਪਣਾ ਸਾਰਾ ਜੀਵਨ ਲਾਇਆ ਹੋਇਆ ਸੀ ਉਸੇ ਸਵਰਾਜੀ ਅਥਵਾ ਕਾਂਗਰਸ ਗੌਰਮਿੰਟ ਦੀ ਮੈਂ ਵਿਰੋਧਤਾ ਸ਼ੁਰੂ ਕੀਤੀ। ਡਾਕਟਰ ਦੀਵਾਨ ਸਿੰਘ ਜੀ ਪਾਸ ਆਪਣੀ ਕਾਰ ਸੀ। ਉਹ ਤੇ ਮੈਂ ਦੋਵੇਂ ਉਨ੍ਹਾਂ ਦੀ ਕਾਰ ਤੇ ਸਾਰਾ ਦਿਨ ਲੋਕਾਂ ਨੂੰ ਮਿਲਦੇ ਫਿਰਦੇ ਸਾਂ। ਸ੍ਰੀ ਜੈ ਪ੍ਰਕਾਸ਼ ਨਰਾਇਣ ਨੂੰ ਭੀ ਮਿਲੇ। ਉਹ ਫੇਰ ਮਾਸਟਰ ਜੀ ਨੂੰ ਮਿਲਣ ਲਈ ਧਰਮਸਾਲਾ ਜੇਲ੍ਹ ਵਿਚ ਗਏ। ਸ੍ਰੀ ਜੈ ਪ੍ਰਕਾਸ਼ ਨਰਾਇਣ ਦੇ ਦਿਲ ਵਿਚ ਮਾਸਟਰ ਜੀ ਲਈ ਬੜਾ ਸਤਿਕਾਰ ਸੀ; ਨਾਲ ਹੀ ਉਹ ਪੰਜਾਬੀ ਸੂਬਾ ਬਣਾਣ ਦੇ ਹੱਕ ਵਿਚ ਸਨ। ਉਹ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਇਹ ਝੇੜਾ ਮੁਕੇ। ਪੰਡਤ ਨਹਿਰੂ ਨੂੰ ਉਨ੍ਹਾਂ ਮਿਲਣਾ ਸੀ, ਉਸ ਤੋਂ ਪਹਿਲਾਂ ਅਸੀਂ ਉਨ੍ਹਾਂ ਨੂੰ ਮਿਲੇ। ਸੰਤ ਫ਼ਤਹ ਸਿੰਘ ਦੀ ਭੁੱਖ-ਹੜਤਾਲ ਸ਼ੁਰੂ ਹੋਣ ਵਾਲੀ ਸੀ। ਜੈ ਪ੍ਰਕਾਸ਼ ਨਰਾਇਣ ਪੁੱਛਣ ਲੱਗਾ ਕਿ ਕਿਸੇ



Digitized by Panjab Digital Library | www.panjabdigilib.org

ਤਰ੍ਹਾਂ ਇਹ ਨਹੀਂ ਰੁਕ ਸਕਦੀ। ਮੈਂ ਜਵਾਬ ਦਿੱਤਾ ਕਿ ਇਹ ਤਾਂ ਕੇਵਲ ਮਾਸਟਰ ਤਾਰਾ ਸਿੰਘ ਹੀ ਰੁਕਵਾ ਸਕਦਾ ਹੈ। ਜਿੰਨਾ ਚਿਰ ਮਾਸਟਰ ਤਾਰਾ ਸਿੰਘ ਜੇਲ੍ਹ ਵਿਚ ਹੈ, ਸੰਤ ਫ਼ਤਹ ਸਿੰਘ ਡਿਕਟੇਟਰ ਹੈ ਅਤੇ ਉਸ ਦਾ ਹੁਕਮ ਚਲਣਾ ਹੋਇਆ। ਜੇ ਮਾਸਟਰ ਤਾਰਾ ਸਿੰਘ ਜੇਲ੍ਹ ਤੋਂ ਬਾਹਰ ਆ ਜਾਏ ਤਾਂ ਫੇਰ ਉਸ ਦਾ ਹੁਕਮ ਸੰਤ ਫ਼ਤਹ ਸਿੰਘ ਨੂੰ ਭੀ ਮੰਨਣਾ ਪੈਣਾ ਹੋਇਆ। ਜੈ ਪ੍ਰਕਾਸ਼ ਨਰਾਇਣ ਦੂਜੇ ਦਿਨ ੨ ਦਸੰਬਰ ੧੯੬੦ ਨੂੰ ਪੰਡਤ ਨਹਿਰੂ ਨੂੰ ਮਿਲਿਆ, ਪਰ ਉਸ ਨੂੰ ਕਿਸੇ ਗੱਲ ਵਿਚ ਭੀ ਸਫ਼ਲਤਾ ਨਾ ਹੋਈ।

ਸੰਤ ਜੀ ਨੇ ੧੮ ਦਸੰਬਰ ੧੯੬੦ ਨੂੰ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਇਸ ਵਰਤ ਨਾਲ ਸਿੰਘਾਂ ਦੇ ਜੋਸ਼ ਵਿਚ ਨਵੇਂ ਸਿਰਿਓਂ ਉਬਾਲ ਆ ਗਿਆ ਅਤੇ ਸੈਂਕੜੇ ਸਿੰਘ-ਸਿੰਘਣੀਆਂ ਗ੍ਰਿਫ਼ਤਾਰੀਆਂ ਦੇਣ ਲਈ ਰੋਜ਼ ਨਿਤਰਨ ਲਗੇ। ੨੯ ਦਸੰਬਰ ਨੂੰ ਜੈ ਪ੍ਰਕਾਸ਼ ਜੀ ਦੁਬਾਰਾ ਪੰਡਤ ਨਹਿਰੂ ਨੂੰ ਮਿਲੇ ਅਤੇ ਸੰਤ ਜੀ ਦੀ ਤਸ਼ਵੀਸ਼ਨਾਕ ਹਾਲਤ ਤੇ ਭਿਆਨਕ ਸਿੱਟਿਆਂ ਦੇ ਨਿਕਲਣ ਬਾਰੇ ਆਪਣੇ ਵਿਚਾਰ ਦੱਸੇ। ਅਖ਼ੀਰ ੩੧ ਦਸੰਬਰ ਨੂੰ ਪੰਡਤ ਜੀ ਨੇ ਦਿੱਲੀ ਵਿਚ ਇਕ ਤਕਰੀਰ ਕੀਤੀ ਜਿਸ ਵਿਚ ਉਨ੍ਹਾਂ ਨੇ ਸੰਤ ਜੀ ਨੂੰ ਵਰਤ ਛੱਡ ਦੇਣ ਲਈ ਅਪੀਲ ਕੀਤੀ ਤੇ ਕਿਹਾ ਕਿ ਉਹ ਮੇਰੇ ਨਾਲ ਆ ਕੇ ਗੱਲ-ਬਾਤ ਕਰਨ। ਇਸ ਤਕਰੀਰ ਵਿਚ ਪੰਡਤ ਜੀ ਨੇ ਕਈ ਤਸੱਲੀਆਂ ਦਿੱਤੀਆਂ, ਪਰ ਕੁਝ ਗੱਲਾਂ ਭੁਲੇਖੇ ਪਾਉਣ ਵਾਲੀਆਂ ਵੀ ਸਨ।

ਸ਼੍ਰੋਮਣੀ ਅਕਾਲੀ ਦਲ ਤੇ ਸੰਤ ਜੀ ਨੇ ਪੰਡਤ ਜੀ ਦੀ ਇਸ ਤਕਰੀਰ ਨੂੰ ਨਾ-ਤਸੱਲੀ-ਬਖ਼ਸ਼ ਸਮਝਿਆ ਅਤੇ ਉੱਤਰ ਭੇਜਿਆ ਕਿ ਪੰਡਤ ਜੀ ਗੱਲ-ਬਾਤ ਕਰਨ ਲਈ ਰਾਹ ਹੋਰ ਸਾਫ਼ ਕਰਨ। ਇਨ੍ਹਾਂ ਦਿਨਾਂ ਵਿਚ ਪੰਡਤ ਨਹਿਰੂ ਸਰਬ ਹਿੰਦ ਕਾਂਗਰਸ ਦੇ ਸਾਲਾਨਾ ਸਮਾਗਮ ਤੇ ਭਾਵ ਨਗਰ ਗਿਆ ਹੋਇਆ ਸੀ। ਉਥੇ ਬੈਠੇ ਹੋਏ ਨੇ ਮਾਸਟਰ ਜੀ ਦੀ ਰਿਹਾਈ ਦੇ ਹੁਕਮ ਦੇ ਦਿਤੇ ਤੇ ਧਰਮਸਾਲਾ ਜੇਲ੍ਹ ਤੋਂ ਰਿਹਾ ਕਰ ਕੇ, ਸਰਕਾਰੀ ਮੋਟਰ ਤੇ ਉਨ੍ਹਾਂ ਨੂੰ ਰਾਤੋ-ਰਾਤ ਸਫ਼ਰ ਕਰਾ ਕੇ ੪ ਜਨਵਰੀ



Digitized by Panjab Digital Library | www.panjabdigilib.org

੧੯੬੧ ਨੂੰ ਸਵੇਰੇ ਅੰਮ੍ਰਿਤ ਵੇਲੇ ਸੰਤ ਫ਼ਤਹ ਸਿੰਘ ਦੇ ਸਰਹਾਣੇ ਆਣ ਬਿਠਾਇਆ। ਮਾਸਟਰ ਜੀ ਨੂੰ ਕੋਈ ਪਤਾ ਨਹੀਂ ਸੀ ਕਿ ਮੈਨੂੰ ਕਿਉਂ ਰਿਹਾ ਕੀਤਾ ਗਿਆ ਹੈ । ਸੋਚੀਂ ਪੈ ਗਏ ਕਿ ਕੀ ਕਰੀਏ ? ਸੰਤ ਫ਼ਤਹ ਸਿੰਘ ਨੇ ਚੰਗੀ ਸਿਆਣਪ ਕੀਤੀ ਅਤੇ ਸਾਰੀ ਜ਼ਿਮੇਵਾਰੀ ਮਾਸਟਰ ਜੀ ਤੇ ਸੁਟ ਦਿੱਤੀ। ਮਾਸਟਰ ਜੀ ਨੇ ਅਕਾਲੀ ਆਗੂਆਂ ਨਾਲ ਗੱਲ-ਬਾਤ ਕੀਤੀ, ਸੰਤ ਜੀ ਦੇ ਲਿਖਤੀ ਪ੍ਰਣ ਨੂੰ ਪੜ੍ਹਿਆ ਅਤੇ ਪੰਡਤ ਜੀ ਦੀ ਤਕਰੀਰ ਤੇ ਚਿੱਠੀਆਂ ਨੂੰ ਪੜ੍ਹਿਆ, ਜੋ ਉਸ ਨੇ ਸੰਤ ਜੀ ਨੂੰ ਲਿਖੀਆਂ ਸਨ। ਮਾਸਟਰ ਜੀ ਨੇ ਸੰਤ ਜੀ ਨਾਲ ਵੀ ਵੀਚਾਰ-ਵਟਾਂਦਰਾ ਕੀਤਾ।

ਮਾਸਟਰ ਜੀ ਇਸ ਸਿੱਟੇ ਤੇ ਪੁੱਜੇ ਕਿ ਨਹਿਰੂ ਜੀ ਦੇ ਬਿਆਨ ਤੇ ਚਿੱਠੀ-ਪੱਤਰ ਸਪੱਸ਼ਟ ਨਹੀਂ ਹਨ। ਸੰਤ ਜੀ ਦੀ ਹਾਲਤ ਦਿਨੋ ਦਿਨ ਨਾਜ਼ਕ ਹੁੰਦੀ ਜਾ ਰਹੀ ਸੀ, ਇਸ ਲਈ ਪੰਡਤ ਨਹਿਰੂ ਦ ਬਿਆਨਾਂ ਦੀ ਵਜ਼ਾਹਤ ਕਰਾਣ ਲਈ ਮਾਸਟਰ ਜੀ ਆਪ ਭਾਵ ਨਗਰ ਪੰਡਤ ਨਹਿਰੂ ਨੂੰ ਮਿਲਣ ਚਲੇ ਗਏ । ਸ: ਲਛਮਣ ਸਿੰਘ ਗਿੱਲ ਅਤੇ ਸ: ਹਰਬੰਸ ਸਿੰਘ ਗੁਜਰਾਲ ਉਨ੍ਹਾਂ ਦੇ ਨਾਲ ਸਨ। ਗੱਲ-ਬਾਤ ਕਾਫ਼ੀ ਲੰਬੀ-ਚੌੜੀ ਹੁੰਦੀ ਰਹੀ, ਪਰ ਜੋ ਮਾਸਟਰ ਜੀ ਚਾਹੁੰਦੇ ਸਨ, ਉਸ ਨਾਲ ਪੰਡਤ ਜੀ ਸਹਿਮਤ ਨਾ ਹੋਏ । ਅਖ਼ੀਰ ਮਾਸਟਰ ਜੀ ਤੇ ਉਨ੍ਹਾਂ ਦੇ ਸਾਥੀ ਨਿਰਾਸ ਹੋ ਗਏ ਅਤੇ ਬਾਹਰ ਆ ਕੇ ਉਨ੍ਹਾਂ ਨੇ ਆਪਣੀ ਲਿਖਤੀ ਮੰਗ ਪ੍ਰੈਸ ਨੂੰ ਦੇ ਦਿੱਤੀ ਜੋ ੮ ਜਨਵਰੀ ਸਵੇਰ ਦੇ ਅਖ਼ਬਾਰਾਂ ਵਿਚ ਛਪ ਗਈ। ੮ ਜਨਵਰੀ ਨੂੰ ਭਾਵ ਨਗਰ ਤੋਂ ਤੁਰਨ ਤੋਂ ਪਹਿਲਾਂ ਮਾਸਟਰ ਜੀ ਨੇ ਐਲਾਨ ਕਰ ਦਿੱਤਾ ਕਿ ਜੇ ਸੰਤ ਜੀ ਚੜ੍ਹਾਈ ਕਰ ਗਏ ਤਾਂ ਮਗਰੋਂ ਉਹ ਆਪ ਮਰਨ-ਵਰਤ ਸ਼ੁਰੂ ਕਰ ਦੇਣਗੇ।

ਮਾਸਟਰ ਜੀ ਦਿੱਲੀ ਵਾਪਸ ਪੁਜੇ ਅਤੇ ਥੋੜੇ ਚਿਰ ਪਿਛੋਂ ਹੀ ਪੰਡਤ ਜੀ ਦਾ ਬਿਆਨ ਅਖ਼ਬਾਰਾਂ ਵਿਚ ਪੁਜ ਗਿਆ, ਜੋ ਇਕ ਅਖ਼ਬਾਰ-ਨਵੀਸ ਲੈ ਕੇ ਮਾਸਟਰ ਜੀ ਪਾਸ ਪੁਜ ਗਿਆ। ਮਾਸਟਰ ਜੀ ਜੋ ਲਫ਼ਜ਼ ਪੰਡਤ ਜੀ ਤੋਂ ਮੰਨਵਾਣੇ ਚਾਹੁੰਦ ਸਨ, ਉਨ੍ਹਾਂ ਤੋਂ ਵਧ



Digitized by Panjab Digital Library | www.panjabdigilib.org

ਇਸ ਬਿਆਨ ਵਿਚ ਪੰਡਤ ਜੀ ਨੇ ਕਹਿ ਦਿੱਤਾ ਸੀ ਕਿ ਪੰਜਾਬੀ ਸੂਬੇ ਦੀ ਕਾਇਮੀ ਉਤੇ ਜ਼ਬਾਨ ਦੇ ਅਧਾਰ ਤੇ ਸੂਬੇ ਬਣਨ ਦੇ ਅਸੂਲ ਨੂੰ ਉਸੇ ਤਰ੍ਹਾਂ ਆਇਦ ਕੀਤਾ ਜਾਵੇਗਾ ਜਿਸ ਤਰ੍ਹਾਂ ਦੂਜੇ ਸੂਬਿਆਂ ਉਤੇ ਆਇਦ ਕੀਤਾ ਗਿਆ ਹੈ। ਕਿਸੇ ਕਿਸਮ ਦਾ ਕੋਈ ਵਿਤਕਰਾ ਸਿੱਖਾਂ ਨਾਲ ਜਾਂ ਪੰਜਾਬ ਨਾਲ ਨਹੀਂ ਹੋਵੇਗਾ।

ਪੰਡਤ ਜੀ ਦੇ ਉਪਰੋਕਤ ਬਿਆਨ ਨੂੰ ਪੜ੍ਹ ਕੇ ਮਾਸਟਰ ਜੀ ਦੀ ਤਸੱਲੀ ਹੋ ਗਈ ਅਤੇ ਉਨ੍ਹਾਂ ਨੇ ਦਿੱਲੀ ਤੋਂ ਅੰਮ੍ਰਿਤਸਰ ਸੰਤ ਜੀ ਨੂੰ ਉਦੋਂ ਹੀ ਫ਼ੋਨ ਕਰਵਾ ਦਿੱਤੀ, ਜਿਸ ਨਾਲ ਸੰਤ ਜੀ ਦੀ ਭੁੱਖ-ਹੜਤਾਲ ੯ ਜਨਵਰੀ ਨੂੰ ਖ਼ਤਮ ਹੋ ਗਈ। ਜਦ ਸੰਤ ਜੀ ਨੇ ਅੰਮ੍ਰਿਤਸਰ ਵਿਚ ਭੁੱਖ-ਹੜਤਾਲ ਖੋਲ੍ਹੀ ਤਾਂ ਸ: ਗੋਪਾਲ ਸਿੰਘ ਕੌਮੀ ਭੀ ਉਥੇ ਹੀ ਸੀ ਅਤੇ ਉਸ ਨੇ ਭੁੱਖ-ਹੜਤਾਲ ਖ਼ਤਮ ਕਰਨ ਦੀ ਬੜੀ ਸਖ਼ਤ ਮੁਖ਼ਾਲਫ਼ਤ ਕੀਤੀ ਸੀ।

ਇਸ ਗੱਲ ਤੋਂ ਕੋਈ ਮਹੀਨਾ ਕੁ ਪਿੱਛੋਂ ਮਾਸਟਰ ਜੀ ਭੀ ਫੇਰ ਦਿੱਲੀ ਆ ਕੇ ਗੁਰਦਵਾਰਾ ਰਕਾਬ ਗੰਜ ਵਿਚ ਠਹਿਰੇ ਹੋਏ ਸਨ। ਗੋਪਾਲ ਸਿੰਘ ਕੌਮੀ ਉਨ੍ਹਾਂ ਦਾ ਸ਼ਗਿਰਦ ਅਤੇ ਬੜਾ ਸ਼ਰਧਾਲੂ ਗਿਣਿਆ ਜਾਂਦਾ ਸੀ। ਜਦ ਰਕਾਬ ਗੰਜ ਮੈਂ ਮਾਸਟਰ ਜੀ ਨੂੰ ਮਿਲਣ ਗਿਆ ਤਾਂ ਉਨ੍ਹਾਂ ਪਾਸ ਸਿਰਫ਼ ਗੋਪਾਲ ਸਿੰਘ ਕੌਮੀ ਹੀ ਸੀ ਅਤੇ ਉਹ ਬੜਾ ਖਿਝ ਖਿਝ ਕੇ ਉਨ੍ਹਾਂ ਦੇ ਗਲ ਪੈ ਰਿਹਾ ਸੀ। ਕਹਿੰਦਾ ਸੀ, ਤੁਸਾਂ ਕੋਈ ਲੀਡਰੀ ਰਜਿਸਟਰੀ ਕਰਾਈ ਹੋਈ ਹੈ। ਜੱਫਾ ਮਾਰ ਕੇ ਬੈਠੇ ਹੋ। ਛੱਡਦੇ ਕਿਉਂ ਨਹੀਂ? ਕੌਮੀ ਦੀਆਂ ਗੱਲਾਂ ਸੁਣ ਕੇ ਮੇਰੇ ਦਿਲ ਨੂੰ ਬੜਾ ਸਦਮਾ ਲੱਗਾ। ਮੈਂ ਉਸ ਨੂੰ ਬਾਹਰ ਲੈ ਆਇਆ ਅਤੇ ਤਕਰੀਬਨ ਇਕ ਘੰਟਾ ਸਮਝਾਂਦਾ ਰਿਹਾ। ਰਾਤ ਨੂੰ ਭੀ ਕਿੰਨਾ ਚਿਰ ਹੀ ਮੈਂ ਇਸ ਗੱਲ ਨੂੰ ਘੋਖਦਾ ਰਿਹਾ। ਸਵੇਰੇ ਸਰਘੀ ਵੇਲੇ ਉੱਠ ਕੇ ਮੈਂ ਟੁਰਦਾ ਹੀ ਰਕਾਬਗੰਜ ਗਿਆ। ਅਗੇ ਮਾਸਟਰ ਜੀ ਪਾਠ ਕਰਦੇ ਸਨ। ਜਦ ਉਹ ਪਾਠ ਖ਼ਤਮ ਕਰ ਚੁਕੇ ਤਾਂ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਇਕ ਖ਼ਾਸ ਗੱਲ ਕਰਨ ਲਈ ਉਚੇਚਾ ਉਨ੍ਹਾਂ ਪਾਸ ਆਇਆ ਹਾਂ। ਮੈਂ ਉਨ੍ਹਾਂ ਨੂੰ



Digitized by Panjab Digital Library | www.panjabdigilib.org

ਪ੍ਰੇਰਿਆ ਕਿ ਤੁਸੀਂ ਇਹ ਪ੍ਰਧਾਨਗੀਆਂ ਛੱਡੋ। ਅਕਾਲੀ ਦਲ ਦੀ ਜੱਥੇਦਾਰੀ ਤਾਂ ਸੰਤ ਫ਼ਤਹ ਸਿੰਘ ਨੂੰ ਦਿਓ। ਉਹ ਮੰਨ ਗਏ, ਪਰ ਕਹਿਣ ਲੱਗੇ ਕਿ ਇਕ ਮਹੀਨੇ ਦੀ ਗੱਲ ਹੈ, ਹੌਲੇ ਮਹੱਲੇ ਤੇ ਨਵੀਆਂ ਚੋਣਾਂ ਹੋਣੀਆਂ ਹਨ, ਉਦੋਂ ਮੈਂ ਸੰਤ ਫ਼ਤਹ ਸਿੰਘ ਨੂੰ ਅਕਾਲੀ ਦਲ ਦਾ ਪਰਧਾਨ ਬਣਵਾ ਦਿਆਂਗਾ। ਮੈਂ ਤਾਂ ਥੋੜੇ ਦਿਨ ਪਿੱਛੋਂ ਬੰਬਈ ਚਲਾ ਗਿਆ ਅਤੇ ਮੇਰੀ ਤਜਵੀਜ਼ ਸਿਰੇ ਨਾ ਚੜ੍ਹੀ। ਮੈਨੂੰ ਇਉਂ ਜਾਪਦਾ ਹੈ ਕਿ ਉਨ੍ਹਾਂ ਦੇ ਨਿਕਟਵਰਤੀ ਅਕਾਲੀਆਂ ਨੇ ਜ਼ੋਰ ਪਾ ਕੇ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਪਰਧਾਨਗੀ ਤੋਂ ਹੱਟਣ ਨਹੀਂ ਦਿੱਤਾ। ਸ਼੍ਰੋਮਣੀ ਕਮੇਟੀ ਦੀ ਪਰਧਾਨਗੀ ਦਾ ਕੰਮ ਤਾਂ ਉਹ ਪਹਿਲਾਂ ਹੀ ਛੱਡ ਚੁਕੇ ਸਨ।

ਪੰਡਤ ਨਹਿਰੂ ਇਕ ਰਾਜਸੀ ਖਿਡਾਰੀ ਸੀ, ਬਚਨ ਦੇ ਕੇ ਖਿਸਕ ਜਾਣਾ ਉਸ ਦੇ ਲਈ ਕੋਈ ਵੱਡੀ ਗੱਲ ਨਹੀਂ ਸੀ। ਮਾਸਟਰ ਜੀ ਦਾ ਸੁਭਾਅ ਇਸ ਦੇ ਬਿਲਕੁਲ ਉਲਟ ਸੀ। ਉਨ੍ਹਾਂ ਨੂੰ ਸਦਾ ਇਹ ਰੜਕਦਾ ਸੀ ਕਿ ਉਨ੍ਹਾਂ ਸੰਤ ਫ਼ਤਹ ਸਿੰਘ ਦੀ ਭੁੱਖ ਹੜਤਾਲ ਤੁੜਾਈ ਸੀ ਅਤੇ ਐਨੀਆਂ ਕੁਰਬਾਨੀਆਂ ਹੋਣ ਦੇ ਬਾਵਜੂਦ ਵੀ ਪੰਜਾਬੀ ਸੂਬੇ ਦੀ ਮੰਗ ਪਰਵਾਨ ਨਹੀਂ ਹੋਈ। ਇਸ ਤਰ੍ਹਾਂ ਰਾਜਸੀ ਹੇਰਾ-ਫੇਰੀਆਂ ਤੇ ਗੱਲਾਂ-ਬਾਤਾਂ ਵਿਚ ਹੀ ਕਈ ਮਹੀਨੇ ਬਿਤਾ ਕੇ ਪੰਡਤ ਜੀ ਨੇ ਇਸ ਲਹਿਰ ਨੂੰ ਕਮਜ਼ੋਰ ਕਰਨ ਦੇ ਜਤਨ ਜਾਰੀ ਰੱਖੇ। ਅਖ਼ੀਰ ਮਾਸਟਰ ਜੀ ਨੇ ਕਾਫ਼ੀ ਸੋਚ-ਵਿਚਾਰ ਪਿੱਛੋਂ ਸੰਤ ਫ਼ਤਹ ਸਿੰਘ ਅਤੇ ਹੋਰ ਸਾਥੀਆਂ ਨਾਲ ਸਲਾਹ ਕਰ ਕੇ ਉਨ੍ਹਾਂ ਨੇ ਆਪ ੧੫ ਅਗਸਤ ੧੯੬੧ ਨੂੰ ਭੁੱਖ-ਹੜਤਾਲ ਕਰਨ ਦਾ ਐਲਾਨ ਕਰ ਦਿੱਤਾ।



Digitized by Panjab Digital Library | www.panjabdigilib.org

# ੧੯

# ਮਾਸਟਰ ਜੀ ਦੀ ਭੁੱਖ-ਹੜਤਾਲ

ਜਦੋਂ ਇਸ ਭੁੱਖ-ਹੜਤਾਲ ਦਾ ਐਲਾਨ ਨਿਕਲਿਆ, ਮੈਂ ਬੰਬਈ ਵਿਚ ਸਾਂ। ਮੈਨੂੰ ਇਹ ਗੱਲ ਗ਼ਲਤ ਨਜ਼ਰ ਆਈ। ਮੈਂ ਇਕ ਚਿੱਠੀ ਉਨ੍ਹਾਂ ਨੂੰ ਲਿਖੀ। ਇਸ ਚਿੱਠੀ ਦੇ ਜਵਾਬ ਦੀ ਮੈਨੂੰ ਲਿਖਣ ਲੱਗਿਆਂ ਹੀ ਕੋਈ ਆਸ ਨਹੀਂ ਸੀ। ਨਾਲ ਹੀ ਐਲਾਨ ਕਰ ਕੇ ਉਨ੍ਹਾਂ ਭੁੱਖ-ਹੜਤਾਲ ਤੋਂ ਕਦ ਟਲਣਾ ਸੀ। ਮੈਂ ੧੪ ਅਗਸਤ ਸ਼ਾਮ ਨੂੰ ਅੰਮ੍ਰਿਤਸਰ ਪਹੁੰਚਿਆ ਅਤੇ ਉਨ੍ਹਾਂ ਨੂੰ ੧੫ ਅਗਸਤ ਸਵੇਰੇ ਹੀ ਮਿਲਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਮ੍ਹਣੇ ਬੜਾ ਭਾਰੀ ਦੀਵਾਨ ਲੱਗਾ। ਅਰਦਾਸਾ ਹੋਇਆ। ਕੜਾਹ ਪ੍ਰਸ਼ਾਦ ਵਰਤਿਆ। ਮਾਸਟਰ ਜੀ ਨੇ ਭੀ ਕੜਾਹ ਪ੍ਰਸ਼ਾਦ ਲੈ ਕੇ ਛਕਿਆ। ਸੰਗਤ ਵਿਚ ਆਸ਼ਾ-ਵਾਦੀ ਤੇ ਨਿਰਾਸ਼ਾ-ਵਾਦੀ ਦੋਇ ਪਰਕਾਰ ਦੀਆਂ ਗੱਲਾਂ ਹੁੰਦੀਆਂ ਸੁਣੀਆਂ ਗਈਆਂ। ਸ੍ਰੀ ਅਕਾਲ ਤਖ਼ਤ ਤੋਂ ਸਾਰੀ ਸੰਗਤ ਮਾਸਟਰ ਜੀ ਦੇ ਪਿੱਛੇ ਪਿੱਛੇ ਉਸ ਅਸਥਾਨ ਵਲ ਗਈ ਜਿੱਥੇ ਉਨ੍ਹਾਂ ਭੁੱਖ-ਹੜਤਾਲ ਕਰਨੀ ਸੀ। ਮੈਂ ਸੰਗਤ ਦੇ ਕਾਫ਼ੀ ਪਿੱਛੇ ਜਾ ਰਿਹਾ ਸਾਂ ਅਤੇ ਬਿਲਕੁਲ ਚੁਪ-ਚਾਪ ਸਾਂ। ਆਪਣੇ ਮਾਤਾ ਪਿਤਾ ਦੇ ਖ਼ਿਆਲ ਮੇਰੇ ਦਿਲ ਵਿਚ ਆ ਰਹੇ ਸਨ ਅਤੇ ਚਿੱਤ ਵਿਚ ਉਦਾਸੀ ਸੀ। ਉੱਥੇ ਪਹੁੰਚ ਕੇ ਮਾਸਟਰ ਜੀ ਕਮਰੇ ਵਿਚ ਜਾ ਕੇ ਮੰਜੇ ਉਤੇ ਬੈਠ ਗਏ। ਉਨ੍ਹਾਂ ਨੇ ਲੋਕਾਂ ਨੂੰ ਬੇਨਤੀ ਕਰ ਕੇ ਕਮਰਾ ਖ਼ਾਲੀ ਕਰਾ ਲਿਆ ਅਤੇ



Digitized by Panjab Digital Library | www.panjabdigilib.org

ਸੰਤ ਫ਼ਤਹ ਸਿੰਘ ਤੇ ਮੈਨੂੰ ਦੋਹਾਂ ਨੂੰ ਉਥੇ ਬੈਠਣ ਲਈ ਕਿਹਾ। ਸੰਤ ਫ਼ਤਹ ਸਿੰਘ ਨੂੰ ਇਸ ਕਰਕੇ ਕਿ ਉਨ੍ਹਾਂ ਨੂੰ ਅਕਾਲੀ ਦਲ ਦਾ ਡਿਕਟੇਟਰ ਨੀਯਤ ਕੀਤਾ ਸੀ ਅਤੇ ਮੈਨੂੰ ਇਸ ਲਈ ਕਿ ਮੈਂ ਉਨ੍ਹਾਂ ਦਾ ਭਰਾ ਸਾਂ। ਉਨ੍ਹਾਂ ਨੇ ਸਾਨੂੰ ਦੋਹਾਂ ਨੂੰ ਆਖਿਆ, "ਇਹ ਕੋਈ ਪਤਾ ਨਹੀਂ ਕਿ ਮੈਂ ਕਦ ਬੇਹੋਸ਼ ਹੋ ਜਾਵਾਂ ਜਾਂ ਸੋਚਣ ਦੇ ਯੋਗ ਨਾ ਰਵ੍ਹਾਂ। ਤੁਸਾਂ ਕੋਈ ਗੱਲ ਡਿਗ ਕੇ ਨਹੀਂ ਮੰਨਣੀ ਅਤੇ ਨਾ ਹੀ ਬੇ-ਜਾ ਹੱਠ ਕਰਨਾ ਹੈ। ਹੋਣਾ ਤਾਂ ਉਹੀ ਹੈ ਜੋ ਗੁਰੂ ਨੂੰ ਮਨਜ਼ੂਰ ਹੈ, ਅਸਾਂ ਆਪਣਾ ਸਿਦਕ ਕਾਇਮ ਰੱਖਣਾ ਹੈ।"

ਬੜੀਆਂ ਚੜ੍ਹਦੀਆਂ ਕਲਾਂ ਵਿਚ ਭੁੱਖ-ਹੜਤਾਲ ਸ਼ੁਰੂ ਹੋਈ। ਚੜ੍ਹਦੀਆਂ ਕਲਾਂ ਵਿਚ ਰਹਿਣਾ ਉਨ੍ਹਾਂ ਦੇ ਸੁਭੌ ਦਾ ਅੰਗ ਬਣ ਚੁਕਾ ਸੀ। ਉਨ੍ਹਾਂ ਪਾਸ ਅੰਗਰੇਜ਼ੀ ਵਿਚ ਇਕ 'ਫ਼ਾਸਟਿੰਗ' ਅਥਵਾ ਵਰਤ ਰੱਖਣ ਤੇ ਕਿਤਾਬ ਸੀ। ਇਸ ਕਿਤਾਬ ਵਿਚ ਥਾਂ ਥਾਂ ਨਿਸ਼ਾਨੀਆਂ ਲੱਗੀਆਂ ਹੋਈਆਂ ਸਨ। ਇਉਂ ਜਾਪਦਾ ਸੀ ਜਿਵੇਂ ਇਹ ਕਿਤਾਬ ਉਨ੍ਹਾਂ ਕਈ ਵਾਰੀ ਬੜੀ ਘੋਖ ਘੋਖ ਕੇ ਪੜ੍ਹੀ ਹੋਈ ਹੈ। ਸਾਰੀ ਭੁੱਖ-ਹੜਤਾਲ, ਇਸ ਪੁਸਤਕ ਵਿਚ ਜੋ ਹਦਾਇਤਾਂ ਲਿਖੀਆਂ ਸਨ, ਉਨ੍ਹਾਂ ਦੇ ਆਧਾਰ ਤੇ ਹੋਈ। ਹਰ ਰੋਜ਼ ਸਵੇਰੇ ਤਿੰਨ ਪ੍ਰੇਮੀ ਉਨ੍ਹਾਂ ਦੀ ਤਿੰਨ ਘੰਟੇ ਦੇ ਕਰੀਬ ਬਦਾਮ-ਰੋਗ਼ਨ ਨਾਲ ਮਾਲਸ਼ ਕਰਦੇ ਸਨ। ਫੇਰ ਉਸ ਪਿੱਛੋਂ ਉਨ੍ਹਾਂ ਨੂੰ ਗਰਮ ਜਲ ਨਾਲ ਇਸ਼ਨਾਨ ਕਰਾਉਂਦੇ ਸਨ। ਚਿਹਰੇ ਤੇ ਉਨ੍ਹਾਂ ਦੇ ਹਮੇਸ਼ਾ ਲਾਲੀ ਭਾਹ ਮਾਰਦੀ ਹੁੰਦੀ ਸੀ ਅਤੇ ਭੁੱਖ-ਹੜਤਾਲ ਦੇ ਇਨ੍ਹਾਂ ਦਿਨਾਂ ਵਿਚ ਭੀ ਇਸ ਮਾਲਸ਼ ਅਤੇ ਇਸ਼ਨਾਨ ਦੇ ਪਿਛੋਂ ਚੰਗੀ ਸੋਹਣੀ ਲਿਸ਼ਕ ਨਜ਼ਰ ਆਉਂਦੀ ਸੀ। ਦਸ ਬਾਰ੍ਹਾਂ ਦਿਨ ਗੁਜ਼ਰ ਗਏ। ਭੁੱਖ-ਹੜਤਾਲ ਦਾ ਉਨ੍ਹਾਂ ਤੇ ਕੋਈ ਅਸਰ ਹੀ ਨਹੀਂ ਸੀ ਜਾਪਦਾ। ਸਿਵਾਏ ਨਿੰਬੂ ਅਤੇ ਲੂਣ ਵਾਲੇ ਪਾਣੀ ਦੇ ਅਤੇ ਬਦਾਮ-ਰੋਗ਼ਨ ਦੀ ਮਾਲਸ਼ ਦੇ ਹੋਰ ਤਾਂ ਕੋਈ ਅਧਾਰ ਵਾਲੀ ਚੀਜ਼ ਉਨ੍ਹਾਂ ਦੇ ਅੰਦਰ ਨਹੀਂ ਸੀ ਜਾਂਦੀ, ਪਰ ਵਿਸ਼ਵਾਸ ਤੇ ਹੱਠ ਭੀ ਇਨਸਾਨ ਦੇ ਮਨ ਰਾਹੀਂ ਸਰੀਰ ਨੂੰ ਕਾਫ਼ੀ ਆਧਾਰ ਦੇਂਦੇ ਹਨ। ਪਾਠ ਕਰਨਾ ਤੇ ਬਹੁਤਾ



Digitized by Panjab Digital Library | www.panjabdigilib.org

ਸਮਾਂ ਜਪ ਵਿਚ ਬਿਤਾਉਣਾ ਉਨ੍ਹਾਂ ਦੀ ਖ਼ੁਰਾਕ ਦਾ ਵੱਡਾ ਹਿੱਸਾ ਸਨ। ਮੇਰਾ ਖ਼ਿਆਲ ਹੈ ਕਿ ਬਾਰ੍ਹਵੇਂ ਦਿਨ ਕਰਨਲ ਅਮੀਰ ਚੰਦ ਜੀ ਹਵਾਈ ਜਹਾਜ਼ ਤੇ ਦਿੱਲੀਓਂ ਆਏ ਅਤੇ ਉਨ੍ਹਾਂ ਮਾਸਟਰ ਜੀ ਦੇ ਹਰ ਅੰਗ ਨੂੰ ਚੰਗੀ ਤਰ੍ਹਾਂ ਵੇਖਿਆ। ਉਨ੍ਹਾਂ ਨੂੰ ਦਿਲ ਆਦਿ ਦੀ ਕਮਜ਼ੋਰੀ ਜ਼ਰੂਰ ਨਜ਼ਰ ਆਈ। ਫੇਰ ਅੰਮ੍ਰਿਤਸਰ ਹਸਪਤਾਲ ਦੇ ਡਾਕਟਰਾਂ ਨੇ ਭੀ ਉਨ੍ਹਾਂ ਦਾ ਮੁਆਇਨਾ ਕੀਤਾ ਅਤੇ ਰੀਪੋਰਟ ਗੌਰਮਿੰਟ ਨੂੰ ਭੇਜ ਦਿੱਤੀ। ਇਸ ਦੇ ਉਪਰੰਤ ਬਾਕਾਇਦਾ ਕੁਝ ਦਿਨਾਂ ਦੇ ਪਿਛੋਂ ਹਸਪਤਾਲ ਦੇ ਡਾਕਟਰ ਉਨ੍ਹਾਂ ਦਾ ਮੁਆਇਨਾ ਕਰ ਕੇ ਰੀਪੋਰਟ ਸਰਕਾਰੇ ਭੇਜਦੇ ਹੁੰਦੇ ਸਨ।

ਜਿਸ ਵੇਲੇ ਉਨ੍ਹਾਂ ਦੀ ਮਾਲਸ਼ ਹੁੰਦੀ ਸੀ ਉਸ ਵੇਲੇ ਘੰਟਾ ਦੋ ਘੰਟੇ ਮੈਂ ਉਨ੍ਹਾਂ ਪਾਸ ਰੋਜ਼ ਜਾ ਕੇ ਬੈਠਦਾ ਹੁੰਦਾ ਸਾਂ। ਸਾਰਾ ਪਰਵਾਰ ਅਤੇ ਸਾਰਾ ਖ਼ਾਨਦਾਨ ਹੀ ਉਥੇ ਇਕੱਠਾ ਹੋਇਆ ਹੋਇਆ ਸੀ। ਹਰ ਰੋਜ਼ ਬਾਹਰੋਂ ਆਉਣ ਵਾਲੇ ਸਜਨਾਂ-ਮਿੱਤਰਾਂ ਦੀ ਭੀ ਭਰਮਾਰ ਲਗੀ ਰਹਿੰਦੀ ਸੀ। ਉਨ੍ਹਾਂ ਦੇ ਬਿਰਧ ਮਿੱਤਰ 'ਅਣੇ ਸਾਹਿਬ' ਆਏ, ਜੈਪ੍ਰਕਾਸ਼ ਨਰਾਇਣ ਜੀ ਆਏ। ਪੁਰਾਣੇ ਮਿੱਤਰ-ਸਾਥੀ, ਸ਼ਰਧਾਲੂ ਜਦ ਆਉਂਦੇ ਸਨ ਤਾਂ ਕੁਦਰਤੀ ਤੌਰ ਤੇ ਉਨ੍ਹਾਂ ਨੂੰ ਮਿਲਣ ਲਈ ਹੱਠ ਕਰਦੇ ਸਨ। ਭੁੱਖ-ਹੜਤਾਲ ਦੀ ਹਾਲਤ ਵਿਚ ਭੀ ਦਰਜਨਾਂ ਆਦਮੀਆਂ ਨਾਲ ਹਰ ਰੋਜ਼ ਉਨ੍ਹਾਂ ਨੂੰ ਗੱਲਬਾਤ ਕਰਨੀ ਪੈਂਦੀ ਸੀ। ਇਕ ਘੰਟੇ ਦੇ ਕਰੀਬ ਤਾਂ ਹਰ ਰੋਜ਼ ਸੰਤ ਫ਼ਤਹ ਸਿੰਘ ਨੇ ਉਨ੍ਹਾਂ ਨਾਲ ਵਿਚਾਰਾਂ ਕਰਨੀਆਂ।

ਜਿਉਂ ਜਿਉਂ ਉਨ੍ਹਾਂ ਦੀ ਕਮਜ਼ੋਰੀ ਵਧਦੀ ਜਾਵੇ, ਦਰਸ਼ਨ ਕਰਨ ਵਾਲਿਆਂ ਦੀ ਗਿਣਤੀ ਭੀ ਵਧਦੀ ਜਾਵੇ। ਫੇਰ ਹਜ਼ਾਰਾਂ ਆਦਮੀ ਕਮਰੇ ਦੇ ਆਲੇ-ਦੁਆਲੇ ਹਰ ਵੇਲੇ ਖੜੋਤੇ ਰਹਿੰਦੇ ਸਨ। ਹਰ ਸ਼ਾਮ ਨੂੰ ਉਨ੍ਹਾਂ ਨੂੰ ਚੁਕ ਕੇ ਮੰਜੀ ਸਾਹਿਬ ਦੇ ਥੜੇ ਤੇ ਜਾ ਲਿਟਾਉਂਦੇ ਸਨ ਤਾਕਿ ਸੰਗਤਾਂ ਖੁਲ੍ਹੇ ਦਰਸ਼ਨ-ਦੀਦਾਰ ਕਰ ਲੈਣ। ਤਾਰਾਂ ਚਿੱਠੀਆਂ ਜੋ ਸੰਸਾਰ ਦੇ ਸਭ ਭਾਗਾਂ ਤੋਂ ਆਉਂਦੀਆਂ ਸਨ, ਉਨ੍ਹਾਂ ਦਾ ਤਾਂ ਕੋਈ ਅੰਦਾਜ਼ਾ



Digitized by Panjab Digital Library | www.panjabdigilib.org

ਹੀ ਨਹੀਂ।

ਮਾਸਟਰ ਜੀ ਦੀ ਇਹ ਸਾਰੀ ਸ਼ੋਭਾ ਸਾਰੇ ਪਰਵਾਰ ਲਈ ਤਾਂ ਮਾਣ ਦਾ ਕਾਰਨ ਬਣ ਰਹੀ ਸੀ, ਪਰ ਮੇਰੀ ਪੁਜ਼ੀਸ਼ਨ ਅਜੀਬ ਸੀ। ਮੈਂ ਫ਼ਿਰਕੂ ਜ਼ਹਿਨੀਅਤ ਦੇ ਸਖ਼ਤ ਖ਼ਿਲਾਫ਼ ਸਾਂ ਅਤੇ ਹਿੰਦੂਆਂ ਦੀ ਵਿਰੋਧਤਾ ਕਰਕੇ ਪੰਜਾਬੀ ਸੂਬੇ ਦੀ ਮੰਗ ਮੈਨੂੰ ਫ਼ਿਰਕੂ ਮੰਗ ਪ੍ਰਤੀਤ ਹੁੰਦੀ ਸੀ। ਇਕ ਦਿਨ ਕੁਝ ਪੱਤਰ-ਪ੍ਰੇਰਕ ਮੈਨੂੰ ਮਿਲੇ ਅਤੇ ਪੁੱਛਣ ਲਗੇ ਕਿ ਤੇਰੀ ਕੀ ਰਾਏ ਹੈ। ਲੁਕੋਂ ਤਾਂ ਸਾਡੇ ਟੱਬਰ ਦੇ ਸੁਭੋਂ ਵਿਚ ਹੀ ਨਹੀਂ, ਮੈਂ ਉਨ੍ਹਾਂ ਅਖ਼ਬਾਰ-ਨਵੀਸਾਂ ਨੂੰ ਜਵਾਬ ਦਿੱਤਾ ਕਿ ਪੰਜਾਬ ਦੀ ਦੁਰਦਿਸ਼ਾ ਦਾ ਹਲ ਪੰਜਾਬੀ ਸੂਬਾ ਨਹੀ, ਹਿੰਦੂ-ਸਿੱਖ ਏਕਤਾ ਹੈ। ਮੇਰੇ ਇਹ ਖ਼ਿਆਲ ਅਕਾਲੀਆਂ ਨੂੰ ਬੜੇ ਕੌੜੇ ਲੱਗਦੇ ਸਨ। ਮੇਰੇ ਭਤੀਜੇ ਭੀ ਮੇਰੇ ਖ਼ਿਆਲਾਂ ਤੋਂ ਤੰਗ ਸਨ ਅਤੇ ਇਹ ਕਹਿ ਦੇਂਦੇ ਸਨ ਕਿ ਚਾਚਾ ਜੀ ਇੱਥੇ ਕਾਹਦੇ ਲਈ ਬੈਠੇ ਹਨ। ਕਈ ਹੋਰ ਮਿੱਤਰ ਭੀ ਪੁਛਦੇ ਸਨ ਅਤੇ ਮੈਂ ਸਫ਼ੋਂ ਹੀ ਜਵਾਬ ਦੇਂਦਾ ਸਾਂ ਕਿ ਮੈਂ ਤਾਂ ਆਪਣੇ ਭਰਾ ਨੂੰ ਬਚਾਣ ਲਈ ਇੱਥੇ ਆਇਆ ਹਾਂ, ਪੰਜਾਬੀ ਸੂਬਾ ਲੈਣ ਨਹੀਂ ਆਇਆ। ਮਾਸਟਰ ਜੀ ਦੀ ਪੁਜ਼ੀਸ਼ਨ ਵੱਖਰੀ ਸੀ। ਸਾਰੇ ਖ਼ਿਆਲੀ ਵਿਖੇਵਿਆਂ ਦੇ ਬਾਵਜੂਦ ਸਾਡਾ ਆਪੋ ਵਿਚ ਡੂੰਘਾ ਪ੍ਰੇਮ ਅਤੇ ਸਤਿਕਾਰ ਸੀ।

ਮਾਸਟਰ ਜੀ ਦੇ ਕਮਰੇ ਦੇ ਨੇੜੇ ਇਕ ਹੋਰ ਕਮਰੇ ਵਿਚ ਹਰ ਰੋਜ਼ ਸਵੇਰੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਹੁੰਦੀ ਹੁੰਦੀ ਸੀ। ਮਾਸਟਰ ਜੀ ਦੇ ਕਹਿਣ ਤੇ ਮੈਨੂੰ ਭੀ ਉਸ ਮੀਟਿੰਗ ਵਿਚ ਬੁਲਾਇਆ ਗਿਆ, ਪਰ ਮੈਂ ਉਨ੍ਹਾਂ ਵਿਚ ਭਿਜ ਨਹੀਂ ਸਕਿਆ ਅਤੇ ਮੈਂਤ ਜੀ ਤੋਂ ਖਿਮਾ ਮੰਗ ਕੇ ਫੇਰ ਮੈਂ ਕਿਸੇ ਮੀਟਿੰਗ ਵਿਚ ਭੀ ਸ਼ਾਮਲ ਨਹੀਂ ਹੋਇਆ।

ਜਦ ਭੀ ਕੌਮ ਤੇ ਕੋਈ ਭੀੜ ਆਵੇ, ਅਸੀਂ ਗੁਰਸੇਵਕ ਸਭਾ ਨੂੰ ਫੇਰ ਖੜਾ ਕਰ ਲੈਂਦੇ ਹੁੰਦੇ ਸਾਂ। ਬਾਵਾ ਹਰਕਿਸ਼ਨ ਸਿੰਘ ਜੀ ਸਾਡੇ ਲੀਡਰ ਸਨ ਅਤੇ ਉਨ੍ਹਾਂ ਦਿਨਾਂ ਵਿਚ ਉਹ ਅੰਮ੍ਰਿਤਸਰ ਹੀ ਰਹਿੰਦੇ



Digitized by Panjab Digital Library | www.panjabdigilib.org

ਸਨ। ਸੋਢੀ ਦਰਬਾਰਾ ਸਿੰਘ ਜੀ ਭੀ ਦਰਬਾਰ ਸਾਹਿਬ ਦੇ ਕੋਲ ਹੀ ਰਹਿੰਦੇ ਸਨ। ਸਰਦਾਰ ਬਖ਼ਸ਼ੀਸ਼ ਸਿੰਘ ਅਤੇ ਮੈਂ ਤਾਂ ਹਰ ਵੇਲੇ ਉਥੇ ਹੀ ਹੁੰਦੇ ਸਾਂ। ਗੁਰਸੇਵਕ ਸਭਾ ਦੇ ਸਾਰੇ ਮੈਂਬਰਾਂ ਦੇ ਦਿਲਾਂ ਵਿਚ ਮਾਸਟਰ ਜੀ ਲਈ ਪ੍ਰੇਮ ਅਤੇ ਇੱਜ਼ਤ ਸੀ। ਅਸਾਂ ਗੁਰਸੇਵਕ ਸਭਾ ਸੁਰਜੀਤ ਕਰ ਲਈ। ਬਾਵਾ ਸਰੂਪ ਸਿੰਘ ਜੀ ਅਤੇ ਸਰਦਾਰ ਹਰੀ ਸਿੰਘ ਜੀ ਜਾਲੰਧਰ ਤੋਂ ਆ ਜਾਂਦੇ ਸਨ। ਹਰ ਰੋਜ਼ ਹੀ ਅਸਾਂ ਇਕੱਤਰ ਹੋ ਕੇ ਵਿਚਾਰਾਂ ਕਰਨੀਆਂ ਅਤੇ ਮਾਸਟਰ ਜੀ ਦੀ ਜਾਨ ਬਚਾਣ ਲਈ ਵਿਉਂਤਾਂ ਸੋਚਣੀਆਂ। ਡਾਕਟਰ ਹਰਬੰਤ ਸਿੰਘ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਹੁੰਦੇ ਸਨ। ਸ: ਪ੍ਰਤਾਪ ਸਿੰਘ ਨੇ ਉਥੋਂ ਉਨ੍ਹਾਂ ਨੂੰ ਕਢਵਾ ਦਿੱਤਾ ਸੀ ਅਤੇ ਹੋਰ ਕਿਸੇ ਕਾਲਜ ਵਿਚ ਭੀ ਲਗਣ ਨਹੀਂ ਸੀ ਦੇਂਦਾ।

ਅਕਾਲੀਆਂ ਨੇ ਉਸ ਨੂੰ ਸ਼੍ਰੋਮਣੀ ਕਮੇਟੀ ਦਾ ਸਕੱਤਰ ਬਣਾ ਲਿਆ। ਸਾਡਾ ਪੁਰਾਣਾ ਸ਼ਗਿਰਦ ਅਤੇ ਚੰਗੇ ਨੇਕ ਅਤੇ ਸਿਆਣੇ ਖ਼ਿਆਲਾਂ ਦਾ ਆਦਮੀ ਸੀ। ਅਸਾਂ ਉਸ ਦੇ ਕਮਰੇ ਵਿਚ ਇਕੱਤਰ ਹੋਣਾ ਸ਼ੁਰੂ ਕਰ ਦਿੱਤਾ। ਉਧਰ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਹੋਇਆ ਕਰੇ, ਇਧਰ ਸਾਡੀ ਮੀਟਿੰਗ। ਖ਼ਿਆਲਾਂ ਵਿਚ ਅੰਤਰਾ ਸੀ। ਇਕ ਦਿਨ ਇਕ ਨੌਜਵਾਨ ਜਿਸ ਦਾ ਨਾਂ ਸਿਖ ਕਰਕੇ ਸੀ ਪਰ ਕੇਸ ਹੈ ਨਹੀਂ ਸਨ, ਮੇਰੇ ਪਾਸ ਆਇਆ ਅਤੇ ਬੜੀ ਹਮਦਰਦੀ ਅਤੇ ਸਿਆਣਪ ਨਾਲ ਗੱਲਾਂ ਕਰਨ ਲੱਗਾ। ਕਹਿਣ ਲੱਗਾ ਕਿ ਕਲ੍ਹ ਸ਼ਹਿਰ ਵਿਚ ਅਫ਼ਵਾਹ ਫੈਲ ਗਈ ਕਿ ਮਾਸਟਰ ਜੀ ਚਲਾਣਾ ਕਰ ਗਏ ਹਨ, ਮਿੰਟਾਂ ਵਿਚ ਹੀ ਸਾਰਾ ਸ਼ਹਿਰ ਬੰਦ ਹੋ ਗਿਆ। ਲੋਕਾਂ ਦੇ ਦਿਲਾਂ ਵਿਚ ਉਨ੍ਹਾਂ ਲਈ ਬੜਾ ਜਜ਼ਬਾ ਹੈ। ਉਹ ਨੌਜਵਾਨ ਆਪ ਆਰ. ਐਸ. ਐਸ. ਵਿਚ ਕੰਮ ਕਰਦਾ ਸੀ ਅਤੇ ਉਨ੍ਹਾਂ ਨਾਲ ਉਸ ਦਾ ਚੰਗਾ ਰਸੂਖ਼ ਸੀ। ਕਹਿਣ ਲੱਗਾ ਕਿ ਜੇ ਆਰ. ਐਸ. ਐਸ. ਦੇ ਲੀਡਰ ਪੰਜਾਬੀ ਸੂਬੇ ਦੇ ਹੱਕ ਵਿਚ ਐਲਾਨ ਕਰ ਦੇਣ ਤਾਂ ਮਾਮਲਾ ਮੁੱਕ ਜਾਏਗਾ ? ਮੇਰੇ ਖ਼ਿਆਲ ਵਿਚ ਇਹ ਬੜੀ ਗੱਲ ਸੀ। ਦੋ ਦਿਨ



Digitized by Panjab Digital Library | www.panjabdigilib.org

ਦੇ ਬਾਅਦ ਉਹ ਮੈਨੂੰ ਫੇਰ ਮਿਲਿਆ ਅਤੇ ਇਹ ਕਹਿ ਗਿਆ ਕਿ ਤੁਸੀਂ ਕਲ੍ਹ ਮੇਰੀ ਕੋਠੀ ਆ ਕੇ ਸੰਗ ਦੇ ਲੀਡਰਾਂ ਨੂੰ ਮਿਲੋ। ਉਹ ਕਾਫ਼ੀ ਆਸ਼ਾਵੰਤ ਸੀ। ਸਾਰੇ ਸਾਥੀ ਤਾਂ ਅਸੀਂ ਰੋਜ਼ ਇਹੋ ਵਿਚਾਰਾਂ ਕਰਦੇ ਰਹਿੰਦੇ ਸਾਂ। ਉਸ ਦਿਨ ਮੈਂ ਜਾ ਕੇ ਮਾਸਟਰ ਜੀ ਨੂੰ ਭੀ ਮਿਲਿਆ ਅਤੇ ਉਨ੍ਹਾਂ ਨੂੰ ਮਨਾ ਕੇ ਮਿਲਣ ਦੀ ਉਨ੍ਹਾਂ ਤੋਂ ਆਗਿਆ ਲੈ ਲਈ। ਬਾਵਾ ਹਰਕਿਸ਼ਨ ਸਿੰਘ ਜੀ ਤੇ ਮੈਂ ਸੰਗ ਦੇ ਆਗੂਆਂ ਨੂੰ ਜਾ ਕੇ ਮਿਲੇ। ਉਥੇ ਤਾਂ ਉਲਟਾ ਦ੍ਰਿਸ਼ ਹੀ ਸਾਡੀਆਂ ਅੱਖਾਂ ਅੱਗੇ ਆਇਆ। ਬੜੇ ਕਟੜ ਆਦਮੀ ਸਨ। ਗੱਲਾਂ ਹੀ ਸਾਡੇ ਨਾਲ ਇਸ ਤਰ੍ਹਾਂ ਕਰਦੇ ਸਨ ਜਿਵੇਂ ਕੋਈ ਵੇਦ ਪਾਠ ਸੁਣਾਈਦਾ ਹੈ। ਸਿੱਧੀ-ਸਾਦੀ ਪੰਜਾਬੀ ਬੋਲਣੀ ਤਾਂ ਸ਼ਾਇਦ ਉਹ ਪਾਪ ਸਮਝਦੇ ਸਨ। ਸਾਡੇ ਯਤਨ ਨਿਸਫਲ ਸਾਬਤ ਹੋਏ। ਅਕਾਲੀ ਦਿਨ-ਬਦਿਨ ਸਾਡੇ ਜ਼ਿਆਦਾ ਖ਼ਿਲਾਫ਼ ਹੋ ਰਹੇ ਸਨ। ਕਹਿੰਦੇ ਸਨ, ਇਹ ਕੌਣ ਹਨ ਚੌਧਰੀ ਬਣਨ ਵਾਲੇ? ਡਾਕਟਰ ਹਰਬੰਤ ਸਿੰਘ ਦੇ ਭੀ ਖ਼ਿਲਾਫ਼ ਹੋ ਰਹੇ ਸਨ ਕਿ ਉਹ ਸਾਨੂੰ ਆਪਣੇ ਕਮਰੇ ਵਿਚ ਇਕੱਠੇ ਹੋਣ ਦੇਂਦਾ ਹੈ। ਡਾਕਟਰ ਹਰਬੰਤ ਸਿੰਘ ਨੂੰ ਤਾਂ ਜਬਰਨ ਛੁੱਟੀ ਦੇ ਕੇ ਉਹ ਘਰ ਭੇਜ ਦੇਣਾ ਚਾਹੁੰਦੇ ਸਨ ਤਾਕਿ ਇਹ ਸਾਡਾ ਇਕੱਤ੍ਰਤਾਵਾਂ ਦਾ ਸਿਲਸਿਲਾ ਖ਼ਤਮ ਹੋਵੇ। ਅਬਦੁਲ ਗ਼ਨੀ ਗੋਨੀ ਮਾਸਟਰ ਜੀ ਦਾ ਚੰਗਾ ਪ੍ਰੇਮੀ ਸੀ। ਉਹ ਇਕ ਦਿਨ ਆਇਆ। ਮਾਸਟਰ ਜੀ ਨੂੰ ਮਿਲਿਆ, ਫੇਰ ਸਾਨੂੰ ਆਣ ਮਿਲਿਆ। ਬੜੀ ਹਮਦਰਦੀ ਨਾਲ ਸੋਚਦਾ ਸੀ ਕਿ ਕੋਈ ਰਾਹ ਕੱਢ ਕੇ ਮਾਸਟਰ ਜੀ ਨੂੰ ਬਚਾਇਆ ਜਾਏ। ਹਾਲਤ ਉਨ੍ਹਾਂ ਦੀ ਬੜੀ ਕਮਜ਼ੋਰ ਹੋ ਚੁਕੀ ਸੀ ਅਤੇ ਇਉਂ ਜਾਪਦਾ ਸੀ ਜਿਵੇਂ ਉਹ ਹੁਣ ਬਹੁਤੇ ਦਿਨ ਨਹੀਂ ਕਢ ਸਕਣਗੇ। ਚਾਲ੍ਹੀ ਦਿਨ ਦੇ ਕਰੀਬ ਉਨ੍ਹਾਂ ਨੂੰ ਵਰਤ ਰਖਿਆਂ ਹੋ ਗਏ ਸਨ। ਹੱਠ ਅਤੇ ਦ੍ਰਿੜ੍ਹਤਾ ਸਾਰੀ ਉਮਰ ਤਾਂ ਇਨਸਾਨ ਨੂੰ ਜ਼ਿੰਦਾ ਨਹੀਂ ਰਖ ਸਕਦੀ। ਸਾਡੀ ਇਸ ਸੋਚ-ਵਿਚਾਰ ਤੇ ਅਕਾਲੀ ਵਰਕਰ ਕਾਫ਼ੀ ਔਖੇ ਹੋਏ ਅਤੇ ਸਾਡੇ ਪਾਸ ਆ ਕੇ ਉਨ੍ਹਾਂ ਸਾਨੂੰ ਕਰੜੇ ਸ਼ਬਦਾਂ ਦੁਆਰਾ ਅਜਿਹਾ ਕਰਨ ਤੋਂ ਵਰਜਿਆ। ਉਸ ਦਿਨ ਦੇ ਪਿੱਛੋਂ ਅਸਾਂ

ਇਕੱਤਰ ਹੋਣਾ ਬੰਦ ਕਰ ਦਿੱਤਾ ਅਤੇ ਸ: ਬਖ਼ਸ਼ੀਸ਼ ਸਿੰਘ ਕੁਝ ਦਿਨਾਂ ਲਈ ਅੰਮ੍ਰਿਤਸਰ ਵਿਚੋਂ ਬਾਹਰ ਚਲੇ ਗਏ।

ਸਾਰਾ ਪੰਜਾਬ, ਦਿਲੀ ਦੀ ਆਮ ਜਨਤਾ ਅਤੇ ਸਿੱਖ ਖ਼ਾਸ ਕਰਕੇ ਬਹੁਤ ਹੀ ਚਿੰਤਾਤਰ ਸਨ। ਪੰਡਤ ਨਹਿਰੂ ਅਤੇ ਸ: ਪ੍ਰਤਾਪ ਸਿੰਘ ਭੀ ਕੋਈ ਸੁਖ ਦੀ ਨੀਂਦ ਤਾਂ ਸੌਂਦੇ ਨਹੀਂ ਸਨ। ਹਰ ਕੋਈ ਚਾਹੁੰਦਾ ਸੀ ਕਿ ਕੋਈ ਸਮਝੌਤੇ ਦਾ ਰਾਹ ਨਿਕਲ ਆਵੇ ਅਤੇ ਮਾਸਟਰ ਜੀ ਦੀ ਜਾਨ ਬਚ ਜਾਏ, ਨਹੀਂ ਤਾਂ ਸਿੱਖ ਅਤੇ ਹਿੰਦੂ ਸਦਾ ਲਈ ਆਪੋ ਵਿਚ ਵੈਰੀ ਬਣ ਜਾਣਗੇ ਅਤੇ ਪੰਜਾਬ ਦੇ ਪਿੰਡਾਂ ਵਿਚ ਰਹਿਣਾ ਤਾਂ ਦਰ-ਕਿਨਾਰ, ਕੋਈ ਹਿੰਦੂ ਲਾਗਿਓਂ ਲੰਘ ਭੀ ਨਹੀਂ ਸਕੇਗਾ। ਪਿੰਡਾਂ ਵਿਚ ਰਹਿੰਦੇ ਹਿੰਦੂਆਂ ਨੇ ਭਜਣਾ ਸ਼ੁਰੂ ਕਰ ਦਿੱਤਾ ਅਤੇ ਉਹ ਦਿੱਲੀ ਤੋਂ ਪਾਰ ਹੀ ਜਾ ਕੇ ਸਾਹ ਲੈਂਦੇ ਸਨ। ਲਾਲ ਬਹਾਦਰ ਸ਼ਾਸਤਰੀ ਜੀ ਘਰੇਲੂ ਮੰਤਰੀ ਸਨ। ਉਨ੍ਹਾਂ ਤੇ ਚਵ੍ਹਾਂ ਪਾਸਿਆਂ ਤੋਂ ਬੜਾ ਜ਼ੋਰ ਪਿਆ। ਮਹਾਰਾਜਾ ਪਟਿਆਲਾ, ਮਲਕ ਹਰਦਿਤ ਸਿੰਘ, ਮਲਕ ਮੁਖਬੈਨ ਸਿੰਘ, ਸ: ਬਲਦੇਵ ਸਿੰਘ ਮਾਹਲਪੁਰੀ ਅਤੇ ਹੋਰ ਕਈ ਸਜਣ ਰਾਤ ਦਿਨ ਇਸੇ ਕੰਮ ਵਿਚ ਲੱਗੇ ਰਹਿੰਦੇ ਸਨ। ਹਿੰਦੂਆਂ ਸਾਰਿਆਂ ਨੂੰ ਭੀ ਦਿਲੋਂ ਇਹ ਯਕੀਨ ਹੋ ਗਿਆ ਕਿ ਹੁਣ ਪੰਜਾਬੀ ਸੂਬਾ ਬਣਨੋਂ ਕੋਈ ਰੋਕ ਨਹੀਂ ਸਕਦਾ।

ਪੰਜਾਬ ਦੇ ਆਰੀਆ ਸਮਾਜੀ ਫ਼ਿਰਕੂਪੁਣੇ ਦਾ ਸੋਮਾ ਹਨ। ਜੇ ਮੁਸਲਮਾਨਾਂ ਵਿਚ ਫ਼ਿਰਕੂਪੁਣਾ ਆਇਆ ਤਾਂ ਇਨ੍ਹਾਂ ਦੀ ਜ਼ਹਿਨੀਅਤ ਦੇ ਪ੍ਰਤੀਕਰਮ ਕਰਕੇ, ਅਤੇ ਸਿੱਖਾਂ ਵਿਚ ਭੀ ਫ਼ਿਰਕੂਪੁਣਾ ਇਨ੍ਹਾਂ ਹੀ ਪੈਦਾ ਕੀਤਾ। ਪੰਜਾਬ ਯੂਨੀਵਰਸਿਟੀ ਦੀਆਂ ਮੀਟਿੰਗਾਂ ਵਿਚ ਪੰਜਾਬੀ ਦੀ ਵਿਰੋਧਤਾ ਵੇਖ ਵੇਖ ਕੇ ਮੈਂ ਹੈਰਾਨ ਹੁੰਦਾ ਸਾਂ ਕਿ ਇਨ੍ਹਾਂ ਦੀ ਅਕਲ ਕਿੱਥੇ ਗਈ। ਬੋਲਣੀ ਪੰਜਾਬੀ ਅਤੇ ਜ਼ਬਾਨ ਦੱਸਣੀ ਹਿੰਦੀ, ਅਤੇ ਇੱਥੇ ਹੀ ਬਸ ਨਹੀਂ, ਪੰਜਾਬੀ ਦੇ ਵਿਦਿਆ ਦੇ ਮਾਧਿਅਮ ਬਣਨ ਨੂੰ ਤਾਂ ਇਹ ਆਪਣੀ ਸੰਸਕ੍ਰਿਤ ਦਾ ਖ਼ਾਤਮਾ ਸਮਝਦੇ ਸਨ। ਅਕਾਲੀ ਜ਼ਹਿਨੀਅਤ ਨੂੰ ਤਾਂ ਇਨ੍ਹਾਂ ਦੀ ਜ਼ਹਿਨੀਅਤ ਦੇ ਪ੍ਰਤੀਕਰਮ ਨੇ



Digitized by Panjab Digital Library | www.panjabdigilib.org

ਕਾਇਮ ਰਖਿਆ ਹੋਇਆ ਹੈ। ਇਨ੍ਹਾਂ ਆਪਣੀ ਮੁਖ਼ਾਲਫ਼ਤ ਸਿਖ਼ਰ ਤੇ ਕਾਇਮ ਰੱਖੀ। ਇਕ ਆਰੀਆ ਸਮਾਜੀ ਸਵਾਮੀ ਨੇ ਮਾਸਟਰ ਤਾਰਾ ਸਿੰਘ ਦੇ ਵਰਤ ਦੇ ਵਿਰੁੱਧ ਵਰਤ ਰੱਖ ਲਿਆ ਅਤੇ ਇਕ ਤਕੜਾ ਪਰਪੰਚ ਰਚ ਲਿਆ। ਕੁਝ ਚਿਰ ਬਾਅਦ, ਸਵਾਮੀ ਰਾਮੇਸ਼ਵਰਾ ਨੰਦ ਨੇ ਇਸੇ ਤਰ੍ਹਾਂ ਦਾ ਵਰਤ ਦਿੱਲੀ ਵਿਚ ਸ਼ੁਰੂ ਕਰ ਦਿੱਤਾ।

ਗੌਰਮਿੰਟ ਚੰਗੀ ਕੁੜਿੱਕੀ ਵਿਚ ਫਸ ਗਈ। ਪੰਜਾਬ ਦੇ ਹਿੰਦੂ ਤੇ ਸਿਖ ਆਪੋ ਵਿਚ ਵੈਰੀ ਹੀ ਬਣ ਗਏ। ਕੀ ਹੱਲ ਨਿਕਲੇ? ਮਹਾਰਾਜਾ ਪਟਿਆਲਾ ਅਤੇ ਉਸ ਦੇ ਸਾਥੀ ਸੱਚੇ ਦਿਲੋਂ ਸਿਰਤੋੜ ਯਤਨ ਕਰਦੇ ਰਹੇ ਕਿ ਇਹ ਬਿਪਤਾ ਕਿਸੇ ਤਰ੍ਹਾਂ ਦੇਸ ਦੇ ਸਿਰੋਂ ਟਲ ਜਾਏ। ਕਦੇ ਅੰਮ੍ਰਿਤਸਰ ਆਉਣਾ, ਕਦੇ ਦਿੱਲੀ ਜਾਣਾ। ਹਵਾਈ ਜਹਾਜ਼ ਤੇ ਆਣ ਜਾਣ ਦਾ ਖ਼ਰਚ ਭੀ ਮਹਾਰਾਜਾ ਪਟਿਆਲਾ ਆਪਣੇ ਪੱਲਿਓਂ ਦੇਂਦਾ ਸੀ। ਆਖ਼ਰ ਕੁਝ ਤਜਵੀਜ਼ ਨਿਕਲੀ। ਅਕਾਲੀ ਦਲ ਦੀ ਮਨਜ਼ੂਰੀ ਲੈ ਕੇ ਉਹ ਦਿੱਲੀ ਗਏ। ਲਾਲ ਬਹਾਦਰ ਸ਼ਾਸਤਰੀ ਨੂੰ ਮਿਲੇ। ਉਸ ਨੇ ਭੀ ਉਹ ਤਜਵੀਜ਼ ਮੰਨ ਲਈ। ਮਾਸਟਰ ਜੀ ਦੀ ਭੁੱਖ-ਹੜਤਾਲ ਪੰਜਤਾਲੀਵੇਂ ਦਿਨ ਵਿਚ ਜਾ ਪਹੁੰਚੀ ਸੀ ਅਤੇ ਉਨ੍ਹਾਂ ਦੀ ਅਵਸਥਾ ਬੜੀ ਗੰਭੀਰ ਹੋ ਚੁਕੀ ਸੀ। ਛੇਤੀ ਨਾਲ ਵਾਪਸ ਆਏ। ਤਜਵੀਜ਼ ਅਕਾਲੀ ਦਲ ਦੇ ਪੇਸ਼ ਕੀਤੀ। ਛੇ ਘੰਟੇ ਤੋਂ ਉਪਰ ਵਿਚਾਰਾਂ ਹੁੰਦੀਆਂ ਰਹੀਆਂ। ਸਮਝੌਤਾ ਕਰਾਣ ਵਾਲੇ ਭੀ ਵਿਚਾਰਾਂ ਵਿਚ ਹਿੱਸਾ ਲੈਂਦੇ ਰਹੇ। ਪਹਿਲਾਂ ਆਪੋ ਵਿਚ ਕੁਝ ਵਿਰੋਧ ਸੀ, ਪਰ ਆਖ਼ਰ ਸਰਬ-ਸੰਮਤੀ ਨਾਲ ਫ਼ੈਸਲਾ ਹੋਇਆ ਕਿ ਸ਼ਰਤਾਂ ਮੰਨ ਲੈਣੀਆਂ ਚਾਹੀਦੀਆਂ ਹਨ ਅਤੇ ਮਾਸਟਰ ਜੀ ਨੂੰ ਵਰਤ ਖ਼ਤਮ ਕਰ ਦੇਣਾ ਚਾਹੀਦਾ ਹੈ। ਫ਼ੈਸਲਾ ਕਰਨ ਵਾਲੇ ਸਾਰੇ ਇਕੱਠੇ ਮਾਸਟਰ ਜੀ ਪਾਸ ਗਏ ਅਤੇ ਉਨ੍ਹਾਂ ਨੂੰ ਸੰਤਰੇ ਦਾ ਰਸ ਦੇ ਕੇ ਉਨ੍ਹਾਂ ਦਾ ਵਰਤ ਪਹਿਲੀ ਅਕਤੂਬਰ ੧੯੬੧ ਨੂੰ ਖ਼ਤਮ ਕਰਾਇਆ। ਚੰਗਾ ਖ਼ੁਸ਼ੀ ਦਾ ਵਾਯੂ-ਮੰਡਲ ਸੀ। ਰਾਤ ਨੂੰ ਮੰਜੀ ਸਾਹਿਬ ਦੀਵਾਨ ਹੋਇਆ ਅਤੇ



Digitized by Panjab Digital Library | www.panjabdigilib.org

ਸਾਰੇ ਵਧ ਚੜ੍ਹ ਕੇ ਬੋਲੇ। ਪੰਥ ਦੀ ਜਿੱਤ ਦੇ ਨਾਹਰੇ ਹੀ ਲਗਦੇ ਸਨ।

ਮੈਂ ਉਨ੍ਹੀਂ ਦਿਨੀਂ ਅੰਮ੍ਰਿਤਸਰ ਤੋਂ ਬਾਹਰ ਗਿਆ ਹੋਇਆ ਸਾਂ। ਰਾਤ ਨੂੰ ਰੇਡੀਉ ਤੇ ਖ਼ਬਰ ਸੁਣੀ ਅਤੇ ਸਵੇਰੇ ਹੀ ਗੱਡੀ ਤੇ ਚੜ੍ਹ ਕੇ ਮੈਂ ਅੰਮ੍ਰਿਤਸਰ ਪਹੁੰਚਿਆ। ਦਰਬਾਰ ਸਾਹਿਬ ਜਾਂਦਿਆਂ ਰਾਹ ਵਿਚ ਪਤਾ ਲਗ ਗਿਆ ਕਿ ਮਾਸਟਰ ਜੀ ਸਵੇਰੇ ਹੀ ਆਪਣੇ ਘਰ ਚਲੇ ਗਏ ਹਨ। ਮੈਂ ਉਥੇ ਗਿਆ, ਘੰਟਾ ਕੁ ਉਨ੍ਹਾਂ ਪਾਸ ਬੈਠਾ। ਉਹ ਬੜੇ ਕਮਜ਼ੋਰ ਸਨ। ਇਸ ਲਈ ਹੋਰ ਉਥੇ ਠਹਿਰਨਾ ਮੁਨਾਸਬ ਨਾ ਸਮਝਿਆ। ਉਥੋਂ ਉਠ ਕੇ ਮੈਂ ਸਟੇਸ਼ਨ ਤੇ ਗਿਆ ਅਤੇ ਗੱਡੀ ਚੜ੍ਹ ਕੇ ਰਾਤ ਦਿੱਲੀ ਜਾ ਪਹੁੰਚਿਆ। ਦਿੱਲੀ ਤੋਂ ਦੂਜੇ ਦਿਨ ਗੱਡੀ ਫੜੀ ਅਤੇ ਬੰਬਈ ਵਾਪਸ ਜਾ ਪਹੁੰਚੇ।

ਅਖ਼ਬਾਰਾਂ ਵਿਚ ਭਾਂਤ ਭਾਂਤ ਦੀਆਂ ਖ਼ਬਰਾਂ ਅਤੇ ਲੇਖ ਛਪਣੇ ਸ਼ੁਰੂ ਹੋਏ। ਲਾਲ ਬਹਾਦਰ ਨਾਲ ਹੋਏ ਸਮਝੌਤੇ ਅਨੁਸਾਰ ਪੰਜਾਬੀ ਸੂਬੇ ਲਈ ਇਕ ਕਮੇਟੀ ਬਣਾਈ ਜਾਣੀ ਸੀ ਅਤੇ ਉਸ ਕਮੇਟੀ ਦੇ ਮੈਂਬਰਾਂ ਦੇ ਨਾਂ ਆਪੋ ਵਿਚ ਤਹਿ ਹੋ ਚੁਕੇ ਸਨ। ਬਹੁਤੀ ਗੱਲ ਤਾਂ ਇਨ੍ਹਾਂ ਮੈਂਬਰਾਂ ਦੀ ਸੀ ਅਤੇ ਜਿਹੜੀ ਕੁਝ ਦਿਨ ਢਿੱਲ ਪਈ ਉਹ ਭੀ ਲਾਲ ਬਹਾਦਰ ਨੂੰ ਨਾ ਮਨਾਣ ਵਿਚ ਹੀ ਪਈ ਸੀ। ਥੋੜੇ ਦਿਨ ਮਗਰੋਂ ਕਮੇਟੀ ਦੇ ਮੈਂਬਰਾਂ ਦੇ ਨਾਵਾਂ ਦੀ ਘੋਸ਼ਨਾ ਹੋਈ। ਨਾਂ ਬਿਲਕੁਲ ਹੀ ਹੋਰ। ਪੰਡਤ ਨਹਿਰੂ ਨੇ ਲੋਕ-ਸਭਾ ਵਿਚ ਬਿਆਨ ਦਿੱਤਾ ਅਤੇ ਸਾਰਾ ਫ਼ੈਸਲਾ ਹੀ ਬਦਲ ਦਿੱਤਾ। ਸਮਝੌਤਾ ਕਰਾਣ ਵਾਲਿਆਂ ਨੂੰ, ਲਾਲ ਬਹਾਦਰ ਨੂੰ ਅਤੇ ਹੋਰ ਸਾਰਿਆਂ ਨੂੰ ਪਰਤੱਖ ਦਿਸਦਾ ਸੀ ਕਿ ਨਹਿਰੂ ਧੋਖਾ ਕਰ ਰਿਹਾ ਹੈ, ਪਰ ਕਿਸ ਦਾ ਹੀਆ ਕਿ ਮੂੰਹ ਤੇ ਸੱਚ ਕਹਿ ਸਕੇ। ਮਾਸਟਰ ਤਾਰਾ ਸਿੰਘ ਨੇ ਚਿੱਠੀਆਂ ਲਿਖੀਆਂ, ਐਲਾਨ ਕੱਢੇ, ਸਮਝੌਤਾ ਕਰਾਣ ਵਾਲਿਆਂ ਨੂੰ ਵੰਗਾਰਿਆ, ਪਰ ਕੋਈ ਚੁਸਕਦਾ ਹੀ ਨਹੀਂ ਸੀ। ਮੁੜ ਕੇ ਉਸੇ ਵੇਲੇ ਭੁੱਖ-ਹੜਤਾਲ ਕਰਨੀ ਤਾਂ ਸੰਭਵ ਨਹੀਂ ਸੀ। ਮਾਸਟਰ ਤਾਰਾ ਸਿੰਘ ਅਤੇ ਹੋਰ ਅਕਾਲੀਆਂ ਦੇ ਸਾਮ੍ਹਣੇ ਇਕ ਹੋਰ ਬਿਪਤਾ ਆਣ ਖਲੋਤੀ। ਅਕਤੂਬਰ ਦੇ ਸ਼ੁਰੂ ਵਿਚ ਵਰਤ ਟੁੱਟਾ



Digitized by Panjab Digital Library | www.panjabdigilib.org

ਸੀ। ਇਹ ਮਹੀਨਾ ਸਾਰਾ ਤਾਂ ਬਿਆਨ-ਬਾਜ਼ੀ ਵਿਚ ਲੰਘ ਗਿਆ। ਅੱਗੇ ੧੯੬੨ ਦੇ ਸ਼ੁਰੂ ਵਿਚ ਸਰਕਾਰੀ ਚੋਣਾਂ ਹੋਣੀਆਂ ਸਨ। ਫੇਰ ਸਾਰੀ ਰੁਚੀ ਅਤੇ ਸਾਰੀ ਸ਼ਕਤੀ ਉਸ ਦੰਗਲ ਵਿਚ ਲਾਣੀ ਪਈ। ਚੋਣਾਂ ਵਿਚ ਅਕਾਲੀਆਂ ਨੂੰ ਕਾਫ਼ੀ ਸਫ਼ਲਤਾ ਹੋਈ। ਸ: ਪ੍ਰਤਾਪ ਸਿੰਘ ਨੇ ਹੱਥ-ਕੰਡੇ ਕੀਤੇ, ਪਰ ਮਾਸਟਰ ਤਾਰਾ ਸਿੰਘ ਦੇ ਮੁਕਾਬਲੇ ਵਿਚ ਉਸ ਦੀ ਦਾਲ ਨਾ ਗਲੀ। ਤਰਨ ਤਾਰਨ ਵਿਚ ਰੀਟਰਨਿੰਗ ਅਫਸਰ ਨੇ ਹੇਰ-ਫੇਰ ਸ਼ੁਰੂ ਕਰ ਦਿੱਤਾ। ਮਾਸਟਰ ਤਾਰਾ ਸਿੰਘ ਜੀ ਉਸ ਨੂੰ ਰੋਕਣ ਲਈ ਉਥੇ ਧਰਨਾ ਮਾਰ ਕੇ ਬੈਠ ਗਏ। ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ, ਤੇ ਅੰਮ੍ਰਿਤਸਰ ਲਿਆ ਕੇ ਛੱਡ ਦਿੱਤਾ।

## ੧੭

# ਪਾਟੋ-ਧਾੜ

ਪ੍ਰਮਾਤਮਾ ਨੇ ਜੋ ਇਹ ਲੀਲ੍ਹਾ ਰਚੀ ਹੈ, ਇਸ ਦਾ ਮਨੋਰਥ ਜੀਵਨ-ਵਿਕਾਸ ਹੈ। ਕੁਦਰਤ ਨੇ ਨਿਯਮ ਹੀ ਐਸੇ ਬਣਾਏ ਹਨ ਕਿ ਵਿਕਾਸ ਦੀ ਸੜਕ ਦੇ ਦੋਵੇਂ ਪਾਸੇ ਕੰਡਿਆਂ ਵਾਲੀ ਤਾਰ ਲੱਗੀ ਹੋਈ ਹੈ। ਜਦ ਭੀ ਜੀਵ ਸੜਕ ਤੋਂ ਇਧਰ ਉਧਰ ਹੁੰਦਾ ਹੈ ਉਸ ਨੂੰ ਤਾਰ ਦੇ ਕੰਡੇ ਚੁਭਦੇ ਹਨ ਅਤੇ ਮਜਬੂਰ ਹੋ ਕੇ ਉਸ ਨੂੰ ਸੜਕ ਤੇ ਵਾਪਸ ਹੀ ਆਉਣਾ ਪੈਂਦਾ ਹੈ। ਇਸ ਸੜਕ ਦਾ ਨਾਂ ਧਰਮ ਹੈ ਅਤੇ ਜਿਸ ਮਨਜ਼ਲ ਤੇ ਇਸ ਨੇ ਪਹੁੰਚਣਾ ਹੈ ਉਸ ਦਾ ਨਾਂ ਪ੍ਰੇਮ ਜਾਂ ਏਕਤਾ ਹੈ। ਧਰਮ ਦੇ ਰਾਹ ਤੇ ਚਲਿਆਂ ਪ੍ਰੇਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਸੇ ਵਿਚ



Digitized by Panjab Digital Library | www.panjabdigilib.org

ਹੀ ਵਿਕਾਸ ਤੇ ਸੁਖ ਹੈ। ਧਰਮ ਤੇ ਪ੍ਰੇਮ ਦੇਣਾ ਹੀ ਜਾਣਦੇ ਹਨ, ਲੈਣਾ ਨਹੀਂ ਜਾਣਦੇ। ਇਸ ਦੇਣ ਵਿਚ ਹੀ ਅਸਲ ਵਸਤੂ ਦੀ ਪ੍ਰਾਪਤੀ ਹੁੰਦੀ ਹੈ। ਕੋਈ ਵਿਰਲਾ ਹੀ ਮਹਾਂਪੁਰਸ਼ ਹੁੰਦਾ ਹੈ ਜੋ ਧਰਮ ਦੇ ਰਾਹ ਤੇ ਚਲ ਕੇ ਜਨਮ ਨੂੰ ਸਫ਼ਲ ਬਣਾਉਂਦਾ ਹੈ। ਕੰਡਿਆਂ ਵਾਲੀ ਤਾਰ ਦਾ ਨਾਂ ਹੈ ਦੁਖ ਅਤੇ ਇਹ ਸੰਤਾਨ ਹੈ ਅਹੰਕਾਰ ਦੀ। ਧਰਮ ਦੇ ਰਾਹ ਤੋਂ ਉਖੜਿਆਂ ਇਨਸਾਨ ਆਪਣੇ ਆਪ ਨੂੰ ਕੰਡੇ ਹੀ ਚੁਭਾਉਂਦਾ ਹੈ :

"ਸਾਕਤ ਹਰਿ ਰਸ ਸਾਦੁ ਨ ਜਾਣਿਆ,
ਤਿਨ ਅੰਤਰਿ ਹਉਮੈ ਕੰਡਾ ਹੇ ॥
ਜਿਉ ਜਿਉ ਚਲਹਿ, ਚੁਭੈ, ਦੁਖੁ ਪਾਵਹਿ,
ਜਮਕਾਲੁ ਸਹਹਿ ਸਿਰਿ ਡੰਡਾ ਹੇ ॥"

ਜੱਥੇਬੰਦੀਆਂ ਵਿਚ ਰਲ ਕੇ ਕੰਮ ਕਰਨਾ ਭੀ ਤਾਂ ਹੀ ਹੋ ਸਕਦਾ ਹੈ ਜੇ ਹਿਰਦੇ ਵਿਚ ਧਰਮ ਦਾ ਨਿਵਾਸ ਹੋਵੇ, ਅੱਖਾਂ ਅੱਗੇ ਕੋਈ ਨਿਸ਼ਾਨਾ ਹੋਵੇ ਅਤੇ ਉਸ ਨੂੰ ਪ੍ਰਾਪਤ ਕਰਨ ਲਈ ਕੁਰਬਾਨੀ ਕਰਨ ਦੀ ਭਾਵਨਾ ਹੋਵੇ। ਜਦ ਤੀਕ ਇਹ ਗੁਣ ਨਾ ਹੋਣ ਜੱਥੇਬੰਦੀ ਬਣ ਹੀ ਨਹੀਂ ਸਕਦੀ ਅਤੇ ਇਨ੍ਹਾਂ ਗੁਣਾਂ ਤੋਂ ਥੋਥੀ ਹੋ ਕੇ ਜੱਥੇਬੰਦੀ ਖੇਰੂੰ ਖੇਰੂੰ ਹੋ ਜਾਂਦੀ ਹੈ।

ਅਕਾਲੀ ਲਹਿਰ ਦਾ ਅਰੰਭ ਪ੍ਰੇਮ, ਸੇਵਾ ਅਤੇ ਕੁਰਬਾਨੀ ਦੇ ਚੰਗੇ ਜਜ਼ਬਿਆਂ ਨਾਲ ਹੋਇਆ ਸੀ। ਉਦੋਂ ਨਾ ਕੋਈ ਲੜਾਈ ਹੁੰਦੀ ਸੀ, ਨਾ ਧੱੜੇ ਬਣਦੇ ਸਨ। ਲਹਿਰਾਂ ਚਲਦੀਆਂ ਤਾਂ ਕੁਰਬਾਨੀ ਦੀ ਭਾਵਨਾ ਅਤੇ ਉਤਸ਼ਾਹ ਨਾਲ ਹਨ, ਪਰ ਸਹਿਜੇ ਸਹਿਜੇ ਇਨ੍ਹਾਂ ਨੂੰ ਚੌਧਰ ਦੀ ਅਮਰ ਵੇਲ ਲਗ ਜਾਂਦੀ ਹੈ। ਗੁਰਦੁਆਰਾ ਐਕਟ ਬਣ ਗਿਆ। ਗੁਰਦੁਆਰਿਆਂ ਦਾ ਪਰਬੰਧ ਹੱਥ ਵਿਚ ਆ ਗਿਆ। ਕੁਰਬਾਨੀਆਂ ਕਰਨ ਵਾਲੇ ਕੁਝ ਚਲ ਵਸੇ, ਕੁਝ ਪਿਛਾਂਹ ਹੋ ਕੇ ਬਹਿ ਗਏ। ਮੈਂਬਰੀ ਦੇ ਤੇ ਚੌਧਰ ਦੇ ਚਾਹਵਾਨ, ਜ਼ਾਤੀ ਲਾਭ ਉਠਾਣ ਵਾਲੇ ਆਦਮੀ ਚੋਣਾਂ ਵਿਚ ਖੜੋਣ ਅਤੇ ਮੈਂਬਰ ਬਣਨ ਲਗ ਪਏ। ਜਿੱਥੇ ਧਰਮ ਸਿਰਫ਼



Digitized by Panjab Digital Library | www.panjabdigilib.org

ਦੇਣਾ ਹੀ ਜਾਣਦਾ ਹੈ ਉਥੇ ਚੌਧਰ ਸਿਰਫ਼ ਲੈਣਾ ਹੀ ਜਾਣਦੀ ਹੈ। ਜਿੱਥੇ ਬਹੁਤੇ ਲੈਣ ਵਾਲੇ ਹੋ ਜਾਣ ਉਥੇ ਸਾਜ਼ਸ਼ਾਂ, ਝਗੜੇ, ਧੜੇ ਬਣਨੇ ਅਵੱਸ਼ ਹੀ ਸ਼ੁਰੂ ਹੋ ਜਾਂਦੇ ਹਨ। ਇਸੇ ਕਰਕੇ ਫੁਟ ਪੈਂਦੀ ਹੈ ਅਤੇ ਇਸੇ ਕਰਕੇ ਜੱਥੇਬੰਦੀਆਂ ਕਮਜ਼ੋਰ ਹੁੰਦੀਆਂ, ਟੁਟਦੀਆਂ ਤੇ ਖ਼ਤਮ ਹੁੰਦੀਆਂ ਹਨ।

ਜਦ ਕਾਂਗਰਸੀਆਂ ਦਾ ਰਾਜ ਸ਼ੁਰੂ ਹੋਇਆ ਤਾਂ ਵਜ਼ੀਰੀਆਂ, ਅਹੁਦੇ, ਕੋਟੇ, ਲਾਇਸੰਸ ਤਾਂ ਕਾਂਗਰਸ ਨੇ ਦੇਣੇ ਸਨ। ਚੌਧਰ ਦੇ ਭੁੱਖੇ ਝਟ ਉਧਰ ਨੱਸ ਗਏ। ਮਾਸਟਰ ਤਾਰਾ ਸਿੰਘ ਨਾਲ ਨਵੇਂ ਆ ਰਲੇ, ਜਿਨ੍ਹਾਂ ਸ਼ੁਰੂ ਵਿਚ ਮੈਂਬਰੀ ਤੇ ਹੀ ਸਬਰ ਕੀਤਾ। ਫੇਰ ਉਹ ਭੀ ਵਜ਼ੀਰੀਆਂ ਮਗਰ ਦੌੜਨ ਲਗੇ ਅਤੇ ਉਨ੍ਹਾਂ ਦੀ ਥਾਂ ਨਵੇਂ ਭਰਤੀ ਹੋਏ। ਇਹ ਸਿਲਸਿਲਾ ਜਾਰੀ ਰਿਹਾ। ਚੌਧਰ ਦੀ ਭੁੱਖ ਬਹੁ-ਪੱਖੀ ਹੁੰਦੀ ਹੈ: "ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ"। ਮਾਸਟਰ ਤਾਰਾ ਸਿੰਘ ਸਿੱਖਾਂ ਦਾ ਵਾਹਿਦ ਲੀਡਰ ਚਲਾ ਆਉਂਦਾ ਸੀ। ਨਵੇਂ ਚੌਧਰੀ ਉਸ ਦੇ ਨਾਲ ਭੀ ਸਾਂਝਾ ਕਰਨ ਲਗ ਪਏ। ਦੂਜੇ ਪਾਸੇ ਗੌਰਮਿੰਟ ਕੇਂਦਰ ਦੀ ਤੇ ਨਾਲ ਹੀ ਪੰਜਾਬ ਦੀ, ਮਾਸਟਰ ਤਾਰਾ ਸਿੰਘ ਤੋਂ ਨਕੋ-ਨਕ ਤੰਗ ਆਈ ਹੋਈ ਸੀ। ਕਦੇ ਜਲੂਸ, ਕਦੇ ਜਲਸੇ ਤੇ ਕਦੇ ਕਾਨਫ਼ਰੰਸਾਂ ਹੁੰਦੀਆਂ ਹੀ ਰਹਿੰਦੀਆਂ ਸਨ ਅਤੇ ਮਾਸਟਰ ਤਾਰਾ ਸਿੰਘ ਪੰਜਾਬੀ ਸੂਬੇ ਦੀ ਮੰਗ ਤੋਂ ਘਟ ਕਿਸੇ ਗੱਲ ਤੇ ਰੀਝਦਾ ਨਹੀਂ ਸੀ। ਪੰਜਾਬੀ ਸੂਬਾ ਭੀ ਇਹੋ ਜਿਹਾ, ਜਿਸ ਦੇ ਵਿਚ ਸਿੱਖਾਂ ਦੀ ਬਹੁ-ਗਿਣਤੀ ਹੋਵੇ, ਅਥਵਾ ਸਿੱਖਾਂ ਦਾ ਰਾਜਸੀ ਗ਼ਲਬਾ ਹੋਵੇ। ਨਹਿਰੂ, ਲਾਲ ਬਹਾਦਰ ਸ਼ਾਸਤਰੀ ਅਤੇ ਪ੍ਰਤਾਪ ਸਿੰਘ ਤਿੰਨੇ ਹੀ ਅਕਾਲੀਆਂ ਵਿਚ ਫੁਟ ਪਾਣ ਤੇ ਤੁਲੇ ਹੋਏ ਸਨ। ਆਖ਼ਰ ਉਹ ਕਾਮਯਾਬ ਹੋਏ। ਅਕਾਲੀ ਦਲ ਦੋਹਾਂ ਹਿੱਸਿਆਂ ਵਿਚ ਵੰਡਿਆ ਗਿਆ: ਮਾਸਟਰ ਤਾਰਾ ਸਿੰਘ ਅਕਾਲੀ ਦਲ ਅਤੇ ਸੰਤ ਫ਼ਤਹ ਸਿੰਘ ਅਕਾਲੀ ਦਲ। ਆਪੋ ਵਿਚ ਬੜੀ ਖਿੱਚੋਤਾਣ ਹੋਈ। ਦਫ਼ਤਰ ਤੇ ਕਬਜ਼ਾ ਕਰਨ ਦੇ ਯਤਨ ਹੋਏ। ੧੬ ਅਗਸਤ ੧੯੬੨ ਨੂੰ ਗੌਰਮਿੰਟ ਨੇ ਮਾਸਟਰ ਤਾਰਾ ਸਿੰਘ ਨੂੰ



Digitized by Panjab Digital Library | www.panjabdigilib.org

ਗ੍ਰਿਫ਼ਤਾਰ ਕਰ ਕੇ ਧਰਮਸਾਲਾ ਜੇਲ੍ਹ ਵਿਚ ਭੇਜ ਦਿੱਤਾ। ਅਕਤੂਬਰ ਵਿਚ ਸਰਕਾਰੀ ਸਹਾਇਤਾ ਨਾਲ ਸੰਤ ਫ਼ਤਹ ਸਿੰਘ ਮਾਸਟਰ ਤਾਰਾ ਸਿੰਘ ਨੂੰ ਸ਼੍ਰੋਮਣੀ ਗੁਰਦਵਾਰਾ ਕਮੇਟੀ ਵਿਚ ਹਾਰ ਦੇਣ ਵਿਚ ਕਾਮਯਾਬ ਹੋਇਆ। ਸੰਤ ਫ਼ਤਹ ਸਿੰਘ ਜੀ ਦੇ ਸਾਥੀ ਸੰਤ ਚੰਨਣ ਸਿੰਘ ਜੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣਾਏ ਗਏ। ਸਰਕਾਰ ਅਤੇ ਸ਼੍ਰੋਮਣੀ ਕਮੇਟੀ ਇੱਕ ਪਾਸੇ ਅਤੇ ਮਾਸਟਰ ਤਾਰਾ ਸਿੰਘ ਨੰਗੇ ਧੜ ਦੂਜੇ ਪਾਸੇ।

ਮਾਸਟਰ ਤਾਰਾ ਸਿੰਘ ਭੀ ਨਾ ਹਟਣ ਵਾਲਾ, ਨਾ ਡਰਨ ਵਾਲਾ, ਨਾ ਚੁੱਪ ਕਰ ਕੇ ਬਹਿਣ ਵਾਲਾ ਸੀ। ਜਿਸ ਆਦਮੀ ਦੇ ਅੰਦਰ ਆਤਮਕ ਬਲ ਹੋਵੇ, ਉਸ ਦੀ ਜ਼ਬਾਨ, ਕਲਮ, ਹਰ ਇਕ ਚੀਜ਼ ਵਿਚ ਜ਼ੋਰ ਹੁੰਦਾ ਹੈ ਅਤੇ ਆਮ ਆਦਮੀਆਂ ਨੂੰ ਤਾਂ ਉਹ ਰੋੜ੍ਹ ਕੇ ਲੈ ਜਾਂਦਾ ਹੈ। ਪਰ ਇਸ ਵਾਰੀ ਉਸ ਦਾ ਮੁਕਾਬਲਾ ਇਕ ਤਕੜੇ ਆਦਮੀ ਨਾਲ ਸੀ ਅਤੇ ਉਸ ਦੀ ਪਿੱਠ ਪਿੱਛੇ ਸਰਕਾਰ ਦੀ ਸਾਰੀ ਤਾਕਤ ਭੀ ਸੀ। ਸੰਤ ਫ਼ਤਹ ਸਿੰਘ ਭੀ ਚੰਗਾ ਦ੍ਰਿੜ੍ਹਤਾ ਤੇ ਧੀਰਜ ਵਾਲਾ ਆਦਮੀ ਹੈ। ਆਪਣੇ ਲੈਕਚਰਾਂ ਦੇ ਨਾਲ ਨਾਲ ਉਹ ਜਦ ਗੁਰਬਾਣੀ ਦਾ ਕੀਰਤਨ ਕਰਦਾ ਹੈ ਤਾਂ ਉਸ ਦਾ ਸ੍ਰੋਤਿਆਂ ਤੇ ਚੰਗਾ ਅਸਰ ਪੈਂਦਾ ਹੈ। ਪਿੰਡਾਂ ਵਿਚ ਵੈਸੇ ਭੀ ਅਜੇ ਸੰਤਾਂ ਲਈ ਲੋਕਾਂ ਦੇ ਦਿਲਾਂ ਵਿਚ ਸਤਿਕਾਰ ਦਾ ਜਜ਼ਬਾ ਹੈ। ਸੰਤ ਫ਼ਤਹ ਸਿੰਘ ਨੇ ਪਿੰਡ ਪਿੰਡ ਫਿਰਨਾ ਸ਼ੁਰੂ ਕੀਤਾ ਅਤੇ ਉਹ ਕੇਵਲ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਪਰਚਾਰ ਲਈ। ਜਿਸ ਸੰਤ ਫ਼ਤਹ ਸਿੰਘ ਨੇ ਸੰਤਰੇ ਦੇ ਰਸ ਦਾ ਗਿਲਾਸ ਆਪ ਦੇ ਕੇ ਮਾਸਟਰ ਤਾਰਾ ਸਿੰਘ ਦਾ ਵਰਤ ਤੁੜਾਇਆ ਸੀ ਅਤੇ ਜਿਸ ਅਕਾਲੀ ਦਲ ਨੇ ਕਈ ਘੰਟਿਆਂ ਦੀ ਵਿਚਾਰ ਦੇ ਪਿੱਛੋਂ ਸਰਬ-ਸੰਮਤੀ ਨਾਲ ਪਾਸ ਕੀਤਾ ਕਿ ਸਰਕਾਰ ਦੀਆਂ ਸ਼ਰਤਾਂ ਸਾਨੂੰ ਪਰਵਾਨ ਹਨ ਅਤੇ ਅਸੀਂ ਮਾਸਟਰ ਤਾਰਾ ਸਿੰਘ ਨੂੰ ਬੇਨਤੀ ਕਰਦੇ ਹਾਂ ਕਿ ਉਹ ਵਰਤ ਨੂੰ ਖ਼ਤਮ ਕਰ ਦੇਣ, ਉਸੇ ਸੰਤ ਫ਼ਤਹ ਸਿੰਘ ਅਤੇ ਉਸ ਦੇ ਨਾਲ ਦੇ ਸਾਥੀਆਂ ਨੇ ਥਾਂ ਥਾਂ ਤੇ, ਪਿੰਡ ਪਿੰਡ ਫਿਰ ਕੇ, ਦੇਸ਼-ਬਦੇਸ਼ ਜਾ ਕੇ ਇਹ ਪਰਚਾਰ ਕੀਤਾ ਕਿ ਮਾਸਟਰ ਤਾਰਾ ਸਿੰਘ ਨੇ ਵਰਤ ਖ਼ਤਮ ਕਰ ਕੇ ਸਿੱਖ



Digitized by Panjab Digital Library | www.panjabdigilib.org

ਰਵਾਇਤਾਂ ਨੂੰ ਸੱਟ ਮਾਰੀ ਹੈ ਅਤੇ ਸਿੱਖ ਧਰਮ ਦੀ ਹਾਨੀ ਕੀਤੀ ਹੈ। ਪਿੰਡਾਂ ਦੇ ਲੋਕ ਭੋਲੇ-ਭਾਲੇ ਅਤੇ ਜਜ਼ਬਾਤੀ ਹੁੰਦੇ ਹਨ ਅਤੇ ਉਨ੍ਹਾਂ ਨੂੰ ਭੜਕਾਉਣਾ ਸੌਖਾ ਹੁੰਦਾ ਹੈ। ਸ਼ਹਿਰਾਂ ਦੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣਾ ਜ਼ਰਾ ਮੁਸ਼ਕਲ ਹੁੰਦਾ ਹੈ। ਇਸ ਦਾ ਅਸਰ ਇਹ ਹੋਇਆ ਕਿ ਪੇਂਡੂ ਸਿੱਖ ਅਬਾਦੀ ਸਾਰੀ ਸੰਤ ਫ਼ਤਹ ਸਿੰਘ ਦੇ ਪਿੱਛੇ ਹੋ ਗਈ ਅਤੇ ਸ਼ਹਿਰੀ ਅਬਾਦੀ ਮਾਸਟਰ ਤਾਰਾ ਸਿੰਘ ਦੇ ਪਿੱਛੇ।

ਅਕਤੂਬਰ ੧੯੬੨ ਵਿਚ ਸੰਤ ਫ਼ਤਹ ਸਿੰਘ ਦਾ ਸ਼੍ਰੋਮਣੀ ਕਮੇਟੀ ਤੇ ਕਬਜ਼ਾ ਹੋਇਆ ਸੀ। ਦੋਹਾਂ ਸਾਲਾਂ ਵਿਚ ਉਸ ਨੇ ਆਪਣੀ ਚੰਗੀ ਪੁਜ਼ੀਸ਼ਨ ਬਣਾ ਲਈ। ਜਨਵਰੀ ੧੯੬੫ ਵਿਚ ਫੇਰ ਸ਼੍ਰੋਮਣੀ ਕਮੇਟੀ ਲਈ ਚੋਣਾਂ ਹੋਈਆਂ ਅਤੇ ਇਨ੍ਹਾਂ ਵਿਚ ਸੰਤ ਫ਼ਤਹ ਸਿੰਘ ਨੇ ਮਾਸਟਰ ਤਾਰਾ ਸਿੰਘ ਦੀ ਸਪੱਸ਼ਟ ਤੌਰ ਤੇ ਪਿੱਠ ਲਾਈ। ਮਾਸਟਰ ਤਾਰਾ ਸਿੰਘ ਦੇ ਸਾਥੀਆਂ ਵਿਚ ਬੇ-ਦਿਲੀ ਫੈਲੀ, ਕਈ ਉਸ ਨੂੰ ਛੱਡ ਗਏ ਤੇ ਕਈ ਸੰਤ ਨਾਲ ਜਾ ਰਲੇ। ਮਾਸਟਰ ਤਾਰਾ ਸਿੰਘ ਦੀ ਉਮਰ ਅੱਸੀ ਸਾਲ ਦੇ ਕਰੀਬ ਹੋ ਚੁਕੀ ਸੀ। ਸਰੀਰ ਭੀ ਰੋਗੀ ਹੀ ਰਹਿੰਦਾ ਸੀ, ਪਰ ਉਸ ਦਾ ਮਨ ਉਸੇ ਤਰ੍ਹਾਂ ਚੜ੍ਹਦੀਆਂ ਕਲਾਂ ਵਿਚ ਸੀ। ਸੰਤ ਫ਼ਤਹ ਸਿੰਘ ਨੇ ਗੁਰਦੁਆਰਾ ਚੋਣਾਂ ਵਿਚ ਥਾਂ ਥਾਂ ਫਿਰ ਕੇ ਅਤੇ ਅਖ਼ਬਾਰਾਂ ਵਿਚ ਸਿੱਖਾਂ ਨੂੰ ਇਹ ਭਰੋਸਾ ਦਿਵਾਇਆ ਸੀ ਕਿ ਜੇ ਤੁਸੀਂ ਮੈਨੂੰ ਵੋਟਾਂ ਦਿਉ ਤਾਂ ਮੈਂ ਤੁਹਾਨੂੰ ਪੰਜਾਬੀ ਸੂਬਾ ਲੈ ਕੇ ਦਿਆਂਗਾ। ਇਸ ਨਾਹਰੇ ਨੇ ਹੀ ਉਸ ਨੂੰ ਕਾਮਯਾਬੀ ਦਿਵਾਈ।

ਚੋਣਾਂ ਖ਼ਤਮ ਹੁੰਦਿਆਂ ਹੀ ਜਨਵਰੀ ੧੯੬੫ ਵਿਚ ਮਾਸਟਰ ਤਾਰਾ ਸਿੰਘ ਨੇ ਇਕ ਐਲਾਨ ਕੱਢਿਆ, ਜਿਸ ਵਿਚ ਪਹਿਲਾਂ ਤਾਂ ਆਪਣੀ ਹਾਰ ਮੰਨੀ। ਦੂਜੇ ਇਹ ਕਿਹਾ ਕਿ ਮੈਂ ਪੰਜਾਬੋਂ ਬਾਹਰ ਕਿਸੇ ਇਕਾਂਤ ਥਾਂ ਜਾ ਕੇ ਬੈਠਾਂਗਾ ਤਾਕਿ ਸੰਤ ਫ਼ਤਹ ਸਿੰਘ ਨੂੰ ਖੁਲ੍ਹਾ ਮੈਦਾਨ ਮਿਲ ਜਾਏ ਅਤੇ ਤੀਜੇ ਇਹ ਕਿ ਮਤ-ਭੇਦਾਂ ਨੂੰ ਲਾਂਭੇ ਰੱਖ ਕੇ ਪੰਜਾਬੀ ਸੂਬੇ ਦੀ ਪਰਾਪਤੀ ਲਈ ਹਰ ਸਿੱਖ ਸੰਤ ਫ਼ਤਹ ਸਿੰਘ ਦੀ ਸਹਾਇਤਾ ਕਰੇ।



Digitized by Panjab Digital Library | www.panjabdigilib.org

ਅੰਮ੍ਰਿਤਸਰ ਨੂੰ ਛੱਡ ਕੇ ਮਾਸਟਰ ਜੀ ਸਲੋਗੜੇ ਜਾ ਬੈਠੇ। ਪਬਲਿਕ ਜੀਵਨ ਨਾਲੋਂ ਆਪਣੇ ਸਾਰੇ ਸਬੰਧ ਤੋੜ ਲਏ ਅਤੇ ਸੰਤ ਫ਼ਤਹ ਸਿੰਘ ਦੇ ਖ਼ਿਲਾਫ਼ ਬੋਲਣਾ ਜਾਂ ਲਿਖਣਾ ਆਪ ਭੀ ਬੰਦ ਕਰ ਦਿੱਤਾ ਅਤੇ ਦੂਜਿਆਂ ਪਾਸੋਂ ਭੀ ਬੰਦ ਕਰਾ ਦਿੱਤਾ।

ਮਾਸਟਰ ਜੀ ਸਲੋਗੜੇ ਅਗਿਆਤ-ਵਾਸ ਵਿਚ ਹੀ ਸਨ ਕਿ ੪ ਜੁਲਾਈ ੧੯੬੫ ਨੂੰ ਸਿਖ ਸੰਟਰਲ ਬੋਰਡ ਵਲੋਂ ਲੁਧਿਆਨੇ ਵਿਖੇ "ਹਰੀ ਸਿੰਘ ਨਲੂਆ ਕਾਨਫ੍ਰੰਸ" ਹੋਈ, ਜਿਸ ਦੀ ਪ੍ਰਧਾਨਗੀ ਮਹਾਰਾਜਾ ਪਟਿਆਲਾ ਨੇ ਕੀਤੀ। ਸ: ਗੁਰਨਾਮ ਸਿੰਘ ਲੀਡਰ ਅਕਾਲੀ ਅਸੈਂਬਲੀ ਪਾਰਟੀ ਵੱਲੋਂ ਇਸ ਕਾਨਫ੍ਰੰਸ ਵਿਚ ਸਿੱਖਾਂ ਲਈ ਆਤਮ-ਨਿਰਣੈ ਦੀ ਮੰਗ ਦਾ ਮਤਾ ਪੇਸ਼ ਹੋ ਕੇ ਪਾਸ ਕੀਤਾ ਗਿਆ। ਇਸ ਨੂੰ ਵਿਰੋਧੀਆਂ ਨੇ ਦੂਜੇ ਅੱਖਰਾਂ ਵਿਚ ਸਿਖ ਸਟੇਟ ਦੀ ਮੰਗ ਦਾ ਨਾਂ ਦਿੱਤਾ। ਸੰਤ ਫ਼ਤਹ ਸਿੰਘ ਨੇ ਵੀ ਇਸ ਨੂੰ ਸਿਖ ਸਟੇਟ ਦਾ ਮਤਾ ਕਹਿ ਕੇ ਇਸ ਦੀ ਵਿਰੋਧਤਾ ਕੀਤੀ ਤੇ ਆਪਣੇ ਗਰੁੱਪ ਦੇ ਲੀਡਰ ਸ: ਗੁਰਨਾਮ ਸਿੰਘ ਨੂੰ ਝਾੜ ਪਾਈ। ਕਾਂਗਰਸੀ ਹਲਕਿਆਂ ਵਿਚ ਇਸ ਮਤੇ ਨਾਲ ਕਾਫ਼ੀ ਹਲ-ਚਲੀ ਮਚੀ ਅਤੇ ਮੁਖੀ ਕਾਂਗਰਸੀ ਲੀਡਰਾਂ ਵਲੋਂ ਇਸ ਦੇ ਵਿਰੁੱਧ ਭਾਂਤੋ-ਭਾਂਤੀ ਬਿਆਨ ਨਿਕਲਦੇ ਰਹੇ।

ਛੇਕੜ ੨੪ ਜੁਲਾਈ ਨੂੰ ਮਾਸਟਰ ਜੀ ਅਗਿਆਤ-ਵਾਸ ਤੋਂ ਵਾਪਸ ਆ ਗਏ ਅਤੇ ਚੰਡੀਗੜ੍ਹ ਵਿਖੇ ਇਕ ਪ੍ਰੈੱਸ-ਕਾਨਫ੍ਰੰਸ ਵਿਚ ਐਲਾਨ ਕੀਤਾ—"ਪਿਛਲੀਆਂ ਗੁਰਦਵਾਰਾ ਚੋਣਾਂ ਦੇ ਸਿੱਟੇ ਤੋਂ ਪੈਦਾ ਹੋਏ ਹਾਲਾਤ ਨੂੰ ਵਿਚਾਰ ਕੇ ਮੈਂ ਕੁਝ ਸਮੇਂ ਲਈ ਇਕਲਵਾਂਜੇ ਹੋ ਕੇ ਬੈਠ ਗਿਆ ਸੀ ਤਾਂ ਜੋ ਹੋਰ ਪੰਥ ਦੀ ਸਮੱਸਿਆ ਦਾ ਹੱਲ ਕਰਨ ਦਾ ਚਾਅ ਰੱਖਣ ਵਾਲੇ ਅਤੇ ਮੈਨੂੰ ਵਿਘਨ ਰੂਪ ਸਮਝਣ ਵਾਲੇ ਆਪਣੇ ਢੰਗ ਤੇ ਬੁੱਧੀ ਅਨੁਸਾਰ, ਸਿੱਖਾਂ ਦੇ ਕਸ਼ਟਾਂ ਦੀ ਨਵਿਰਤੀ ਕਰ ਸਕਣ। ਪਰ ਹੋਇਆ ਇਹ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਕੋਲੋਂ ਪੰਜਾਬੀ ਸੂਬੇ ਤੇ ਗੱਲ-ਬਾਤ ਕਰਨ ਦਾ ਸਮਾਂ ਮੰਗਿਆ ਗਿਆ ਤਾਂ ਉਸ ਨੇ ਪੰਜਾਬ ਦੇ ਮੁਖ-ਮੰਤਰੀ ਵਲ ਉਂਗਲ ਕਰ ਦਿੱਤੀ ਅਤੇ ਪੰਜਾਬ ਦਾ ਮੁਖ-ਮੰਤਰੀ



Digitized by Panjab Digital Library | www.panjabdigilib.org

ਕਹਿੰਦਾ ਹੈ ਕਿ ਸਿੱਖਾਂ ਦੀ ਸਿਆਸੀ ਮੰਗ ਮਰ ਚੁਕੀ ਤੇ ਦਫ਼ਨਾਈ ਜਾ ਚੁਕੀ ਹੈ। ਜੇ ਹੁਣ ਪ੍ਰਧਾਨ ਮੰਤਰੀ ਗੱਲ-ਬਾਤ ਸੁਣਨ ਦਾ ਸਮਾਂ ਦਿੰਦਾ ਹੈ ਤਾਂ ਸਾਡੀ ਬੇੜੀ ਦੇ ਬਣੇ ਮਲਾਹ ਕਹਿ ਰਹੇ ਹਨ ਕਿ ਅਸਾਂ ਸਿੱਖਾਂ ਲਈ ਕੋਈ ਸਿਆਸੀ ਤਾਕਤ ਨਾ ਮੰਗਣੀ ਹੈ ਤੇ ਨਾ ਮੰਗਣ ਦੇਣੀ ਹੈ। ਪੰਥ ਅਤੇ ਸਿੱਖਾਂ ਦੀ ਇਹ ਹੱਤਕ ਤੇ ਬੇਹੁਰਮਤੀ ਮੈਂ ਜੀਉਂਦੇ-ਜੀ ਦੇਖ ਨਹੀਂ ਸਕਦਾ ਅਤੇ ਪੰਥ-ਵਿਰੋਧੀ ਤਾਕਤਾਂ ਦਾ ਨੰਗਾ ਨਾਚ, ਮੈਂ ਚੁਪ-ਚਾਪ ਬੈਠ ਕੇ ਨਹੀਂ ਵੇਖ ਸਕਦਾ । ਇਹ ਵਿਚਾਰ ਕੇ ਮੈਂ ਹੁਣ ਫੇਰ ਪੰਥ-ਸੇਵਾ ਦੇ ਮੈਦਾਨ ਵਿਚ ਆਉਂਦਾ ਹਾਂ।"

ਮਾਸਟਰ ਜੀ ਨੇ ਪੰਥਕ ਸੇਵਾ ਵਿਚ ਨਵੇਂ ਸਿਰਿਓਂ ਕੁਦ ਕੇ ਆਤਮ-ਨਿਰਣੈ ਵਾਲੇ ਮਤੇ ਦੀ ਹਮਾਇਤ ਕੀਤੀ। ਸਿਖ ਜਨਤਾ ਨੇ ਵੀ ਸ: ਗੁਰਨਾਮ ਸਿੰਘ ਦੇ ਇਸ ਮਤੇ ਨੂੰ ਬਹੁਤ ਪਸੰਦ ਕੀਤਾ ਸੀ। ਜਨਤਾ ਦੀ ਅਵਾਜ਼ ਦੇ ਪ੍ਰਭਾਵ ਥਲੇ ਸੰਤ-ਧੜੇ ਦੀ ਮੁਖ਼ਾਲਫ਼ਤ ਢਿੱਲੀ ਪੈ ਗਈ।

ਉਨ੍ਹੀਂ ਦਿਨੀਂ ਲਾਲ ਬਹਾਦਰ ਸ਼ਾਸਤਰੀ ਜੀ ਪ੍ਰਧਾਨ ਮੰਤਰੀ ਸਨ। ਸ੍ਰੀ ਸ਼ਾਸਤਰੀ ਨੇ ਹੁਣ ਪੰਜਾਬੀ ਸੂਬੇ ਸਬੰਧੀ ਸੰਤ ਫ਼ਤਹ ਸਿੰਘ ਨਾਲ ਗੱਲ ਕਰਨੀ ਮੰਨ ਲਈ ਅਤੇ ਅਗਸਤ ਦੀ ਤਰੀਕ ਵੀ ਨੀਯਤ ਕਰ ਦਿੱਤੀ।

ਸੰਤ ਫ਼ਤਹ ਸਿੰਘ ਜੀ ੭ ਤੇ ੮ ਅਗਸਤ ੧੯੬੫ ਨੂੰ ਉਸ ਨੂੰ ਜਾ ਕੇ ਮਿਲੇ। ਸ੍ਰੀ ਗੁਲਜ਼ਾਰੀ ਲਾਲ ਨੰਦਾ ਘਰੇਲੂ ਮੰਤਰੀ ਭੀ ਉਨ੍ਹਾਂ ਦੇ ਨਾਲ ਸਨ। ਦੋ ਦਿਨ ਆਪੋ ਵਿਚ ਗੱਲ-ਬਾਤ ਹੁੰਦੀ ਰਹੀ। ਸੰਤ ਜੀ ਨੇ ਬੜੀ ਸਿਆਣਪ ਤੇ ਦਲੇਰੀ ਨਾਲ ਆਪਣਾ ਕੇਸ ਉਨ੍ਹਾਂ ਨੂੰ ਦੱਸਿਆ। ਆਜ਼ਾਦੀ ਦੀ ਲਹਿਰ ਵਿਚ ਸਿੱਖਾਂ ਦੀਆਂ ਕੁਰਬਾਨੀਆਂ ਦਾ ਵੇਰਵਾ ਭੀ ਦਿੱਤਾ ਅਤੇ ਸਿੱਖਾਂ ਨਾਲ ਧੱਕਾ ਹੋਣ ਦੀਆਂ ਕਾਫ਼ੀ ਮਿਸਾਲਾਂ ਭੀ ਦਿੱਤੀਆਂ। ਉਨ੍ਹਾਂ ਪਾਸ ਕੋਈ ਜਵਾਬ ਤਾਂ ਹੈ ਨਹੀਂ ਸੀ, ਬੱਸ ਇਹੋ ਹੀ ਕਹੀ ਗਏ, ਇਸ ਵਕਤ ਹਾਲਾਤ ਬੜੇ ਨਾਜ਼ਕ ਹਨ। ਤੁਸੀਂ ਸਬਰ ਕਰੋ, ਕੁਝ ਚਿਰ ਹੋਰ ਉਡੀਕੋ, ਅਸੀਂ ਤੁਹਾਡੇ ਨਾਲ ਹਰ



Digitized by Panjab Digital Library | www.panjabdigilib.org

ਤਰ੍ਹਾਂ ਇਨਸਾਫ਼ ਕਰਾਂਗੇ।

ਸੰਤ ਜੀ ਬਿਲਕੁਲ ਖ਼ਾਲੀ ਹੱਥ ਵਾਪਸ ਆਏ। ਉਨ੍ਹਾਂ ਫਿਰ ਅਖ਼ਬਾਰਾਂ ਵਿਚ ੨੭ ਅਤੇ ੨੯ ਅਗਸਤ ਨੂੰ ਆਪਣੇ ਦੋ ਬਿਆਨ ਕਢੇ। ਇਨ੍ਹਾਂ ਬਿਆਨਾਂ ਦਾ ਭੀ ਚੰਗਾ ਪ੍ਰਭਾਵ ਪਿਆ। ਅਖ਼ਬਾਰਾਂ ਤਾਂ ਸਾਰੀਆਂ ਹਿੰਦੂਆਂ ਦੇ ਹੱਥ ਵਿਚ ਹਨ, ਪਰ ਹਿੰਦੂ ਭੀ ਸਾਰੇ ਪੰਜਾਬੀ ਆਰੀਆ ਸਮਾਜੀਆਂ ਦੀ ਜ਼ਹਿਨੀਅਤ ਦੇ ਨਹੀਂ ਹੁੰਦੇ ਅਤੇ ਕਈ ਤਾਂ ਚੰਗੇ ਸਿਆਣੇ ਅਤੇ ਖੁਲ੍ਹ-ਦਿਲੇ ਹੁੰਦੇ ਹਨ। ਸੰਤ ਜੀ ਲਈ ਆਪਣੀਆਂ ਮੰਗਾਂ ਮੰਨਵਾਉਣ ਲਈ ਇਸ ਦੇ ਨਾਲੋਂ ਹੋਰ ਕੋਈ ਚੰਗਾ ਮੌਕਾ ਨਹੀਂ ਸੀ ਹੋ ਸਕਦਾ।

ਸੰਤ ਜੀ ਨੇ ਮਜਬੂਰ ਹੋ ਕੇ ਮਰਨ-ਬਰਤ ਰਖਣ ਦਾ ਐਲਾਨ ਕਰ ਦਿੱਤਾ। ਸੰਤ ਜੀ ਦੀ ਕਿਸਮਤ ਨੂੰ ਇਕ ਤਾਂ ਜਵਾਹਰ ਲਾਲ ਨਹਿਰੂ ਇਹ ਦੁਨੀਆ ਛੱਡ ਚੁਕਾ ਸੀ, ਦੂਜੇ ਪ੍ਰਤਾਪ ਸਿੰਘ ਕੈਰੋਂ ਭੀ ਕਤਲ ਹੋ ਚੁਕਾ ਸੀ। ਤੀਜੀ ਵੱਡੀ ਗੱਲ ਇਹ ਹੋਈ ਕਿ ਅਗਸਤ ਦੇ ਅਖ਼ੀਰ ਵਿਚ ਪਾਕਿਸਤਾਨ ਨੇ ਕਸ਼ਮੀਰ ਤੇ ਹਮਲਾ ਕਰ ਦਿੱਤਾ ਅਤੇ ਦੋਹਾਂ ਦੇਸਾਂ ਵਿਚ ਬਕਾਇਦਾ ਜੰਗ ਸ਼ੁਰੂ ਹੋ ਗਿਆ।

ਪਾਕਿਸਤਾਨ ਨੂੰ ਇਹ ਬੜਾ ਭੁਲੇਖਾ ਸੀ ਕਿ ਸਿੱਖ ਤਾਂ ਹਿੰਦੂਆਂ ਦੀ ਹਕੂਮਤ ਤੋਂ ਬੇਜ਼ਾਰ ਹਨ। ਉਹ ਸ਼ਾਇਦ ਬੇਦਿਲੇ ਜਹੇ ਹੋ ਕੇ ਲੜਨਗੇ ਅਤੇ ਹੋ ਸਕਦਾ ਹੈ ਕਿ ਬਗ਼ਾਵਤ ਹੀ ਕਰ ਦੇਣ। ਪਾਕਿਸਤਾਨ ਰੇਡੀਓ ਅਤੇ ਪਾਕਿਸਤਾਨੀ ਏਜੰਟਾਂ ਨੇ ਬੜਾ ਪਰਚਾਰ ਕੀਤਾ, ਪਰ ਉਨ੍ਹਾਂ ਨੂੰ ਸਿੱਖ ਸੁਭਾ, ਸਿਖ ਰਵਾਇਤਾਂ ਅਤੇ ਸਿੱਖ ਕੌਮ ਦੇ ਚਰਿਤ੍ਰ ਦਾ ਪਤਾ ਨਹੀਂ ਸੀ। ਪੰਜਾਬ ਦੀ ਧਰਤੀ ਸਿਖ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਪਈ ਹੈ। ਸਾਡਾ ਇਹੋ ਹੀ ਮੱਕਾ ਤੇ ਇਹੋ ਹੀ ਕਾਬਾ ਹੈ। ਜਿਨਾ ਇਕ ਸਿੱਖ ਨੂੰ ਪੰਜਾਬ ਨਾਲ ਸਨੇਹ ਹੈ ਉੱਨਾ ਕਿਸੇ ਹਿੰਦੂ, ਮੁਸਲਮਾਨ ਜਾਂ ਈਸਾਈ ਨੂੰ ਹੋ ਹੀ ਨਹੀਂ ਸਕਦਾ। ਸਾਰੀ ਸਿੱਖ ਕੌਮ, ਕੀ ਫ਼ੌਜੀ ਤੇ ਕੀ ਗ਼ੈਰ-ਫ਼ੌਜੀ ਇਸ ਤਰ੍ਹਾਂ ਲੜੇ ਜਿਵੇਂ ਧਰਮ-ਯੁੱਧ ਲੱਗਾ ਹੁੰਦਾ ਹੈ। ਸਿੱਖ ਟਰੱਕਾਂ ਵਾਲੇ ਜਾਨਾਂ ਹੂਲ ਕੇ ਮੋਰਚਿਆਂ ਤੱਕ ਸਾਮਾਨ



Digitized by Panjab Digital Library | www.panjabdigilib.org

ਪਹੁੰਚਾਉਂਦੇ ਰਹੇ। ਸਿੱਖ ਔਰਤਾਂ ਰੋਟੀਆਂ ਦੇ ਪੂਰਾਂ ਦੇ ਪੂਰ ਪਕਾਂ ਕੇ ਸਿਰਾਂ ਉਤੇ ਰੱਖ ਕੇ ਮੋਰਚਿਆਂ ਵਿਚ ਬੈਠੇ ਬਹਾਦਰ ਸਿਪਾਹੀਆਂ ਨੂੰ ਜਾ ਕੇ ਖਵਾਂਦੀਆਂ ਸਨ। ਸਿੱਖ ਲੜਦੇ ਇਸ ਤਰ੍ਹਾਂ ਸਨ ਜਿਵੇਂ ਕਿ ਦਰਬਾਰ ਸਾਹਿਬ ਨੂੰ ਮੁਸਲਮਾਨ ਜ਼ਾਲਮਾਂ ਤੋਂ ਬਚਾਣਾ ਹੁੰਦਾ ਹੈ। ਜਿੱਥੇ ਕਿਧਰੇ ਪਾਕਿਸਤਾਨ ਨੇ ਆਪਣੇ ਸਿਪਾਹੀ ਹਵਾਈ ਜਹਾਜ਼ਾਂ ਤੋਂ ਉਤਾਰੇ ਉੱਥੇ ਹੀ ਸਿੱਖ ਜਨਤਾ ਨੇ ਉਨ੍ਹਾਂ ਨੂੰ ਪਕੜ ਕੇ ਖ਼ਤਮ ਕਰ ਦਿੱਤਾ। ਸਾਰੇ ਭਾਰਤ ਵਿਚ ਸਿੱਖਾਂ ਦੀ ਬੜੀ ਸ਼ੋਭਾ ਅਤੇ ਬੜੀ ਜੈ-ਜੈ-ਕਾਰ ਹੋਈ। ਪੰਜਾਬ ਦੇ ਆਰੀਆ ਸਮਾਜੀ ਜਿਹੜੇ ਪੰਜਾਬੀ ਅਤੇ ਪੰਜਾਬੀ ਸੂਬੇ ਦੇ ਕੱਟੜ ਵਿਰੋਧੀ ਬਣੇ ਹੋਏ ਸਨ, ਉਹ ਭੀ ਕੁਝ ਚਿਰ ਲਈ ਸਿੱਖਾਂ ਦੇ ਖ਼ਿਲਾਫ਼ ਬੋਲਣੋਂ ਅਤੇ ਲਿਖਣੋਂ ਬੰਦ ਹੋ ਗਏ।

ਪਾਕਿਸਤਾਨ ਨੇ ਕਸ਼ਮੀਰ ਉਤੇ ੩੦ ਅਗਸਤ ੧੯੬੫ ਨੂੰ ਹਮਲਾ ਸ਼ੁਰੂ ਕੀਤਾ। ਸਾਰੀ ਫ਼ੌਜ ਇਸ ਅਚਾਨਕ ਹਮਲੇ ਲਈ ਤਿਆਰ ਨਹੀਂ ਸੀ। ਜੇ ਹਵਾਈ ਫ਼ੌਜ ਰੋਕ ਨਾ ਪਾਉਂਦੀ ਅਤੇ ਫ਼ੌਜੀ ਸ਼ਹੀਦਾਂ ਵਾਂਗੂੰ ਨਾ ਲੜਦੇ ਤਾਂ ਪਾਕਿਸਤਾਨ ਨੇ ਸਾਡੀ ਫ਼ੌਜ ਨੂੰ ਘੇਰ ਕੇ ਕਸ਼ਮੀਰੋਂ ਕੱਢ ਦੇਣਾ ਸੀ। ਜਦ ਫ਼ੌਜ ਨੂੰ ਪਿਛਾਂਹ ਹਟਣ ਦਾ ਹੁਕਮ ਮਿਲਿਆ ਤਾਂ ਇਕ ਸਿਖ ਸੂਬੇਦਾਰ ਅਤੇ ਇਕ ਕਮਾਊਂ ਦੇ ਸੂਬੇਦਾਰ ਨੇ ਹੁਕਮ ਮੰਨਣੋਂ ਨਾਂਹ ਕਰ ਦਿੱਤੀ। ਭਾਵੇਂ ਦੋ ਪਲਟਣਾਂ ਪੁਰਜ਼ਾ ਪੁਰਜ਼ਾ ਕੱਟ ਕੇ ਮਰ ਗਈਆਂ, ਪਰ ਉਨ੍ਹਾਂ ਪਾਕਿਸਤਾਨੀ ਟੈਂਕਾਂ ਨੂੰ ਕੁਝ ਚਿਰ ਲਈ ਤਾਂ ਅਗੇ ਵਧਣੋਂ ਰੋਕ ਦਿੱਤਾ।

ਇਕ ਪਾਸੇ ਤਾਂ ਦੇਸ ਪਾਕਿਸਤਾਨ ਨਾਲ ਜ਼ਿੰਦਗੀ-ਮੌਤ ਦੇ ਜੰਗ ਵਿਚ ਲੱਗਾ ਹੋਇਆ ਸੀ ਅਤੇ ਸਿੱਖ ਇਸ ਜੰਗ ਵਿਚ ਅਗਲੀ ਕਤਾਰ ਵਿਚ ਖਲੋਤੇ ਸਨ, ਦੂਜੇ ਪਾਸੇ ਸੰਤ ਫ਼ਤਹ ਸਿੰਘ ਦਾ ਸਿੱਖ-ਮੰਗਾਂ ਮਨਾਣ ਲਈ ਮਰਨ-ਵਰਤ ਰਖਣਾ ਨਾ ਸੰਤ ਜੀ ਨੂੰ ਅਤੇ ਨਾ ਹੀ ਕੇਂਦਰ ਦੀ ਸਰਕਾਰ ਨੂੰ ਸੋਭਦਾ ਸੀ। ਅਖ਼ਬਾਰਾਂ ਨੇ ਅਤੇ ਉੱਘੇ ਕੌਮੀ ਲੀਡਰਾਂ ਨੇ ਸੰਤ ਜੀ ਨੂੰ ਅਪੀਲਾਂ ਕੀਤੀਆਂ, ਪਰ ਸੱਚੀ ਗੱਲ ਤਾਂ ਇਹ ਹੈ ਕਿ ਸਿੱਖਾਂ ਨੂੰ ਹਿੰਦੂਆਂ ਤੇ ਬਿਲਕੁਲ ਭਰੋਸਾ ਨਹੀਂ



Digitized by Panjab Digital Library | www.panjabdigilib.org

ਸੀ ਰਿਹਾ। ਰਾਸ਼ਟਰਪਤੀ ਰਾਧਾ ਕ੍ਰਿਸ਼ਨਨ ਨੇ, ੧੯੬੨ ਵਿਚ ਚੋਣਾਂ ਦੇ ਮਗਰੋਂ ਜਦ ਮਾਸਟਰ ਤਾਰਾ ਸਿੰਘ ਨੇ ਹੋਰ ਪਾਰਟੀਆਂ ਦੇ ਲੀਡਰਾਂ ਨੂੰ ਨਾਲ ਲੈ ਕੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਖ਼ਿਲਾਫ਼ ਉਨ੍ਹਾਂ ਪਾਸ ਸ਼ਿਕਾਇਤ ਕੀਤੀ ਸੀ ਕਿ ਇਸ ਨੇ ਚੋਣਾਂ ਵਿਚ ਬਿਲਕੁਲ ਬੇਜੌਂ ਤਰੀਕੇ ਵਰਤੇ ਹਨ ਤਾਂ ਰਾਸ਼ਟਰਪਤੀ ਨੇ ਬੜੀ ਦਲੇਰੀ ਨਾਲ ਨਹਿਰੂ ਦੀ ਮਰਜ਼ੀ ਦੇ ਖ਼ਿਲਾਫ਼ ਦਾਸ-ਕਮਿਸ਼ਨ ਨੂੰ ਪੜਤਾਲ ਕਰਨ ਲਈ ਮੁਕੱਰਰ ਕੀਤਾ ਸੀ। ਇਸੇ ਦਾਸ-ਕਮਿਸ਼ਨ ਦੀ ਰੀਪੋਰਟ ਤੇ ਹੀ ਸ: ਪ੍ਰਤਾਪ ਸਿੰਘ ਨੂੰ ਵੱਡੇ ਵਜ਼ੀਰੀ ਦੇ ਅਹੁਦੇ ਤੋਂ ਹਟਾਇਆ ਗਿਆ ਸੀ। ਜਦ ਡਾਕਟਰ ਰਾਧਾ ਕ੍ਰਿਸ਼ਨਨ ਨੇ ਸੰਤ ਜੀ ਨੂੰ ਅਪੀਲ ਕੀਤੀ ਕਿ ਵਰਤ ਨੂੰ ਅਗਾਂਹ ਪਾ ਦੇਣ ਅਤੇ ਨਾਲ ਹੀ ਸਿੱਖਾਂ ਨਾਲ ਇਨਸਾਫ਼ ਕਰਨ ਦਾ ਭਰੋਸਾ ਦਿਵਾਇਆ ਤਾਂ ਇਸ ਦਾ ਸਾਰੇ ਸਿੱਖਾਂ ਤੇ ਅਸਰ ਪਿਆ। ਫੇਰ ਲਾਲ ਬਹਾਦਰ ਸ਼ਾਸਤ੍ਰੀ ਨੇ ਸਰਦਾਰ ਹੁਕਮ ਸਿੰਘ ਨੂੰ ਸੰਤ ਜੀ ਨੂੰ ਮਨਾਣ ਵਾਸਤੇ ਅੰਮ੍ਰਿਤਸਰ ਭੇਜਿਆ। ਸਰਦਾਰ ਹੁਕਮ ਸਿੰਘ ਨੇ ਆਪਣੇ ਵਲੋਂ ਭੀ ਭਰੋਸਾ ਦਿਵਾਇਆ ਅਤੇ ਸੰਤ ਜੀ ਨੇ ਸਿਆਣਪ ਕਰ ਕੇ ਵਰਤ ਰਖਣਾ ਮੁਲਤਵੀ ਕਰ ਦਿੱਤਾ। ਪਾਕਿਸਤਾਨ ਨਾਲ ਲੜਾਈ ਬੰਦ ਹੋਈ ਤਾਂ ਵਾਯੂ-ਮੰਡਲ ਐਸਾ ਸੀ ਕਿ ਪਾਰਲੀਮੈਂਟ ਦੇ ਸਾਰੇ ਮੈਂਬਰ ਬਲਕਿ ਸਾਰਾ ਦੇਸ ਹੀ ਸਿੱਖਾਂ ਨੂੰ ਖ਼ੁਸ਼ ਕਰਨ ਦੇ ਹੱਕ ਵਿਚ ਸੀ। ਲੜਾਈ ਬੰਦ ਹੁੰਦਿਆਂ ਹੀ ਗੌਰਮਿੰਟ ਨੇ ਪੰਜਾਬੀ ਸੂਬੇ ਦੀ ਮੰਗ ਤੇ ਵਿਚਾਰ ਕਰਨ ਲਈ ਪਾਰਲੀਮੈਂਟ ਦੇ ਮੈਂਬਰਾਂ ਦੀ ਇਕ ਕਮੇਟੀ ਬਣਾ ਦਿਤੀ ਅਤੇ ਸ: ਹੁਕਮ ਸਿੰਘ ਨੂੰ ਇਸ ਦਾ ਪ੍ਰਧਾਨ ਮੁਕੱਰਰ ਕੀਤਾ। ਕਮੇਟੀ ਨੇ ਗਵਾਹੀਆਂ ਲੈਣੀਆਂ ਸਨ, ਹੋਰ ਪੜਚੋਲ ਭੀ ਕਰਨੀ ਸੀ, ਇਸ ਲਈ ਕੁਝ ਸਮਾਂ ਤਾਂ ਲਗਣਾ ਸੀ ਪਰ ਸਾਰਾ ਵਾਯੂ-ਮੰਡਲ ਪੰਜਾਬੀ ਸੂਬੇ ਦੇ ਹੱਕ ਵਿਚ ਸੀ। ਕਮੇਟੀ ਨੇ ਪੰਜਾਬੀ ਸੂਬਾ ਅਤੇ ਹਰਿਆਨਾ ਪ੍ਰਾਂਤ ਬਣਾਣ ਦੇ ਹੱਕ ਵਿਚ ਸਿਫ਼ਾਰਸ਼ ਕਰ ਦਿੱਤੀ। ਪਾਰਲੀਮੈਂਟ ਨੇ ਭੀ ਇਸ ਨੂੰ ਪ੍ਰਵਾਨ ਕਰ ਲਿਆ। ਸਿਰਫ਼ ਜਨਸੰਘੀ ਮੈਂਬਰ ਹੀ ਖ਼ਿਲਾਫ਼ ਬੋਲੇ।



Digitized by Panjab Digital Library | www.panjabdigilib.org

ਪੰਜਾਬ ਦੇ ਆਰੀਆ ਸਮਾਜੀਆਂ ਨੇ ਤਾਂ ਰੌਲਾ ਪਾਣਾ ਹੀ ਸੀ। ਇਨ੍ਹਾਂ ਦੀ ਜ਼ਹਿਨੀਅਤ ਤਾਂ ਬਦਲ ਸਕਦੀ ਹੀ ਨਹੀਂ। ਝਟ ਹੀ ਅਯੋਗ ਢੰਗ ਅਪਣਾ ਲੈਂਦੇ ਹਨ। ਥੋੜ੍ਹੇ ਦਿਨ ਰੌਲਾ ਪਿਆ, ਖ਼ਾਸ ਕਰਕੇ ਲੁਧਿਆਣੇ ਵਿਚ। ਮਾਸਟਰ ਜੀ ਭੀ ਉਥੇ ਜਾ ਪਹੁੰਚੇ ਅਤੇ ਗ੍ਰਿਫ਼ਤਾਰ ਕੀਤੇ ਗਏ। ਸਾਰਾ ਮੁਲਕ, ਸਾਰਾ ਹਰਿਆਣਾ ਅਤੇ ਸਿੱਖ ਇਕ ਪਾਸੇ ਸਨ, ਆਰੀਆ ਸਮਾਜੀਆਂ ਦੀ ਕੋਈ ਪੇਸ਼ ਨਾ ਗਈ ਤੇ ਛੇਤੀ ਹੀ ਠੰਡੇ ਹੋ ਕੇ ਬਹਿ ਗਏ।

ਪਾਰਲੀਮੈਂਟ ਵਿਚ ਪੰਜਾਬੀ ਸੂਬੇ ਅਤੇ ਹਰਿਆਨਾ ਪ੍ਰਾਂਤ ਦੀਆਂ ਹੱਦਾਂ ਕਾਇਮ ਕਰਨ ਲਈ ਤਿੰਨ ਆਦਮੀਆਂ ਦੀ ਇਕ ਕਮੇਟੀ ਬਣਾਈ ਗਈ। ਹੱਦਾਂ ਤਾਂ ਰੀਜਨਲ ਫ਼ਾਰਮੂਲੇ ਵੇਲੇ ਮੁਕੱਰਰ ਹੋ ਚੁਕੀਆਂ ਸਨ, ਪਰ ਸਰਕਾਰ, ਜਿੰਨੀ ਹਿੰਦੂ ਜਨਤਾ ਪੰਜਾਬੀ ਸੂਬੇ ਵਿਚੋਂ ਨਿਕਲ ਸਕੇ, ਕਢਣਾ ਚਾਹੁੰਦੀ ਸੀ। ਕਾਂਗੜੇ ਦਾ ਜ਼ਿਲਾ ਅਤੇ ਸ਼ਿਮਲੇ ਦਾ ਇਲਾਕਾ ਤਾਂ ਹਿਮਾਂਚਲ ਵਿਚ ਰਲਾ ਦਿੱਤਾ। ਹੋਰ ਜਿਥੇ ਕਿੱਥੇ ਹਿੰਦੂਆਂ ਦੀ ਬਹੁ-ਗਿਣਤੀ ਸੀ, ਉਸ ਨੂੰ ਭੀ ਜਿਥੋਂ ਤਕ ਯੋਗ ਹੋ ਸਕਿਆ, ਪੰਜਾਬੀ ਸੂਬੇ ਵਿਚੋਂ ਕੱਢਣ ਦਾ ਉਪਰਾਲਾ ਕੀਤਾ। ਚੰਡੀਗੜ੍ਹ ਬਾਬਤ ਭੀ ਇਹੋ ਹੀ ਲਿਖਿਆ ਕਿ ਇੱਥੇ ਭਾਰੀ ਬਹੁ-ਗਿਣਤੀ ਹਿੰਦੀ ਬੋਲਣ ਵਾਲਿਆਂ ਦੀ ਵਸਦੀ ਹੈ ਇਸ ਕਰਕੇ ਇਸ ਨੂੰ ਹਰਿਆਨੇ ਵਿਚ ਮਿਲਾ ਦਿੱਤਾ ਜਾਏ। ਚੰਡੀਗੜ੍ਹ ਸਿਰਫ਼ ਉਨ੍ਹਾਂ ਹਿੰਦੂ-ਸਿਖਾਂ ਨੂੰ ਵਸਾਣ ਲਈ ਬਣਾਇਆ ਗਿਆ ਸੀ ਜਿਹੜੇ ਪਛਮੀ ਪਾਕਿਸਤਾਨ ਵਿਚੋਂ ਉਜੜ ਕੇ ਆਏ ਸਨ। ਉਨ੍ਹਾਂ ਦੀ ਬੋਲੀ ਕਿਸ ਤਰ੍ਹਾਂ ਹਿੰਦੀ ਹੋ ਸਕਦੀ ਸੀ। ਤਿੰਨਾਂ ਵਿਚੋਂ ਇਕ ਮੈਂਬਰ ਨੇ ਦਲੇਰੀ ਕਰ ਕੇ ਸੱਚ ਨੂੰ ਪ੍ਰਗਟਾਇਆ ਅਤੇ ਇਹ ਲਿਖਿਆ ਕਿ ਮਰਦਮ-ਸ਼ੁਮਾਰੀ ਦੀ ਰੀਪੋਰਟ ਕੁਝ ਭੀ ਹੋਵੇ, ਚੰਡੀਗੜ੍ਹ ਦੇ ਲੋਕ ਪੰਜਾਬੀ ਬੋਲਣ ਵਾਲੇ ਹਨ ਅਤੇ ਇਹ ਪੰਜਾਬੀ ਸੂਬੇ ਵਿਚ ਜਾਣਾ ਚਾਹੀਦਾ ਹੈ। ਚੰਡੀਗੜ੍ਹ ਨੂੰ ਹਿੰਦੀ ਬੋਲੀ ਇਲਾਕਾ ਕਰਾਰ ਦੇਣਾ, ਇਹ ਹਿੰਦੂ ਹੀ ਕਰ ਸਕਦੇ ਹਨ। ਅੰਗਰੇਜ਼ੀ ਰਾਜ ਵੇਲੇ ਇਹੋ ਜਿਹਾ ਹਨੇਰ ਕਦਾਚਿਤ



Digitized by Panjab Digital Library | www.panjabdigilib.org

ਨਹੀਂ ਸੀ ਹੋ ਸਕਦਾ।

ਰੀਜਨਲ ਫ਼ਾਰਮੂਲੇ ਦੇ ਉਲਟ ਫ਼ੈਸਲੇ ਹੋਣ ਦਾ ਸਿੱਖਾਂ ਤੇ ਅਸਰ ਪੈਣਾ ਸੀ। ਕਾਫ਼ੀ ਮਾਯੂਸੀ ਹੋਈ। ਮਾਸਟਰ ਤਾਰਾ ਸਿੰਘ ਦੇ ਸਾਥੀ ਅਕਾਲੀਆਂ ਨੇ ਚੰਡੀਗੜ੍ਹ ਜਾ ਕੇ ਚੰਗਾ ਮੁਜ਼ਾਹਰਾ ਕੀਤਾ। ਸੰਤ ਫ਼ਤਹ ਸਿੰਘ ਜੀ ਸਰਕਾਰ ਨਾਲ ਮਿਲਵਰਤਣ ਕਰਨਾ ਚਾਹੁੰਦੇ ਸਨ ਪਰ ਸਿੱਖਾਂ ਦੇ ਰੌਲੇ ਨੇ ਉਸ ਨੂੰ ਮਜਬੂਰ ਕਰ ਦਿੱਤਾ ਅਤੇ ਉਸ ਨੇ ਚੰਡੀਗੜ੍ਹ ਨੂੰ ਪੰਜਾਬੀ ਸੂਬੇ ਵਿਚ ਮਿਲਾਣ ਲਈ ਅਤੇ ਹੋਰ ਇਲਾਕਿਆਂ ਅਤੇ ਸਬੰਧਤ ਮਾਮਲਿਆਂ ਨੂੰ ਠੀਕ ਤਰ੍ਹਾਂ ਨਜਿਠਣ ਲਈ ਫੇਰ ਭੁੱਖ-ਹੜਤਾਲ ਦਾ ਐਲਾਨ ਕਰ ਦਿੱਤਾ। ਭੁੱਖ-ਹੜਤਾਲ ੧੫ ਦਸੰਬਰ ੧੯੬੬ ਨੂੰ ਸ਼ੁਰੂ ਹੋਈ। ੨੭ ਤਰੀਕ ਨੂੰ ਉਸ ਨੇ ਆਪਣੇ ਆਪ ਨੂੰ ਅਗਨੀ-ਭੇਟ ਕਰ ਦੇਣਾ ਸੀ। ਇਸ ਦੇ ਨਾਲ ਹੀ ਸੰਤ ਚੰਨਣ ਸਿੰਘ ਅਤੇ ਚਾਰ ਹੋਰ ਅਕਾਲੀਆਂ ਨੇ ਸੰਤ ਜੀ ਦੇ ਅਗਨੀ-ਭੇਟ ਹੋਣ ਤੋਂ ਇਕ ਦਿਨ ਪਹਿਲਾਂ ਆਪਣੇ ਆਪ ਨੂੰ ਮਿੱਟੀ ਦਾ ਤੇਲ ਪਾ ਕੇ ਸਾੜ ਲੈਣਾ ਸੀ। ਫੇਰ ਸਾਰੀਆਂ ਅਖ਼ਬਾਰਾਂ ਵਿਚ, ਬਲਕਿ ਸਾਰੇ ਦੇਸ ਵਿਚ ਰੌਲਾ ਪੈ ਗਿਆ।

ਮਰਨ-ਵਰਤ ਦਾ ਦਿਨ ਨੇੜੇ ਆ ਰਿਹਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਤੇ ਛਿਆਂ ਹੋਣ ਵਾਲੇ ਸ਼ਹੀਦਾਂ ਦੇ ਛੇ ਕੁੰਡ ਬਣ ਗਏ। ਮਿੱਟੀ ਦਾ ਤੇਲ ਅਤੇ ਹੋਰ ਸਮਿੱਗਰੀ ਭੀ ਇਕੱਠੀ ਹੋ ਗਈ। ਉਸ ਵੇਲੇ ਇਉਂ ਭਾਸਦਾ ਸੀ ਜਿਵੇਂ ਇਹ ਛੇ ਸ਼ਹੀਦ ਹੋਏ ਕਿ ਹੋਏ। ਪਰ ਬਹੁਤਿਆਂ ਵਿਚ ਇਹ ਕਮਜ਼ੋਰੀ ਜ਼ਰੂਰ ਹੁੰਦੀ ਹੈ ਕਿ ਇਕ ਦਾ ਦਿਲ ਢੱਠਾ ਤਾਂ ਸਾਰੇ ਹੀ ਝੂੰ-ਝਪ ਬਹਿ ਗਏ।

ਸ੍ਰੀ ਲਾਲ ਬਹਾਦਰ ਸ਼ਾਸਤਰੀ ਪਾਕਿਸਤਾਨ ਨਾਲ ਸੁਲ੍ਹਾ ਦੀਆਂ ਗੱਲਾਂ ਕਰਨ ਲਈ ਜਨਵਰੀ ੧੯੬੬ ਵਿਚ ਤਾਸ਼ਕੰਦ ਗਏ ਸਨ। ਗੱਲ-ਬਾਤ ਖ਼ਤਮ ਹੋਈ। ੧੧ ਜਨਵਰੀ ੧੯੬੬ ਨੂੰ ਸਵੇਰੇ ਉਨ੍ਹਾਂ ਵਾਪਸ ਆਉਣਾ ਸੀ ਕਿ ਅਚਨਚੇਤ ਰਾਤ ਨੂੰ ਉਨ੍ਹਾਂ ਦੀ ਮ੍ਰਿਤੂ ਹੋ ਗਈ। ਉਨ੍ਹਾਂ ਦੀ ਥਾਂ ਪੰਡਤ ਨਹਿਰੂ ਦੀ ਲੜਕੀ ਮਿਸਿਜ਼ ਇੰਦਰਾ ਗਾਂਧੀ



Digitized by Panjab Digital Library | www.panjabdigilib.org

ਪ੍ਰਧਾਨ ਮੰਤਰੀ ਬਣੀ। ਇਸ ਰੌਲੇ ਨੂੰ ਨਜਿੱਠਣ ਦੀ ਜ਼ਿਮੇਵਾਰੀ ਉਸ ਤੇ ਆਣ ਪਈ। ਸਰਦਾਰ ਹੁਕਮ ਸਿੰਘ ਨੂੰ ਭੀ ਅੰਮ੍ਰਿਤਸਰ ਭੇਜਿਆ ਗਿਆ। ਗੱਲਾਂ-ਬਾਤਾਂ ਕਰਦਿਆਂ ਅਤੇ ਇਧਰ ਉਧਰ ਆਉਂਦਿਆਂ ਜਾਂਦਿਆਂ ਕਾਫ਼ੀ ਦਿਨ ਲਗ ਗਏ। ੨੬ ਦਸੰਬਰ ੧੯੬੬ ਨੂੰ ਸੰਤ ਫ਼ਤਹ ਸਿੰਘ ਦੇ ਸਾਥੀਆਂ ਨੇ ਸ਼ਾਮ ਦੇ ਸਾਢੇ ਚਾਰ ਵਜੇ ਆਪਣੇ ਆਪ ਨੂੰ ਅਗਨ-ਭੇਟ ਕਰਨਾ ਸੀ। ਸਰਦਾਰ ਹੁਕਮ ਸਿੰਘ ਨੂੰ ਹਵਾਈ ਜਹਾਜ਼ ਦਾ ਕਰਾਇਆ ਦੇ ਕੇ ਸੰਤ ਜੀ ਦੇ ਮਿੱਤਰਾਂ ਨੇ ਅੰਮ੍ਰਿਤਸਰ ਪਹੁੰਚਾਇਆ। ਉਹ ਸੰਤ ਜੀ ਪਾਸ ਸਾਢੇ ਚਾਰ ਵਜੇ ਪਹੁੰਚੇ। ਮਿੰਟਾਂ ਵਿਚ ਹੀ ਸ੍ਰੀ ਅਕਾਲ ਤਖ਼ਤ ਦੇ ਸਾਮ੍ਹਣੇ ਦੀਵਾਨ ਸਜ ਗਿਆ। ਉਸ ਵਿਚ ਇਹ ਐਲਾਨ ਕੀਤਾ ਗਿਆ ਕਿ ਮਿਸਿਜ਼ ਇੰਦਰਾ ਗਾਂਧੀ ਨੇ ਲਿਖਤੀ ਇਕਰਾਰ ਕੀਤਾ ਹੈ ਕਿ ਚੰਡੀਗੜ੍ਹ ਪੰਜਾਬੀ ਸੂਬੇ ਨੂੰ ਦਿੱਤਾ ਜਾਏਗਾ ਅਤੇ ਹੋਰ ਮਾਮਲੇ ਭੀ ਸਿੱਖਾਂ ਦੀ ਤਸੱਲੀ ਕਰਾ ਕੇ ਨਜਿੱਠੇ ਜਾਣਗੇ। ਸੋ ਮਿਸਿਜ਼ ਗਾਂਧੀ ਨੂੰ ਸਾਲਸ ਪ੍ਰਵਾਨ ਕਰ ਲਿਆ ਗਿਆ ਹੈ ਅਤੇ ਮਰਨ-ਵਰਤ ਖ਼ਤਮ ਕੀਤਾ ਜਾ ਰਿਹਾ ਹੈ। ਪਰ ਇਸ ਬੇ-ਬੁਨਿਆਦੇ ਐਲਾਨ ਨਾਲ ਪਾਰਲੀਮੈਂਟ ਵਿਚ ਰੌਲਾ ਪੈ ਗਿਆ। ਉਥੇ ਮਿਸਿਜ਼ ਗਾਂਧੀ ਨੇ ਇਹ ਗੱਲ ਸਪੱਸ਼ਟ ਕੀਤੀ ਕਿ ਜੇ ਪਹਿਲਾਂ ਹੀ ਫ਼ੈਸਲਾ ਉਨ੍ਹਾਂ ਨੂੰ ਲਿਖਤੀ ਦੇ ਦਿੱਤਾ ਗਿਆ ਹੁੰਦਾ ਤਾਂ ਫਿਰ ਮੈਂ ਸਾਲਸੀ ਕਾਹਦੀ ਪਰਵਾਨ ਕਰਨੀ ਸੀ? ਅਖ਼ੀਰ ਇਹ ਗੱਲ ਨਿੱਤਰ ਗਈ ਕਿ ਨਾ ਮਿਸਿਜ਼ ਗਾਂਧੀ ਨੇ ਅਤੇ ਨਾ ਹੀ ਸਰਦਾਰ ਹੁਕਮ ਸਿੰਘ ਨੇ ਕੋਈ ਲਿਖਤੀ ਚਿੱਠੀ ਸੰਤ ਜੀ ਨੂੰ ਦਿੱਤੀ ਸੀ। ਖ਼ੈਰ, ਕੁਝ ਵੀ ਹੋਵੇ, ਸੰਤ ਜੀ ਦਾ ਮਰਨ-ਵਰਤ ਜਿਵੇਂ ਕਿਵੇਂ ਖ਼ਤਮ ਹੋ ਗਿਆ।

ਦੂਜੇ ਪਾਸੇ ਮਾਸਟਰ ਜੀ ਸਨ, ਜੋ ਸਿੱਖ-ਹੋਮਲੈਂਡ ਦਾ ਨਾਹਰਾ ਬੁਲੰਦ ਕਰ ਰਹੇ ਸਨ। ਅਤੇ ਗੌਰਮਿੰਟ ਇਸ ਗੱਲ ਤੇ ਤੁਲੀ ਹੋਈ ਸੀ ਕਿ ਜਿਸ ਤਰ੍ਹਾਂ ਵੀ ਹੋ ਸਕੇ, ਮਾਸਟਰ ਤਾਰਾ ਸਿੰਘ ਦੀ ਲੀਡਰੀ ਖ਼ਤਮ ਕੀਤੀ ਜਾਏ। ਇਸੇ ਕਰਕੇ ਸੰਤ ਫ਼ਤਹ ਸਿੰਘ ਦੇ ਅਣਹੋਏ ਬਿਆਨਾਂ ਦੇ ਬਾਵਜੂਦ ਸਰਕਾਰ ਉਸ ਨਾਲ ਵਿਗਾੜਨਾ ਨਹੀਂ ਸੀ ਚਾਹੁੰਦੀ। ਸਾਰੀ



Digitized by Panjab Digital Library | www.panjabdigilib.org

ਸਰਕਾਰੀ ਮਸ਼ੀਨਰੀ ਦੇਸ-ਪਰਦੇਸ ਦੀ ਸੰਤ ਜੀ ਦੀ ਸਹਾਇਤਾ ਲਈ ਤੱਤਪਰ ਰਹਿੰਦੀ ਸੀ। ਨਵੀਆਂ ਚੋਣਾਂ ੧੯੬੭ ਦੇ ਸ਼ੁਰੂ ਵਿਚ ਹੋਣੀਆਂ ਸਨ। ਸੰਤ ਜੀ ਇਸ ਵਰਤ ਤੋਂ ਕਾਫ਼ੀ ਪਹਿਲਾਂ ਮਾਇਆ ਇਕੱਤ੍ਰ ਕਰਨ ਲਈ ਬੰਬਈ ਤੇ ਕਲਕੱਤੇ ਤੋਂ ਹੁੰਦੇ ਹੋਏ ਇੰਗਲੈਂਡ ਗਏ। ਉਥੋਂ ਮਲਾਇਆ ਅਤੇ ਸਿੰਘਾਪੁਰ ਚਲੇ ਗਏ। ਇਨ੍ਹਾਂ ਸਭ ਥਾਵਾਂ ਤੋਂ ਕਾਫ਼ੀ ਮਾਇਆ ਇਕੱਤ੍ਰ ਹੋਈ।

ਮਾਸਟਰ ਜੀ ਦਾ ਸਰੀਰ ਜਰਜਰਾ ਹੋ ਚੁਕਾ ਸੀ, ਪਰ ਹੱਠ ਵਿਚ ਕੋਈ ਕਮੀ ਨਹੀਂ ਸੀ ਆਈ। ਨਵੰਬਰ ੧੯੬੬ ਵਿਚ ਉਹ ਅਸੈਂਬਲੀ-ਚੋਣਾਂ ਲਈ ਪੈਸੇ ਇਕੱਠੇ ਕਰਨ ਵਾਸਤੇ ਈਰਾਨ ਗਏ। ਚੋਣਾਂ ਲਈ ਉਮੀਦਵਾਰ ਦੋਹਾਂ ਧੜਿਆਂ ਨੇ ਵੱਖੋ ਵੱਖਰੇ ਖੜੇ ਕੀਤੇ। ਜਸਟਿਸ ਗੁਰਨਾਮ ਸਿੰਘ ਨੇ ਸਮਝੌਤਾ ਕਰਾਣ ਦੇ ਬੜੇ ਯਤਨ ਕੀਤੇ, ਪਰ ਜਿੱਥੇ ਇਕ ਦੂਜੇ ਲਈ ਦਿਲਾਂ ਵਿਚ ਘਿਰਣਾ ਪੈਦਾ ਹੋ ਗਈ ਹੋਵੇ ਉਥੇ ਸਮਝੌਤਾ ਕੀ ਹੋਣਾ ਸੀ। ਚੋਣਾਂ ਵਿਚ ਮਾਸਟਰ ਜੀ ਦੇ ਸਿਰਫ਼ ਦੋ ਉਮੀਦਵਾਰ ਹੀ ਚੁਣੇ ਗਏ ਅਤੇ ਸੰਤ ਜੀ ਦੇ ਧੜੇ ਦੇ ਕਮਿਊਨਿਸਟਾਂ ਦੀ ਸਹਾਇਤਾ ਨਾਲ ੨੨ ਜਾਂ ੨੩ ਆਦਮੀ ਕਾਮਯਾਬ ਹੋਏ।

ਸ਼ਹਿਰਾਂ ਸਾਰਿਆਂ ਵਿਚ ਮਾਸਟਰ ਜੀ ਦਾ ਰਸੂਖ਼ ਕਾਇਮ ਸੀ, ਅਤੇ ਦਿੱਲੀ ਤਾਂ ਉਨ੍ਹਾਂ ਦਾ ਪੱਕਾ ਗੜ੍ਹ ਬਣਿਆ ਹੋਇਆ ਸੀ। ਦਿੱਲੀ ਦੀ ਗੁਰਦੁਆਰਾ ਕਮੇਟੀ ਅਤੇ ਦਿੱਲੀ ਦਾ ਅਕਾਲੀ ਦਲ ਉਨ੍ਹਾਂ ਦੇ ਅਨਿੰਨ ਭਗਤਾਂ ਨਾਲ ਭਰੇ ਹੋਏ ਸਨ। ਇਨ੍ਹਾਂ ਚੋਣਾਂ ਵਿਚ ਕਾਮਯਾਬੀ ਨਾ ਹੋਣ ਦੇ ਬਾਵਜੂਦ ਮਾਸਟਰ ਜੀ ਅੰਤ ਤਕ ਚੜ੍ਹਦੀਆਂ ਕਲਾਂ ਵਿਚ ਹੀ ਰਹੇ।

ਆਪੋ ਵਿਚ ਪਾਟਣ ਦਾ ਨਤੀਜਾ ਇਹ ਨਿਕਲਿਆ ਹੈ ਕਿ ਨਾ ਮਾਸਟਰ ਜੀ ਦੀ ਸਿੱਖ ਹੋਮਲੈਂਡ ਦੀ ਮੰਗ ਦਾ ਕੁਝ ਬਣਿਆ ਅਤੇ ਨਾ ਹੀ ਸੰਤ ਫ਼ਤਹ ਸਿੰਘ ਜੀ ਚੰਡੀਗੜ੍ਹ ਜਾਂ ਹੋਰ ਮਾਮਲਿਆਂ ਬਾਬਤ ਕੁਝ ਵਸੂਲ ਕਰ ਸਕੇ। ਜਿਹੜੀ ਸ਼ਕਤੀ ਸਿੱਖਾਂ ਦੀ ਭਲਿਆਈ ਲਈ ਲੱਗਣੀ ਸੀ ਉਹ ਆਪੋ ਵਿਚ ਲੜਨ ਵਿਚ ਜ਼ਾਇਆ ਹੋ ਰਹੀ ਸੀ।



Digitized by Panjab Digital Library | www.panjabdigilib.org

## ੧੮

# ਇਹ ਜਗ ਸਰਾਂ ਮੁਸਾਫ਼ਰਾਂ ਦੀ

ਇਹ ਜਗਤ ਇਕ ਸਕੂਲ ਹੈ, ਜਿਸ ਵਿਚ ਜੀਵ ਕੁਝ ਸਿੱਖਣ ਲਈ ਆਉਂਦਾ ਹੈ। ਜਿੰਨਾ ਚਿਰ ਉਸ ਦੀ ਸਿਖਸ਼ਕ ਭਾਵਨਾ ਜਾਰੀ ਰਹਿੰਦੀ ਹੈ ਜਾਂ ਜਿੰਨਾ ਚਿਰ ਉਸ ਦੀ ਜਮਾਤ ਖ਼ਤਮ ਨਹੀਂ ਹੁੰਦੀ, ਅੰਦਰ ਵਸਦੀ ਜੀਵਨ-ਸ਼ਕਤੀ ਪ੍ਰਾਣਾਂ ਨੂੰ ਸਹਾਰਾ ਦੇਂਦੀ ਰਹਿੰਦੀ ਹੈ। ਜਿਸ ਵੇਲੇ ਕਿਸੇ ਦੀ ਅਉਧੀ ਖ਼ਤਮ ਹੋ ਜਾਏ, ਉਹੋ ਹੀ ਜੀਵਨ ਨੂੰ ਕਾਇਮ ਰੱਖਣ ਵਾਲੇ ਪ੍ਰਾਣ, ਸਥੂਲ ਸਰੀਰ ਦੀ ਉਸ ਰੱਸੀ ਨੂੰ, ਜਿਸ ਨਾਲ ਉਹ ਸੂਖਸ਼ਮ ਸਰੀਰ ਨਾਲ ਗੰਢਿਆ ਹੁੰਦਾ ਹੈ, ਆਪਣਾ ਬਲ ਤੋੜਨ ਵਿਚ ਲਾਉਂਦੇ ਹਨ। ਸੂਖਸ਼ਮ ਤੋਂ ਵੱਖਰਾ ਹੋ ਕੇ ਸਥੂਲ ਸਰੀਰ ਮਿੱਟੀ ਹੋ ਜਾਂਦਾ ਹੈ। ਇਸੇ ਨੂੰ ਅਸੀਂ ਮੌਤ ਕਹਿੰਦੇ ਹਾਂ।

ਜੀਵਨ ਦੀ ਖੇਡ ਵਿਚ ਹਿੱਸਾ ਲੈਣਾ ਹੀ ਜ਼ਿੰਦਗੀ ਹੈ। ਕਿਸੇ ਦਿਲੀ ਲਗਨ ਤੋਂ ਬਿਨਾਂ ਜ਼ਿੰਦਗੀ ਬੇ-ਹਿੱਸ ਹੋ ਜਾਂਦੀ ਹੈ। ਬੁਢੇਪੇ ਵਿਚ ਨਵੇਂ ਕੰਮ ਸਹੇੜਨ ਦੀ ਸ਼ਕਤੀ ਨਹੀਂ ਹੁੰਦੀ, ਇਸ ਲਈ ਜੀਵਨ ਦੀ ਗੱਡੀ ਪਿਛਲੀਆਂ ਲੀਹਾਂ ਤੇ ਹੀ ਟੁਰੀ ਜਾਂਦੀ ਹੈ। ਮਾਸਟਰ ਤਾਰਾ ਸਿੰਘ ਦਾ ਦਿਲ-ਪਰਚਾਵਾ ਸਨ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖਾਂ ਦੀ ਸੇਵਾ, ਇਸ ਲਈ ਇਸ ਖੇਤਰ ਵਿਚੋਂ ਨਿਕਲਣਾ ਉਨ੍ਹਾਂ ਲਈ ਅਸੰਭਵ ਸੀ। ਜਦ ੧੯੬੫ ਵਿਚ ਕੁਝ ਚਿਰ ਲਈ ਮੈਦਾਨ ਸੰਤ ਫ਼ਤਹ ਸਿੰਘ ਲਈ ਖੁਲ੍ਹਾ ਛੱਡਣ ਲਈ ਉਹ ਸਲੋਗੜੇ ਚਲੇ ਗਏ ਓਦੋਂ



Digitized by Panjab Digital Library | www.panjabdigilib.org

ਭੀ ਉਨ੍ਹਾਂ ਦਾ ਦਿਮਾਗ਼ ਤਾਂ ੨੪ ਘੰਟੇ ਪੰਥਕ ਉਧੇੜ-ਬੁਣ ਵਿਚ ਹੀ ਲੱਗਾ ਰਹਿੰਦਾ ਸੀ। ਸਰੀਰ ਉਨ੍ਹਾਂ ਦਾ ਸਹਿਜੇ ਸਹਿਜੇ ਜਵਾਬ ਦੇ ਰਿਹਾ ਸੀ। ਸੁਣਨ ਦੀ ਸ਼ਕਤੀ ਘੱਟ ਹੋ ਗਈ ਅਤੇ ਦਿਨ-ਬਦਿਨ ਹੋਰ ਘੱਟ ਹੋ ਰਹੀ ਸੀ। ਪੈਰਾਂ ਦੀਆਂ ਤਲੀਆਂ ਸੁੱਤੀਆਂ ਹੀ ਰਹਿੰਦੀਆਂ ਸਨ। ਟੁਰਨਾ-ਫਿਰਨਾ ਮੁਸ਼ਕਲ ਹੋ ਚੁਕਾ ਸੀ। ਹੁਣ ਸਿਵਾਏ ਅਖ਼ਬਾਰ ਪੜ੍ਹਨ ਜਾਂ ਅਖ਼ਬਾਰ ਲਈ ਕੁਝ ਲਿਖਣ ਦੇ ਹੋਰ ਕੋਈ ਦਿਮਾਗ਼ੀ ਕੰਮ ਭੀ ਖ਼ਤਮ ਸੀ।ਪਰ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਲੈ ਜਾਣ ਦੀ ਧੁੰਨ ਪਹਿਲਾਂ ਵਾਂਗ ਹੀ ਜੋਬਨ ਵਿਚ ਰਹੀ ਅਤੇ ਅਖ਼ੀਰਲੇ ਸਵਾਸਾਂ ਤਕ ਉਛਲਦੀ ਹੀ ਰਹੀ।

ਮੈਂ ਜਦ ੧੯੬੪ ਵਿਚ ਬੀਮਾਰ ਹੋਇਆ ਤਾਂ ਉਨ੍ਹਾਂ ਨੇਮ ਹੀ ਬਣਾ ਲਿਆ ਸੀ ਕਿ ਜਦ ਦਿੱਲੀ ਆਉਣਾ, ਮੈਨੂੰ ਜ਼ਰੂਰ ਮਿਲ ਕੇ ਹੀ ਜਾਣਾ। ਇਕ ਵਾਰੀ ਤਾਂ ਉਹ ਐਨੇ ਕਮਜ਼ੋਰ ਸਨ ਕਿ ਉਹ ਕਾਰ ਵਿਚੋਂ ਉਠ ਕੇ ਬਾਹਰ ਭੀ ਨਹੀਂ ਸਨ ਨਿਕਲ ਸਕਦੇ। ਫੇਰ ਭੀ ਮਿਲਣਾ ਜ਼ਰੂਰੀ ਸਮਝਿਆ ਅਤੇ ਕਾਰ ਬੂਹੇ ਅਗੇ ਆਣ ਖੜੀ ਕੀਤੀ। ਜੁਲਾਈ ਦੇ ਮਹੀਨੇ, ਸੁਰਗਵਾਸ ਹੋਣ ਤੋਂ ਚਾਰ ਕੁ ਮਹੀਨੇ ਪਹਿਲਾਂ, ਉਹ ਮੇਰੇ ਪਾਸ ਆਏ। ਕਮਰੇ ਵਿਚ ਅਸੀਂ ਦੋਵੇਂ ਬੈਠ ਗਏ। ਸਰੀਰ ਉਨ੍ਹਾਂ ਦਾ ਸਵੱਸਥ ਜਾਪਦਾ ਸੀ ਅਤੇ ਚਿਹਰੇ ਤੇ ਹਮੇਸ਼ਾ ਵਾਂਗ ਲਾਲੀ ਸੀ। ਗੱਲ-ਬਾਤ ਕਰਨ ਲੱਗੇ। ਕਹਿਣ ਲੱਗੇ, ਮੈਂ ਸ: ਸਵਰਨ ਸਿੰਘ ਨੂੰ ਮਿਲਣ ਵਾਸਤੇ ਆਇਆ ਹਾਂ। ਉਸ ਦੀ ਰਾਹੀਂ ਕੇਂਦਰ ਦੀ ਸਰਕਾਰ ਅੱਗੇ ਇਕ ਤਜਵੀਜ਼ ਰੱਖਣੀ ਹੈ। ਉਹ ਇਹ ਕਿ ਕਸ਼ਮੀਰ, ਪੰਜਾਬ ਅਤੇ ਹਿਮਾਚਲ ਨੂੰ ਮਿਲਾ ਕੇ ਇਕ ਰਾਜ ਬਣਾ ਦਿੱਤਾ ਜਾਵੇ। ਇਸ ਰਾਜ ਨੂੰ ਅੰਦਰੂਨੀ ਪੂਰੀ ਖ਼ੁਦ-ਮੁਖ਼ਤਾਰੀ ਹੋਵੇ। ਕੇਵਲ ਰਖਸ਼ਾ, ਬਦੇਸ਼ੀ ਮਾਮਲੇ ਅਤੇ ਸੰਚਾਰ ਹੀ ਕੇਂਦਰ ਦੇ ਪਾਸ ਹੋਣ। ਨਾਲ ਹੀ ਇਸ ਰਾਜ ਨੂੰ ਇਹ ਹੱਕ ਹੋਵੇ ਕਿ ਲੋਕ-ਰਾਏ ਲੈ ਕੇ ਜੇ ਇਹ ਰਾਜ ਹਿੰਦੁਸਤਾਨ ਤੋਂ ਵੱਖਰਾ ਹੋਣਾ ਚਾਹੇ ਤਾਂ ਬੇਸ਼ਕ ਹੋ ਜਾਏ। ਇਹ ਤਜਵੀਜ਼ ਕਸ਼ਮੀਰ, ਪੰਜਾਬ ਅਤੇ ਕੇਂਦਰ ਤਿੰਨਾਂ ਲਈ ਬਹੁਤ ਵਧੀਆ ਹੈ। ਅਬਦੁੱਲਾ ਇਸ ਨੂੰ ਜ਼ਰੂਰ ਮੰਨ ਲਏਗਾ ਅਤੇ ਅਸੀਂ ਭੀ ਮੰਨ ਲਵਾਂਗੇ। ਹਿੰਦੂ ਭੀ ਜੇ ਅਕਲ



Digitized by Panjab Digital Library | www.panjabdigilib.org

ਕਰਨ, ਤਾਂ ਉਨ੍ਹਾਂ ਨੂੰ ਮੰਨ ਹੀ ਲੈਣੀ ਚਾਹੀਦੀ ਹੈ ਕਿਉਂਕਿ ਇਸ ਰਾਜ ਵਿਚ ਬਹੁ-ਸੰਮਤੀ ਹਿੰਦੂਆਂ ਦੀ ਹੋਵੇਗੀ। ਫੇਰ ਜੋਸ਼ ਵਿਚ ਆ ਕੇ ਕਹਿਣ ਲੱਗੇ ਕਿ ਕਿੰਨਾ ਕੁ ਚਿਰ ਅਬਦੁੱਲੇ ਨੂੰ ਡੱਕੀ ਰੱਖਣਗੇ, ਕਿੰਨਾ ਕੁ ਚਿਰ ਕਸ਼ਮੀਰੀਆਂ ਨੂੰ ਗ਼ੁਲਾਮ ਬਣਾਈ ਰਖਣਗੇ। ਕਸ਼ਮੀਰ ਆਜ਼ਾਦ ਹੋਵੇਗਾ ਅਤੇ ਜ਼ਰੂਰ ਆਜ਼ਾਦ ਹੋਵੇਗਾ। ਅਬਦੁੱਲੇ ਅੱਗੇ ਇਨ੍ਹਾਂ ਨੂੰ ਝੁਕਣਾ ਹੀ ਪਵੇਗਾ। ਪੰਜਾਬੀ ਸੂਬਾ ਭੀ ਇਨ੍ਹਾਂ ਨੂੰ ਦੇਣਾ ਪਏਗਾ। ਇਸ ਨੂੰ ਕੌਣ ਰੋਕ ਸਕਦਾ ਹੈ। ਅਸੀਂ ਹਿੰਦੂਆਂ ਦੀ ਗ਼ੁਲਾਮੀ ਵਿਚ ਰਹਿਣ ਨੂੰ ਤਿਆਰ ਨਹੀਂ। ਇਸ ਲਹਿਜੇ ਵਿਚ ਗੱਲਾਂ ਕਰਦੇ ਰਹੇ। ਮੈਂ ਚੁੱਪ ਹੀ ਰਿਹਾ, ਕਿਉਂਕਿ ਇਕ ਤਾਂ ਉਹ ਉੱਚਾ ਸੁਣਦੇ ਸਨ ਅਤੇ ਮੈਂ ਦਿਲ ਦੀ ਤਕਲੀਫ ਹੋਣ ਕਰਕੇ ਉੱਚਾ ਬੋਲ ਨਹੀਂ ਸਾਂ ਸਕਦਾ। ਦੂਜਾ ਮੇਰੀ ਸੰਮਤੀ ਉਨ੍ਹਾਂ ਦੇ ਖ਼ਿਆਲਾਂ ਨਾਲ ਰਲਦੀ ਨਹੀਂ ਸੀ। ਵਿਚਾਰ ਵਾਲੀ ਕੋਈ ਗੱਲ ਨਹੀਂ ਸੀ ਅਤੇ ਮੈਂ ਵਾਧੂ ਹੀਲ-ਹੁਜਤ ਕਰਨੀ ਯੋਗ ਨਹੀਂ ਸਾਂ ਸਮਝਦਾ। ਖ਼ੁਸ਼ੀ ਖ਼ੁਸ਼ੀ ਉਹ ਚਲੇ ਗਏ। ਮੈਂ ਸੋਚੀਂ ਪੈ ਗਿਆ।

ਅੰਮ੍ਰਿਤਸਰ ਵਾਪਸ ਗਏ। ਦੇਖਣ ਨੂੰ ਤਾਂ ਉਹ ਬਿਲਕੁਲ ਤੰਦਰੁਸਤ ਲਗਦੇ ਸਨ ਅਤੇ ਸੁਭਾਂ ਉਨ੍ਹਾਂ ਦਾ ਹਮੇਸ਼ਾ ਚੜ੍ਹਦੀਆਂ ਕਲਾਂ ਵਿਚ ਰਹਿਣ ਦਾ ਸੀ, ਪਰ ਸਰੀਰ ਦਿਨੋ ਦਿਨ ਕਮਜ਼ੋਰ ਹੋ ਰਿਹਾ ਸੀ। ਉਹ ਕੁਦਰਤੀ ਇਲਾਜ ਦੇ ਹੱਕ ਵਿਚ ਸਨ ਅਤੇ ਇਸ ਬਾਰੇ ਕਿਤਾਬਾਂ ਭੀ ਪੜ੍ਹਦੇ ਰਹਿੰਦੇ ਸਨ। ਮਿਹਦੇ ਦੀ ਕੁਝ ਤਕਲੀਫ਼ ਹੋਣ ਕਰਕੇ ਉਨ੍ਹਾਂ ਰੋਟੀ ਖਾਣੀ ਛੱਡ ਦਿੱਤੀ ਅਤੇ ਫੱਲਾਂ-ਸਬਜ਼ੀਆਂ ਤੇ ਰਹਿਣਾ ਸ਼ੁਰੂ ਕਰ ਦਿੱਤਾ। ਇਸ ਖ਼ੁਰਾਕ ਨਾਲ ਮਿਹਦੇ ਨੂੰ ਤਾਂ ਜ਼ਰੂਰ ਅਰਾਮ ਮਿਲਦਾ ਹੈ ਪਰ ਸਰੀਰ ਕਮਜ਼ੋਰ ਹੋ ਜਾਂਦਾ ਹੈ। ਦਿਨੋ ਦਿਨ ਉਹ ਕਮਜ਼ੋਰ ਹੁੰਦੇ ਗਏ। ਪਰ ਹੱਠ ਨਾਲ ਤੁਰੇ ਗਏ।

ਇੱਕ ਰਾਤ ਪੇਸ਼ਾਬ ਕਰਨ ਉਠੇ ਤਾਂ ਗ਼ੁਸਲਖ਼ਾਨੇ ਵਿਚ ਡਿੱਗ ਪਏ ਅਤੇ ਡਿੱਗੇ ਭੀ ਬੜੇ ਸਖ਼ਤ। ਨਾ ਉੱਠਣ ਹੋਵੇ ਨਾ ਅਵਾਜ਼ ਦੇਣ। ਕਿੰਨਾ ਚਿਰ ਉਥੇ ਹੀ ਪਏ ਰਹੇ। ਆਖ਼ਰ ਉਨ੍ਹਾਂ ਦੀ ਨੂੰਹ ਨੇ



Digitized by Panjab Digital Library | www.panjabdigilib.org

ਉਠ ਕੇ ਵੇਖਿਆ ਅਤੇ ਲੜਕੇ ਨੇ ਉਠਾ ਕੇ ਮੰਜੇ ਤੇ ਪਾਇਆ। ਬੜੀਆਂ ਸੱਟਾਂ ਲਗੀਆਂ ਹੋਈਆਂ ਸਨ। ਇਕ ਬਾਂਹ ਨੂੰ ਤਾਂ ਹਿਲਾਣਾ ਹੀ ਮੁਸ਼ਕਲ ਸੀ। ਲੱਤਾਂ ਤੇ ਸੱਟਾਂ, ਛਾਤੀ ਵਿਚ ਭੀ ਕਾਫ਼ੀ ਚੋਟ। ਦੂਜੇ ਦਿਨ ਬੁਖ਼ਾਰ ਹੋ ਗਿਆ ਅਤੇ ਕੁਝ ਖਾਂਸੀ ਭੀ ਆਉਣ ਲਗ ਪਈ। ਇਸੇ ਹਾਲਤ ਵਿਚ ਦਿੱਲੀ ਨੂੰ ਤਿਆਰ ਹੋ ਪਏ। ਟੱਬਰ ਵਾਲਿਆਂ ਬੜਾ ਸਮਝਾਇਆ, ਪਰ ਉਨ੍ਹਾਂ ਜ਼ਿੱਦ ਕੀਤੀ ਕਿ ਮੈਨੂੰ ਬੜਾ ਜ਼ਰੂਰੀ ਕੰਮ ਹੈ ਅਤੇ ਕੁਝ ਭੀ ਹੋਵੇ ਮੈਂ ਜਾਣਾ ਜ਼ਰੂਰ ਹੈ। ਇਸ ਹਾਲਤ ਵਿਚ ਇਕੱਲਿਆਂ ਕੀ ਆਉਣਾ ਸੀ। ਕਾਰ ਵਿਚ ਆਪ ਨਾ ਬੈਠ ਸਕਦੇ ਸਨ ਨਾ ਉਤਰ ਸਕਦੇ ਸਨ। ਚੁਕ ਕੇ ਹੀ ਬਿਠਾਣਾ ਅਤੇ ਚੁਕ ਕੇ ਹੀ ਉਤਾਰਨਾ। ਛੋਟਾ ਲੜਕਾ ਮੋਹਣ ਸਿੰਘ ਉਨ੍ਹਾਂ ਨਾਲ ਟੁਰ ਪਿਆ। ਪਹਿਲਾਂ ਚੰਡੀਗੜ੍ਹ ਗਏ, ਫੇਰ ਦਿੱਲੀ ਆਏ। ਉਹ ਰਕਾਬ ਗੰਜ ਠਹਿਰਦੇ ਹੁੰਦੇ ਸਨ। ਉਥੇ ਰਾਤ ਨੂੰ ਪਹੁੰਚੇ। ਬੁਖ਼ਾਰ, ਖਾਂਸੀ ਦੇ ਨਾਲ ਹੀ ਪ੍ਰਾਸਟ੍ਰੇਟ ਵਧਿਆ ਹੋਇਆ ਸੀ, ਇਸ ਲਈ ਪੇਸ਼ਾਬ ਰੁਕ ਰੁਕ ਕੇ ਤੁਬਕਾ ਤੁਬਕਾ ਆਉਣਾ, ਰਾਤ ਬੜੀ ਔਖੀ ਗੁਜ਼ਰੀ। ਸਵੇਰੇ ਡਾਕਟਰ ਰਣਧੀਰ ਸਿੰਘ ਨੂੰ ਫ਼ੋਨ ਕਰ ਕੇ ਬੁਲਾਇਆ ਗਿਆ। ਉਸ ਦੇ ਕਹਿਣ ਤੇ ਤੀਰਥਰਾਮ-ਹਸਪਤਾਲ ਵਿਚ ਦਾਖ਼ਲ ਕਰਾ ਦਿੱਤਾ ਗਿਆ ਅਤੇ ਡਾਕਟਰ ਊਧਮ ਸਿੰਘ ਅਤੇ ਡਾਕਟਰ ਰਣਧੀਰ ਸਿੰਘ ਰਲ ਕੇ ਇਲਾਜ ਕਰਨ ਲਗ ਪਏ। ਮੈਨੂੰ ਟੇਲੀਫ਼ੋਨ ਆਈ। ਮੈਂ ਸ਼ਾਮ ਦੇ ਤਿੰਨ ਵਜੇ ਉਥੇ ਪਹੁੰਚਿਆ। ਉਨ੍ਹਾਂ ਦੀ ਹਾਲਤ ਚੰਗੀ ਨਹੀਂ ਸੀ ਅਤੇ ਮੇਰੀ ਇਹੋ ਖ਼ਾਹਿਸ਼ ਸੀ ਕਿ ਉਹ ਛੇਤੀ ਤੋਂ ਛੇਤੀ ਆਪਣੇ ਠਿਕਾਣੇ ਅੰਮ੍ਰਿਤਸਰ ਵਾਪਸ ਚਲੇ ਜਾਣ। ਡਾਕਟਰ ਊਧਮ ਸਿੰਘ ਨੇ ਮੈਨੂੰ ਫ਼ੋਨ ਕੀਤੀ ਸੀ ਕਿ ਉਨ੍ਹਾਂ ਦਾ ਯੂਰੀਆ ੭੦ ਹੈ ਅਤੇ ਜੇ ਆਗਿਆ ਦਿਉ ਤਾਂ ਪੇਟ ਵਿਚ ਮੋਰੀ ਕਰ ਕੇ ਟਿਊਬ ਲਾ ਦਈਏ। ਇਸ ਨਾਲ ਉਨ੍ਹਾਂ ਦੀ ਹਾਲਤ ਸੁਧਰ ਜਾਏਗੀ। ਉਨ੍ਹਾਂ ਪਾਸ ਹਸਪਤਾਲ ਵਿਚ ਜਾ ਕੇ ਹੀ ਆਪੋ ਵਿਚ ਅਸਾਂ ਸਲਾਹ ਕੀਤੀ ਅਤੇ ਸਾਡਾ ਖ਼ਿਆਲ ਇਹ ਬਣਿਆ ਕਿ ਹਾਲਾਂ ਟਿਊਬ ਨਹੀਂ



Digitized by Panjab Digital Library | www.panjabdigilib.org

ਪਾਉਣੀ ਚਾਹੀਦੀ । ਮੈਂ ਵਾਪਸ ਆ ਗਿਆ ਅਤੇ ਡਾਕਟਰ ਪਿਛੋਂ ਹਸਪਤਾਲ ਵਿਚ ਗਏ । ਚਾਰ ਪੰਜ ਡਾਕਟਰ ਇਕੱਠੇ ਹੋ ਗਏ। ਉਨ੍ਹਾਂ ਆਪੋ ਵਿਚ ਸਲਾਹ ਕਰ ਕੇ ਟਿਊਬ ਪਾਉਣੀ ਹੀ ਠੀਕ ਸਮਝੀ ਅਤੇ ਰਾਤ ਨੂੰ ਹੀ ਟਿਊਬ ਪਾ ਦਿੱਤੀ । ਮੈਨੂੰ ਦੂਜੇ ਦਿਨ ਇਹ ਪਤਾ ਲੱਗਾ। ਚੂੰਕਿ ਮੈਂ ਪ੍ਰਾਸਟ੍ਰੇਟ ਦਾ ਉਪਰੇਸ਼ਨ ਕਰਾ ਚੁਕਾ ਸਾਂ ਅਤੇ ਮਾਸਟਰ ਜੀ ਦੀ ਸਰੀਰਕ ਹਾਲਤ ਮੇਰੀਆਂ ਅੱਖਾਂ ਦੇ ਸਾਮ੍ਹਣੇ ਸੀ, ਇਸ ਕਰਕੇ ਇਸ ਟਿਊਬ ਪਾਣ ਦੀ ਗੱਲ ਸੁਣ ਕੇ ਮੈਨੂੰ ਦੁੱਖ ਹੋਇਆ, ਪਰ ਜੋ ਹੋਣਾ ਸੀ ਹੋ ਚੁਕਾ ਸੀ। ਯੂਰੀਆ ਤਾਂ ਘਟਣ ਲੱਗ ਪਿਆ, ਪਰ ਬੁਖ਼ਾਰ ਤੇ ਖਾਂਸੀ ਉਸੇ ਤਰ੍ਹਾਂ ਚਲੀ ਜਾਂਦੇ ਸਨ। ਕਿੰਨੇ ਸਾਰੇ ਡਾਕਟਰ ਹੋਰ ਬੁਲਾਏ ਗਏ। ਅਗਸਤ ਦਾ ਮਹੀਨਾ ਸਾਰਾ ਬੁਖ਼ਾਰ ਅਤੇ ਖਾਂਸੀ ਹਟਾਣ ਵਿਚ ਲੱਗ ਗਿਆ। ਸਤੰਬਰ ਦੇ ਸ਼ੁਰੂ ਵਿਚ ਵਾਪਸ ਅੰਮ੍ਰਿਤਸਰ ਚਲੇ ਗਏ। ਚਿੱਠੀਆਂ ਤਾਂ ਇਹੋ ਆਉਂਦੀਆਂ ਰਹੀਆਂ ਕਿ ਉਨ੍ਹਾਂ ਦੀ ਹਾਲਤ ਚੰਗੀ ਹੋ ਰਹੀ ਹੈ, ਪਰ ਮੈਨੂੰ ਦਿਲੋਂ ਹਮੇਸ਼ਾ ਤੌਖਲਾ ਹੀ ਰਹਿੰਦਾ ਸੀ।

ਜਿਸ ਆਦਮੀ ਨੇ ਕੀੜਿਆਂ ਵਾਂਗੂੰ ਜੀਊਣਾ ਹੀ ਜੀਵਨ-ਮਨੋਰਥ ਸਮਝਿਆ ਹੋਵੇ ਉਹ ਤਾਂ ਟਿਊਬ ਲਾ ਕੇ ਰੁਲਦਾ-ਖੁਲਦਾ ਕੁਝ ਸਮਾਂ ਕੱਢ ਜਾਂਦਾ ਹੈ ਪਰ ਜਿਸ ਨੇ ਸਰੀਰ ਨੂੰ ਕਿਸੇ ਸਫ਼ਲ ਕੰਮ ਲਈ ਵਰਤਣਾ ਹੋਵੇ ਉਹ ਟਿਊਬ ਵਾਲੀ ਜ਼ਿੰਦਗੀ ਨੂੰ ਕਿੰਨਾ ਕੁ ਚਿਰ ਸਹਾਰ ਸਕਦਾ ਹੈ। ਆਖ਼ਰ ਮਾਸਟਰ ਜੀ ਤੰਗ ਪੈ ਗਏ ਅਤੇ ਜ਼ੋਰ ਦੇ ਕੇ ਚੰਡੀਗੜ੍ਹ ਡਾਕਟਰ ਸੰਤੋਖ ਸਿੰਘ ਪਾਸ ਚਲੇ ਗਏ। ਡਾਕਟਰ ਉਪ੍ਰੇਸ਼ਨ ਕਰਨ ਤੋਂ ਝਿਜਕਦਾ ਸੀ ਪਰ ਉਹ ਬਜ਼ਿਦ ਸਨ, ਕਿਉਂਕਿ ਉਹ ਸਮਝਦੇ ਅਤੇ ਸਪੱਸ਼ਟ ਕਹਿੰਦੇ ਸਨ ਕਿ ਇਸ ਜ਼ਿੰਦਗੀ ਤੋਂ ਕੀ ਥੁੜਿਆ ਹੋਇਆ ਹੈ। ਮਾਸਟਰ ਤਾਰਾ ਸਿੰਘ ਵਰਗਾ ਸੂਰਮਾ ਇਹੋ ਜਹੇ ਜੀਵਨ ਤੇ ਕਿੰਨਾ ਕੁ ਚਿਰ ਸਬਰ ਕਰ ਸਕਦਾ ਸੀ। ਉਪ੍ਰੇਸ਼ਨ ਹੋਇਆ। ਡਾਕਟਰ ਨੇ ਉਨ੍ਹਾਂ ਨੂੰ ਬਚਾਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ, ਪਰ ਜਿੱਥ ਪ੍ਰਾਣ-ਸ਼ਕਤੀ ਹੀ ਜਵਾਬ ਦੇ ਗਈ ਹੋਵੇ ਉਥੇ ਡਾਕਟਰ ਵਿਚਾਰਾ ਕੀ ਕਰੇ?



Digitized by Panjab Digital Library | www.panjabdigilib.org

ਆਖ਼ਰ ੨੨ ਨਵੰਬਰ ੧੯੬੭ ਨੂੰ ਸਵੇਰੇ ਡੇਢ ਵਜੇ ਉਹ ਇਸ ਪੰਚ-ਭੂਤਕ ਦੇਹੀ ਨੂੰ ਤਿਆਗ ਕੇ ਕਲਗੀਆਂ ਵਾਲੇ ਦੀ ਗੋਦ ਵਿਚ ਜਾ ਬੈਠੇ।

ਮੌਤ ਤਾਂ ਉਨ੍ਹਾਂ ਆਦਮੀਆਂ ਲਈ ਹੈ ਜਿਹੜੇ ਸਰੀਰ ਦੇ ਸਵਾਦਾਂ ਅਤੇ ਸੁਖਾਂ ਵਿਚ ਗ਼ਲਤਾਨ ਜੀਵਨ ਗੁਜ਼ਾਰਦੇ ਹਨ। ਜਿਹੜੇ ਉੱਚ-ਆਦਰਸ਼ੀ ਅਤੇ ਦ੍ਰਿੜ੍ਹ ਵਿਸ਼ਵਾਸੀ ਆਦਮੀ ਸਦਾ ਸਰੀਰ ਦੇ ਪੱਧਰ ਤੋਂ ਉਚੇ ਜੀਵਨ ਵਿਚ ਉਡਾਰੀਆਂ ਲਾਉਂਦੇ ਹਨ ਉਨ੍ਹਾਂ ਲਈ ਮੌਤ ਕਿੱਥੇ? ਸਰੀਰ ਤਾਂ ਉਨ੍ਹਾਂ ਲਈ ਇਕ ਰੇਡੀਉ-ਰੀਸੀਵਰ ਹੈ। ਪੁਰਾਣਾ ਮਾਡਲ ਖੜ ਖੜ ਕਰਨ ਲੱਗੇ ਤਾਂ ਉਸ ਨੂੰ ਤਿਆਗ ਕੇ ਉਹ ਨਵਾਂ ਮਾਡਲ ਗ੍ਰਹਿਣ ਕਰਨ ਲਈ ਤਿਆਰ ਹੋ ਜਾਂਦੇ ਹਨ। ਉੱਚੇ ਆਦਰਸ਼, ਡੂੰਘੇ ਵਲਵਲੇ ਅਤੇ ਦ੍ਰਿੜ੍ਹ ਵਿਸ਼ਵਾਸ ਸਥੂਲ ਸਰੀਰ ਵਿਚ ਤਾਂ ਵੱਸਦੇ ਨਹੀਂ, ਉਹ ਤਾਂ ਸੂਖਮ ਸਰੀਰ ਦਾ ਅੰਗ ਹੁੰਦੇ ਹਨ। ਸਥੂਲ ਸਰੀਰ ਪੁਰਾਣਾ ਹੋਇਆ ਤਾਂ ਉਸ ਨੂੰ ਪੁਰਾਣੇ ਜਾਮੇ ਵਾਂਗੂੰ ਤਿਆਗ ਕੇ ਸੂਖਮ ਸਰੀਰ ਨਵਾਂ ਜਾਮਾ ਪਹਿਨ ਲੈਂਦਾ ਹੈ।

"ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥
ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜ ਦੇਖਨਹਾਰੁ ॥"
"ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥
ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ,ਇਹੁ ਤਉ ਚਲਤੁ ਭਇਆ ॥"

੨੨ ਤ੍ਰੀਕ ਸਵੇਰੇ ੫.੩੫ ਦੇ ਰੇਡੀਉ ਤੇ ਮਾਸਟਰ ਜੀ ਦੇ ਚਲਾਣੇ ਦੀ ਦੁਖਦਾਇਕ ਖ਼ਬਰ ਸੁਣਾਈ ਗਈ। ਉਸੇ ਵੇਲੇ ਸਾਰੇ ਪੰਜਾਬ ਵਿਚ ਸੋਗ ਵਰਤ ਗਿਆ। ਪਾਕਿਸਤਾਨ ਨੇ ਵੀ ਸੋਗ ਮਨਾਇਆ। ਰੇਡੀਉ ਤੇ ਉਨ੍ਹਾਂ ਬੜੇ ਅਫ਼ਸੋਸ ਨਾਲ ਇਹ ਖ਼ਬਰ ਨਸ਼ਰ ਕੀਤੀ। ਕੌਮੀ ਇਮਾਰਤਾਂ ਤੇ ਝੰਡੇ ਝੁਕਾ ਦਿੱਤੇ ਅਤੇ ਦੋ ਦਿਨ ਦੀ ਛੁੱਟੀ ਕਰ ਦਿੱਤੀ। ੨੨ ਤ੍ਰੀਕ ਨੂੰ ਹੀ ਸਵੇਰੇ ਸਤ ਵਜੇ ਉਨ੍ਹਾਂ ਦੇ ਸਰੀਰ ਨੂੰ ਲਾਰੀ ਤੇ ਪਾ ਕੇ ਅੰਮ੍ਰਿਤਸਰ ਨੂੰ ਰਵਾਨਗੀ ਹੋਈ।



Digitized by Panjab Digital Library | www.panjabdigilib.org

ਲੁਧਿਆਣੇ ਪਹੁੰਚੇ। ਸਾਰਾ ਸ਼ਹਿਰ ਬੰਦ ਹੋ ਗਿਆ ਅਤੇ ਬੜਾ ਭਾਰੀ ਮਾਤਮੀ ਜਲੂਸ ਨਿਕਲਿਆ। ਫੇਰ ਇਸੇ ਤਰ੍ਹਾਂ ਜਲੰਧਰ ਅਤੇ ਕਪੂਰਥਲੇ ਮਾਤਮੀ ਜਲੂਸ ਨਿਕਲੇ। ਅੰਮ੍ਰਿਤਸਰ ਪਹੁੰਚਦਿਆਂ ਰਾਤ ਦੇ ਸਾਢੇ ਅੱਠ ਵਜ ਗਏ ਸਨ। ਮਾਤਮ ਕਰਨ ਵਾਲੇ ਇਸਤ੍ਰੀਆਂ, ਪੁਰਸ਼ਾਂ ਤੇ ਬੱਚਿਆਂ ਨਾਲ ਸੜਕਾਂ ਭਰੀਆਂ ਹੋਈਆਂ ਸਨ। ਰਾਤ ਸਾਰੀ ਲੋਕੀ ਉਨ੍ਹਾਂ ਦੇ ਨਿਵਾਸ-ਅਸਥਾਨ ਤੇ ਆ ਕੇ ਉਨ੍ਹਾਂ ਦੇ ਅੰਤਮ ਦਰਸ਼ਨ ਕਰਦੇ ਰਹੇ। ਰਾਤ ਬੜੀ ਮਾਤਮ ਦੀ ਗੁਜ਼ਰੀ। ਦੂਜੇ ਦਿਨ ਸਵੇਰੇ ਦੁਨੀਆ ਇਕੱਠੀ ਹੋ ਗਈ। ਸ਼੍ਰੋਮਣੀ ਅਕਾਲੀ ਦਲ ਦਾ ਪਰਬੰਧ ਸੀ। ਚੰਗੇ ਸਿਆਣੇ ਪ੍ਰਬੰਧਕ ਸਨ, ਪਰ ਭੀੜ ਐਨੀ ਸੀ ਕਿ ਚਾਰੇ ਪਾਸੇ ਸਿਰਾਂ ਦਾ ਸਮੁੰਦਰ ਹੀ ਨਜ਼ਰ ਆਉਂਦਾ ਸੀ। ਮੈਂ ਤਾਂ ਅਰਥੀ ਦੇ ਕੋਲ ਬੈਠਾ ਘਬਰਾ ਗਿਆ ਅਤੇ ਨੌਜਵਾਨਾਂ ਨੇ ਬੜੀ ਮੁਸ਼ਕਲ ਨਾਲ ਮੈਨੂੰ ਇਕ ਬੱਚੇ ਵਾਂਗੂੰ ਚੁਕ ਕੇ ਭੀੜ ਵਿਚੋਂ ਬਚਾ ਕੇ ਬਾਹਰ ਲਿਆਂਦਾ। ਮੈਂ ਤਾਂ ਸਿੱਧਾ ਮੁਸ਼ਕਲ ਨਾਲ ਇਕ ਕਾਰ ਤੇ ਬੈਠ ਕੇ ਸ਼ਹੀਦਾਂ ਦੀ ਸ਼ਮਸ਼ਾਨ-ਭੂਮੀ ਵਿਚ ਪਹੁੰਚਿਆ। ਜਲੂਸ ਸ਼ਹਿਰ ਵਿਚੋਂ ਫਿਰਦਾ ਸ਼ਾਮ ਦੇ ਚਾਰ ਵਜੇ ਸ਼ਮਸ਼ਾਨ-ਭੂਮੀ ਵਿਚ ਪਹੁੰਚਿਆ।

੨੩ ਨਵੰਬਰ ਨੂੰ ਪੰਜਾਬ ਸਰਕਾਰ ਨੇ ਭੀ ਸਾਰੇ ਰਾਜ ਵਿਚ ਛੁੱਟੀ ਕੀਤੀ। ਅਰਥੀ ਦੇ ਜਲੂਸ ਵੇਲੇ ਸਾਰਾ ਪੰਜਾਬ ਹੀ ਉਥੇ ਪਹੁੰਚਿਆ ਹੋਇਆ ਸੀ। ਦਿੱਲੀ ਤੋਂ ਭੀ ਕਈ ਲਾਰੀਆਂ ਭਰੀਆਂ ਹੋਈਆਂ ਅੰਮ੍ਰਿਤਸਰ ਪਹੁੰਚੀਆਂ ਸਨ। ਬੰਬਈ, ਮਦਰਾਸ, ਕਲਕੱਤੇ ਤੋਂ ਭੀ ਪ੍ਰੇਮੀ ਹਵਾਈ ਜਹਾਜ਼ਾਂ ਰਾਹੀਂ ਪਹੁੰਚ ਗਏ ਸਨ, ਬਲਕਿ ਕੁਝ ਸੱਜਣ ਤਾਂ ਅਫ਼ਗਾਨਿਸਤਾਨ ਅਤੇ ਈਰਾਨ ਤੋਂ ਭੀ ਆ ਪਹੁੰਚੇ ਸਨ। ਜਲੂਸ ਦਾ ਅੰਦਾਜ਼ਾ ਲਾਣਾ ਹੀ ਮੁਸ਼ਕਲ ਸੀ। ਸ਼ਮਸ਼ਾਨ-ਭੂਮੀ ਦੇ ਅੰਦਰ ਭੀ ਇਤਨੀ ਭੀੜ ਸੀ ਕਿ ਸਾਹ ਘੁਟਦਾ ਸੀ।

ਸੰਸਾਰ ਦੀ ਖੇਡ ਦਾ ਇਹੋ ਹੀ ਅੰਤ ਹੈ। ਇਹ ਦਿਨ ਹਰ ਇਕ ਤੇ ਆਉਣਾ ਹੈ, ਪਰ ਸੰਸਾਰ ਦੇ ਫ਼ਜ਼ੂਲ ਧੰਦਿਆਂ ਵਿਚ ਗ੍ਰਸੇ ਹੋਏ ਇਨਸਾਨ ਨੂੰ ਇਹ ਭੁੱਲਿਆ ਰਹਿੰਦਾ ਹੈ ਅਤੇ ਉਹ ਆਪਣੀ ਜ਼ਿੰਦਗੀ



Digitized by Panjab Digital Library | www.panjabdigilib.org

ਬੇਅਰਥ ਗਵਾ ਲੈਂਦਾ ਹੈ।

੩ ਦਸੰਬਰ ਨੂੰ ਅੰਮ੍ਰਿਤਸਰ ਉਨ੍ਹਾਂ ਦੇ ਨਿਵਾਸ-ਅਸਥਾਨ ਵਿਚ ਉਨ੍ਹਾਂ ਦੇ ਨਮਿਤ ਰੱਖੇ ਅਖੰਡ ਪਾਠ ਦਾ ਭੋਗ ਪਿਆ। ਸ਼ਾਮ ਨੂੰ ਅਕਾਲੀ ਦਲ ਵੱਲੋਂ ਰਾਮ ਬਾਗ਼ ਵਿਚ ਮਾਤਮੀ ਸਮਾਗਮ ਹੋਇਆ। ਸ਼ੋਕ-ਸੰਦੇਸ਼, ਚਿੱਠੀਆਂ, ਤਾਰਾਂ ਦੀ ਭਰਮਾਰ ਹੀ ਪਈ ਰਹੀ। ਸੰਸਾਰ ਦਾ ਕੋਈ ਹਿੱਸਾ ਨਹੀਂ, ਜਿਥੋਂ ਸ਼ੋਕ-ਸੰਦੇਸ਼ ਨਾ ਆਏ ਹੋਣ। ਸਿੱਖ ਕੌਮ ਤਾਂ ਸਾਰੀ ਨੇ ਅਤਿਅੰਤ ਸ਼ੋਕ ਮਨਾਇਆ। ਹਰ ਇਕ ਗੁਰਦਵਾਰੇ ਵਿਚ, ਬਲਕਿ ਘਰਾਂ ਵਿਚ ਭੀ ਅਖੰਡ ਪਾਠ ਹੋਏ, ਅਰਦਾਸੇ ਕੀਤੇ ਗਏ ਅਤੇ ਸ਼ਰਧਾਂਜਲੀਆਂ ਭੇਟਾ ਕੀਤੀਆਂ ਗਈਆਂ।

ਮਾਸਟਰ ਜੀ ਦਾ ਅੰਤਮ ਇੰਟਰਵੀਊ ਜੋ ਉਨ੍ਹਾਂ ਸਟੇਟਸਮੈਨ ਦੇ ਪ੍ਰਤੀਨਿਧ ਸ੍ਰੀ ਡੀ. ਪੀ. ਕੁਮਾਰ ਨੂੰ ਦਿੱਤਾ ਅਤੇ ਕੁਝ ਕੁ ਮੋਟੀਆਂ ਮੋਟੀਆਂ ਸ਼ਰਧਾਂਜਲੀਆਂ ਹੇਠਾਂ ਅੰਕਤ ਕੀਤੀਆਂ ਜਾਂਦੀਆਂ ਹਨ:-

## ਸੁਨੇਹਾ ਸ੍ਰੀ ਰਾਜ ਗੋਪਾਲ ਅਚਾਰੀਆ, ਮਦਰਾਸ-

ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਦੀ ਤਾਰੀਫ਼ ਬਿਆਨ ਕਰਨਾ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਹਿਮਾਲੀਆ ਪਰਬਤ ਦੇ ਹੇਠਾਂ ਬੈਠ ਕੇ ਚੋਟੀ ਨੂੰ ਛੂਹਣ ਦਾ ਯਤਨ। ਮਾਸਟਰ ਜੀ ਨੇ ਅਨੇਕਾਂ ਜ਼ਿੰਦਗੀਆਂ ਬਣਾਈਆਂ। ਮਾਸਟਰ ਜੀ ਦੀ ਕਹਾਣੀ ਉਨ੍ਹਾਂ ਦੀ ਮੌਤ ਨਾਲ ਮੁਕ ਨਹੀਂ ਜਾਣੀ, ਉਨ੍ਹਾਂ ਦੀ ਕਹਾਣੀ ਉਨ੍ਹਾਂ ਦੇ ਮਗਰੋਂ ਵੀ ਜਾਰੀ ਰਹੇਗੀ। ਠੀਕ ਹੈ ਕਿ ਮਾਸਟਰ ਜੀ ਵਰਗੇ ਇਨਸਾਨ ਜੁਗਾਂ ਵਿਚ ਕਦੀ ਕਦੀ ਜਨਮ ਲੈਂਦੇ ਹਨ। ਇਸ ਨੂੰ ਸਪੱਸ਼ਟ ਕਰਨ ਲਈ ਪੰਜਾਬ ਦੀ ਤਵਾਰੀਖ਼ ਵਲ ਨਿਗਾਹ ਮਾਰੋ ਤੇ ਵੇਖ ਲਉ ਕਿ ਮਹਾਰਾਜਾ ਰਣਜੀਤ ਸਿੰਘ ਦੇ ਮਗਰੋਂ ਕੌਣ ਐਸਾ ਪੱਕਾ ਤੇ ਦ੍ਰਿੜ੍ਹ ਇਨਸਾਨ ਪੈਦਾ ਹੋਇਆ ਹੈ। ਹਿੰਦੁਸਤਾਨ ਦੀ ਵੰਡ ਹੋਣ ਤੋਂ ਮੌਜੂਦਾ ਭਾਰਤ ਦਾ ਨਕਸ਼ਾ ਮਾਸਟਰ ਜੀ ਦੇ ਹੱਥਾਂ ਨੇ ਉਲੀਕਿਆ ਹੈ। ਜੇ ਮਾਸਟਰ ਜੀ ਨਾ ਹੁੰਦੇ ਤਾਂ ਅੱਜ ਅਸੀਂ ਇਸ ਪ੍ਰਕਾਰ ਨਾ ਦਿਸਦੇ। ਉਸ ਸ਼ੇਰ ਨੇ



Digitized by Panjab Digital Library | www.panjabdigilib.org

ਲਾਹੌਰ ਵਿਚ ਪਾਕਿਸਤਾਨੀ ਝੰਡਾ ਉਖੇੜ ਕੇ ਪੰਜਾਬ ਤੇ ਬੰਗਾਲ ਅੱਧੇ ਅੱਧੇ ਭਾਰਤ ਨੂੰ ਦਿਵਾਏ। ਪਬਲਿਕ-ਮੈਨ ਦੇ ਤੌਰ ਤੇ ਮੈਂ ਬਹੁਤ ਲੋਕਾਂ ਨੂੰ ਮਿਲਦਾ ਹਾਂ, ਪਰ ਮੈਨੂੰ ਹਰ ਇਕ ਨੇ ਇਹ ਹੀ ਦੱਸਿਆ ਹੈ ਕਿ ਮਾਸਟਰ ਜੀ ਵਿਚ ਕੋਈ ਧੋਖਾ-ਫ਼ਰੇਬ ਨਹੀਂ ਸੀ ਤੇ ਉਹ ਇਕ ਚਟਾਨ ਵਰਗਾ ਇਨਸਾਨ ਸੀ, ਜਿਸ ਨੇ ਹਰ ਮੁਸੀਬਤ ਦਾ ਮੁਕਾਬਲਾ ਕੀਤਾ। ਮੈਂ ਸਿੱਖਾਂ ਨੂੰ, ਕੌਮ ਨੂੰ ਤੇ ਸਮੁੱਚੇ ਭਾਰਤ ਦੇ ਲੀਡਰਾਂ ਨੂੰ ਬੇਨਤੀ ਕਰਦਾ ਹਾਂ ਕਿ ਮਾਸਟਰ ਜੀ ਦੀ ਮੰਜ਼ਿਲ ਨੂੰ ਢੂੰਡੋ ਅਤੇ ਉਸ ਦੀ ਮੰਜ਼ਿਲ ਤੇ ਚਲ ਕੇ ਉਸ ਦਾ ਆਦਰਸ਼ ਲੱਭੋ, ਵਰਨਾ ਇਸ ਪ੍ਰਕਾਰ ਦੇ ਲੀਡਰ ਰੋਜ਼ ਰੋਜ਼ ਨਹੀਂ ਪੈਦਾ ਹੁੰਦੇ, ਕਿਧਰੇ ਹਨੇਰੇ ਵਿਚ ਹੀ ਨਾ ਰਹਿ ਜਾਈਏ। ਮਰਦੇ-ਦਮ ਤਕ ਮਾਸਟਰ ਜੀ ਦੇ ਦਿਲ ਵਿਚ ਪੰਥ ਤੇ ਕੌਮ ਲਈ ਉਹ ਹੀ ਗਰਮੀ ਤੇ ਵਲਵਲੇ ਸਨ ਜੋ ਉਨ੍ਹਾਂ ਵਿਚ ਹਮੇਸ਼ਾ ਰਹੇ।

## ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਸ਼ਰਧਾਂਜਲੀ–

ਪ੍ਰਧਾਨ ਮੰਤਰੀ ਜੀ ਨੇ ਕਿਹਾ ਹੈ ਕਿ ਪੰਜਾਬ ਦੀ ਜ਼ਿੰਦਗੀ ਦਾ ਭਾਰਤ ਦੀ ਜ਼ਿੰਦਗੀ ਵਿਚ ਇਕ ਮਹਾਨ ਹਿੱਸਾ ਹੈ ਤੇ ਮਾਸਟਰ ਜੀ ਦੀ ਇਸ ਜ਼ਿੰਦਗੀ ਤੇ ਇਕ ਵੱਡੀ ਮੋਹਰ ਹੈ, ਜੋ ਕਾਫ਼ੀ ਸਮਾਂ ਭਾਰਤ ਤੇ ਰਹੇਗੀ।

ਮੈਨੂੰ ਮਾਸਟਰ ਜੀ ਨਾਲ ਜ਼ਿਆਦਾ ਤੁਅੱਲਕ ਨਹੀਂ ਰਿਹਾ, ਪਰ ਇਕ ਵੱਡਾ ਤੁਅੱਲਕ ਇਹ ਹੈ ਕਿ ਮੈਨੂੰ ਵੀ ਉਸੇ ਮਿੱਟੀ ਵਿਚ ਜਨਮ ਪ੍ਰਾਪਤ ਹੋਇਆ ਜਿਸ ਨੇ ਮਾਸਟਰ ਜੀ ਵਰਗੇ ਮਹਾਨ ਨੇਤਾ ਨੂੰ ਜਨਮ ਦਿੱਤਾ। ਕੁਰਬਾਨੀਆਂ ਇਨਸਾਨ ਦਾ ਟੈੱਸਟ ਲੈਂਦੀਆਂ ਹਨ। ਮਾਸਟਰ ਜੀ ਇਸ ਟੈੱਸਟ ਵਿਚ ਕਾਮਯਾਬ ਸਨ। ਉਹ ਜਿਸ ਨੂੰ ਠੀਕ ਸਮਝਦੇ ਸਨ ਉਸ ਤੇ ਈਮਾਨਦਾਰੀ ਦੇ ਨਾਲ ਚਲਦੇ ਸਨ। ਸਾਨੂੰ ਉਨ੍ਹਾਂ ਦੇ ਦੇਸ਼-ਪਿਆਰ, ਈਮਾਨਦਾਰੀ ਤੇ ਦੇਸ਼-ਭਗਤੀ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।



Digitized by Panjab Digital Library | www.panjabdigilib.org

## ਸ: ਸਵਰਨ ਸਿੰਘ ਜੀ ਰੱਖਿਆ-ਮੰਤਰੀ ਭਾਰਤ ਸਰਕਾਰ–

ਅੱਜ ਮਾਸਟਰ ਜੀ ਸਾਡੇ ਵਿਚ ਨਹੀਂ ਹਨ, ਪਰ ਉਨ੍ਹਾਂ ਦੀ ਰੂਹ ਅਤੇ ਉਨ੍ਹਾਂ ਦਾ ਦੱਸਿਆ ਰਾਹ ਸਾਡੇ ਸਾਹਮਣੇ ਹੈ । ਜੇ ਅਸੀਂ ਭਾਰਤ ਦੀ ਆਜ਼ਾਦੀ ਦੀ ਲੜਾਈ ਵਲ ਤੱਕੀਏ ਤੇ ਉਨ੍ਹਾਂ ਨੇਤਾਵਾਂ ਦਾ ਧਿਆਨ ਧਰੀਏ ਤਾਂ ਮਾਸਟਰ ਜੀ ਦਾ ਨਾਮ ਉੱਚੀ ਪੱਧਰ ਤੇ ਮਿਲਦਾ ਹੈ । ਠੀਕ ਤੌਰ ਤੇ ਉਨ੍ਹਾਂ ਨੇ ਜੀਵਨ ਦਾ ਸਾਰਾ ਹਿੱਸਾ ਦੇਸ਼ ਕੌਮ ਲਈ ਅਰਪਣ ਕੀਤਾ । ਜਿਸ ਪ੍ਰਕਾਰ ਉਨ੍ਹਾਂ ਵਿਦਿਆ ਪ੍ਰਾਪਤ ਕੀਤੀ, ਉਸ ਦੇ ਮੁਜਬ ਉਹ ਇਕ ਮਹਾਨ ਘਰੋਗੀ-ਜੀਵਨ ਬਸਰ ਕਰ ਸਕਦੇ ਸਨ, ਪਰ ਉਨ੍ਹਾਂ ਦੇਸ਼ ਵਿਚ ਜੋ ਥੁੜ ਲੱਭੀ ਉਸ ਲਈ ਆਪਣੀ ਜ਼ਾਤ ਪੇਸ਼ ਕੀਤੀ । ਗੁਰਦਵਾਰਾ-ਤਹਿਰੀਕ ਵਿਚ ਪਹਿਲਾਂ ਹਿੱਸਾ ਲਿਆ । ਇਸ ਦਾ ਇਕ ਭਾਰੀ ਅਸਰ ਭਾਰਤ ਦੀ ਆਜ਼ਾਦੀ ਤੇ ਪਿਆ । ਸਿਖ ਕੌਮ ਨੇ ਇਸ ਲਈ ਮਹਾਨ ਕੁਰਬਾਨੀਆਂ ਕੀਤੀਆਂ । ਪਤਾ ਨਹੀਂ ਮਾਸਟਰ ਜੀ ਇਸ ਕੰਮ ਲਈ ਕਿੰਨੀ ਵਾਰੀ ਤੇ ਕਿਤਨੇ ਅਰਸੇ ਲਈ ਜੇਲ੍ਹ ਵਿਚ ਰਹੇ । ਆਪ ਦ੍ਰਿੜ੍ਹ ਇਰਾਦੇ ਵਾਲੇ ਸਨ ਅਤੇ ਆਪਣੇ ਫ਼ੈਸਲੇ ਤੇ ਚਲਣ ਲਈ ਇਕ ਅਥਾਹ ਜੋਸ਼ ਰਖਦੇ ਸਨ । ਗੁਰੂ ਤੇ ਵਿਸ਼ਵਾਸ ਰਖਦੇ ਸੀ ਤੇ ਅਰਦਾਸਾ ਕਰ ਕੇ ਜੋ ਕੰਮ ਸ਼ੁਰੂ ਕਰਦੇ ਸਨ ਉਸ ਨੂੰ ਪੂਰਾ ਕਰਨ ਲਈ ਤ੍ਰਾਣ ਲਾਉਂਦੇ ਸਨ । ਉਹ ਕਹਿੰਦੇ ਸਨ ਕਿ ਮੈਨੂੰ ਦੇਖ ਕੇ ਚਿੰਤਾ ਹੁੰਦੀ ਹੈ ਕਿ ਦੇਸ ਦੀ ਬਿਹਤਰੀ ਲਈ ਜੋ ਸੁਪਨੇ ਮੇਰੇ ਸਾਹਮਣੇ ਸਨ ਉਹ ਪੂਰੇ ਕਰਨ ਵਾਲੇ ਇਨਸਾਨ ਨਹੀਂ ਮਿਲੇ । ਪਰ ਕਦੀ ਨਿਰਾਸ਼ ਨਹੀਂ ਹੁੰਦੇ ਸੀ । ਸਾਰੀ ਉਮਰ ਇਕ ਜਦੋ-ਜਹਿਦ ਵਿਚ ਹੀ ਮੁਕਾਈ । ਉਨ੍ਹਾਂ ਸਾਰੀ ਜ਼ਿੰਦਗੀ ਸੁਖ ਨਹੀਂ ਵੇਖੇ । ਸਾਦਾ ਰਹੇ, ਪਰ ਦਿਲ ਦੀ ਸੋਚ ਤੇ ਦਿਮਾਗ਼ ਦੀ ਤਾਜ਼ਗੀ ਵਿਚ ਪੂਰੇ ਰਹੇ ਤੇ ਹਰ ਵੇਲੇ ਨਵੇਂ ਖ਼ਿਆਲਾਂ ਦੀ ਭਾਲ ਵਿਚ ਰਹੇ ।

ਉਹ ਨਾਕਾਮੀਆਂ ਤੋਂ ਵੀ ਕਦੀ ਨਹੀਂ ਘਬਰਾਏ । ਸਦਾ ਅੱਗੇ ਵਧਣ ਦਾ ਯਤਨ ਕੀਤਾ ਤੇ ਹਨੇਰੀਆਂ ਦਾ ਮੁਕਾਬਲਾ ਕਰਨ ਦੀ



Digitized by Panjab Digital Library | www.panjabdigilib.org

ਸ਼ਕਤੀ ਤੋਂ ਬਹਾਦਰਾਨਾ ਤਰੀਕੇ ਤੋਂ ਕੰਮ ਲਿਆ। ਮਾਸਟਰ ਜੀ ਦੀ ਇਕ ਸੈਕੂਲਰ ਜ਼ਿੰਦਗੀ ਸੀ। ਯੋਧਾ ਐਜੀਟੇਟਰ ਸਨ ਤੇ ਸਦਾ ਠੋਸ ਤੇ ਨਿੱਗਰ ਪਰੋਗਰਾਮਾਂ ਵੱਲ ਧਿਆਨ ਦੇਂਦੇ ਰਹਿੰਦੇ ਸਨ । ਸਿੱਖ ਮਿਸ਼ਨਰੀ ਕਾਲਜ ਵੀ ਉਨ੍ਹਾਂ ਦੀ ਕਾਢ ਹੈ।ਲੁਧਿਆਣੇ ਦੇ ਇੰਜੀਨੀਅਰਿੰਗ ਕਾਲਜ ਤੇ ਬੰਬਈ ਦੇ ਕਾਲਜ ਵੀ ਉਨ੍ਹਾਂ ਦੀ ਦੇਣ ਹਨ ।

## ਸ੍ਰੀ ਯੱਸ਼, ਰੋਜ਼ਾਨਾ ਮਿਲਾਪ–

ਮਾਸਟਰ ਤਾਰਾ ਸਿੰਘ ਜੀ ਇਕ ਮਹਾਨ ਨੇਤਾ ਸਨ; ਮਹਾਨ ਨਿਡੱਰ, ਨਿਸ਼ਕਾਮ।

ਆਪਣੇ ਵਿਚਾਰਾਂ ਲਈ ਜੀਵਨ-ਭਰ ਲੜਦੇ ਰਹੇ। ਨਾ ਕਦੀ ਥੱਕੇ ਤੇ ਨਾ ਕਦੀ ਹਾਰ ਮੰਨੀ । ਸਮਝੌਤਾ ਕਰਨਾ ਉਹ ਜਾਣਦੇ ਹੀ ਨਹੀਂ ਸਨ। ਉਹ ਕੇਵਲ ਵਰਤਮਾਨ ਸਿਖ ਸਿਆਸਤ ਦੇ ਹੀ ਜਨਮ-ਦਾਤਾ ਨਹੀਂ ਸਨ, ਸਗੋਂ ਸਿਖ ਸਿਆਸਤਦਾਨਾਂ ਦੇ ਵੀ। ਇਕ ਅੱਧ ਨੂੰ ਛੱਡ ਦਿਉ, ਬਾਕੀ ਕਿਸੇ ਵੀ ਸਿਆਸੀ ਜਾਂ ਧਾਰਮਿਕ ਸੰਸਥਾ ਵਿਚ ਤੁਹਾਨੂੰ ਕੋਈ ਵੀ ਐਸਾ ਸਿਖ ਲੀਡਰ ਨਹੀਂ ਮਿਲੇਗਾ ਜਿਸ ਨੇ ਆਪਣਾ ਪਬਲਿਕ ਜੀਵਨ ਮਾਸਟਰ ਜੀ ਦੇ ਚਰਨਾਂ ਵਿਚ ਬੈਠ ਕੇ ਸ਼ੁਰੂ ਨਾ ਕੀਤਾ ਹੋਵੇ। ਜਿਸ ਤਰ੍ਹਾਂ ਮਹਾਤਮਾ ਗਾਂਧੀ ਨੇ ਹਿੰਦੁਸਤਾਨ ਵਿਚ ਕੌਮੀ ਸਿਪਾਹੀਆਂ ਅਤੇ ਆਗੂਆਂ ਦੀਆਂ ਕਤਾਰਾਂ ਬੰਨ੍ਹ ਦਿਤੀਆਂ ਸਨ ਉਸੇ ਤਰ੍ਹਾਂ ਮਾਸਟਰ ਤਾਰਾ ਸਿੰਘ ਨੇ ਸਿਖ-ਵਰਕਰਾਂ ਤੇ ਆਗੂਆਂ ਨੂੰ ਤਿਆਰ ਕੀਤਾ। ਅਕਸਰ ਲੀਡਰ ਮਾਸਟਰ ਜੀ ਨੂੰ ਛਡ ਕੇ ਚਲੇ ਜਾਂਦੇ ਰਹੇ, ਪਰ ਮਾਸਟਰ ਜੀ ਆਪਣੀ ਥਾਂ ਤੇ ਅਟੱਲ ਖੜੇ ਰਹੇ। ਅਹੁਦੇ ਦਾ ਵੱਡੇ ਤੋਂ ਵੱਡਾ ਲਾਲਚ, ਸਰਕਾਰ ਦੀ ਵਧ ਤੋਂ ਵਧ ਸਖ਼ਤੀ, ਹਾਲਾਤ ਦੀ ਭੈੜੀ ਤਬਦੀਲੀ ਵੀ ਉਹਨਾਂ ਦੇ ਪੈਰਾਂ ਨੂੰ ਲੜਖੜਾ ਨਾ ਸਕੀ। ਮਾਸਟਰ ਤਾਰਾ ਸਿੰਘ ਜੀ ਦੇ ਵਿਚਾਰਾਂ ਨਾਲ ਮੈਨੂੰ ਸਦਾ ਮਤਭੇਦ ਰਿਹਾ ਹੈ। ਮੈਂ ਪੂਰੀ ਸ਼ਕਤੀ ਨਾਲ ਉਨ੍ਹਾਂ ਦਾ ਵਿਰੋਧ ਵੀ ਕੀਤਾ ਹੈ। ਪਰ ਕਦੇ ਵੀ ਮੇਰੇ ਦਿਲ ਵਿਚ ਉਹਨਾਂ ਦਾ ਸਨਮਾਨ ਘਟ



Digitized by Panjab Digital Library | www.panjabdigilib.org

ਨਹੀਂ ਹੋਇਆ। ਉਹ ਵਿਰੋਧੀ ਜ਼ਰੂਰ ਸਨ, ਪਰ ਦਲੇਰ ਤੇ ਇਮਾਨਦਾਰ। ਸਮਝਣ ਵਾਲਿਆਂ ਨੇ ਉਹਨਾਂ ਨੂੰ ਠੀਕ ਵੀ ਸਮਝਿਆ ਤੇ ਗ਼ਲਤ ਵੀ। ਪਰ ਉਹਨਾਂ ਨੇ ਦਿਲ ਦੀ ਗੱਲ ਲੁਕਾਈ ਨਹੀਂ। ਇਹ ਅਸੰਭਵ ਸੀ ਕਿ ਉਹਨਾਂ ਦੀ ਜ਼ਬਾਨ ਅਤੇ ਉਹਨਾਂ ਦੇ ਦਿਲ ਵਿਚ ਵੱਖ ਵੱਖ ਗੱਲਾਂ ਹੋਣ। ਜੋ ਆਖਦੇ ਉਹੀ ਕਰਦੇ। ਰਾਜਨੀਤੀ ਵਿਚ ਉਤਰਾ ਚੜ੍ਹਾ ਹੁੰਦੇ ਹੀ ਰਹਿੰਦੇ ਹਨ। ਜਿੱਤ ਅਤੇ ਹਾਰ ਸਿਆਸੀ ਜ਼ਿੰਦਗੀ ਦੇ ਦਿਨ ਅਤੇ ਰਾਤ ਹਨ। ਦਿਨ ਦੀ ਰੌਸ਼ਨੀ ਵਿਚ ਉਹਨਾਂ ਦੀਆਂ ਅੱਖਾਂ ਚੁੰਧਿਆ ਨਹੀਂ ਗਈਆਂ। ਰਾਤ ਦੇ ਹਨੇਰੇ ਨੇ ਉਨ੍ਹਾਂ ਦੇ ਮਨ ਵਿਚ ਘਬਰਾਹਟ ਪੈਦਾ ਨਹੀਂ ਕੀਤੀ। ਜਿੱਤ ਦੇ ਬਾਅਦ ਉਹ ਆਪਣਾ ਸੰਤੁਲਨ ਕਾਇਮ ਰਖਦੇ। ਮਨ ਨੂੰ ਉਲਾਰ ਨਾ ਹੋਣ ਦੇਂਦੇ ਅਤੇ ਹਾਰ ਦੇ ਬਾਅਦ ਉਹ ਆਪਣੇ ਰਾਹ ਤੇ ਲਗਾਤਾਰ ਅਗੇ ਵਧਦੇ ਰਹਿੰਦੇ। ਇਹ ਗੁਣ, ਇਹ ਖ਼ੂਬੀਆਂ ਉਸੇ ਲੀਡਰ ਵਿਚ ਹੁੰਦੀਆਂ ਹਨ, ਜਿਸ ਦਾ ਆਪਣਾ ਕੋਈ ਸੁਆਰਥ ਨਾ ਹੋਵੇ। ਮਾਸਟਰ ਜੀ ਦੀ ਸ਼ਖ਼ਸੀਅਤ ਜਿਤਨੀ ਮਹਾਨ ਸੀ ਉਤਨੀ ਹੀ ਨਿਸ਼ਕਾਮ।

ਬੀਤੇ ਥੋੜੇ ਸਮੇਂ ਤੋਂ ਕੁਝ ਅਜਿਹੇ ਲੀਡਰਾਂ ਨੇ, ਜਿਨ੍ਹਾਂ ਨੂੰ ਆਪ ਮਾਸਟਰ ਜੀ ਨੇ ਹੀ ਬਣਾਇਆ ਸੀ, ਉਨ੍ਹਾਂ ਦੀ ਮਹਾਨਤਾ ਘਟ ਕਰਨ ਦਾ ਯਤਨ ਕੀਤਾ। ਪਰ ਮਾਸਟਰ ਜੀ ਨੇ ਜੀਵਨ ਭਰ ਇਤਨਾ ਤੱਪ ਕੀਤਾ ਸੀ ਕਿ ਉਨ੍ਹਾਂ ਨੂੰ ਕੋਈ ਨੁਕਸਾਨ ਨਾ ਪੁਜ ਸਕਿਆ। ਸਿੱਖਾਂ ਵਿਚ ਜੋ ਪ੍ਰਸਿੱਧਤਾ, ਹਰਮਨ-ਪਿਆਰਤਾ ਮਾਸਟਰ ਜੀ ਨੂੰ ਪ੍ਰਾਪਤ ਸੀ, ਉਹ ਹੋਰ ਕਿਸੇ ਨੂੰ ਪ੍ਰਾਪਤ ਨਾ ਹੋ ਸਕੀ। ਲਗਾਤਾਰ ੪੫ ਸਾਲ ਤੱਕ ਉਹ ਸਿੱਖਾਂ ਦੇ ਅਹਿਮ ਅਤੇ ਪਿਆਰੇ ਜਾਂਦੇ ਆਗੂ ਮੰਨੇ ਜਾਂਦੇ ਰਹੇ। ਇਹਨਾਂ ੪੫ ਸਾਲਾਂ ਵਿਚ ਉਹਨਾਂ ਨੇ ਕੇਵਲ ਧਾਰਮਿਕ ਸਥਾਨਾਂ ਦੀ ਪਵਿੱਤਰਤਾ ਕਾਇਮ ਰਖਣ ਲਈ ਹੀ ਘੋਲ ਨਹੀਂ ਕੀਤਾ ਸਗੋਂ ਸੁਤੰਤਰਤਾ-ਸੰਗਰਾਮ ਵਿਚ ਵੀ ਹਿੱਸਾ ਲੈਂਦੇ ਰਹੇ। ਮਾਸਟਰ ਜੀ ਬੁਨਿਆਦੀ ਤੌਰ ਤੇ ਇਕ ਧਾਰਮਿਕ ਨੇਤਾ ਸਨ, ਪਰ ਉਹਨਾਂ ਦਾ ਵਿਸ਼ਵਾਸ ਸੀ ਕਿ ਧਰਮ ਦੀ ਰੱਖਿਆ ਸਿਆਸੀ ਤਾਕਤ ਦੇ ਬਿਨਾਂ



Digitized by Panjab Digital Library | www.panjabdigilib.org

ਨਹੀਂ ਹੋ ਸਕਦੀ। ਇਸ ਲਈ ਉਹ ਧਰਮ ਅਤੇ ਰਾਜਨੀਤੀ ਨੂੰ ਕਦੀ ਵੱਖ ਨਹੀਂ ਸਨ ਕਰਦੇ। ਉਹ ਧਰਮ ਦੇ ਲਈ ਹੀ ਰਾਜਨੀਤੀ ਵਿਚ ਦਖ਼ਲ ਦੇਣ ਲਗੇ। ਇਸ ਸੁਆਲ ਤੇ ਮਾਸਟਰ ਜੀ ਦੇ ਆਪਣੇ ਹੀ ਕਈ ਸਾਥੀਆਂ ਵਿਚ ਵਿਚਾਰ-ਵਿਰੋਧ ਸੀ, ਉਹ ਧਰਮ ਨੂੰ ਰਾਜਨੀਤੀ ਤੋਂ ਵੱਖ ਰੱਖਣਾ ਚਾਹੁੰਦੇ ਸਨ, ਪਰ ਮਾਸਟਰ ਜੀ ਦੇ ਦਿਮਾਗ਼ ਨੇ ਇਸ ਗੱਲ ਨੂੰ ਪ੍ਰਵਾਨ ਨਹੀਂ ਕੀਤਾ। ਆਪਣੇ ਜੀਵਨ ਦੇ ਆਖ਼ਰੀ ਪਲ ਤਕ ਉਹ ਇਸੇ ਵਿਚ਼ਾਰ ਅਨੁਸਾਰ ਕੰਮ ਕਰਦੇ ਰਹੇ।

ਮਾਸਟਰ ਜੀ ਵਰਗਾ ਨਿੱਡਰ ਅਤੇ ਬੇਬਾਕ ਲੀਡਰ ਬਹੁਤ ਘਟ ਮਿਲੇਗਾ। ਉਹਨਾਂ ਨੇ ਕਦੇ ਇਸ ਗੱਲ ਦੀ ਪ੍ਰਵਾਹ ਨਹੀਂ ਕੀਤੀ ਕਿ ਕੋਈ ਕੀ ਆਖੇਗਾ। ਉਹਨਾਂ ਨੇ ਕਿਸੇ ਨੂੰ ਨਰਾਜ਼ ਜਾਂ ਖ਼ੁਸ਼ ਕਰਨ ਲਈ ਕੁਝ ਨਹੀਂ ਕੀਤਾ। ਅੱਜ ਕਲ੍ਹ ਅਕਸਰ ਨੇਤਾ 'ਡਿਪਲੋਮੇਸੀ' ਵਿਚ ਵਿਸ਼ਵਾਸ ਰਖਦੇ ਹਨ। ਮਾਸਟਰ ਜੀ ਇਸ ਨਾਲ ਨਫ਼ਰਤ ਕਰਦੇ ਸਨ। ਮਾਸਟਰ ਜੀ ਦੀ ਸਭ ਤੋਂ ਵੱਡੀ ਤਾਕਤ ਵੀ ਇਹ ਹੀ ਸੀ ਅਤੇ ਸਭ ਤੋਂ ਵੱਡੀ ਕਮਜ਼ੋਰੀ ਵੀ ਇਹੋ ਸੀ। ਮਨ ਦੀ ਗੱਲ ਲੁਕਾਣਾ ਉਹ ਇਕ ਅਜਿਹਾ ਗੁਨਾਹ ਸਮਝਦੇ ਸਨ ਜੋ ਉਹਨਾਂ ਨੇ ਕਦੇ ਵੀ ਨਹੀਂ ਕੀਤਾ। ਉਹ ਕੇਵਲ ਆਪ ਹੀ ਸਿੱਧੀ ਤੇ ਸੱਚੀ ਗੱਲ ਕਹਿਣ ਵਾਲੇ ਨਹੀਂ ਸਨ ਸਗੋਂ ਆਸ ਕਰਦੇ ਸਨ ਕਿ ਦੂਜੇ ਵੀ ਉਹਨਾਂ ਨਾਲ ਛਲ-ਕਪਟ ਨਹੀਂ ਕਰਨਗੇ। ਪਰ ਉਹਨਾਂ ਦੀ ਇਹ ਆਸ ਕਦੀ ਪੂਰੀ ਨਹੀਂ ਹੋਈ। ਮਾਸਟਰ ਤਾਰਾ ਸਿੰਘ ਨੂੰ ਆਪਣੀਆਂ ਵਫ਼ਾਵਾਂ ਨਾਲ ਹੀ ਸ਼ਕਾਇਤ ਸੀ। ਉਹ ਸਦਾ ਵਫ਼ਾ ਹੀ ਕਰਦੇ ਰਹੇ।

ਪੰਜਾਬੀ ਸੂਬਾ ਬਨਵਾਉਣ ਦਾ ਕਰੈਡਿਟ ਚਾਹੇ ਕੋਈ ਲੈਣ ਦਾ ਜਤਨ ਕਰੇ, ਪਰ ਇਹ ਸੱਚਾਈ ਹੈ ਕਿ ਮਾਸਟਰ ਤਾਰਾ ਸਿੰਘ ਨੇ ਕੇਵਲ ਇਸ ਖ਼ਿਆਲ ਨੂੰ ਜਨਮ ਹੀ ਨਹੀਂ ਦਿੱਤਾ ਸਗੋਂ ਇਸ ਦੇ ਲਈ ਲਗਾਤਾਰ ਘੋਲ ਕੀਤਾ। ਉਹਨਾਂ ਦੀ ਕਲਪਨਾ ਦਾ ਪੰਜਾਬੀ ਸੂਬਾ ਬਣਿਆ ਜਾਂ ਨਹੀਂ, ਇਹ ਵੱਖਰੀ ਬਹਿਸ ਹੈ, ਪਰ ਜੇ ਮਾਸਟਰ ਤਾਰਾ ਸਿੰਘ ਨਾ ਹੁੰਦੇ ਤਾਂ ਪੰਜਾਬੀ ਸੂਬਾ ਵੀ ਨਾ ਹੁੰਦਾ। ਪੰਜਾਬੀ



Digitized by Panjab Digital Library | www.panjabdigilib.org

ਸੂਬਾ ਬਣਨ ਦੇ ਬਾਅਦ ਉਹ ਸਿਆਸਤ ਵਿਚ ਸਰਗਰਮ ਹਿੱਸਾ ਨਹੀਂ ਲੈ ਸਕੇ। ਉਹਨਾਂ ਦੀ ਸਿਹਤ ਨੇ ਇਜਾਜ਼ਤ ਨਾ ਦਿਤੀ, ਪਰ ਇਹ ਗੱਲ ਸਾਰੇ ਮੰਨਦੇ ਸਨ ਕਿ ਪੰਜਾਬੀ ਸੂਬਾ ਉਦੋਂ ਹੀ ਮੁਕੰਮਲ ਹੋਵੇਗਾ ਜਦ ਮਾਸਟਰ ਤਾਰਾ ਸਿੰਘ ਉਸ ਤੇ ਪੁਸ਼ਟੀ ਦੀ ਮੁਹਰ ਲਗਾ ਦੇਣਗੇ। ਸਿੱਖ ਰਾਜਨੀਤੀ ਵਿਚ ਉਹਨਾਂ ਦੇ ਵਿਰੋਧੀ ਫ਼ੈਸਲਾ ਕਰਨ ਤੋਂ ਪਹਿਲੇ ਮਾਸਟਰ ਜੀ ਦਾ ਨਾਂ ਚਾਹੇ ਨਾ ਲੈਣ ਪਰ ਉਹਨਾਂ ਦੇ ਹਰ ਫ਼ੈਸਲੇ ਤੇ ਮਾਸਟਰ ਤਾਰਾ ਸਿੰਘ ਪ੍ਰਭਾਵ ਪਾਂਦੇ ਸਨ। ਮਾਸਟਰ ਜੀ ਨੂੰ ਉਹਨਾਂ ਦੇ ਜੀਵਨ ਵਿਚ ਹੀ ਅੱਖੋਂ ਉਹਲੇ ਕਰਨਾ ਮੁਸ਼ਕਲ ਨਹੀਂ ਸੀ ਸਗੋਂ ਉਹਨਾਂ ਦੇ ਦਿਹਾਂਤ ਦੇ ਬਾਅਦ ਵੀ ਉਹਨਾਂ ਦਾ ਅਸਰ ਬਾਕੀ ਰਹੇਗਾ।

ਮਾਸਟਰ ਤਾਰਾ ਸਿੰਘ ਜੀ ਦੇ ਦਿਹਾਂਤ ਦੇ ਨਾਲ ਪੰਜਾਬ ਦਾ ਇਕ ਮਹਾਨ ਵਿਅੱਕਤੀ, ਇਕ ਨਿੱਡਰ ਨੇਤਾ ਅਤੇ ਨਿਸ਼ਕਾਮ ਸੇਵਕ ਉਠ ਗਿਆ ਹੈ। ਬੇਵਫ਼ਾਈ ਤੇ ਸਿਆਸੀ ਸੌਦੇਬਾਜ਼ੀ ਦੇ ਇਸ ਦੌਰ ਵਿਚ ਇਹ ਨੁਕਸਾਨ ਨਾ ਪੂਰਿਆ ਜਾ ਸਕਣ ਵਾਲਾ ਹੈ।

ਮਾਸਟਰ ਤਾਰਾ ਸਿੰਘ ਦੀ ਮਹਾਨਤਾ ਨੂੰ ਪ੍ਰਨਾਮ ਕਰਦੇ ਹੋਏ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ। —'ਯਸ਼'

## ਸ੍ਰੀ ਵਿਰਿੰਦਰ ਐਡੀਟਰ ਪ੍ਰਤਾਪ—

ਪੰਜਾਬ ਦਾ ਇਕ ਨਿਸ਼ਕਾਮ ਅਤੇ ਸੱਚਾ ਸੁੱਚਾ ਸੇਵਕ ਇਸ ਸੰਸਾਰ ਤੋਂ ਉਠ ਗਿਆ ਹੈ। ਮਾਸਟਰ ਤਾਰਾ ਸਿੰਘ ਸਿੱਖਾਂ ਦੇ ਨੇਤਾ ਸਮਝੇ ਜਾਂਦੇ ਸਨ ਅਤੇ ਇਸ ਵਿਚ ਸ਼ੱਕ ਨਹੀਂ ਕਿ ਉਨ੍ਹਾਂ ਨੇ ਆਪਣੇ ਜੀਵਨ ਦਾ ਬਹੁਤਾ ਹਿੱਸਾ ਸਿੱਖਾਂ ਦੀ ਉੱਨਤੀ ਅਤੇ ਭਲਾਈ ਲਈ ਘੋਲ ਕਰਦੇ ਹੋਏ ਬਿਤਾਇਆ। ਬੀਤੇ ੫੦ ਸਾਲ ਵਿਚ ਸਿੱਖਾਂ ਦੇ ਕਿਸੇ ਨੇਤਾ ਨੇ ਪੰਥ ਲਈ ਇਤਨਾ ਕੰਮ ਨਹੀਂ ਕੀਤਾ ਜਿਤਨਾ ਮਾਸਟਰ ਤਾਰਾ ਸਿੰਘ ਨੇ। ਸੌਂਦੇ, ਜਾਗਦੇ, ਉਠਦੇ, ਉਨ੍ਹਾਂ ਨੂੰ ਹਰ ਸਮੇਂ ਪੰਥ ਦੀ ਹੀ ਚਿੰਤਾ ਰਹਿੰਦੀ ਸੀ। ਉਹ ਆਪਣੇ ਆਪ ਨੂੰ 'ਪੰਥ ਦਾ ਦਾਸ'



Digitized by Panjab Digital Library | www.panjabdigilib.org

ਕਿਹਾ ਕਰਦੇ ਸਨ ਅਤੇ ਉਹ ਸਹੀ ਅਰਥਾਂ ਵਿਚ ਪੰਥ ਦੇ ਦਾਸ ਸਨ। ਆਪਣੇ ਜੀਵਨ ਦਾ ਇਕ ਇਕ ਪਲ ਉਨ੍ਹਾਂ ਨੇ ਪੰਥ ਦੀ ਸੇਵਾ ਵਿਚ ਬਤੀਤ ਕਰ ਦਿੱਤਾ। ਅਸਲ ਵਿਚ ਉਹ ਇਕ ਐਸੇ ਵਿਅੱਕਤੀ ਸਨ ਜਿਨ੍ਹਾਂ ਬਾਰੇ ਅਸੀਂ ਆਖ ਸਕਦੇ ਹਾਂ ਕਿ ਉਹ ਜੀਵੇ ਵੀ ਪੰਥ ਲਈ ਅਤੇ ਮਰੇ ਵੀ ਪੰਥ ਲਈ। ਸਿੱਖਾਂ ਵਿਚ ਕੋਈ ਦੂਸਰਾ ਨੇਤਾ ਅਜ ਤਕ ਪੈਦਾ ਨਹੀਂ ਹੋਇਆ ਜਿਸ ਨੂੰ ਸਿੱਖਾਂ ਦਾ ਇਤਨਾ ਦਰਦ ਰਿਹਾ ਹੋਵੇ ਜਿਤਨਾ ਕਿ ਮਾਸਟਰ ਤਾਰਾ ਸਿੰਘ ਨੂੰ, ਅਤੇ ਜਿਸ ਨੇ ਇਤਨੀ ਸੇਵਾ ਕੀਤੀ ਹੋਵੇ ਜਿਤਨੀ ਮਾਸਟਰ ਜੀ ਨੇ, ਅਤੇ ਉਹ ਵੀ ਨਿਰ-ਸੁਆਰਥ ਤੇ ਨਿਸ਼ਕਾਮ। ਉਹ ਚਾਹੁੰਦੇ ਤਾਂ ਸਿੱਖਾਂ ਦੇ ਪ੍ਰਤੀਨਿਧ ਦੇ ਰੂਪ ਵਿਚ ਭਾਰਤ ਸਰਕਾਰ ਦੇ ਵਜ਼ੀਰ ਵੀ ਬਣ ਸਕਦੇ ਸਨ। ਚਾਹੁੰਦੇ ਤਾਂ ਪੰਜਾਬ ਦੇ ਮੁਖ-ਮੰਤਰੀ ਵੀ ਬਣ ਸਕਦੇ ਸਨ, ਸਗੋਂ ਇਸ ਤੋਂ ਵੱਡੀ ਪਦਵੀ ਲੈਣਾ ਚਾਹੁੰਦੇ ਤਾਂ ਲੈ ਸਕਦੇ ਸਨ। ਪਰ ਉਨ੍ਹਾਂ ਨੇ ਕਦੇ ਵੀ ਸੰਸਾਰਕ ਜਾਹੋ-ਜਲਾਲ ਲਈ ਯਤਨ ਨਹੀਂ ਕੀਤਾ ਸੀ। ਸਾਰੀ ਉਮਰ ਉਹ ਫ਼ਕੀਰਾਂ ਵਾਂਗ ਹੀ ਰਹੇ ਅਤੇ ਆਖ਼ਰ ਫ਼ਕੀਰਾਂ ਵਾਂਗ ਹੀ ਇਸ ਸੰਸਾਰ ਤੋਂ ਚਲੇ ਗਏ।

ਮੈਂ ਲਿਖਿਆ ਹੈ ਕਿ ਉਹ ਸਿੱਖਾਂ ਦੇ ਨੇਤਾ ਸਨ, ਪਰ ਇਸ ਦੇ ਨਾਲ ਹੀ ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਪੰਜਾਬ ਇਕ ਸੱਚੇਸੁੱਚੇ ਹਮਦਰਦ ਤੇ ਨਿਰ-ਸੁਆਰਥ ਨੇਤਾ ਤੋਂ ਵਾਂਝਿਆ ਰਹਿ ਗਿਆ ਹੈ। ਇਹ ਇਸ ਲਈ ਕਿ ਓਹ ਸਿੱਖਾਂ ਦੇ ਨੇਤਾ ਹੁੰਦੇ ਹੋਏ ਵੀ ਪੰਜਾਬ ਦੇ ਨੇਤਾ ਸਨ। ਘਟੋ ਘਟ ੪੦ ਸਾਲ ਤਕ ਉਹ ਪੰਜਾਬ ਦੀ ਸਿਆਸਤ ਤੇ ਛਾਏ ਰਹੇ। ਉਹ ਸਮੇਂ ਵੀ ਆਏ ਜਦ ਪੰਜਾਬ ਦੀ ਰਾਜਨੀਤੀ ਦੀ ਕੁੰਜੀ ਉਹਨਾਂ ਦੇ ਹੱਥ ਵਿਚ ਹੋਇਆ ਕਰਦੀ ਸੀ। ਆਜ਼ਾਦੀ ਤੋਂ ਪਹਿਲੇ ਜਦ ਬਰਤਾਨਵੀ ਸਰਕਾਰ ਸਾਡੇ ਦੇਸ਼ ਦੇ ਆਗੂਆਂ ਨਾਲ ਸਮਝੌਤੇ ਲਈ ਗੱਲ-ਬਾਤ ਕੀਤਾ ਕਰਦੀ ਸੀ ਅਤੇ ਪੰਜਾਬ ਦਾ ਸੁਆਲ ਪੇਸ਼ ਹੁੰਦਾ ਸੀ ਤਾਂ ਮਾਸਟਰ ਤਾਰਾ ਸਿੰਘ ਨਾਲ ਸਲਾਹ-ਮਸ਼ਵਰਾ ਜ਼ਰੂਰੀ ਸਮਝਿਆ ਜਾਂਦਾ। ਆਜ਼ਾਦੀ ਦੇ ਬਾਅਦ ਕਾਂਗਰਸ ਨੇ ਵੀ ਪੰਜਾਬ ਬਾਰੇ ਜਦ ਕੋਈ ਫ਼ੈਸਲਾ



Digitized by Panjab Digital Library | www.panjabdigilib.org

ਕਰਨਾ ਹੁੰਦਾ ਤਾਂ ਉਹ ਮਾਸਟਰ ਜੀ ਦੇ ਵਿਚਾਰਾਂ ਦਾ ਧਿਆਨ ਰੱਖਣਾ ਜ਼ਰੂਰੀ ਸਮਝਦੀ। ਪੰਜਾਬ ਵਿਚ ਸੱਚਰ-ਫ਼ਾਰਮੂਲਾ ਬਣਿਆ ਤਾਂ ਇਸੇ ਲਈ, ਅਤੇ ਰੀਜਨਲ ਫ਼ਾਰਮੂਲਾ ਬਣਿਆ ਤਾਂ ਇਸ ਲਈ। ਸਿਖ ਹਰੀਜਨਾਂ ਨੂੰ ਹਿੰਦੂ ਹਰੀਜਨਾਂ ਦੇ ਬਰਾਬਰ ਅਧਿਕਾਰ ਮਿਲੇ ਤਾਂ ਉਹ ਵੀ ਮਾਸਟਰ ਤਾਰਾ ਸਿੰਘ ਦੀ ਬਦੌਲਤ, ਅਤੇ ਜੇ ਆਖ਼ਰ ਵਿਚ ਪੰਜਾਬੀ ਸੂਬਾ ਕਾਇਮ ਹੋਇਆ ਤਾਂ ਵੀ ਉਹਨਾਂ ਦੇ ਹੀ ਕਾਰਨ। ਸੰਤ ਫ਼ਤਹ ਸਿੰਘ ਨੇ ਪੰਜਾਬੀ ਸੂਬੇ ਦੀ ਆਖ਼ਰੀ ਲੜਾਈ ਜ਼ਰੂਰ ਲੜੀ ਪਰ ਉਹ ਸ਼ਾਇਦ ਨਾ ਲੜਦੇ ਜੇ ਮਾਸਟਰ ਤਾਰਾ ਸਿੰਘ ਲਗਾਤਾਰ ਪ੍ਰਚਾਰ ਨਾਲ ਉਹਨਾਂ ਨੂੰ ਇਸ ਲਈ ਮਜਬੂਰ ਨ ਕਰ ਦੇਂਦੇ। ਇਹ ਪੰਜਾਬੀ ਸੂਬਾ ਬਣਿਆ ਤਾਂ ਮਾਸਟਰ ਤਾਰਾ ਸਿੰਘ ਦੀ ਬਦੌਲਤ । ਸਗੋਂ ਅਸੀਂ ਤਾਂ ਇਹ ਵੀ ਆਖ ਸਕਦੇ ਹਾਂ ਕਿ ਮਾਸਟਰ ਤਾਰਾ ਸਿੰਘ ਜੀ ਦਾ ਵੱਸ ਚਲਦਾ ਤਾਂ ਉਹ ਇਸ ਕਦਰ ਬੇ-ਹਸੀਅਤ ਸੂਬਾ ਨਾ ਬਨਣ ਦੇਂਦੇ ਜਿਹੋ ਜਿਹਾ ਕਿ ਸੰਤ ਫ਼ਤਹ ਸਿੰਘ ਨੇ ਲੈ ਕੇ ਦਿੱਤਾ ਹੈ।

ਮਾਸਟਰ ਤਾਰਾ ਸਿੰਘ ਦੀ ਸਿਆਸਤ ਨਾਲ ਮੇਰੇ ਵਰਗੇ ਲੱਖਾਂ ਲੋਕਾਂ ਨੂੰ ਮਤ-ਭੇਦ ਸੀ। ਇਸ ਦੇ ਬਾਵਜੂਦ ਉਹ ਸਦਾ ਸਨਮਾਨ ਦੇ ਭਾਗੀ ਰਹੇ। ਉਹ ਇਸ ਲਈ ਕਿ ਉਹ ਇਕ ਈਮਾਨਦਾਰ ਅਤੇ ਨਿਰ-ਸੁਆਰਥ ਸਿਆਸਤਦਾਨ ਸਨ। ਉਹਨਾਂ ਵਿਚ ਕੋਈ ਛਲ-ਕਪਟ ਨਹੀਂ ਸੀ। ਜੋ ਉਹਨਾਂ ਦੇ ਦਿਲ ਵਿਚ ਹੁੰਦਾ ਉਹੀ ਉਨ੍ਹਾਂ ਦੀ ਜ਼ਬਾਨ ਤੇ ਹੁੰਦਾ, ਅਤੇ ਉਹਨਾਂ ਬਾਰੇ ਹਰ ਕੋਈ ਜਾਣਦਾ ਸੀ ਕਿ ਉਹ ਕਿਥੇ ਖੜੇ ਹਨ। ਨਾ ਉਹ ਆਪ ਧੋਖੇ ਵਿਚ ਰਹਿੰਦੇ ਸਨ ਤੇ ਨਾ ਕਿਸੇ ਦੂਸਰੇ ਨੂੰ ਧੋਖਾ ਦੇਂਦੇ ਸਨ। ਉਹ ਆਪ ਕਿਹਾ ਕਰਦੇ ਸਨ ਕਿ ਉਹਨਾਂ ਦੀ ਰਾਜਨੀਤੀ ਉਹਨਾਂ ਦੇ ਧਰਮ ਤੋਂ ਪ੍ਰਭਾਵਤ ਹੁੰਦੀ ਹੈ,ਇਸ ਲਈ ਉਹ ਉਸ ਨੂੰ ਛਲ-ਕਪਟ ਤੋਂ ਦੂਰ ਰੱਖਣ ਦਾ ਜਤਨ ਕਰਦੇ ਸਨ।

ਅੱਜ ਆਪ ਨੂੰ ਪੰਜਾਬ ਵਿਚ ਉਹਨਾਂ ਦੀ ਪੱਧਰ ਦਾ ਕੋਈ ਦੂਜਾ ਲੀਡਰ ਵਿਖਾਈ ਨਹੀਂ ਦੇਵੇਗਾ। ਜਿੰਨੇ ਵੀ ਸਾਹਮਣੇ ਵਿਖਾਈ ਦੇਂਦੇ ਹਨ, ਉਹਨਾਂ ਦੇ ਦਿਲ ਵਿਚ ਕੁਝ ਹੁੰਦਾ ਹੈ, ਜ਼ਬਾਨ ਤੇ ਕੁਝ।



Digitized by Panjab Digital Library | www.panjabdigilib.org

ਹਰ ਇਕ ਨੂੰ ਆਪਣੀ ਤਾਕਤ ਬਣਾਉਣ ਦੀ ਚਿੰਤਾ ਹੈ। ਨਾ ਕਿਸੇ ਨੂੰ ਪੰਥ ਦੀ ਚਿੰਤਾ ਹੈ ਨਾ ਪੰਜਾਬ ਦੀ। ਵਾਸਤਵ ਵਿਚ ਉਹ ਦੌਰ ਹੁਣ ਖ਼ਤਮ ਹੋ ਰਿਹਾ ਹੈ ਜਦ ਪੰਜਾਬ ਵਿਚ ਨਿਰਲੇਪ, ਸੱਚੇ ਸੁੱਚੇ ਤੇ ਨਿਸ਼ਕਾਮ ਨੇਤਾ ਪੈਦਾ ਹੁੰਦੇ ਸਨ। ਮਾਸਟਰ ਤਾਰਾ ਸਿੰਘ ਉਸ ਦੌਰ ਦੀ ਅੰਤਮ ਸ਼ਮ੍ਹਾ ਸਨ, ਅਤੇ ਹੁਣ ਉਹ ਬੁਝ ਗਈ।

ਨੇਤਾ ਤਾਂ ਫੇਰ ਵੀ ਪੈਦਾ ਹੁੰਦੇ ਰਹਿਣਗੇ, ਪਰ ਮਾਸਟਰ ਤਾਰਾ ਸਿੰਘ ਵਰਗਾ ਨਿਰ-ਸੁਆਰਥ ਨੇਤਾ ਸ਼ਾਇਦੰ ਹੀ ਸਿੱਖਾਂ ਨੂੰ ਫਿਰ ਮਿਲ ਸਕੇ ਅਤੇ ਇਤਨੀ ਇਮਾਨਦਾਰ, ਨਿੱਡਰ ਅਤੇ ਹਿਤੈਸ਼ੀ ਸ਼ਖ਼ਸੀਅਤ ਸ਼ਾਇਦ ਹੀ ਪੰਜਾਬ ਨੂੰ ਮਿਲ ਸਕੇ। ਅਜਿਹੇ ਬਜ਼ੁਰਗਾਂ ਦੇ ਚਲਾਣੇ ਨਾਲ ਦਿਲ ਨੂੰ ਇਕ ਠੇਸ ਜ਼ਰੂਰ ਪੁਜਦੀ ਹੈ ਪਰ—

ਜੋ ਬਾਦਾ-ਕਸ਼ ਥੇ ਪੁਰਾਨੇ ਵੋਹ ਉਠਤੇ ਜਾਤੇ ਹੈਂ।
ਕਹੀਂ ਸੇ ਆਬਿ ਬਕਾਏ ਦਵਾਮ ਲਾ ਸਾਕੀ।'ਵਿਰਿੰਦਰ'

## ਸ੍ਰੀ ਰਣਬੀਰ, ਮਿਲਾਪ, ਦਿੱਲੀ—

ਸਵੇਰੇ ਸਵੇਰੇ ਹੀ ਜਦ ਇਹ ਖ਼ਬਰ ਮਿਲੀ ਕਿ ਕੇਵਲ ਸਿੱਖਾਂ ਅਤੇ ਅਕਾਲੀਆਂ ਦੇ ਨਹੀਂ ਸਗੋਂ ਪੰਜਾਬ ਦੇ ਬਜ਼ੁਰਗ ਨੇਤਾ ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਦਾ ਦਿਹਾਂਤ ਹੋ ਗਿਆ ਹੈ ਤਾਂ ਮੇਰਾ ਦਿਲ ਰੋ ਪਿਆ। ਕੁਝ ਲੋਕ ਅਜਿਹੇ ਹੁੰਦੇ ਹਨ ਕਿ ਉਹ ਜੋ ਕੁਝ ਵੀ ਕਰਦੇ ਰਹਿਣ ਉਹਨਾਂ ਦੇ ਨਾਲ ਆਪਣੇ ਮਨ ਦੀ ਭਾਵਨਾ ਖ਼ਤਮ ਨਹੀਂ ਹੁੰਦੀ। ਮੇਰੇ ਲਈ ਮਾਸਟਰ ਤਾਰਾ ਸਿੰਘ ਜੀ ਇਸੇ ਕਿਸਮ ਦੇ ਬਜ਼ੁਰਗ ਸਨ। ਕਿੰਨੀ ਹੀ ਵਾਰ ਮੈਂ ਉਹਨਾਂ ਦੀ ਵਿਰੋਧਤਾ ਕੀਤੀ। ਕਿੰਨੀ ਹੀ ਵਾਰ ਉਹਨਾਂ ਦੀ ਪਾਲਿਸੀ, ਉਹਨਾਂ ਦੇ ਵਿਚਾਰ ਮੈਨੂੰ ਚੰਗੇ ਨਹੀਂ ਲੱਗੇ, ਤਦ ਵੀ ਉਹਨਾਂ ਨਾਲ ਪਿਆਰ ਕਰਦੇ ਹੋਏ ਆਪਣੇ ਵਿਚਾਰ ਨੂੰ ਕਦੀ ਛੁਪਾਇਆ ਨਹੀਂ। ਜਿਵੇਂ ਕੋਈ ਅਜ਼ੀਜ਼ ਆਪਣੇ ਬਜ਼ੁਰਗ ਨੂੰ ਆਖਦਾ ਹੋਵੇ, ਇਸ ਤਰ੍ਹਾਂ ਸਤਿਕਾਰ ਨਾਲ ਮੈਂ ਉਹਨਾਂ ਨੂੰ ਕਿਹਾ, 'ਮਾਨ ਯੋਗ ਜੀਉ! ਮੈਨੂੰ ਤੁਹਾਡੀ ਸੋਚ ਅਤੇ ਵਿਹਾਰ ਦਾ ਢੰਗ



Digitized by Panjab Digital Library | www.panjabdigilib.org

ਗ਼ਲਤ ਜਾਪਦਾ ਹੈ।' ਪਰ ਮਾਸਟਰ ਜੀ ਦੀ ਮਹਾਨਤਾ ਇਸ ਗੱਲ ਵਿਚ ਸੀ ਕਿ ਉਹਨਾਂ ਮੇਰੀ ਗੱਲ ਸੁਨਣ ਦੇ ਬਾਅਦ ਵੀ ਕਦੇ ਨਰਾਜ਼ਗੀ ਦਾ ਪ੍ਰਗਟਾਵਾ ਨਹੀਂ ਕੀਤਾ। ਕਦੀ ਉਸ ਪਿਆਰ ਨੂੰ ਘਟ ਨਾ ਹੋਣ ਦਿਤਾ ਜੋ ਉਹਨਾਂ ਦੇ ਦਿਲ ਵਿਚ ਮੌਜੂਦ ਸੀ। ਅੱਜ ਯਾਦ ਆਂਦਾ ਹੈ। ਇਕ ਵਾਰ ਉਹ ਅੰਮ੍ਰਿਤਸਰ ਤੋਂ ਦਿੱਲੀ ਆਏ। ਮੈਨੂੰ ਟੈਲੀਫ਼ੂਨ ਕੀਤਾ। ਕਿਹਾ, 'ਮੇਰੇ ਕੋਲ ਆਉ, ਮੈਂ ਤੇਰੇ ਨਾਲ ਇਕ ਜ਼ਰੂਰੀ ਸਲਾਹ ਕਰਨੀ ਹੈ।' ਮੈਂ ਬੇਨਤੀ ਕੀਤੀ, 'ਪਰ ਚਾਚਾ ਜੀ, ਮੈਂ ਤਾਂ ਤੁਹਾਡੇ ਵਿਰੁੱਧ ਲਿਖਿਆ ਹੈ।' ਉਹ ਹੱਸਦੇ ਹੋਏ ਆਖਣ ਲੱਗੇ, 'ਉਹ ਤਾਂ ਤੁਸੀਂ ਲਿਖਦੇ ਹੀ ਰਹਿੰਦੇ ਹੋ। ਇਸ ਨਾਲ ਕੀ ਫ਼ਰਕ ਪੈਂਦਾ ਹੈ। ਪਿਤਾ ਪੁੱਤਰ ਦੇ ਵਿਚਾਰ ਕਦੀ ਕਦੀ ਵਖ ਵੀ ਤਾਂ ਹੁੰਦੇ ਹਨ।'

ਅੱਜ ਐਸੀਆਂ ਕਿੰਨੀਆਂ ਹੀ ਗੱਲਾਂ ਯਾਦ ਆਉਂਦੀਆਂ ਹਨ। ਸਾਹਮਣੇ ਰੱਖੀ ਕੁਰਸੀ ਨੂੰ ਵੇਖਦਾ ਹਾਂ ਤਾਂ ਇਉਂ ਜਾਪਦਾ ਹੈ, ਹੁਣੇ ਮਾਸਟਰ ਜੀ ਆ ਕੇ ਉਸ ਤੇ ਬੈਠ ਜਾਣਗੇ। ਆਪਣੀ ਪਿਆਰ-ਭਰੀ ਅਵਾਜ਼ ਵਿਚ ਕਹਿਣਗੇ, 'ਮੈਂ ਤੈਨੂੰ ਵੇਖਦਾ ਜਾਵਾਂ।' ਇਸੇ ਸਾਹਮਣੇ ਵਾਲੀ ਕੁਰਸੀ ਤੇ ਆ ਕੇ ਉਹ ਬੈਠ ਜਾਂਦੇ ਸਨ। ਇਸੇ ਤਰ੍ਹਾਂ ਗੱਲ-ਬਾਤ ਦਾ ਅਰੰਭ ਕਰਦੇ ਸਨ, ਪਰ ਅੱਜ ਇਸ ਦੇਸ਼ ਵਿਚ ਮੇਰੇ ਵਾਂਗ ਕਿਤਨੇ ਹੀ ਲੋਕ ਉਹਨਾਂ ਨੂੰ ਯਾਦ ਕਰਨਗੇ। ਸਾਰਾ ਪੰਜਾਬ ਯਾਦ ਕਰੇਗਾ। ਸਾਰਾ ਹਿੰਦੁਸਤਾਨ ਅਤੇ ਇਸ ਦੇਸ਼ ਤੋਂ ਬਾਹਰ ਵੀ ਲੱਖਾਂ ਲੋਕ, ਜੋ ਉਹਨਾਂ ਨੂੰ ਜਾਣਦੇ।

ਸੱਚਾਈ ਇਹ ਹੈ ਕਿ ਉਹ ਕੇਵਲ ਇਕ ਇਨਸਾਨ ਨਹੀਂ, ਇਕ ਪੂਰੀ ਇੰਸਟੀਟਿਊਸ਼ਨ ਸਨ, ਜਿਸ ਨੇ ਇਸ ਦੇਸ਼ ਦੇ ਕਿਤਨੇ ਹੀ ਲੀਡਰਾਂ, ਲੇਖਕਾਂ, ਸਾਹਿੱਤਕਾਰਾਂ ਅਤੇ ਕੌਮੀ ਵਰਕਰਾਂ ਨੂੰ ਜਨਮ ਦਿੱਤਾ। ਕਿਸੇ ਸਿਖ ਨੇਤਾ ਦੀ ਵਿਰੋਧਤਾ ਦੇ ਲਈ ਜਾਂ ਉਸ ਦੀ ਮਹੱਤਤਾ ਨੂੰ ਘਟ ਕਰਨ ਦੇ ਲਈ ਨਹੀਂ ਸਗੋਂ ਸੱਚਾਈ ਅਤੇ ਈਮਾਨਦਾਰੀ ਦੀ ਭਾਵਨਾ ਨਾਲ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਦੇਸ਼ ਵਿਚ ਜਿਤਨੇ ਵੀ ਸਿਖ ਲੀਡਰ ਹਨ, ਉਹਨਾਂ ਨੂੰ ਲੀਡਰ ਬਣਾਉਣ ਵਾਲੇ ਮਾਸਟਰ



Digitized by Panjab Digital Library | www.panjabdigilib.org

ਤਾਰਾ ਸਿੰਘ ਜੀ ਸਨ । ਹੁਣ ਉਹ ਚੁਰਾਸੀ ਸਾਲ ਦੀ ਉਮਰ ਵਿਚ ਸਨ, ਪਰ ਉਨ੍ਹਾਂ ਨੇ ਪੰਜਾਬ ਦੀ ਅਤੇ ਸਿੱਖਾਂ ਦੀ ਰਾਜਨੀਤੀ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ ਤਾਂ ਸ਼ਾਇਦ ਉਸ ਸਮੇਂ ਜਦ ਉਹ ਮੁਸ਼ਕਲ ਨਾਲ ੨੪ ਸਾਲ ਦੇ ਸਨ। ਸੱਠ ਸਾਲ ਤਕ ਲਗਾਤਾਰ ਉਹ ਪੰਜਾਬ ਦੀ ਸਿਆਸਤ ਤੇ ਇਸ ਤਰ੍ਹਾਂ ਛਾਏ ਰਹੇ ਕਿ ਦੂਸਰੇ ਲੋਕ ਉਨ੍ਹਾਂ ਦੇ ਮੁਕਾਬਲੇ ਵਿਚ ਅਜਿਹੇ ਜਾਪਦੇ ਸਨ ਜਿਵੇਂ ਚੰਨ ਦੇ ਸਾਮ੍ਹਣੇ ਤਾਰੇ।

ਮੈਂ ਜਾਣਦਾ ਹਾਂ ਕਿ ਉਨ੍ਹਾਂ ਦੇ ਲੰਬੇ ਜੀਵਨ ਵਿਚ ਕਿਤਨੇ ਹੀ ਲੋਕਾਂ ਨੇ ਉਨ੍ਹਾਂ ਬਾਰੇ ਕਿੰਨੀਆਂ ਹੀ ਗੱਲਾਂ ਕਹੀਆਂ ਹਨ। ਆਖ਼ਰੀ ਦਿਨਾਂ ਚਿ ਉਨ੍ਹਾਂ ਦੇ ਵਿਰੋਧੀਆਂ ਦੀ ਗਿਣਤੀ ਉਨ੍ਹਾਂ ਦੇ ਹਾਮੀਆਂ ਨਾਲੋਂ ਜ਼ਿਆਦਾ ਸੀ, ਪਰ ਇਸ ਦੇ ਬਾਵਜੂਦ ਇਹ ਇਕ ਨਾ ਝੁਠਲਾਈ ਜਾ ਸਕਣ ਵਾਲੀ ਸੱਚਾਈ ਹੈ ਕਿ ਪਿਛਲੇ ਸੱਠ ਸਾਲਾਂ ਦਾ ਇਤਿਹਾਸ ਲਿਖਿਆ ਜਾਏ ਤਾਂ ਉਸ ਵਿਚ ਸਭ ਤੋਂ ਪਹਿਲੇ, ਸਭ ਤੋਂ ਉਘੇ ਰੂਪ ਵਿਚ, ਸਭ ਤੋਂ ਮੋਟੇ ਅੱਖਰਾਂ ਵਿਚ ਉਨ੍ਹਾਂ ਦਾ ਨਾਂ ਲਿਖਿਆ ਜਾਏਗਾ।

ਮੈਂ ਇਕ ਵਾਰ ਹੱਸਦੇ ਹੋਏ ਉਨ੍ਹਾਂ ਨੂੰ ਕਿਹਾ, 'ਚਾਚਾ ਜੀ! ਇਹ ਕੀ ਗੱਲ ਹੈ ਕਿ ਜਿਸ ਆਦਮੀ ਨੂੰ ਤੁਸੀਂ ਲੀਡਰ ਬਣਾਂਦੇ ਹੋ ਓਹੀ ਆਪ ਦਾ ਵਿਰੋਧੀ ਬਣ ਜਾਂਦਾ ਹੈ।' ਮਾਸਟਰ ਜੀ ਕਹਿਣ ਲਗੇ, 'ਨਹੀਂ, ਸਾਰੇ ਤਾਂ ਨਹੀਂ, ਪਰ ਜ਼ਿਆਦਾ ਤਰ ਲੋਕ ਮੈਥੋਂ ਸਿਖ ਕੇ ਮੇਰੀ ਹੀ ਵਿਰੋਧਤਾ ਸ਼ੁਰੂ ਕਰ ਦੇਂਦੇ ਹਨ। ਸ਼ਾਇਦ ਇਹ ਹੀ ਮੇਰਾ ਨਸੀਬ ਹੈ।' ਪਰ ਇਹ ਗੱਲ ਬਿਲਕੁਲ ਸੱਚ ਹੈ ਕਿ ਸਿੱਖਾਂ ਦੇ ੯੯ ਫ਼ੀ ਸਦੀ ਲੀਡਰ ਚਾਹੇ ਉਹ ਕਾਂਗਰਸੀ ਹੋਣ, ਗ਼ੈਰ-ਕਾਂਗਰਸੀ ਹੋਣ, ਇਕ ਧੜੇ ਦੇ ਅਕਾਲੀ ਹੋਣ ਜਾਂ ਦੂਜੇ ਧੜੇ ਦੇ ਅਕਾਲੀ, ਮਾਸਟਰ ਜੀ ਦੀ ਕਿਰਪਾ ਨਾਲ ਲੀਡਰ ਬਣੇ।

ਮੈਂ ਓਹਨਾਂ ਦੀ ਹਰ ਪਾਲਸੀ ਅਤੇ ਹਰ ਅੰਦੋਲਨ ਨਾਲ ਸੰਮਤੀ ਨਹੀਂ ਰਖਦਾ ਸਾਂ। ਮੇਰਾ ਵਿਸ਼ਵਾਸ਼ ਹੈ ਕਿ ਉਹਨਾਂ ਨੇ ਜੋ ਪੰਜਾਬੀ ਸੂਬਾ ਅੰਦੋਲਨ ਚਲਾਇਆ ਉਸ ਨਾਲ ਪੰਜਾਬ ਨੂੰ, ਪੰਜਾਬੀਆਂ ਨੂੰ, ਸਿੱਖਾਂ ਨੂੰ ਜਾਂ ਪੰਜਾਬੀ ਬੋਲੀ ਕਿਸੇ ਨੂੰ ਕੋਈ ਲਾਭ



Digitized by Panjab Digital Library | www.panjabdigilib.org

ਨਹੀਂ ਪੁੱਜਾ, ਪਰ ਇਸ ਦੇ ਬਾਵਜੂਦ ਮੇਰਾ ਵਿਸ਼ਵਾਸ ਹੈ ਕਿ ਮਾਸਟਰ ਜੀ ਆਪਣੇ ਲਈ ਨਹੀਂ ਦੂਸਰਿਆਂ ਲਈ ਸੋਚਦੇ ਸਨ। ਇਹ ਵਖਰੀ ਗੱਲ ਹੈ ਕਿ ਉਨ੍ਹਾਂ ਦਾ ਸੋਚਣ ਦਾ ਤਰੀਕਾ ਕਈ ਵਾਰ ਗ਼ਲਤ ਵੀ ਹੁੰਦਾ ਸੀ। ਉਨ੍ਹਾਂ ਦੇ ਕਈ ਸਾਥੀ ਉਨ੍ਹਾਂ ਨੂੰ ਗ਼ਲਤ ਸਲਾਹ ਦੇ ਕੇ ਗ਼ਲਤ ਰਸਤਿਆਂ ਤੇ ਚਲਾ ਦਿੰਦੇ ਸਨ, ਪਰ ਇਸ ਦੇ ਨਾਲ ਇਹ ਵੀ ਸੱਚ ਹੈ ਕਿ ਮਾਸਟਰ ਜੀ ਨਾਲੋਂ ਸਿੱਧਾ ਤੇ ਸਜਣ ਸਿਆਸਤਦਾਨ ਪੰਜਾਬ ਦੇ ਇਸ ਯੁਗ ਵਿਚ ਸ਼ਾਇਦ ਹੋਇਆ ਨਹੀਂ।

ਅੱਜ ਉਹ ਨਹੀਂ ਹਨ ਤਾਂ ਇੰਜ ਜਾਪਦਾ ਹੈ ਕਿ ਪਿਆਰ ਦਾ ਇਕ ਹੜ੍ਹ ਰੁਕ ਗਿਆ ਹੈ। ਜਾਣਾ ਸਾਰਿਆਂ ਨੇ ਹੈ ਪਰ ਮਾਸਟਰ ਜੀ ਨੂੰ ਉਨ੍ਹਾਂ ਦਾ ਦੇਸ਼ ਕਦੇ ਭੁੱਲੇਗਾ ਨਹੀਂ।

## ਸਿੰਘ ਸਾਹਿਬ ਗਿ:ਭੂਪਿੰਦਰ ਸਿੰਘ ਪ੍ਰਧਾਨ ਸ਼੍ਰੋ:ਅਕਾਲੀ ਦਲ–

ਮਾਸਟਰ ਜੀ ਇਕ ਚਮਕਦਾ ਤਾਰਾ ਸੀ। ਉਹ ਹੋਰਨਾਂ ਨੂੰ ਰੌਸ਼ਨੀ ਦੇਂਦੇ ਸਨ। ਇਕ ਮਨੁੱਖ ਵਿਚ ਦੂਰ-ਅੰਦੇਸ਼, ਮੁਦੱਬਰ, ਸਿਪਾਹ-ਸਾਲਾਰ, ਫ਼ਕੀਰ ਤੇ ਕੀ ਨਹੀਂ ਸਨ। ਧੱਕੇ ਦੇ ਖ਼ਿਲਾਫ਼ ਯੁੱਧ ਕਰਨਾ ਹੀ ਆਪਣਾ ਧਰਮ ਸਮਝਦੇ ਸਨ। ਉਹ ਕਹਿੰਦੇ ਸਨ ਕਿ ਮੈਂ ਕੋਈ ਪਾਲ਼ਟੀਸ਼ਨ ਨਹੀਂ, ਹਾਂ ਕੇਵਲ ਦੇਸ਼ ਦੀ ਹਾਲਤ ਨੇ ਮੈਨੂੰ ਪਾਲਿਟਿਕਸ ਵਲ ਲੈ ਆਂਦਾ ਹੈ। ਅਸਲੀਅਤ ਵਿਚ ਧਰਮ ਹੀ ਇਨਸਾਨ ਨੂੰ ਨੇਕੀ ਸਿਖਾਂਦਾ ਹੈ, ਇਹ ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ। ਉਹ ਕਹਿੰਦੇ ਸਨ ਕਿ ਜਿਸ ਦਿਨ ਮੈਂ ਅੰਮ੍ਰਿਤ ਪਾਨ ਕੀਤਾ ਸੀ ਉਸ ਦਿਨ ਦਾ ਆਪਣਾ ਸਭ ਕੁਝ ਪੰਥ ਤੇ ਦੇਸ਼ ਨੂੰ ਅਰਪਣ ਕਰ ਬੈਠਾ ਹਾਂ, ਹੁਣ ਤਾਂ ਜੋ ਦੇਸ਼ ਤੇ ਪੰਥ ਕਰਾਂਦਾ ਹੈ ਮੈਂ ਕਰਦਾ ਹਾਂ। ਉਹ ਕਹਿੰਦੇ ਸਨ ਕਿ ਇਸ ਪ੍ਰਤੱਗਿਆ ਤੇ ਮੈਂ ਆਖ਼ਰੀ ਦਮ ਤਕ ਕਾਇਮ ਹਾਂ। ਕਈ ਲੋਕ ਮੈਨੂੰ ਰੀਟਾਇਰ ਹੋਣ ਲਈ ਕਹਿੰਦੇ ਹਨ। ਉਸ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਚੰਗੇ ਸਾਧਨਾਂ ਨਾਲ ਹਾਲਾਤ ਚੰਗੇ ਬਣਾ ਲੈਣਾ ਕੋਈ



Digitized by Panjab Digital Library | www.panjabdigilib.org

ਵੱਡੀ ਗੱਲ ਨਹੀਂ, ਪਰ ਮਾਸਟਰ ਤਾਰਾ ਸਿੰਘ ਨੇ ਖ਼ਿਜ਼ਾਂ ਵਿਚ ਬਹਾਰਾਂ ਪੈਦਾ ਕੀਤੀਆਂ ਹਨ। ਉਹ ਹਾਰ ਤੋਂ ਪਰੇਸ਼ਾਨ ਨਹੀਂ ਹੋਏ। ਆਪਣੇ ਨਿਸ਼ਾਨੇ ਦੇ ਪੱਕੇ ਸਨ, ਜਿੱਤ ਹਾਰ ਦਾ ਵਿਚਾਰ ਨਹੀਂ ਰਖਦੇ ਸਨ। ਮੈਨੂੰ ਕੋਈ ਐਸਾ ਸੱਜਣ ਹੋਰ ਨਹੀਂ ਨਜ਼ਰ ਆਇਆ, ਜਿਸ ਪੰਥ ਤੇ ਦੇਸ਼ ਲਈ ਸਾਰਾ ਜੀਵਨ ਜੀਵਿਆ ਹੋਵੇ। ਉਨ੍ਹਾਂ ਨੂੰ ਇਕ ਵਾਰੀ ਪੁੱਛਿਆ ਕਿ ਤੁਸੀਂ ਦੇਸ਼ ਦੀ ਭਲਾਈ ਦੀ ਤਾਂ ਹਰ ਵੇਲੇ ਸੋਚਦੇ ਹੋ, ਪਰ ਕੋਈ ਤੁਹਾਡੀ ਇਸ ਲਈ ਸਲਾਹ ਨਹੀਂ ਲੈਂਦਾ। ਉਸ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਮੈਂ ਕਿਸੇ ਲਈ ਇਸ ਦੇਸ਼ ਦੀ ਭਲਾਈ ਨਹੀਂ ਸੋਚਦਾ, ਮੈਂ ਤਾਂ ਸੋਚਦਾ ਹਾਂ ਕਿ ਇਸ ਦੇਸ਼ ਵਿਚ ਪਟਨਾ ਸਾਹਿਬ, ਅਨੰਦਪੁਰ ਸਾਹਿਬ, ਦਰਬਾਰ ਸਾਹਿਬ, ਹਜ਼ੂਰ ਸਾਹਿਬ ਹਨ, ਜਿਨ੍ਹਾਂ ਨੂੰ ਮੇਰੇ ਸਾਹਿਬ ਨੇ ਸਾਜਿਆ-ਨਿਵਾਜਿਆ ਹੈ, ਜੇ ਪੰਜਾਬ ਨਾ ਰਿਹਾ ਤਾਂ ਇਨ੍ਹਾਂ ਦਾ ਕੀ ਬਣੇਗਾ, ਇਸ ਲਈ ਮੈਂ ਹਰ ਵੇਲੇ ਸੋਚਦਾ ਹੀ ਨਹੀਂ ਸਭ ਕੁਝ ਲਾ ਦੇਣ ਲਈ ਤਿਆਰ ਹਾਂ। ਮਾਸਟਰ ਜੀ ਲਈ ਉਨ੍ਹਾਂ ਦੇ ਆਦਰਸ਼ਾਂ ਤੇ ਚਲ ਕੇ, ਅਕਾਲੀ ਦਲ, ਦੇਸ਼ ਤੇ ਸਿਖਾਂ ਦੀ ਭਲਾਈ ਲਈ ਸੋਚਣਾ, ਤੇ ਕਰਨਾ ਹੀ ਸੱਚੀ ਸ਼ਰਧਾਂਜਲੀ ਹੋਵੇਗੀ।

## ਮਾਸਟਰ ਜੀ ਦਾ ਅੰਤਮ ਇੰਟਰਵਿਊ–

ਹਸਪਤਾਲ ਵਿਚ ਸਟੇਟਸਮੈਨ ਦੇ ਪ੍ਰਤੀਨਿਧ ਸ਼੍ਰੀ ਡੀ. ਪੀ. ਕੁਮਾਰ ਨੇ ਆਪ ਨਾਲ ਮੁਲਾਕਾਤ ਕੀਤੀ। ਇਕ ਪੱਤਰਕਾਰ ਦੇ ਨਾਲ ਉਹਨਾਂ ਦਾ ਇਹ ਅੰਤਮ ਇੰਟਰਵਿਊ ਸੀ। ਉਹ ਉਸ ਸਮੇਂ ਬੜੇ ਆਸਵੰਦ ਸਨ ਅਤੇ ਜ਼ਿੰਦਗੀ ਤੋਂ ਸਰਗਰਮੀ ਦੀ ਇਕ ਜੀਉਂਦੀ-ਜਾਗਦੀ ਮੂਰਤ ਸਨ। ਸ਼੍ਰੀ ਡੀ. ਪੀ. ਕੁਮਾਰ ਨੇ ਕਿਹਾ, ਮਾਸਟਰ ਤਾਰਾ ਸਿੰਘ ਨੇ ਆਪਣੀ ਸਿਆਸੀ ਜ਼ਿੰਦਗੀ ਦੇ ਇਹਨਾਂ ਹਨੇਰੇ ਦਿਨਾਂ ਵਿਚ ਜਿਸ ਬਹਾਦਰੀ, ਦ੍ਰਿੜ੍ਹਤਾ ਅਤੇ ਬਿਮਾਰੀ ਦੇ ਬਾਵਜੂਦ ਜਿਸ ਸਵੈ-ਵਿਸ਼ਵਾਸ ਦਾ ਪ੍ਰਗਟਾਵਾ ਕੀਤਾ ਹੈ ਉਹ ਬੜਾ ਵਚਿੱਤਰ ਹੈ। ਮਾਸਟਰ ਜੀ ਨਾਲ ਮੇਰੀ ਮੁਲਾਕਾਤ ਉਸ ਸਮੇਂ ਹੋਈ ਜਦ ਉਹ ਬੜੀ ਗੁੰਝਲਦਾਰ



Digitized by Panjab Digital Library | www.panjabdigilib.org

ਬੀਮਾਰੀ ਕਾਰਨ ਕਈ ਦਿਨ ਤੋਂ ਬੀਮਾਰ ਪਏ ਸਨ। ਅਜਿਹੀ ਹਾਲਤ ਵਿਚ ਵੀ ਐਸੀ ਦ੍ਰਿੜ੍ਹਤਾ ਹੈਰਾਨੀ ਵਾਲੀ ਗੱਲ ਨਹੀਂ ਤਾਂ ਹੋਰ ਕੀ ਹੈ ?

ਜੰਗੀ ਸਪਿਰਟ—ਪਰ ਮਾਸਟਰ ਤਾਰਾ ਸਿੰਘ ਹਿੰਮਤ ਹਾਰਨਾ ਨਹੀਂ ਜਾਣਦੇ ਸਨ। ਮੈਂ ਉਨ੍ਹਾਂ ਨੂੰ ਸਲੇਟ ਤੇ ਸੁਆਲ ਲਿਖ ਕੇ ਵਿਖਾ ਰਿਹਾ ਸਾਂ ਕਿਉਂਕਿ ਉਹ ਬਹੁਤਾ ਉੱਚਾ ਸੁਣਦੇ ਸਨ। ਉਨ੍ਹਾਂ ਨੇ ਹਰ ਸੁਆਲ ਦਾ ਬਹੁਤ ਗਰਮ-ਜੋਸ਼ੀ ਨਾਲ ਉੱਤਰ ਦਿੱਤਾ। ਉਹ ਜੋਸ਼ ਵਿਚ ਆ ਕੇ ਕਦੀ-ਕਦਾਈਂ ਆਪਣੀ ਤਲੀ ਤੇ ਮੁੱਕਾ ਮਾਰਦੇ ਸਨ, ਜਿਸ ਤੋਂ ਸਬੂਤ ਮਿਲਦਾ ਸੀ ਕਿ ਬੀਮਾਰੀ ਅਤੇ ਬੁਢੇਪੇ ਦੇ ਬਾਵਜੂਦ ਵੀ ਉਨ੍ਹਾਂ ਵਿਚ ਜਵਾਨਾਂ ਵਾਲਾ ਹੌਸਲਾ, ਉਤਸ਼ਾਹ ਤੇ ਲੜਨ ਦੀ ਸਪਿਰਟ ਮੌਜੂਦ ਹੈ।

ਮਾਸਟਰ ਤਾਰਾ ਸਿੰਘ ਨੇ ਦੱਸਿਆ ਕਿ ਉਹ ਹਸਪਤਾਲ ਤੋਂ ਛੁੱਟੀ ਪ੍ਰਾਪਤ ਕਰਦੇ ਹੀ ਸਿੱਖਾਂ ਦਾ ਇਕ ਲੜਾਕਾ ਦਲ ਬਣਾਉਣਗੇ, ਕਿਉਂਕਿ ਸਾਨੂੰ ਬਹੁਤ ਛੇਤੀ ਮਹਾਨ ਖ਼ਤਰੇ ਦਾ ਸਾਹਮਣਾ ਹੋਣ ਵਾਲਾ ਹੈ। ਮੈਂ ਪੁੱਛਿਆ, ਕੀ ਉਹ ਪੰਜਾਬ ਵਿਚ ਸ਼ਿਵ-ਸੈਨਾ ਵਰਗੀ ਜੱਥੇਬੰਦੀ ਬਣਾਉਣਾ ਚਾਹੁੰਦੇ ਹਨ ? ਮਾਸਟਰ ਤਾਰਾ ਸਿੰਘ ਇਸ ਸੁਆਲ ਨੂੰ ਟਾਲ ਗਏ। ਉਨ੍ਹਾਂ ਨੇ ਇਤਨਾ ਜ਼ਰੂਰ ਕਿਹਾ ਕਿ ਉਹ ਪੰਜਾਬ ਵਿਚ ਲੜਾਕਾ ਸਿੱਖਾਂ ਦਾ ਜੋ ਦਲ ਕਾਇਮ ਕਰਨਾ ਚਾਹੁੰਦੇ ਹਨ ਉਹ ਅੰਦਰੂਨੀ ਤੇ ਬਾਹਰੀ ਦੋਹਾਂ ਲੜਾਈਆਂ ਵਿਚ ਹਿੱਸਾ ਲਏਗਾ।

ਜਿਥੋਂ ਤਕ ਅੰਦਰੂਨੀ ਲੜਾਈਆਂ ਦਾ ਸਬੰਧ ਹੈ, ਉਨ੍ਹਾਂ ਨੇ ਕਿਹਾ, ਸਾਨੂੰ ਸਿੱਖਾਂ ਦੇ ਹੱਕਾਂ ਲਈ ਲੜਨਾ ਹੋਏਗਾ। ਇਸ ਦੇ ਇਲਾਵਾ ਦੇਸ਼ ਚਿ ਜੋ ਅਫੜਾ-ਤਫੜੀ ਪੈਦਾ ਹੋ ਚੁਕੀ ਹੈ ਅਤੇ ਹਰ ਸਮੇਂ ਵਧਦੇ ਭ੍ਰਿਸ਼ਟਾਚਾਰ ਨਾਲ ਵੀ ਨਿਪਟਣਾ ਹੋਏਗਾ। ਸਾਨੂੰ ਸਭ ਤੋਂ ਵੱਡਾ ਖ਼ਤਰਾ ਪਾਕਿਸਤਾਨ ਵਲੋਂ ਹੈ ਅਤੇ ਇਸ ਖ਼ਤਰੇ ਨੂੰ ਪਿੱਛੇ ਧੱਕਣਾ ਹੀ ਹੋਏਗਾ। ਪਰ ਮਾਸਟਰ ਜੀ ਨੇ ਇਹ ਖ਼ਿਆਲ ਵੀ ਪਰਗਟ ਕੀਤਾ ਕਿ ਭਾਰਤ ਅਤੇ ਪਾਕਿਸਤਾਨ ਦੇ ਆਪਸੀ ਝਗੜਿਆਂ ਦਾ ਹੱਲ



Digitized by Panjab Digital Library | www.panjabdigilib.org

ਲੱਭਣਾ ਇਕ ਅਨਹੋਣੀ ਜਿਹੀ ਗੱਲ ਹੈ। ਆਪ ਨੇ ਕਿਹਾ, ਭਾਰਤ ਅਤੇ ਪਾਕਿਸਤਾਨ ਦੋ ਵਖ ਵਖ ਦੇਸ਼ਾਂ ਦੇ ਰੂਪ ਵਿਚ ਨਹੀਂ ਸਗੋਂ ਇਕ ਹੀ ਦੇਸ਼ ਦੇ ਦੋ ਵਖ ਵਖ ਹਿੱਸਿਆਂ ਦੇ ਤੌਰ ਤੇ ਜੀਂਦੇ ਰਹਿ ਸਕਦੇ ਹਨ। ਮਾਸਟਰ ਤਾਰਾ ਸਿੰਘ ਦਾ ਭਾਰਤ ਅਤੇ ਸਿੱਖਾਂ ਦੇ ਸੁਹਾਉਣੇ ਭਵਿੱਖ ਵਿਚ ਅਟੱਲ ਵਿਸ਼ਵਾਸ ਸੀ।

ਉਨ੍ਹਾਂ ਨੇ ਦੇਸ਼ ਦੀ ਵਰਤਮਾਨ ਸਥਿਤੀ ਦੀ ਬਹੁਤ ਹੀ ਅਫ਼ਸੋਸਨਾਕ ਤਸਵੀਰ ਪੇਸ਼ ਕੀਤੀ। ਉਨ੍ਹਾਂ ਨੇ ਕਿਹਾ, ਜਿਸ ਨਮੂਨੇ ਦਾ ਰਾਜ-ਪਰਬੰਧ ਅਸਾਂ ਕਾਇਮ ਕੀਤਾ ਹੋਇਆ ਹੈ ਉਹ ਦੇਸ਼ ਦੇ ਲਈ ਉਚਿੱਤ ਨਹੀਂ ਹੈ ਅਤੇ ਨਾ ਹੀ ਇਸ ਨੂੰ ਚੰਗੀ ਸਰਕਾਰ ਕਰਾਰ ਦਿੱਤਾ ਜਾ ਸਕਦਾ ਹੈ। ਪੱਛਮੀ ਬੰਗਾਲ ਵਿਚ ਲੋਕ-ਰਾਜੀ ਰਾਜ-ਪਰਬੰਧ ਦਾ ਢਾਂਚਾ ਖੇਰੂੰ ਖੇਰੂੰ ਹੋ ਰਿਹਾ ਹੈ। ਹਰ ਥਾਂ ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ। ਸਿਆਸੀ ਭ੍ਰਿਸ਼ਟਾਚਾਰ ਤਾਂ ਖ਼ੂਬ ਜੋਬਨ ਤੇ ਹੈ, ਮੈਨੂੰ ਇਉਂ ਜਾਪਦਾ ਹੈ ਜਿਵੇਂ ਅਫ਼ੜਾ-ਤਫ਼ੜੀ ਦਾ ਜ਼ਮਾਨਾ ਬਹੁਤ ਦੂਰ ਨਹੀਂ।

ਆਸ ਦੀ ਕਿਰਨ—ਪਰ ਘਟਾ-ਟੋਪ ਹਨੇਰੇ ਵਿਚ ਵੀ ਰੌਸ਼ਨੀ ਦੀ ਕੋਈ ਕਿਰਨ ਮਾਸਟਰ ਤਾਰਾ ਸਿੰਘ ਨੂੰ ਵਿਖਾਈ ਦੇ ਰਹੀ ਸੀ। ਉਨ੍ਹਾਂ ਨੇ ਕਿਹਾ, ਭਾਰਤ ਦੀਆਂ ਸਿਆਸੀ ਅਤੇ ਆਰਥਕ ਬੀਮਾਰੀਆਂ ਦਾ ਇਕੋ-ਇਕ ਇਲਾਜ ਡਿਕਟੇਟਰਸ਼ਿਪ ਹੈ। ਅਫ਼ੜਾ-ਤਫ਼ੜੀ ਤੇ ਬੇਕਾਨੂੰਨੀ ਨਾਲੋਂ ਡਿਕਟੇਟਰਸ਼ਿਪ ਹਜ਼ਾਰ ਗੁਣਾ ਚੰਗੀ ਹੈ। ਮੈਨੂੰ ਆਸ ਹੈ ਕਿ ਭਾਰਤ ਵਿਚ ਵੀ ਕੋਈ ਫ਼ੌਲਾਦੀ ਇਨਸਾਨ ਪਰਗਟ ਹੋਵੇਗਾ ਅਤੇ ਓਹ ਭਾਰਤ ਦੀ ਨੱਈਆ ਨੂੰ ਤੂਫਾਨੀ ਸਾਗਰ ਵਿਚੋਂ ਮੱਖਣ ਵਿਚੋਂ ਵਾਲ ਵਾਂਗ ਕੱਢ ਕੇ ਲੈ ਜਾਏਗਾ। ਸਤਿਗੁਰੂ ਨੇ ਕਿਹਾ ਹੈ ਕਿ ਅਜਿਹੇ ਸਿਖ ਪੈਦਾ ਹੋਣਗੇ ਜੋ ਬਹੁਤ ਜੰਗਜੂ ਹੋਣਗੇ। ਮੈਂ ਚਾਹੁੰਦਾ ਹਾਂ ਕਿ ਭਾਰਤ ਵਿਚ ਫ਼ੌਜੀ ਡਿਕਟੇਟਰਸ਼ਿਪ ਕਾਇਮ ਹੋ ਜਾਏ।

ਭਵਿੱਖ-ਬਾਣੀਆਂ—ਮਾਸਟਰ ਜੀ ਨੇ ਕਿਹਾ ਕਿ ਮੇਰੀਆਂ ਭਵਿੱਖ-ਬਾਣੀਆਂ ਦੇ ਕਾਰਨ ਮੇਰਾ ਹਾਸਾ ਉਡਾਇਆ ਜਾਂਦਾ ਰਿਹਾ



Digitized by Panjab Digital Library | www.panjabdigilib.org

ਹੈ, ਪਰ ਮੈਂ ਜੋ ਵੀ ਭਵਿਖ ਬਾਣੀਆਂ ਕੀਤੀਆਂ ਉਹ ਅੰਤ ਸੱਚ ਸਾਬਤ ਹੋਈਆਂ। ਚੀਨ ਤੇ ਪਾਕਿਸਤਾਨ ਨਾਲ ਜੰਗ ਦੀ ਭਵਿਖ-ਬਾਣੀ ਕੀਤੀ ਸੀ ਉਹ ਸੱਚ ਸਾਬਤ ਹੋਈ। ਪ੍ਰਤਾਪ ਸਿੰਘ ਕੈਰੋਂ ਦੀ ਡਰਾਉਣੀ ਢਹਿੰਦੀ ਕਲਾ ਅਤੇ ਨਿਰਾਦਰੀ-ਭਰੀ ਮੌਤ ਬਾਰੇ ਕਿਹਾ ਸੀ ਉਹ ਸੱਚ ਸਾਬਤ ਹੋਇਆ। ਇਹ ਵੀ ਕਿਹਾ ਸੀ ਕਿ ਭ੍ਰਿਸ਼ਟਾਚਾਰ ਇਸ ਦੇਸ਼ ਵਿਚ ਕਾਂਗਰਸ ਦੇ ਪਤਨ ਦਾ ਕਾਰਨ ਬਣੇਗਾ ਤੇ ਇਹ ਗੱਲ ਵੀ ਸੱਚ ਹੋ ਕੇ ਨਿਬੜੀ ਹੈ।

ਵੰਡ ਦਾ ਸਮਾਂ—ਮਾਸਟਰ ਤਾਰਾ ਸਿੰਘ ਨੇ ਦੇਸ਼ ਦੇ ਬਟਵਾਰੇ ਦੇ ਸਮੇਂ ਦੀ ਯਾਦ ਦਿਵਾਂਦਿਆਂ ਕਿਹਾ ਕਿ ਮੈਂ ਨੰਗੀ ਕਿਰਪਾਨ ਹੱਥ ਵਿਚ ਲੈ ਕੇ ਲਾਹੌਰ ਦੇ ਕਿਲ੍ਹੇ ਤਕ ਗਿਆ ਸਾਂ ਅਤੇ ਸਰਦਾਰ ਪਟੇਲ ਨੂੰ ਪਤਾ ਸੀ ਕਿ ਜੇ ਮੈਂ ਓਸ ਵੇਲੇ ਇਹ ਸਾਹਸ ਨਾ ਦਿਵਾਂਦਾ ਤਾਂ ਸਤਲੁਜ ਤਕ ਦਾ ਇਲਾਕਾ ਪਾਕਿਸਤਾਨ ਨੂੰ ਮਿਲ ਜਾਂਦਾ।

ਮਾਸਟਰ ਤਾਰਾ ਸਿੰਘ ਵਰਤਮਾਨ ਪੰਜਾਬੀ ਸੂਬੇ ਤੋਂ ਉੱਕਾ ਨਿਰਾਸ ਸਨ। ਆਪ ਨੇ ਕਿਹਾ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਸਾਡੇ ਦਿੱਲੀ-ਮਤੇ ਅਨੁਸਾਰ ਅੰਬਾਲਾ ਤੇ ਹਿਸਾਰ ਜ਼ਿਲੇ ਦੇ ਬਹੁਤ ਸਾਰੇ ਹਿੱਸੇ ਇਸ ਨੂੰ ਮਿਲਣੇ ਚਾਹੀਦੇ ਹਨ। ਪੰਜਾਬੀ ਸੂਬਾ ਅਜਿਹਾ ਹੋਣਾ ਚਾਹੀਦਾ ਹੈ ਕਿ ਸਿਖ ਉਸ ਨੂੰ ਆਪਣੀ ਮਾਤ-ਭੂਮੀ ਜਾਂ ਹੋਮ-ਲੈਂਡ ਆਖ ਸਕਣ।

ਆਪ ਨੇ ਕਿਹਾ ਕਿ ਪੰਜਾਬੀ ਸੂਬੇ ਨੂੰ ਅੰਦਰੂਨੀ ਸੁਤੰਤਰਤਾ ਮਿਲਣੀ ਚਾਹੀਦੀ ਹੈ। ਅਸੀਂ ਭਾਰਤ ਤੋਂ ਵੱਖ ਨਹੀਂ ਹੋਣਾ ਚਾਹੁੰਦੇ, ਕਿਉਂਕਿ ਪੰਜਾਬ ਵਿਚ ੫੬ ਫ਼ੀ ਸਦੀ ਸਿਖਾਂ ਦੇ ਬਾਅਦ ਬਾਕੀ ਲੋਕ ਹਿੰਦੂ ਹੀ ਹੋਣਗੇ।

ਸਿਖ-ਹੋਮਲੈਂਡ—ਮਾਸਟਰ ਜੀ ਨੇ ਕਿਹਾ ਕਿ ਸਿਖ-ਹੋਮਲੈਂਡ ਬਾਰੇ ਮੇਰਾ ਦ੍ਰਿਸ਼ਟੀਕੋਨ ਓਹ ਹੈ ਜੋ ਕਸ਼ਮੀਰੀਆਂ ਲਈ ਸ਼ੇਖ਼ ਅਬਦੁੱਲਾ ਅਤੇ ਪਖ਼ਤੂਨਾਂ ਲਈ ਖ਼ਾਨ ਅਬਦੁਲ ਗ਼ਫ਼ਾਰ ਖ਼ਾਨ ਦਾ ਹੈ। ਆਪ ਨੇ ਕਿਹਾ ਕਿ ਵਿਧਾਨ ਦੀ ਧਾਰਾ ੩੭੦ ਪੰਜਾਬ ਤੇ ਵੀ ਲਾਗੂ ਹੋਣੀ



Digitized by Panjab Digital Library | www.panjabdigilib.org

ਚਾਹੀਦੀ ਹੈ। ਇਸ ਨੂੰ ਕਸ਼ਮੀਰ ਵਿਚ ਖ਼ਤਮ ਨਹੀਂ ਕੀਤਾ ਜਾਣਾ ਚਾਹੀਦਾ।

ਅਬਦੁਲ ਗ਼ਫ਼ਾਰ—ਆਪ ਨੇ ਕਿਹਾ ਕਿ ਉਹ ਸਰਹੱਦੀ ਗਾਂਧੀ ਨਾਲ ਮਿਲੇ ਹਨ। ਮੈਂ ਜਾਣਦਾ ਹਾਂ ਕਿ ਉਹ ਸੁਪਨਿਆਂ ਦੇ ਜਿਸ ਸੰਸਾਰ ਵਿਚ ਰਹਿੰਦੇ ਹਨ ਉਹ ਖੇਰੂੰ ਖੇਰੂੰ ਹੋ ਚੁਕਾ ਹੈ। ਕਾਂਗਰਸੀਆਂ ਨੇ ਕਿਹਾ ਸੀ ਕਿ ਉਹ ਪਖ਼ਤੂਨਿਸਤਾਨ ਲਈ ਲੜਨਗੇ ਪਰ ਉਹਨਾਂ ਨੇ ਉਹਨਾਂ ਦਾ ਸਾਥ ਨਹੀਂ ਦਿੱਤਾ ਤੇ ਬਚਨ ਪੂਰਾ ਨਹੀਂ ਕੀਤਾ।

ਸਿਆਸੀ ਲੀਡਰ—ਆਪ ਨੇ ਕਿਹਾ ਕਿ ਜਿਥੋਂ ਤਕ ਭਾਰਤ ਦੇ ਸਿਆਸੀ ਆਗੂਆਂ ਦਾ ਸਬੰਧ ਹੈ ਉਹਨਾਂ ਵਿਚੋਂ ਮੇਰੇ ਦਿਲ ਵਿਚ ਸ੍ਰੀ ਰਾਜਗੋਪਾਲ ਅਚਾਰੀਆ ਦੀ ਸਭ ਨਾਲੋਂ ਜ਼ਿਆਦਾ ਇੱਜ਼ਤ ਹੈ। ਜੈਪ੍ਰਕਾਸ਼ ਨਰਾਇਣ ਲਈ ਵੀ ਮੇਰੇ ਦਿਲ ਵਿਚ ਸਨਮਾਨ ਹੈ। ਗਾਂਧੀ ਜੀ ਮਹਾਨ ਆਗੂ ਸਨ ਤੇ ਸਦਾ ਆਪਣੇ ਸ਼ਬਦਾਂ ਤੇ ਦ੍ਰਿੜ੍ਹ ਰਹੇ।

## ਪਾਕਿਸਤਾਨ ਰੇਡੀਉ–

ਰੇਡੀਉ ਪਾਕਿਸਤਾਨ ਲਾਹੌਰ ਤੋਂ ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਸੁਣ ੨੨ ਨਵੰਬਰ ੧੯੬੭ ਦੀ ਸ਼ਾਮ ਨੂੰ ਜੋ ਲੇਖ ਪਰਸਾਰਤ ਕੀਤਾ ਗਿਆ, ਉਸ ਦੀਆਂ ਕੁਝ ਸਤਰਾਂ ਇਹ ਹਨ—

ਪੰਥ ਰਤਨ ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਉਹਨਾਂ ਵਿਅਕਤੀਆਂ ਵਿਚੋਂ ਸਨ, ਜਿਨ੍ਹਾਂ ਦਾ ਚਲਾਣਾ ਸਾਧਾਰਨ ਨਹੀਂ ਕਿਹਾ ਜਾ ਸਕਦਾ। ਆਪ ਅੱਧੀ ਪੌਣੀ ਸਦੀ ਤਕ ਸਿਖ ਰਾਜਨੀਤੀ ਤੇ ਪੂਰਨ ਤੌਰ ਤੇ ਛਾਏ ਰਹੇ। ਜੇ ਇਹ ਕਹਿ ਦਿੱਤਾ ਜਾਏ ਕਿ ਆਪ ਨੇ ਇਕ ਲੰਮੇ ਸਮੇਂ ਤਕ ਅਕਾਲੀਆਂ ਦੇ ਦਿਲਾਂ ਤੇ ਰਾਜ ਕਮਾਇਆ, ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਆਪ ਸਿਖ ਸਿਆਸਤ ਦੇ ਸਿਆਹ-ਸਫ਼ੈਦ ਦੇ ਮਾਲਕ ਸਨ, ਜੋ ਕਹਿੰਦੇ ਸਨ, ਓਹ ਸਿੱਖ-ਜਗਤ ਦਾ ਨਾਅਰਾ ਬਣ ਜਾਂਦਾ ਸੀ। ਮਾਸਟਰ ਜੀ ਦੇ ਚਲਾਣੇ ਨਾਲ



Digitized by Panjab Digital Library | www.panjabdigilib.org

ਸਿਆਸਤ ਵਿਚ ਬਹੁਤ ਵੱਡਾ ਖਲਾ ਪੈਦਾ ਹੋ ਗਿਆ ਹੈ, ਜੋ ਸੌਖੀ ਤਰ੍ਹਾਂ ਛੇਤੀ ਪੂਰਾ ਨਹੀਂ ਕੀਤਾ ਜਾ ਸਕੇਗਾ। ਕਿਉਂਕਿ ਮਾਸਟਰ ਜੀ ਵਰਗੇ ਨਿਧੜਕ, ਸਿਰਲਥ ਤੇ ਦਲੇਰ ਆਗੂ ਰੋਜ਼ ਰੋਜ਼ ਪੈਦਾ ਨਹੀਂ ਹੋਇਆ ਕਰਦੇ।

ਮਾਸਟਰ ਜੀ ਦੇ ਵਿਚਾਰਾਂ ਨਾਲ ਭਾਵੇਂ ਕਿਸੇ ਨੂੰ ਲੱਖਾਂ ਤੇ ਕਰੋੜਾਂ ਮਤਭੇਦ ਕਿਉਂ ਨਾ ਪਏ ਹੋਣ, ਪਰ ਇਸ ਗੱਲ ਤੋਂ ਕਿਸੇ ਨੂੰ ਵੀ ਇਨਕਾਰ ਨਹੀਂ ਹੋਵੇਗਾ ਕਿ ਮਾਸਟਰ ਜੀ ਨੇ ਆਪਣਾ ਸਾਰਾ ਜੀਵਨ ਆਪਣੇ ਕਲਗੀਆਂ ਵਾਲੇ ਦਸਮੇਸ਼ ਪਿਤਾ ਦੇ ਪੰਥ ਦੀ ਸੇਵਾ ਵਿਚ ਲਾ ਦਿੱਤਾ ਹੈ ਅਤੇ ਮਰਦੇ-ਦਮ ਤਕ ਆਪਣੇ ਵਿਚਾਰਾਂ ਅਨੁਸਾਰ ਪੰਥ ਦੀ ਸੇਵਾ ਕਰਦੇ ਰਹੇ।

ਅਜੇ ਦੋ ਚਾਰ ਦਿਨਾਂ ਦੀ ਹੀ ਗੱਲ ਹੈ ਕਿ ਉਨ੍ਹਾਂ ਨੇ ਮੌਤ ਦੇ ਬਿਸਤਰੇ ਤੋਂ ਇਹ ਐਲਾਨ ਕੀਤਾ ਸੀ ਕਿ ਉਹ ਛੇਤੀ ਹੀ ਸਿਖ ਜਾਤੀ ਨੂੰ ਇਕ ਨਵੀਂ ਵੰਗਾਰ ਲਲਕਾਰ ਦੇਣਗੇ, ਜਿਸ ਨਾਲ ਸਿਖ ਪੰਥ ਸੰਸਾਰ ਦੀਆਂ ਕੌਮਾਂ ਦੀ ਪਹਿਲੀ ਪਾਲ ਵਿਚ ਜਾ ਖੜਾ ਹੋਵੇਗਾ। ਆਪ ਭਾਰਤ ਵਿਚ ਸਿਖਾਂ ਲਈ ਆਤਮ-ਨਿਰਣੈ ਦੇ ਹੱਕ ਦੀ ਪ੍ਰਾਪਤੀ ਦੇ ਚਾਹਵਾਨ ਸਨ ਤੇ ਸਿਖ ਸਟੇਟ ਦੀ ਮੰਗ ਕਰਦੇ ਸਨ।

ਮਾਸਟਰ ਜੀ ਦੇ ਜੀਵਨ ਦਾ ਇਕ ਇਕ ਦਿਨ ਆਪਣੇ ਪਿਆਰੇ ਪੰਥ ਦੀ ਸੇਵਾ ਵਿਚ ਬੀਤਿਆ ਹੈ ਤੇ ਉਹ ਕਈ ਜਮਾਂਦਰੂ ਤੇ ਕਈ ਕਈ ਪੁਸ਼ਤਾਂ ਤੋਂ ਚਲੇ ਆਂਦੇ ਸਿੱਖਾਂ ਤੋਂ ਕਿਤੇ ਅੱਗੇ ਲੰਘ ਗਏ। ਆਪ ਨੇ ਜੁਆਨੀ ਸਮੇਂ ਸਿਖ ਧਰਮ ਵਿਚ ਪ੍ਰਵੇਸ਼ ਕੀਤਾ ਸੀ। ਨਾਨਕ ਚੰਦ ਤੋਂ ਤਾਰਾ ਸਿੰਘ ਦਾ ਰੂਪ ਧਾਰਨ ਕੀਤਾ ਸੀ ਅਤੇ ਮਗਰੋਂ ਮਾਸਟਰ ਤਾਰਾ ਸਿੰਘ ਜੀ ਕਹਾਏ ਸਨ। ਜਦ ਆਪ ਨੇ ਬੀ. ਏ. ਪਾਸ ਕੀਤਾ ਤਾਂ ਆਪਣਾ ਜੀਵਨ ਪੰਥ ਦੇ ਲੇਖੇ ਲਾ ਦਿੱਤਾ ਅਤੇ ਖ਼ਾਲਸਾ ਹਾਈ ਸਕੂਲ ਲਾਇਲਪੁਰ ਵਿਚ ਹੈਡਮਾਸਟਰ ਲਗ ਗਏ। ਆਪ ਨੇ ਕੌਮੀ ਸੇਵਾ ਦੇ ਖ਼ਿਆਲ ਨਾਲ ਕੇਵਲ ਰੋਟੀ ਕਪੜੇ ਦੇ ਖ਼ਰਚ ਲਈ ਕੇਵਲ ਪੰਦਰ੍ਹਾਂ ਰੁਪਈਏ ਮਾਹਵਾਰ ਤਨਖ਼ਾਹ ਲੈਣੀ ਪਰਵਾਨ



Digitized by Panjab Digital Library | www.panjabdigilib.org

ਕੀਤੀ। ਇਹ ਆਪ ਦੇ ਤਿਆਗ ਤੇ ਪੰਥ ਸੇਵਾ ਦੀ ਇਕ ਸੁੰਦਰ ਮਿਸਾਲ ਸੀ। ਆਪ ਨੇ ਸਾਰਾ ਹੀ ਜੀਵਨ ਵੱਡੀ ਸਾਦਗੀ ਨਾਲ ਬਿਤਾਇਆ ਹੈ।

ਮਾਸਟਰ ਜੀ ਨੇ ਜਿਸ ਗੱਲ ਨੂੰ ਠੀਕ ਜਾਤਾ, ਉਸ ਤੇ ਫਿਰ ਪੂਰਨ ਤੌਰ ਤੇ ਦ੍ਰਿੜ੍ਹ ਰਹੇ ਅਤੇ ਉਸ ਨੂੰ ਵੱਡੇ ਧੜੱਲੇ ਨਾਲ ਪ੍ਰਚਾਰਦੇ ਰਹੇ। ਨਾ ਅੰਗਰੇਜ਼ਾਂ ਦੀਆਂ ਗੋਲੀਆਂ ਹੀ ਮਾਸਟਰ ਜੀ ਦੇ ਵਿਚਾਰਾਂ ਵਿਚ ਕੋਈ ਪ੍ਰੀਵਰਤਨ ਲਿਆਉਣ ਵਿਚ ਸਫਲ ਹੋ ਸਕੀਆਂ ਤੇ ਨਾ ਕਾਂਗਰਸ ਦੀਆਂ ਜੇਲ੍ਹਾਂ ਹੀ ਉਹਨਾਂ ਦੇ ਵਿਚਾਰਾਂ ਨੂੰ ਬਦਲ ਸਕੀਆਂ। ਉਹ ਆਪਣੀ ਧੁਨ ਦੇ ਪੱਕੇ ਸਨ।

ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਜਿਸ ਗੱਲ ਨੂੰ ਠੀਕ ਸਮਝਦੇ ਸਨ, ਉਸ ਨੂੰ ਕਹਿਣ ਤੇ ਪਰਚਾਰਨ ਤੋਂ ਕਦੇ ਵੀ ਨਹੀਂ ਰੁਕਦੇ ਸਨ। ਮਾਸਟਰ ਜੀ ਦੇ ਅਕਾਲ ਚਲਾਣੇ ਨਾਲ ਹਿੰਦੁਸਤਾਨ ਦੀ ਆਜ਼ਾਦੀ ਦਾ ਇਕ ਪੁਰਾਣਾ ਘੁਲਾਟੀਆ ਇਸ ਜਗ ਤੋਂ ਅਲੋਪ ਹੋ ਗਿਆ ਹੈ। ਉਹੋ ਘੁਲਾਟੀਆ, ਜੋ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਦੇ ਨਾਲ ਨਾਲ ਹੀ ਸਿੱਖਾਂ ਤੇ ਦੂਜੀਆਂ ਘਟ-ਗਿਣਤੀਆਂ ਦੇ ਹੱਕਾਂ ਦੀ ਰਾਖੀ ਲਈ ਵੀ ਸੀਨਾ ਤਾਣ ਕੇ ਡਟ ਜਾਇਆ ਕਰਦਾ ਸੀ। ਅੰਤ ਵਿਚ ਅਸੀਂ ਇਹੋ ਹੀ ਕਹਿੰਦੇ ਹਾਂ ਕਿ—

"ਸੇਵਕ ਕੀ ਓੜਕਿ ਨਿਬਹੀ ਪ੍ਰੀਤਿ।"

# ੧੯

# ਅੰਤਮ ਵਿਚਾਰ

ਕੁਦਰਤ ਦੀ ਘੜੀ ਨਾਲ ਮਿਣਿਆਂ ਇਨਸਾਨ ਅਜੇ ਕਲ੍ਹ ਧਰਤੀ ਤੇ ਪੈਦਾ ਹੋਇਆ ਹੈ। ਇਸ ਦਾ ਜਨਮ ਹੋਇਆਂ ਅਜੇ ਮਸਾਂ ਦਸ ਲੱਖ ਸਾਲ ਹੋਏ ਹਨ ਅਤੇ ਸਾਇੰਸ ਦੇ ਅੰਦਾਜ਼ਿਆਂ ਨਾਲ ਇਸ ਨੇ ਅਜੇ ਕਰੋੜਾਂ ਸਾਲ ਧਰਤੀ ਤੇ ਵਸਣਾ ਹੈ। ਇਹ ਦਸ ਲੱਖ ਸਾਲ ਭੀ ਇਸ ਨੇ ਬਨ-ਮਾਣੂ ਦੇ ਰੂਪ ਵਿਚ ਗੁਜ਼ਾਰੇ ਹਨ ਅਤੇ ਅਜੇ ਭੀ ਇਹ ਵਹਿਸ਼ੀ-ਪੁਣੇ ਤੋਂ ਨਿਕਲਿਆ ਨਹੀਂ। ਕੋਈ ਪੰਜ ਛੇ ਹਜ਼ਾਰ ਸਾਲ ਹੋਏ ਹਨ ਜਦ ਤੋਂ ਇਸ ਨੇ ਟਿਕ ਕੇ ਕਿਸੇ ਥਾਂ ਬਹਿਣਾ ਅਤੇ ਠੁਕ ਦਾ ਜੀਵਨ ਬਿਤਾਣਾ ਸ਼ੁਰੂ ਕੀਤਾ। ਇਸ ਤੋਂ ਪਹਿਲਾਂ ਤਾਂ ਖ਼ੁਰਾਕ ਦੀ ਢੂੰਡ ਵਿਚ ਕਾਫ਼ਲੇ ਦੇ ਕਾਫ਼ਲੇ ਥਾਂ ਥਾਂ ਘੁੰਮਦੇ ਫਿਰਦੇ ਸਨ। ਸਮਾਜਕ ਜੀਵਨ ਦਾ ਅਰੰਭ ਟਿਕ ਕੇ ਬਹਿਣ ਤੋਂ ਪਿੱਛੋਂ ਹੀ ਹੋਇਆ। ਅਸਲੀ ਇਨਸਾਨੀ ਜੀਵਨ ਤਾਂ ਉਦੋਂ ਸ਼ੁਰੂ ਹੋਵੇਗਾ ਜਦ ਸਾਰੀ ਇਨਸਾਨੀਅਤ ਵਿਚ ਸਰਬਤ ਖ਼ਾਲਸੇ ਦਾ ਜਜ਼ਬਾ ਉਦੈ ਹੋਵੇਗਾ। "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਅਸਲੀ ਇਨਸਾਨ ਦਾ ਮੁਖ ਉਦੇਸ਼ ਹੋਵੇਗਾ।

ਸ੍ਰਿਸ਼ਟੀ ਪਰਮਾਤਮਾ ਦਾ ਸਰਗੁਣ ਸਰੂਪ ਹੈ। ਇੱਕੋ ਜੋਤ ਹੀ ਸਭ ਹਿਰਦਿਆਂ ਵਿਚ ਵਸਦੀ ਹੈ। ਕਿਸੇ ਵਿਚ ਜ਼ਿਆਦਾ ਵਿਕਾਸ ਹੋਣ ਕਰਕੇ ਵਧ ਪ੍ਰਕਾਸ਼ ਹੈ ਕਿਸੇ ਵਿਚ ਘੱਟ। ਇਨਸਾਨੀ ਪੱਧਰ ਉਤੇ ਪਹੁੰਚ ਕੇ ਇੰਨਾ ਕੁ ਵਿਕਾਸ ਹੋ ਚੁਕਾ ਹੁੰਦਾ ਹੈ ਕਿ ਅਕਲ ਜਾਂ



Digitized by Panjab Digital Library | www.panjabdigilib.org

ਸੋਚ-ਵਿਚਾਰ ਦੀ ਸ਼ਕਤੀ ਜੀਵਨ ਨੂੰ ਸਸ਼ੋਭਤ ਕਰਦੀ ਹੈ। ਜਿਉਂ ਜਿਉਂ ਵਿਕਾਸ ਜ਼ਿਆਦਾ ਹੁੰਦਾ ਹੈ ਇੰਦ੍ਰੀ-ਦ੍ਰਿਸ਼ਟੀ ਤੋਂ ਬੁੱਧੀ-ਦ੍ਰਿਸ਼ਟੀ, ਫੇਰ ਵਿਵੇਕ-ਦ੍ਰਿਸ਼ਟੀ ਜੀਵਨ ਦਾ ਆਧਾਰ ਬਣਦੀਆਂ ਜਾਂਦੀਆਂ ਹਨ। ਇਨਸਾਨੀ ਵਿਕਾਸ ਲਈ ਸਮਾਜਕ ਜੀਵਨ, ਦੁਖ-ਔਕੜਾਂ ਅਤੇ ਵਿਚਾਰ ਤਿੰਨੇ ਅਵੱਸ਼ ਹਨ। ਤਜਰਬੇ ਤੇ ਵਿਚਾਰ ਤੋਂ ਜੋ ਖ਼ਜ਼ਾਨਾ ਇਕ ਪੁਸ਼ਤ ਇਕੱਠਾ ਕਰਦੀ ਹੈ ਉਹ ਸਾਰਾ ਇਲਮ ਅਗਲੀ ਪੁਸ਼ਤ ਲਈ ਪੂੰਜੀ ਬਣ ਜਾਂਦਾ ਹੈ। ਇਸੇ ਲਈ ਪੁਸ਼ਤ-ਦਰ-ਪੁਸ਼ਤ ਵਿਕਾਸ ਦੀ ਗਤੀ ਤੇਜ਼ ਹੁੰਦੀ ਜਾਂਦੀ ਹੈ। ਸਾਡੇ ਮਾਪਿਆਂ ਦੀ ਪੁਸ਼ਤ ਅਤੇ ਸਾਡੀ ਪੁਸ਼ਤ ਵਿਚ ਬੜਾ ਫ਼ਰਕ ਹੈ। ਸਾਡੇ ਬੱਚਿਆਂ ਦੀ ਪੀੜ੍ਹੀ ਸਾਡੇ ਨਾਲੋਂ ਕਿੱਤੇ ਅੱਗੇ ਹੈ ਅਤੇ ਸਾਡੇ ਪੋਤਰੇ-ਪੋਤਰੀਆਂ ਤਾਂ ਬੜੀ ਤੇਜ਼ੀ ਨਾਲ ਵਿਕਾਸ ਕਰ ਕੇ ਕਿੱਥੇ ਦੇ ਕਿੱਥੇ ਪਹੁੰਚ ਰਹੇ ਹਨ। ਕਿਸੇ ਪੁਸ਼ਤ ਦੇ ਸਾਰੇ ਇਨਸਾਨਾਂ ਦੀ ਮਾਨਸਕ ਅਵਸਥਾ ਇੱਕੋ ਜਿਹੀ ਨਹੀਂ ਹੁੰਦੀ। ਜੋ ਅਕਲ ਅਤੇ ਇਲਮ ਦਾ ਖ਼ਜ਼ਾਨਾ ਵੱਡੇ ਵੱਡੇ ਮਹਾਂਪੁਰਸ਼ ਆਉਂਦੀਆਂ ਨਸਲਾਂ ਲਈ ਛੱਡ ਜਾਂਦੇ ਹਨ ਉਹ ਬੜੀ ਹੀ ਕੀਮਤੀ ਜਾਇਦਾਦ ਹੁੰਦੀ ਹੈ। ਸੁਕਰਾਤ, ਅਫ਼ਲਾਤੂ, ਸੁਲੇਮਾਨ ਅਤੇ ਬੁੱਧ, ਕ੍ਰਿਸ਼ਨ, ਰਾਮ, ਈਸਾ, ਮੁਹੰਮਦ ਅਤੇ ਗੁਰੂ ਸਾਹਿਬਾਨ ਆਉਂਦੀ ਇਨਸਾਨੀਅਤ ਲਈ ਸੁਖੀ ਜੀਵਨ ਦੇ ਭੰਡਾਰ ਇਕੱਠੇ ਕਰ ਗਏ ਹਨ।

ਸਾਇੰਸਦਾਨਾਂ, ਧਾਰਮਕ, ਸਮਾਜਕ, ਤੇ ਰਾਜਸੀ ਆਗੂਆਂ ਦੇ ਜੀਵਨ ਅਤੇ ਉਨ੍ਹਾਂ ਦੇ ਗੁਣ-ਔਗੁਣ ਭੀ ਆਉਂਦੀਆਂ ਪੁਸ਼ਤਾਂ ਲਈ ਮਸ਼ਾਲਾਂ ਹੀ ਹੁੰਦੇ ਹਨ। ਮਾਸਟਰ ਤਾਰਾ ਸਿੰਘ ਭੀ ਆਪਣੇ ਜ਼ਮਾਨੇ ਦਾ ਇੱਕ ਚੰਗਾ ਰਾਜਸੀ ਅਤੇ ਧਾਰਮਕ ਆਗੂ ਸੀ ਅਤੇ ਉਸ ਦੇ ਜੀਵਨ ਤੋਂ ਭੀ ਆਉਂਦੀਆਂ ਨਸਲਾਂ ਬਹੁਤ ਕੁਝ ਸਿਖ ਸਕਦੀਆਂ ਹਨ। ਇਸ ਇਨਸਾਨੀ ਜਾਮੇ ਵਿਚ ਸੋਲ੍ਹਾਂ ਕਲਾਂ ਸੰਪੂਰਨ, ਤਾਂ ਕੋਈ ਹੁੰਦਾ ਨਹੀਂ; ਕਿਸੇ ਵਿਚ ਬਹੁਤੇ ਗੁਣ ਅਤੇ ਥੋੜੇ ਔਗੁਣ, ਕਿਸੇ ਵਿਚ ਥੋੜੇ ਗੁਣ ਅਤੇ ਬਹੁਤੇ ਔਗੁਣ। ਆਪਣੇ ਜੀਵਨ ਨੂੰ ਸਾਰਥਕ ਬਣਾਣ ਦਾ ਇਹੋ



Digitized by Panjab Digital Library | www.panjabdigilib.org

ਹੀ ਤਰੀਕਾ ਹੈ ਕਿ ਸਿਖਣ ਲਈ ਗੁਣਾਂ-ਔਗੁਣਾਂ ਦੀ ਪੜਚੋਲ ਕਰਨੀ, ਗੁਣਾਂ ਨੂੰ ਧਾਰਨ ਕਰਨਾ ਅਤੇ ਔਗੁਣਾਂ ਤੋਂ ਬਚਣਾ।

ਮਾਸਟਰ ਤਾਰਾ ਸਿੰਘ ਵਿਚ ਕਾਫ਼ੀ ਦੈਵੀ ਗੁਣ ਸਨ :-

੧. ਸਭ ਤੋਂ ਮਹੱਤਵ-ਪੂਰਨ ਗੁਣ ਉਨ੍ਹਾਂ ਵਿਚ ਸੇਵਾ ਤੇ ਤਿਆਗ ਦਾ ਸੀ। ਪੜ੍ਹਾਈ ਖ਼ਤਮ ਕਰਦਿਆਂ ਹੀ ਉਨ੍ਹਾਂ ਲਾਇਲਪੁਰ ਖ਼ਾਲਸਾ ਹਾਈ ਸਕੂਲ ਜਾ ਖੋਲ੍ਹਿਆ ਅਤੇ ੧੫) ਮਹੀਨਾ ਤੇ ਸੇਵਾ ਅਰੰਭੀ। ਕੰਮ ਭੀ ਐਨੇ ਇਸ਼ਕ ਨਾਲ ਕਰਨਾ ਕਿ ਆਪਣਾ ਆਪ ਹੀ ਭੁਲਾਈ ਰਖਣਾ। ਜਦ ਨਨਕਾਣੇ ਸਾਹਿਬ ਦਾ ਸ਼ਹੀਦੀ ਸਾਕਾ ਹੋਇਆ ਉਦੋਂ ਉਨ੍ਹਾਂ ਦੀ ਉਮਰ ੩੬ ਸਾਲ ਸੀ। ਟੱਬਰ ਸੀ, ਬੱਚੇ ਸਨ ਪਰ ਕਿਸੇ ਦਾ ਜ਼ਰਾ ਭੀ ਖ਼ਿਆਲ ਕਰਨ ਤੋਂ ਬਿਨਾਂ ਉਹ ਨਨਕਾਣੇ ਸਾਹਿਬ ਤੋਂ ਸਿੱਧੇ ਅੰਮ੍ਰਿਤਸਰ ਆ ਗਏ। ਪਹਿਲਾਂ ਸਕੱਤਰ ਬਣੇ, ਫੇਰ ਮੀਤ ਪ੍ਰਧਾਨ, ਫੇਰ ਪ੍ਰਧਾਨ, ਪਰ ਕੱਦੇ ਭੀ ਉਨ੍ਹਾਂ ਸ਼੍ਰੋਮਣੀ ਕਮੇਟੀ ਪਾਸੋਂ ਇਕ ਕੌਡੀ ਭੀ ਨਹੀਂ ਲਈ। ਕਦੇ ਸਫ਼ਰ-ਖ਼ਰਚ ਭੀ ਨਹੀਂ ਲਿਆ। ਕਿਸੇ ਪੜ੍ਹੇ-ਲਿਖੇ ਸਿਖ ਵਿਚ ਐਨਾ ਤਿਆਗ ਦਾ ਜੀਵਨ ਮੈਂ ਨਾ ਕਦੇ ਵੇਖਿਆ ਹੈ ਨਾ ਹੀ ਸੁਣਿਆ ਹੈ।

੨. ਧਾਰਮਕ ਅਤੇ ਰਾਜਸੀ ਲਹਿਰਾਂ ਵਿਚ ਜਿੰਨੀਆਂ ਕੈਦਾਂ ਉਨ੍ਹਾਂ ਕੱਟੀਆਂ ਹਨ, ਭਾਰਤ ਵਿਚ ਹੋਰ ਕਿਸੇ ਆਦਮੀ ਨੇ ਨਹੀਂ ਕੱਟੀਆਂ। ਤਸੀਹੇ ਤਾਂ ਬਾਬਿਆਂ ਨੇ ਜ਼ਿਆਦਾ ਝੱਲੇ ਹੋਣਗੇ, ਪਰ ਐਨੀ ਵਾਰੀ ਅਤੇ ਐਨਾ ਅਰਸਾ ਹੋਰ ਕੋਈ ਆਦਮੀ ਕੈਦ ਨਹੀਂ ਹੋਇਆ।

੩. ਜਿਹੜਾ ਕੰਮ ਭੀ ਉਨ੍ਹਾਂ ਨੂੰ ਸਿੱਖਾਂ ਲਈ ਜ਼ਰੂਰੀ ਨਜ਼ਰ ਆਇਆ ਉਹ ਕਿੰਨਾ ਭੀ ਕਠਨ ਕਿਉਂ ਨਾ ਹੋਵੇ ਉਸ ਨੂੰ ਹੱਥ ਪਾਣੋਂ ਨਹੀਂ ਝਿਜਕੇ ਅਤੇ ਜਿਸ ਕੰਮ ਨੂੰ ਹੱਥ ਪਾਇਆ ਉਸ ਨੂੰ ਪੂਰੀ ਲਗਨ ਅਤੇ ਦ੍ਰਿੜ੍ਹਤਾ ਨਾਲ ਕੀਤਾ।



Digitized by Panjab Digital Library | www.panjabdigilib.org

੪. ਕਿਸੇ ਆਦਮੀ ਦਾ, ਕਿਸੇ ਜੱਥੇਬੰਦੀ ਦਾ, ਕਿਸੇ ਗੌਰਮਿੰਟ ਦਾ ਉਨ੍ਹਾਂ ਨੂੰ ਭੈ ਨਹੀਂ ਸੀ। ਜੋ ਖ਼ਿਆਲ ਮਨ ਵਿਚ ਹੋਣਾ ਉਸ ਨੂੰ ਖੜਕ ਕੇ ਸਪੱਸ਼ਟ ਕਰਨਾ।

੫. ਕਿਸੇ ਆਦਮੀ ਨੂੰ ਆਪਣੇ ਨਾਲੋਂ ਵੱਡਾ ਨਹੀਂ ਸਨ ਸਮਝਦੇ ਅਤੇ ਨਾ ਹੀ ਕਿਸੇ ਨੂੰ ਆਪਣੇ ਨਾਲੋਂ ਛੋਟਾ। ਜਦ ਪਿੰਡ ਜਾਣਾ ਤਾਂ ਪਿੰਡ ਦਿਆਂ ਗ਼ਰੀਬ ਲੋਕਾਂ ਨਾਲ ਵੀ ਰਲ ਮਿਲ ਬੈਠਦੇ ਅਤੇ ਹਸਦੇ ਖੇਡਦੇ।

੬. ਸਾਦਾ ਸੁਭਾਅ, ਸਾਦਾ ਜੀਵਨ, ਸਾਦਾ ਲਿਬਾਸ, ਸਾਦਾ ਖ਼ੁਰਾਕ ਰਖਦੇ ਸਨ। ਸਰੀਰ ਨੂੰ ਪਾਲਣ ਜਾਂ ਸਜਾਉਣ ਦਾ ਉਨ੍ਹਾਂ ਨੂੰ ਕਦੇ ਖ਼ਿਆਲ ਹੀ ਨਹੀਂ ਸੀ ਆਇਆ। ਇਸ ਜ਼ਮਾਨੇ ਦੀਆਂ ਦੋ ਫ਼ਜ਼ੂਲ-ਖ਼ਰਚੀਆਂ ਲਈ ਉਹ ਮਜਬੂਰ ਸਨ: ਇਕ ਕਾਰ ਅਤੇ ਇਕ ਟੈਲੀਫ਼ੋਨ। ਜਿਸ ਆਦਮੀ ਨੇ ਦਿਨੇ ਰਾਤ ਸਮਾਜਕ ਸੇਵਾ ਵਿਚ ਗ਼ਲਤਾਨ ਹੋਏ ਰਹਿਣਾ ਹੋਵੇ ਉਸ ਲਈ ਇਹ ਦੋਵੇਂ ਜ਼ਰੂਰਤਾਂ ਅਵੱਸ਼ ਹੀ ਹੋ ਜਾਂਦੀਆਂ ਹਨ।

੭. ਕਲਮ ਦੇ ਉਹ ਚੰਗੇ ਧਨੀ ਸਨ ਅਤੇ ਉਨ੍ਹਾਂ ਦੀ ਲਿਖਤ ਵਿਚ ਬੜਾ ਜ਼ੋਰ ਹੁੰਦਾ ਸੀ। ਪ੍ਰੇਮ ਲਗਨ, ਬਾਬਾ ਤੇਗ਼ਾ ਸਿੰਘ ਆਦਿ ਕਈ ਪੁਸਤਕਾਂ ਭੀ ਉਨ੍ਹਾਂ ਲਿਖੀਆਂ, ਪਰ ਬਹੁਤਾ ਜ਼ੋਰ ਉਨ੍ਹਾਂ ਦਾ ਅਖ਼ਬਾਰਾਂ ਵਿਚ ਮਜ਼ਮੂਨ ਲਿਖਣ ਤੇ ਹੁੰਦਾ ਸੀ। ਜਲਸਿਆਂ, ਦੀਵਾਨਾਂ ਵਿਚ ਬੋਲਦੇ ਭੀ ਸਨ, ਪਰ ਲੋਕ-ਰਾਏ ਨੂੰ ਬਣਾਣ ਦਾ ਉਨ੍ਹਾਂ ਦਾ ਵੱਡਾ ਹਥਿਆਰ ਅਖ਼ਬਾਰਾਂ ਦੇ ਲੇਖ ਹੀ ਸਨ।

੮. ਕਿਸੇ ਖ਼ਿਆਲ ਵਿਚ ਐਨੇ ਮਸਤ ਹੋ ਜਾਣਾ ਕਿ ਘੰਟਿਆਂ-ਬਧੀ ਬਾਹਰ ਦੀ ਸੁਰਤ ਨਾ ਰਹਿਣੀ। ਖਾਣਾ ਪੀਣਾ ਭੀ ਭੁੱਲ ਜਾਣਾ।

੯. ਲੋਕਾਂ ਵਿਚ ਉਤਸ਼ਾਹ ਕਾਇਮ ਰਖਣ ਲਈ ਉਹ ਕੋਈ ਨਾ ਕੋਈ ਪਰੋਗਰਾਮ ਉਲੀਕ ਲੈਂਦੇ ਸਨ। ੧੯੫੮ ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ "ਜਪਜੀ ਸਮਾਗਮ" ਰੱਚ ਦਿੱਤਾ। ਜਦ ਭੀ ਕੁਝ ਢਿਲਿਆਈ ਵੇਖਣ, ਝਟ ਕਾਨਫ਼ਰੰਸ ਖੜੀ ਕਰ ਲੈਂਦੇ ਸਨ।


Digitized by Panjab Digital Library | www.panjabdigilib.org

ਜਲੂਸ ਕਢਾਣ ਦੇ ਤਾਂ ਉਹ ਮਾਹਰ ਹੀ ਸਨ। ੧੯੫੬ ਵਿਚ ਜਦ ਅੰਮ੍ਰਿਤਸਰ ਕਾਂਗਰਸ ਕਾਨਫ੍ਰੰਸ ਹੋਈ ਤਾਂ ਨੇੜੇ ਹੀ ਉਨ੍ਹਾਂ ਅਕਾਲੀ ਕਾਨਫ੍ਰੰਸ ਰਖ ਦਿਤੀ। ਉਸ ਕਾਨਫ਼ਰੰਸ ਦਾ ਜਲੂਸ ਐਡਾ ਵੱਡਾ ਸੀ ਕਿ ਕਾਂਗਰਸ ਦਾ ਜਲੂਸ ਉਸ ਦੇ ਪਾਸਕੂ ਭੀ ਨਹੀਂ ਸੀ, ਇਸੇ ਤਰ੍ਹਾਂ ਜਦ ਉਨ੍ਹਾਂ ਦਿੱਲੀ ਵਿਚ ਜਲੂਸ ਕਢਾਇਆ ਤਾਂ ਬਦੇਸੀ ਅਖ਼ਬਾਰ-ਨਵੀਸ ਜਲੂਸ ਨੂੰ ਵੇਖ ਵੇਖ ਕੇ ਮੂੰਹ ਵਿਚ ਉਂਗਲਾਂ ਪਾਉਂਦੇ ਸਨ।

ਫੁੱਲਾਂ ਦੇ ਨਾਲ ਨਾਲ ਕੰਡਾ ਭੀ ਜ਼ਰੂਰ ਹੁੰਦਾ ਹੈ। ਇਸੇ ਤਰ੍ਹਾਂ ਜਿਥੇ ਅਨੇਕਾਂ ਖ਼ੂਬੀਆਂ ਹੁੰਦੀਆਂ ਹਨ, ਉਥੇ ਕਈ ਕਮਜ਼ੋਰੀਆਂ ਵੀ ਵੇਖੀਆਂ ਜਾ ਸਕਦੀਆਂ ਹਨ :-

੧. ਪਹਿਲੀ ਕਮਜ਼ੋਰੀ ਮਾਸਟਰ ਜੀ ਵਿਚ ਠਰ੍ਹਮੇ ਦੀ ਘਾਟ ਸੀ। ਆਪਣੀ ਰਾਏ ਤੋਂ ਉਲਟ ਰਾਏ ਨੂੰ ਵਿਚਾਰਨਾ ਤਾਂ ਕਿਤੇ ਰਿਹਾ, ਉਹ ਠਰ੍ਹਮੇ ਨਾਲ ਸੁਣ ਭੀ ਨਹੀਂ ਸਨ ਸਕਦੇ। ਉਹ ਝਟ ਕਾਹਲੇ ਪੈ ਜਾਂਦੇ ਸਨ।

੨. ਜੋ ਕੁਝ ਇਕ ਆਦਮੀ ਆਪਣੀ ਜ਼ਾਤ ਜਾਂ ਆਪਣੇ ਟੱਬਰ ਲਈ ਕਰਦਾ ਹੈ ਉਹ ਸਭ ਕੁਝ ਸਿੱਖਾਂ ਲਈ ਕਰਨ ਨੂੰ ਤਿਆਰ ਹੁੰਦੇ ਸਨ। ਸਿੱਖਾਂ ਦਿਆਂ ਲਾਭਾਂ ਨੂੰ ਹੀ ਉਹ ਦੇਸ ਅਤੇ ਸੰਸਾਰ ਦੇ ਲਾਭ ਸਮਝਦੇ ਸਨ ਅਤੇ ਸਿੱਖਾਂ ਦੀ ਸੇਵਾ ਨੂੰ ਹੀ ਉਹ ਗੁਰੂ ਪ੍ਰਮਾਤਮਾ ਦੀ ਸੇਵਾ ਦਾ ਅਸਥਾਨ ਦੇਂਦੇ ਸਨ।

੩. ਉਨ੍ਹਾਂ ਨੂੰ ਸਿੱਖ ਕੌਮ ਦੀ ਸੇਵਾ ਦਾ ਜਨੂੰਨ ਇਸ ਹੱਦ ਤਕ ਹੋ ਚੁਕਾ ਸੀ ਕਿ ਕਈ ਵੇਰ ਉਹ ਸਮਝਦੇ ਸਨ ਕਿ ਉਨ੍ਹਾਂ ਬਗ਼ੈਰ ਮੁਕਤੀ ਨਹੀਂ ਹੋਣੀ ਅਤੇ ਨਾਲ ਹੀ ਉਹ ਅਜਿਹੇ ਸਾਧਨ ਵਰਤਣੋਂ ਵੀ ਸੰਕੋਚ ਨਹੀਂ ਸਨ ਕਰਦੇ ਜੋ ਕਿ ਅਸੂਲ ਦੇ ਉਲਟ ਹੋਣ, ਜਿਵੇਂ ਕਿ ਚੋਣਾਂ ਵਿਚ ਵੋਟਾਂ ਖ਼ਰੀਦਣ ਦੇ ਜਤਨ।

ਇਸ ਨਾਸ਼ਵੰਤ ਸੰਸਾਰ ਤੇ ਜੋ ਵੀ ਆਇਆ ਹੈ, ਉਸ ਨੇ ਜ਼ਰੂਰ ਜਾਣਾ ਹੈ। ਸਿਕੰਦਰ ਵਰਗਿਆਂ ਨੂੰ ਵੀ ਦੋਇ ਹੱਥ ਝਾੜ ਕੇ



Digitized by Panjab Digital Library | www.panjabdigilib.org

ਜਾਣਾ ਪਿਆ। ਇਸ ਸਾਇੰਸ ਦੇ ਜੁਗ ਵਿਚ ਸਾਇੰਸਦਾਨ ਵੀ ਸ੍ਰਿਸ਼ਟੀ ਨੂੰ ਸਮੁੰਦਰ ਦੀਆਂ ਲਹਿਰਾਂ ਵਤ ਸਮਝਦੇ ਹਨ। ਨਾਲ਼ ਹੋਰ ਕੀ ਜਾਣਾ ਹੋਇਆ, ਇਹ ਸਥੂਲ ਸਰੀਰ ਭੀ ਇਥੇ ਹੀ ਮਿੱਟੀ ਵਿਚ ਮਿਲ ਜਾਂਦਾ ਹੈ। ਜੋ ਕੁਝ ਨਾਲ਼ ਜਾ ਸਕਦਾ ਹੈ ਤਾਂ ਸ਼ੁਭ ਗੁਣਾਂ ਦੇ ਬੀਜ ਹੀ ਕਾਰਨ-ਸਰੀਰ ਵਿਚ ਦੱਬੇ ਹੋਏ ਜਾ ਸਕਦੇ ਹਨ ਅਤੇ ਅਗਾਂਹ ਨੂੰ ਫੁਟ ਕੇ ਵਿਕਾਸ ਵਿਚ ਸਹਾਈ ਹੋ ਸਕਦੇ ਹਨ।

ਮਾਸਟਰ ਤਾਰਾ ਸਿੰਘ ਜੀ ਦੇ ਜੀਵਨ ਤੋਂ ਅਸੀਂ ਇਹ ਸ਼ੁਭ ਗੁਣ ਸਿਖ ਸਿਖਦੇ ਹਾਂ–

ਤਿਆਗ, ਸੇਵਾ, ਦ੍ਰਿੜ੍ਹ ਵਿਸ਼ਵਾਸ, ਨਿਰਭੈਤਾ, ਖ਼ਿਆਲਾਂ ਦੀ ਮਗਨਤਾ, ਸਾਦਾ ਸੁਭਾ ਅਤੇ ਸਾਦਾ ਜੀਵਨ, ਪਰ ਨਾਲ਼ ਹੀ ਦਰਦ-ਭਰਿਆ ਦਿਲ।

ਇਸ ਜੀਵਨ-ਸੰਗਰਾਮ ਵਿਚ ਮਾਸਟਰ ਤਾਰਾ ਸਿੰਘ ਜੇਤੂ ਹੋ ਕੇ ਗਿਆ ਹੈ। ਇਸ ਸੰਗਰਾਮ ਵਿਚ ਤਿੰਨ ਹਥਿਆਰ ਹੀ ਕਾਰਗਰ ਹੁੰਦੇ ਹਨ: ਦ੍ਰਿੜ੍ਹ ਵਿਸ਼ਵਾਸ, ਅਥੱਕ ਸੇਵਾ ਅਤੇ ਨਿਰਮਲ ਸੁੱਚਾ ਪ੍ਰੇਮ :–

ਯਕੀਂ ਕਾਮਲ, ਅਮਲ ਪੈਹਮ, ਮੁਹੱਬਤ ਫ਼ਾਤਾ-ਏ ਆਲਮ।
ਜਹਾਦੇ ਜ਼ਿੰਦਗਾਨੀ ਮੇਂ, ਯਿਹ ਹੈਂ ਮਰਦੋਂ ਕੀ ਸ਼ਮਸ਼ੀਰੇਂ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1389

Digitized by Panjab Digital Library | www.panjabdigilib.org

# ਨਵਾਂ ਜੁਗ

ਲੇਖਕ—ਪ੍ਰਿੰਸੀਪਲ ਨਿਰੰਜਨ ਸਿੰਘ

ਇਸ ਨਾਵਲ ਵਿਚ ਇਕ ਆਦਰਸ਼ਕ ਜੀਵਨੀ ਹੈ। ਤੇ ਉਹ ਹੈ ਇਸ ਦੇ ਮੁਖ ਪਾਤਰ ਡਾਕਟਰ ਪ੍ਰੀਤਮ ਸਿੰਘ ਦੀ ਜੀਵਨੀ, ਜਿਸ ਰਾਹੀਂ ਸਿੱਖੀ ਦੀ ਸਹੀ ਸਹੀ ਸਪਿਰਟ ਪੇਸ਼ ਕੀਤੀ ਗਈ ਹੈ ਅਤੇ ਸੇਵਾ ਤੇ ਸਿਮਰਨ ਦੇ ਅਮਲੀ ਜੀਵਨ ਰਾਹੀਂ ਅਕੀ-ਥਕੀ ਦੁਨੀਆਂ ਨੂੰ ਅਮਨ ਤੇ ਸ਼ਾਂਤੀ ਨਾਲ ਜੋੜਨ ਦਾ ਸੋਹਣਾ ਰਾਹ ਵਿਖਾਇਆ ਹੈ।

ਇਸ ਖ਼ਿਆਲੀ ਤਸਵੀਰ ਦਾ ਝਲਕਾ ਮਾਇਆ ਵਿਚ ਗ੍ਰਸੇ ਮਨ ਦੇ ਰੋਗੀਆਂ ਨੂੰ ਇਕ ਠੰਡਾ ਹਲੂਣਾ ਦਏਗਾ ਅਤੇ ਉਨ੍ਹਾਂ ਦੇ ਮਨਾਂ ਨੂੰ ਆਉਣ ਵਾਲੇ ਜੁਗ ਲਈ ਤਿਆਰ ਕਰੇਗਾ।

ਕਾਗਜ਼ ਵਧੀਆ, ਛਪਾਈ ਸੁਥਰੀ

ਮੁੱਲ ਛੇ ਰੁਪਏ

## ਸਿੰਘ ਬ੍ਰਦਰਜ਼

**ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

[ਕੂਚਾ ਚਤਰ ਸਿੰਘ]

Digitized by Panjab Digital Library | www.panjabdigilib.org